## ਆਇਓਵਾ ਸਟੇਟ ਵਿਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਤੇ ਚੰਗੀ ਕਮਾਈ ਕਰਦੇ ਦੋ ਗੈਸ ਸਟੇਸ਼ਨ ਵਿਕਾਊ ਹਨ

**Two Gas Stations Are For Sale in State of IOWA with Property.**
**Both Stores have Liquor, Beer and Wine License.**
**Real Estate Included In Sale Price.**
***Owner is retiring after 30 years in this Business.***
**For More Information, Please Call, Ph: (916) 254-9231**

## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*
- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ


Kamaljeet Kaur

For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
**Ph: 317-809-1818** **Ph: 317-909-9295**
midlandrealtygroup@yahoo.com kahlonkamaljeet@gmail.com
Midland Realty Group-Company You Trust
*Mortgage rates available from 2.1% to 3%*



Twenty-Second Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 22, Issue 28, July 10th, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕਿਸਾਨੀ ਸੰਘਰਸ਼ ਹੁਣ ਆਰ-ਪਾਰ ਦੀ ਲੜਾਈ ਵੱਲ

**ਚੰਡੀਗੜ੍ਹ:** ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਡਟੀਆਂ ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਅੜੀ ਭੰਨਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਤਿੱਖੇ ਐਲਾਨ ਕਰ ਦਿੱਤੇ ਹਨ। ਕਰੋਨਾ ਪਾਬੰਦੀਆਂ ਵਿਚ ਨਰਮੀ ਅਤੇ ਝੋਨੇ ਦੇ ਸੀਜ਼ਨ ਤੋਂ ਵਿਹਲੇ ਹੋਏ ਕਿਸਾਨਾਂ ਨੇ ਜਿੱਥੇ ਦਿੱਲੀ ਬਾਰਡਰਾਂ ਵੱਲ ਵਹੀਰਾਂ ਘੱਤ ਲਈਆਂ ਹਨ, ਉਥੇ ਕਿਸਾਨ ਜਥੇਬੰਦੀਆਂ ਨੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿਚ ਸਰਕਾਰ ਦੀ ਘੇਰੇਬੰਦੀ ਲਈ ਰਣਨੀਤੀ ਘੜ ਲਈ ਹੈ।

ਸੰਯੁਕਤ ਕਿਸਾਨ ਮੋਰਚੇ ਨੇ 19 ਜੁਲਾਈ ਤੋਂ ਸ਼ੁਰੂ ਹੋ ਰਹੇ ਮੌਨਸੂਨ ਇਜਲਾਸ ਦੌਰਾਨ ਆਰ-ਪਾਰ ਦੀ ਲੜਾਈ ਲਈ ਰਣਨੀਤੀ ਘੜੀ ਹੈ। ਇਸ ਰਣਨੀਤੀ ਤਹਿਤ ਜਿੱਥੇ ਸਰਕਾਰ ਦੀ ਘੇਰੇਬੰਦੀ ਹੋਵੇਗੀ, ਉਥੇ ਵਿਰੋਧੀ ਧਿਰਾਂ ਨੂੰ 'ਇਕ ਪਾਸੇ' ਹੋਣ ਲਈ ਵੰਗਾਰਿਆ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਹੈ ਕਿ ਮੌਨਸੂਨ ਇਜਲਾਸ ਦੇ ਆਗਾਜ਼ ਤੋਂ ਦੋ ਦਿਨ ਪਹਿਲਾਂ 17 ਜੁਲਾਈ ਨੂੰ ਵਿਰੋਧੀ ਧਿਰ ਨਾਲ ਸਬੰਧਤ ਸਾਰੇ ਸੰਸਦ ਮੈਂਬਰਾਂ ਨੂੰ 'ਚਿਤਾਵਨੀ ਪੱਤਰ' ਦਿੱਤੇ ਜਾਣਗੇ ਤਾਂ ਕਿ ਉਹ ਸਦਨ ਦੇ ਅੰਦਰ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ। 22 ਜੁਲਾਈ ਤੋਂ ਸੰਸਦ ਵੱਲ ਮਾਰਚ ਕੱਢਿਆ ਜਾਵੇਗਾ ਜੋ ਮੌਨਸੂਨ ਇਜਲਾਸ ਜਾਰੀ ਰਹਿਣ ਤੱਕ ਚੱਲਦਾ ਰਹੇਗਾ। ਮੋਰਚੇ ਨੇ ਕਿਹਾ ਕਿ ਸੰਸਦ ਦੇ ਬਾਹਰ ਰੋਜ਼ਾਨਾ ਕੀਤੇ ਜਾਣ ਵਾਲੇ ਪ੍ਰਦਰਸ਼ਨ ਵਿਚ 40 ਤੋਂ ਵੱਧ ਕਿਸਾਨ ਯੂਨੀਅਨਾਂ 'ਤੇ ਅਧਾਰਿਤ ਦੋ ਸੌ ਦੇ ਕਰੀਬ ਕਿਸਾਨ ਸ਼ਾਮਲ ਹੋਣਗੇ।



ਸੈਸ਼ਨ ਦੇ ਲਗਭਗ ਵੀਹ ਦਿਨ ਚੱਲਣ ਦੀ ਸੰਭਾਵਨਾ ਹੈ, ਇਨ੍ਹਾਂ ਸਾਰੇ ਦਿਨਾਂ ਦੌਰਾਨ ਹੀ ਹਰ ਜਥੇਬੰਦੀ ਦੇ ਪੰਜ ਮੈਂਬਰਾਂ ਦਾ ਜਥਾ ਸੰਸਦ ਦੇ ਸਾਹਮਣੇ ਧਰਨਾ ਦੇ ਕੇ ਰੋਸ ਪ੍ਰਗਟ ਕਰੇਗਾ ਅਤੇ ਪਾਰਲੀਮੈਂਟ ਦੀ ਕਾਰਗੁਜ਼ਾਰੀ ਉਤੇ ਨੇੜਿਉਂ ਨਜ਼ਰ ਰੱਖੇਗਾ। ਯਾਦ ਰਹੇ ਕਿ 26 ਜਨਵਰੀ ਦੇ ਟਰੈਕਟਰ ਮਾਰਚ ਦੌਰਾਨ ਹੋਈ ਹਿੰਸਾ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਹੁਣ ਤੱਕ ਅਜਿਹੇ ਤਿੱਖੇ ਐਲਾਨਾਂ ਤੋਂ ਟਾਲਾ ਵੱਟੀ ਰੱਖਿਆ ਸੀ। ਜਥੇਬੰਦੀਆਂ ਨੇ ਬਜਟ ਸੈਸ਼ਨ ਦੌਰਾਨ ਵੀ ਸੰਸਦ ਘੇਰਨ ਦਾ ਐਲਾਨ ਕੀਤਾ ਸੀ ਪਰ 26 ਜਨਵਰੀ ਤੋਂ ਬਾਅਦ ਬਣੇ ਮਾਹੌਲ ਕਾਰਨ ਇਸ ਤੋਂ ਟਾਲਾ ਵੱਟ ਲਿਆ ਸੀ। ਕਿਸਾਨਾਂ ਦੇ ਤਾਜ਼ਾ ਐਲਾਨ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਦੇ ਸੰਕੇਤ ਦੇ ਰਹੇ ਹਨ।

ਅਗਲੇ ਵਰ੍ਹੇ ਉਤਰ ਪ੍ਰਦੇਸ਼ ਅਤੇ ਪੰਜਾਬ ਸਮੇਤ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਥੇਬੰਦੀਆਂ ਦੇ ਇਨ੍ਹਾਂ ਐਲਾਨਾਂ ਨੂੰ ਸਰਕਾਰ ਖਿਲਾਫ ਚੱਲ ਰਹੀ ਲੜਾਈ ਦਾ ਅਹਿਮ ਪੜਾਅ ਮੰਨਿਆ ਜਾ ਰਿਹਾ ਹੈ। ਬੰਗਾਲ ਚੋਣਾਂ ਵਿਚ ਭਾਜਪਾ ਖਿਲਾਫ ਕਿਸਾਨ ਜਥੇਬੰਦੀਆਂ ਦੇ ਪ੍ਰਚਾਰ ਦੇ ਆਏ ਨਤੀਜੇ ਵੀ ਭਗਵਾ ਧਿਰ ਲਈ ਚੁਣੌਤੀ ਬਣੇ ਹੋਏ ਹਨ। ਉਤੋਂ ਕਰੋਨਾ ਖਿਲਾਫ ਜੰਗ ਵਿਚ ਨਕਾਮੀ, ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਮੋਦੀ ਸਰਕਾਰ ਚੁਫੇਰਿਉਂ ਘਿਰੀ ਹੋਈ ਹੈ। ਅਸਲ ਵਿਚ, ਬੰਗਾਲ ਚੋਣਾਂ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਭਗਵਾ ਧਿਰ ਨੂੰ ਸਿਆਸੀ ਤੌਰ ਉਤੇ ਸੇਕ ਲਾਉਣ ਦੀ ਰਣਨੀਤੀ ਉਤੇ ਵੱਧ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ।

ਉਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਇਸੇ ਗੱਲ ਉਤੇ ਜ਼ੋਰ ਦੇ ਰਹੇ ਹਨ ਕਿ ਉਨ੍ਹਾਂ ਨੇ ਭਾਜਪਾ ਦੀ ਮਰਜ਼ ਦੀ ਦਵਾਈ ਲੱਭ ਲਈ ਹੈ ਤੇ ਹੁਣ ਇਸੇ ਨਾਲ ਹੀ ਇਲਾਜ ਕਰਨਗੇ। ਉਹ ਵਾਰ-ਵਾਰ ਉਤਰ ਪ੍ਰਦੇਸ਼ ਤੇ ਉੱਤਰਾਖੰਡ ਚੋਣਾਂ ਵਿਚ ਭਾਜਪਾ ਦੀ ਘੇਰਾਬੰਦੀ ਵੱਲ ਇਸ਼ਾਰਾ ਕਰ ਰਹੇ ਹਨ। ਅਸਲ ਵਿਚ, ਕਿਸਾਨ ਜਥੇਬੰਦੀਆਂ ਨੂੰ ਹੁਣ ਇਹ ਸਮਝ ਆ ਗਈ ਹੈ ਕਿ ਭਾਜਪਾ ਦੀ ਸਿਆਸੀ ਤੌਰ ਉਤੇ ਘੇਰਾਬੰਦੀ ਦੇ ਸਵਾਏ ਹੋਰ ਕੋਈ ਚਾਰਾ ਨਹੀਂ। ਇਸੇ ਲਈ ਹੁਣ ਵਿਰੋਧੀ ਧਿਰਾਂ ਉਤੇ ਵੀ ਇਹੀ ਦਬਾਉਣ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਜਾਂ ਤਾਂ ਉਹ ਕਿਸਾਨ ਮਸਲਿਆਂ ਦੀ ਗੱਲ


*(ਬਾਕੀ ਸਫਾ 6 ਉਤੇ)*


# ਭਾਗਵਤ ਦੇ ਘੱਟ ਗਿਣਤੀਆਂ ਬਾਰੇ ਬਿਆਨ ਨੇ ਨਵੀਂ ਚਰਚਾ ਛੇੜੀ

**ਲਖਨਊ:** ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਵੱਲੋਂ ਘੱਟ ਗਿਣਤੀਆਂ ਬਾਰੇ ਦਿੱਤਾ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ। ਭਾਗਵਤ ਦੇ ਇਸ ਬਿਆਨ ਤੋਂ ਬਾਅਦ ਇਹ ਚਰਚਾ ਛਿੜ ਗਈ ਹੈ ਕਿ, ਕੀ ਸੰਘ ਆਪਣੇ ਕੱਟੜ ਹਿੰਦੂਤਵੀ ਏਜੰਡੇ ਉਤੇ ਨਰਮ ਪੈਣ ਦੀ ਰਣਨੀਤੀ ਬਣਾ ਰਿਹਾ ਹੈ।

ਦਰਅਸਲ, ਹਿੰਦੂ ਰਾਸ਼ਟਰ ਦਾ ਹੋਕਾ ਦੇਣ ਵਾਲੇ ਮੋਹਨ ਭਾਗਵਤ ਨੇ ਕਿਹਾ ਹੈ ਕਿ ਸਾਰੇ ਭਾਰਤੀਆਂ ਦਾ ਡੀ.ਐਨ.ਏ. ਇਕ ਹੀ ਹੈ। ਮੁਸਲਮਾਨ ਭਾਰਤ ਦਾ ਅਹਿਮ ਹਿੱਸਾ ਹਨ। ਜੋ ਲੋਕ ਹਜੂਮੀ ਕਤਲਾਂ ਵਿਚ ਸ਼ਾਮਲ ਹਨ, ਉਹ ਹਿੰਦੂਤਵ ਦੇ ਖਿਲਾਫ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੁਸਲਮਾਨਾਂ ਨੂੰ 'ਇਸ ਭੈਅ ਦੇ ਚੱਕਰ ਵਿਚ ਨਹੀਂ ਘਿਰਨਾ ਚਾਹੀਦਾ' ਕਿ ਭਾਰਤ ਵਿਚ ਇਸਲਾਮ ਨੂੰ ਖਤਰਾ ਹੈ। ਮੁਸਲਿਮ ਰਾਸ਼ਟਰੀ ਮੰਚ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਘ ਮੁਖੀ ਨੇ ਕਿਹਾ ਕਿ ਲੋਕਾਂ ਨੂੰ ਇਸ ਆਧਾਰ ਉਤੇ ਵੱਖ-ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਕਿ ਉਹ ਪਰਮਾਤਮਾ ਨੂੰ ਕਿਵੇਂ ਪੂਜਦੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਕਈ ਵਾਰ ਹਜੂਮੀ ਹੱਤਿਆਵਾਂ ਦੇ ਕੇਸ ਵਿਚ ਲੋਕਾਂ ਨੂੰ ਝੂਠਾ ਵੀ ਫਸਾ ਦਿੱਤਾ ਜਾਂਦਾ ਹੈ। ਹਿੰਦੂ ਜਾਂ ਮੁਸਲਮਾਨ ਕੋਈ ਵੀ ਉੱਚਾ ਨਹੀਂ ਹੋ ਸਕਦਾ। ਸਿਰਫ ਭਾਰਤੀ ਉਚੇ ਹੋ ਸਕਦੇ ਹਨ।

ਇਸ ਬਿਆਨ ਪਿੱਛੋਂ ਵੱਖ-ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਸੰਘ, ਭਾਜਪਾ ਤੇ ਸਰਕਾਰ ਦੀ ਕਹਿਣੀ ਅਤੇ ਕਰਨੀ ਵਿਚ ਬਹੁਤ ਫਰਕ ਹੈ ਤੇ ਇਹ ਸਭ ਅਗਲੇ ਵਰ੍ਹੇ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਵੋਟਾਂ ਲੁੱਟਣ ਦਾ ਤਰੀਕਾ ਹੈ। ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਨੇ ਟਵੀਟ ਕਰ ਕੇ ਕਿਹਾ ਕਿ ਭਾਗਵਤ ਦਾ ਇਹ ਬਿਆਨ ਸੰਘ ਤੋਂ ਹੇਠਾਂ ਨਹੀਂ ਉਤਰ ਰਿਹਾ ਕਿਉਂਕਿ ਸੰਘ ਪਰਿਵਾਰ, ਭਾਜਪਾ ਤੇ ਸਰਕਾਰ ਦੀ ਕਹਿਣੀ ਤੇ ਕਰਨੀ ਵਿਚ ਫਰਕ ਹੈ ਅਤੇ ਇਹ ਫਰਕ ਸਭ ਨੂੰ ਦਿਸ ਰਿਹਾ ਹੈ।

ਸੀਨੀਅਰ ਕਾਂਗਰਸੀ ਆਗੂ ਦਿਗਵਿਜੈ ਸਿੰਘ ਨੇ ਕਿਹਾ ਕਿ ਜੇਕਰ ਭਾਗਵਤ ਦੇ ਸ਼ਬਦਾਂ



ਵਿਚ ਸੱਚਾਈ ਹੈ ਤਾਂ ਉਨ੍ਹਾਂ ਨੂੰ ਇਹ ਹਦਾਇਤਾਂ ਜ਼ਰੂਰ ਜਾਰੀ ਕਰਨੀਆਂ ਚਾਹੀਦੀਆਂ ਹਨ ਕਿ ਮਾਸੂਮ ਮੁਸਲਮਾਨਾਂ ਨੂੰ ਪਰੇਸ਼ਾਨ ਕਰਨ ਵਾਲੇ ਸਾਰੇ ਭਾਜਪਾ ਆਗੂਆਂ ਨੂੰ ਅਹੁਦਿਆਂ ਤੋਂ ਹਟਾਇਆ ਜਾਵੇ। ਕਾਂਗਰਸੀ ਆਗੂ ਨੇ ਨਾਲ ਹੀ ਇਹ ਵੀ ਕਿਹਾ ਕਿ ਭਾਗਵਤ ਅਜਿਹਾ ਨਹੀਂ ਕਰਨਗੇ ਕਿਉਂਕਿ ਉਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਫਰਕ ਹੈ। ਉਨ੍ਹਾਂ ਕਿਹਾ, "ਮੋਹਨ ਭਾਗਵਤ ਜੀ, ਕੀ ਤੁਸੀਂ ਆਪਣੇ ਇਹ ਵਿਚਾਰ ਆਪਣੇ ਚੇਲਿਆਂ, ਪ੍ਰਚਾਰਕਾਂ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਕਾਰਕੁਨਾਂ ਤੱਕ ਵੀ ਪਹੁੰਚਾਓਗੇ? ਕੀ ਤੁਸੀਂ ਇਹ ਸਿੱਖਿਆਵਾਂ ਮੋਦੀ-ਸ਼ਾਹ ਅਤੇ ਭਾਜਪਾ ਦੇ ਮੁੱਖ ਮੰਤਰੀਆਂ ਨੂੰ ਵੀ ਦਿਓਗੇ? ਮੋਹਨ ਭਾਗਵਤ ਜੀ ਜੇ ਤੁਸੀਂ ਆਪਣੇ ਚੇਲਿਆਂ ਲਈ ਇਨ੍ਹਾਂ ਵਿਚਾਰਾਂ ਨੂੰ ਮੰਨਣਾ ਜ਼ਰੂਰੀ ਕਰ ਦਿਓ ਤਾਂ ਮੈਂ ਤੁਹਾਡਾ ਪ੍ਰਸ਼ੰਸਕ ਬਣ ਜਾਵਾਂਗਾ।"


## ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

BIG BAZAAR
Grocery, Sweets & Catering
*Fresh Vegetables Every Thursday
*Book your catering now.
5425 E. Thompson Rd., Indianapolis IN 46237


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਪੰਜਾਬ ਸਰਕਾਰ ਵੱਲੋਂ ਵਿਸ਼ਵ ਕਬੱਡੀ ਕੱਪ ਦੇ ਬਕਾਏ ਦੇਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਸਿਰ ਛੇਵੇਂ ਵਿਸ਼ਵ ਕਬੱਡੀ ਕੱਪ ਦਾ ਉਧਾਰ ਅਜੇ ਵੀ ਬਾਕੀ। ਪੌਣੇ ਪੰਜ ਵਰ੍ਹਿਆਂ ਪਿੱਛੋਂ ਵੀ ਇਸ ਕਬੱਡੀ ਕੱਪ ਦੇ ਖਰਚੇ ਨਹੀਂ ਤਾਰੇ ਜਾ ਸਕੇ ਹਨ। ਪੰਜਾਬ ਸਰਕਾਰ ਨੇ ਇਹ ਬਕਾਏ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਇਥੋਂ ਤੱਕ ਕਿ ਨਿੱਕਰਾਂ ਤੇ ਸ਼ਰਟਾਂ ਦੇ ਪੈਸੇ ਵੀ ਸਰਕਾਰ ਨੇ ਨਹੀਂ ਦਿੱਤੇ।

ਪੰਜਾਬ ਦੀਆਂ ਸਾਲ 2017 ਦੀਆਂ ਚੋਣਾਂ ਤੋਂ ਐਨ ਪਹਿਲਾਂ ਵਿਸ਼ਵ ਕਬੱਡੀ ਕੱਪ ਕਰਾ ਕੇ ਤਤਕਾਲੀ ਸਰਕਾਰ ਨੇ ਵਾਹ-ਵਾਹ ਤਾਂ ਖੱਟ ਲਈ ਪ੍ਰੰਤੂ ਜਿਨ੍ਹਾਂ ਪ੍ਰਾਈਵੇਟ ਫਰਮਾਂ ਅਤੇ ਹੋਟਲ ਮਾਲਕਾਂ ਨੇ ਖਰਚੇ ਕੀਤੇ, ਉਨ੍ਹਾਂ ਨੂੰ ਅਦਾਇਗੀ ਹਾਲੇ ਤੱਕ ਨਹੀਂ ਹੋਈ ਹੈ। ਵੇਰਵਿਆਂ ਅਨੁਸਾਰ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਆਖਰੀ ਵਰ੍ਹੇ



ਦੌਰਾਨ 4 ਨਵੰਬਰ ਤੋਂ 17 ਨਵੰਬਰ 2016 ਤੱਕ ਛੇਵਾਂ ਵਿਸ਼ਵ ਕਬੱਡੀ ਕੱਪ ਕਰਾਇਆ ਸੀ ਜਿਸ ਦਾ ਉਦਘਾਟਨ 3 ਨਵੰਬਰ ਨੂੰ ਰੋਪੜ ਵਿਖੇ ਹੋਇਆ ਜਦੋਂ ਕਿ ਸਮਾਪਤੀ ਜਲਾਲਾਬਾਦ ਵਿਚ ਹੋਈ ਸੀ। ਇਸ ਵਿਸ਼ਵ ਕਬੱਡੀ ਕੱਪ ਵਿਚ ਭਾਰਤ ਚੈਂਪੀਅਨ ਰਿਹਾ ਸੀ ਅਤੇ ਕੁੱਲ 12 ਮੁਲਕਾਂ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ ਸੀ।

ਪੰਜਾਬ ਵਿਚ 13 ਥਾਵਾਂ 'ਤੇ ਇਸ ਕਬੱਡੀ ਕੱਪ ਦੇ ਮੈਚ ਹੋਏ ਸਨ। ਸੈਮੀਫਾਈਨਲ ਮੈਚ ਪਿੰਡ ਬਾਦਲ ਅਤੇ ਬਠਿੰਡਾ ਜਿਲ੍ਹੇ ਦੇ ਪਿੰਡ ਮਹਿਰਾਜ ਵਿਖੇ ਹੋਏ ਸਨ। ਗੱਠਜੋੜ ਸਰਕਾਰ ਨੇ ਉਦੋਂ ਵਿਸ਼ਵ ਕਬੱਡੀ ਕੱਪ 'ਤੇ ਕੁੱਲ 3.60 ਕਰੋੜ ਰੁਪਏ ਖਰਚ ਕੀਤੇ ਸਨ। ਇਸ ਕੁੱਲ ਖਰਚ 'ਚੋਂ ਪੰਜਾਬ ਸਰਕਾਰ ਹਾਲੇ ਤੱਕ 80.09 ਲੱਖ ਰੁਪਏ ਦੇ ਬਕਾਏ ਹਾਲੇ ਤੱਕ ਤਾਰ ਨਹੀਂ ਸਕੀ ਹੈ। ਅੱਠ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਪ੍ਰਾਈਵੇਟ ਫਰਮਾਂ ਅਤੇ ਹੋਟਲ ਮਾਲਕਾਂ ਨੂੰ ਲਾਰੇ ਲਾ ਕੇ ਵਕਤ ਲੰਘਾਇਆ ਜਾ ਰਿਹਾ ਹੈ। ਕਬੱਡੀ ਕੱਪ ਵਿਚ ਸ਼ਾਮਲ ਖਿਡਾਰੀਆਂ ਅਤੇ ਮਹਿਮਾਨਾਂ ਨੂੰ ਬਠਿੰਡਾ ਸ਼ਹਿਰ ਦੇ ਹੋਟਲਾਂ ਵਿਚ ਠਹਿਰਾਇਆ ਗਿਆ ਸੀ।

ਬਠਿੰਡਾ ਦੇ ਅੱਠ ਪ੍ਰਮੁੱਖ ਹੋਟਲਾਂ ਦੇ ਕਰੀਬ 30 ਲੱਖ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ। ਸਟੈਲਾ ਹੋਟਲ ਦੇ ਮਾਲਕ ਵਿਪਨ ਗਰਗ (ਜੈਤੋ) ਦਾ ਕਹਿਣਾ ਸੀ ਕਿ ਉਨ੍ਹਾਂ ਦੇ ਕਰੀਬ ਛੇ ਲੱਖ ਰੁਪਏ ਸਰਕਾਰ ਵੱਲ ਫਸੇ ਹੋਏ ਹਨ ਅਤੇ ਉਹ ਤਾਂ ਦਫਤਰਾਂ ਦੇ ਗੇੜੇ ਮਾਰ ਮਾਰ ਥੱਕ ਗਏ ਹਨ। ਇਕ ਹੋਰ ਹੋਟਲ ਮਾਲਕ ਦਾ ਕਹਿਣਾ ਸੀ ਕਿ ਪਹਿਲੇ ਕਬੱਡੀ ਕੱਪ ਵਿਚ ਵੀ ਬਕਾਏ ਰੁਕ ਜਾਂਦੇ ਸਨ ਪ੍ਰੰਤੂ ਜਦੋਂ ਅਗਲਾ ਕਬੱਡੀ ਕੱਪ ਆਉਂਦਾ ਸੀ ਤਾਂ ਉਹ ਰੌਲਾ ਪਾ ਕੇ ਪੁਰਾਣੇ ਬਕਾਏ ਸਰਕਾਰ ਤੋਂ ਕਲੀਅਰ ਕਰਾ ਲੈਂਦੇ ਸਨ। ਇਹ ਹੋਟਲ ਮਾਲਕ ਮੌਜੂਦਾ ਵਜ਼ੀਰਾਂ ਤੱਕ ਵੀ ਪਹੁੰਚ ਕਰ ਚੁੱਕੇ ਹਨ ਪ੍ਰੰਤੂ ਕੋਈ ਦਿਲਚਸਪੀ ਨਹੀਂ ਲੈ ਰਿਹਾ ਹੈ।

ਵੇਰਵਿਆਂ ਅਨੁਸਾਰ ਵਿਸ਼ਵ ਕਬੱਡੀ ਕੱਪ ਦੇ ਬਠਿੰਡਾ ਜਿਲ੍ਹੇ ਦੇ ਸਭ ਤੋਂ ਜਿਆਦਾ 44.63 ਲੱਖ ਦੇ ਬਕਾਏ ਹਾਲੇ ਖੜ੍ਹੇ ਹਨ ਜਦੋਂ ਕਿ ਜਲੰਧਰ ਦੇ 10.32 ਲੱਖ ਦੀਆਂ ਦੇਣਦਾਰੀਆਂ ਹਨ। ਇਸੇ ਤਰ੍ਹਾਂ ਤਰਨ ਤਾਰਨ ਜਿਲ੍ਹੇ ਦੇ 6.34 ਲੱਖ, ਪਟਿਆਲਾ ਦੇ 3.69 ਲੱਖ, ਫਾਜਿਲਕਾ ਦੇ 7.75 ਲੱਖ, ਸ੍ਰੀ ਮੁਕਤਸਰ ਸਾਹਿਬ ਦੇ 4.07 ਲੱਖ ਰੁਪਏ, ਸੰਗਰੂਰ ਦੇ 94,670 ਅਤੇ ਮੋਗਾ ਜਿਲ੍ਹੇ ਦੇ 44,549 ਰੁਪਏ ਦੀ ਬਕਾਏ ਫਸੇ ਹੋਏ ਹਨ। ਚੇਤੇ ਰਹੇ ਕਿ ਇਸ ਕਬੱਡੀ ਕੱਪ ਦੇ ਮੈਚਾਂ ਦੌਰਾਨ ਦਰਸ਼ਕਾਂ ਦੇ ਮਨੋਰੰਜਨ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

## ਪੰਜਾਬੀ ਅਥਲੀਟ ਅਜਮੇਰ ਸਿੰਘ ਨੇ ਜਿੱਤਿਆ ਗੋਲਡ ਮੈਡਲ

**ਮਿਸ਼ੀਗਨ:** ਵੈਟਰਨ ਅਥਲੀਟ ਅਜਮੇਰ ਸਿੰਘ ਨੇ ਅਮਰੀਕਾ ਦੀ ਮਿਸ਼ੀਗਨ ਸਟੇਟ ਦੇ ਗਰੈਂਡ ਰੈਪਿਡਜ਼ ਸ਼ਹਿਰ ਵਿਚ 26 ਜੂਨ ਨੂੰ ਹੋਈਆਂ ਆਲ ਯੂ. ਐਸ. ਏ. ਮਾਸਟਰਜ਼ ਗੇਮਜ਼ ਵਿਚ ਮਿਸ਼ੀਗਨ ਸਟੇਟ ਵਲੋਂ ਹਿੱਸਾ ਲੈ ਕੇ ਹੈਮਰ ਥਰੋ ਵਿਚ ਸੋਨ ਤਮਗਾ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਇਸ ਤੋਂ ਪਹਿਲਾਂ ਉਹ ਸਕੂਲ, ਕਾਲਜ, ਓਪਨ ਨੈਸ਼ਨਲ ਅਤੇ ਵੈਟਰਨ ਨੈਸ਼ਨਲ ਵਿਚੋਂ ਵੀ ਕਈ ਵਾਰ ਨੈਸ਼ਨਲ ਚੈਂਪੀਅਨ ਰਹਿ ਚੁਕੇ ਹਨ ਅਤੇ ਵੈਟਰਨ ਇੰਟਰ ਨੈਸ਼ਨਲ ਗੇਮਜ਼ ਵਿਚੋਂ ਵੀ ਸੋਨ ਤਗਮਾ ਪ੍ਰਾਪਤ ਕਰ ਚੁਕੇ ਹਨ। ਉਹ ਕਾਲਜ ਸਮੇਂ ਦੌਰਾਨ ਕਬੱਡੀ ਦੇ ਵੀ ਵਧੀਆ ਖਿਡਾਰੀ ਰਹਿ ਚੁਕੇ ਹਨ।



ਫਿਜ਼ੀਕਲ ਐਜੂਕੇਸ਼ਨ ਡਿਪਾਰਟਮੈਂਟ ਵਿਚ ਸਰਵਿਸ ਦੌਰਾਨ ਉਨ੍ਹਾਂ ਨੇ ਸੈਂਕੜੇ ਖਿਡਾਰੀ ਪੈਦਾ ਕੀਤੇ ਹਨ। ਪੰਜਾਬ ਸਰਕਾਰ ਵਲੋਂ 2009 ਵਿਚ ਉਨ੍ਹਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਜਾ ਚੁਕਾ ਹੈ। ਸ. ਅਜਮੇਰ ਸਿੰਘ ਪੰਜਾਬ ਦੀ ਤਹਿਸੀਲ ਸਮਰਾਲਾ ਨਾਲ ਸਬੰਧਤ ਹਨ ਅਤੇ ਅੱਜ ਕੱਲ੍ਹ ਮਿਸ਼ੀਗਨ ਸਟੇਟ ਦੇ ਸ਼ਹਿਰ ਵੈਸਟਲੈਂਡ ਵਿਚ ਰਹਿ ਰਹੇ ਹਨ। ਉਹ ਐਨ. ਵਾਈ. ਐਕਸ. ਕੰਪਨੀ (ਲੇਵਾਨ) ਵਿਚ ਕੰਮ ਕਰਦੇ ਹਨ।

## ਨਕੋਦਰ ਬੇਅਦਬੀ ਕਾਂਡ ਦੇ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ

**ਜਲੰਧਰ:** ਇੰਗਲੈਂਡ ਦੇ ਸ਼ਹਿਰ ਸਮੈਦਿਕ ਵਿਚ ਸਥਿਤ ਗੁਰੂ ਨਾਨਕ ਗੁਰਦੁਆਰੇ ਦੀ ਗੈਲਰੀ ਵਿਚ ਨਕੋਦਰ ਬੇਅਦਬੀ ਕਾਂਡ ਵਿਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਨਕੋਦਰ ਕਾਂਡ ਵਿਚ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਮਲਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਚਲੂਪਰ ਸ਼ਹੀਦ ਹੋ ਗਏ ਸਨ।

ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਸਟੇਜ ਸਕੱਤਰ ਸੂਬਾ ਸਿੰਘ ਨੇ ਗੁਰੂਘਰ ਦੀ ਗੈਲਰੀ ਵਿਚ ਲੱਗੀਆਂ ਇਨ੍ਹਾਂ ਤਸਵੀਰਾਂ ਤੋਂ ਪਰਦਾ ਹਟਾਇਆ। ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਦੱਸਿਆ ਕਿ ਉਹ ਪਿਛਲੇ 34 ਸਾਲਾਂ ਤੋਂ ਇਨਸਾਫ ਦੀ ਮੰਗ ਕਰ ਰਹੇ ਹਨ ਪਰ ਉਨ੍ਹਾਂ ਨੂੰ ਕਿਤੇ ਵੀ ਇਨਸਾਫ ਨਹੀਂ ਮਿਲਿਆ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਲਈ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਦੋਵੇਂ ਭਾਗ ਵਿਧਾਨ ਸਭਾ ਵਿਚ ਪੇਸ਼ ਕਰਕੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਵੇ।


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*
ਕਾਲ ਕਰੋ: ਮਿ. ਸਿੰਘ
ਫੋਨ: 515-291-1961
*18-21*

ਬੱਚਿਆਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਲੋੜ ਹੈ
ਲਾਸ ਵੇਗਸ, ਨੇਵਾਡਾ ਵਿਚ ਪੰਜਾਬੀ ਪਰਿਵਾਰ ਨੂੰ 8 ਤੇ 9 ਸਾਲ ਅਤੇ 15 ਮਹੀਨਿਆਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਲੋੜ ਹੈ, ਜੋ ਨਾਲ ਰਹਿ ਸਕਦੀ ਹੋਵੇ।
ਰਿਹਾਇਸ਼ ਮੁਹੱਈਆ ਕਰਾਂਗੇ।
ਘਰ ਦੇ ਨਿੱਕੇ-ਮੋਟੇ ਕੰਮਾਂ, ਖਾਣਾ ਬਣਾਉਣ ਅਤੇ ਲਾਊਂਡਰੀ ਵਗੈਰਾ ਦੇ ਕੰਮਾਂ ਵਿਚ ਮਦਦ ਵੀ ਕਰ ਸਕਦੀ ਹੋਵੇ।
ਸੰਪਰਕ ਕਰੋ: ਅਮਨ ਫੋਨ: 816-752-6299
**Wanted Nanny in Las Vegas**
Punjabi family looking for a live in nanny in Las Vegas for three kids: 8 yrs, 9 yrs and 15 month old. Accommodation will be provided. Expected to do some light household work, help with cooking and laundry.
Please contact: Aman Ph: 816-752-6299
*28-*

ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਅਤੇ ਚੰਗੀ ਕਮਾਈ ਕਰਦੇ
ਦੋ ਗੈਸ ਸਟੇਸ਼ਨ ਵਿਕਾਊ ਹਨ
ਦੋਹਾਂ ਗੈਸ ਸਟੇਸ਼ਨਾਂ 'ਤੇ ਲਿੱਕਰ, ਬੀਅਰ ਤੇ ਵਾਈਨ ਵੇਚਣ ਦਾ ਲਾਈਸੈਂਸ ਵੀ ਹੈ। ਵਿਕਰੀ ਦੀ ਰਕਮ 'ਚ ਜਾਇਦਾਦ ਵੀ ਸ਼ਾਮਲ ਹੈ।
**Two Gas Stations Located at Prime Locations with High Profit Margin Are For Sale in State of IOWA with Property.**
**Both Stores have Liquor, Beer and Wine License.**
**Real Estate Included In Sale Price.**
***Owner is retiring after 30 years in this Business.***
**For More Info.,**
**Call: (916) 254-9231**

ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ
ਐਟਲਾਂਟਾ, ਜਾਰਜੀਆ ਵਿਚ ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਫਰੀ
*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*
ਫੋਨ: 757-240-9348
*24-28*

ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ
*ਸੰਪਰਕ ਕਰੋ, ਮਿਸਟਰ ਸਿੰਘ*
ਫੋਨ: 608-886-2500
*24-28*

# ਅਭਿਮਨਿਊ ਬਣਿਆ ਸਭ ਤੋਂ ਘੱਟ ਉਮਰ ਦਾ ਗ੍ਰੈਂਡਮਾਸਟਰ

**ਫਰਿਜ਼ਨੋ (ਕੈਲੀਫੋਰਨੀਆ):** ਬਾਰਾਂ ਸਾਲਾਂ ਦੇ ਇੱਕ ਭਾਰਤੀ-ਅਮਰੀਕੀ ਬੱਚੇ ਅਭਿਮਨਿਊ ਮਿਸ਼ਰਾ ਹੰਗਰੀ ਦੇ ਬੁਡਾਪੇਸਟ ਵਿਚ ਸ਼ਤਰੰਜ ਦਾ ਮੁਕਾਬਲਾ ਜਿੱਤ ਕੇ ਹੁਣ ਤੱਕ ਦਾ ਸਭ ਤੋਂ ਘੱਟ ਉਮਰ ਦਾ ਸ਼ਤਰੰਜ ਗ੍ਰੈਂਡਮਾਸਟਰ ਬਣ ਗਿਆ ਹੈ। ਮਿਸ਼ਰਾ ਨੇ ਲੋੜੀਂਦੇ 2500 ਐਲੋ ਰੇਟਿੰਗ ਨੂੰ ਪਾਰ ਕਰਦਿਆਂ, ਸ਼ਤਰੰਜ ਖਿਡਾਰੀ ਸਰਗੇਈ ਕਰਜਾਕਿਨ ਦਾ ਰਿਕਾਰਡ ਤੋੜ ਦਿੱਤਾ। ਅਭਿਮਨਿਊ ਨਿਊ ਜਰਸੀ ਵਿਚ ਰਹਿੰਦਾ ਹੈ। ਉਸ ਦੀ ਮਾਂ ਸਵਾਤੀ ਅਤੇ ਪਿਤਾ ਹੇਮੰਤ ਹਨ, ਜੋ ਡੇਟਾ ਮੈਨੇਜਮੈਂਟ ਪੇਸ਼ੇਵਰ ਹਨ।



ਢਾਈ ਸਾਲ ਦੀ ਉਮਰ ਤੋਂ ਮਿਸ਼ਰਾ ਦੀ ਸ਼ਤਰੰਜ ਦੀ ਖੇਡ ਵਿਚ ਦਿਲਚਸਪੀ ਸੀ। ਮਿਸ਼ਰਾ ਨੂੰ ਸ਼ਤਰੰਜ ਵਿਚ ਗ੍ਰੈਂਡਮਾਸਟਰ ਦਾ ਖਿਤਾਬ ਪ੍ਰਾਪਤ ਕਰਨ ਵਿਚ 12 ਸਾਲ, ਚਾਰ ਮਹੀਨੇ ਅਤੇ 25 ਦਿਨ ਲੱਗੇ। ਇਤਿਹਾਸ ਦੇ ਸਿਰਫ ਪੰਜ ਖਿਡਾਰੀ ਆਪਣੇ 13ਵੇਂ ਜਨਮ ਦਿਨ ਤੋਂ ਪਹਿਲਾਂ ਖਿਤਾਬ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ ਹਨ। 12 ਅਗਸਤ 2002 ਨੂੰ ਜਨਮੇ ਕਰਜਾਕਿਨ ਨੇ 12 ਸਾਲ ਅਤੇ ਸੱਤ ਮਹੀਨਿਆਂ ਦੀ ਉਮਰ ਵਿਚ ਗ੍ਰੈਂਡਮਾਸਟਰ ਦਾ ਖਿਤਾਬ ਪ੍ਰਾਪਤ ਕੀਤਾ ਅਤੇ 5 ਫਰਵਰੀ 2009 ਨੂੰ ਪੈਦਾ ਹੋਏ ਮਿਸ਼ਰਾ ਨੇ ਸ਼ਤਰੰਜ ਵਿਚ ਸਭ ਤੋਂ ਉੱਚਾ ਖਿਤਾਬ 12 ਸਾਲ, 4 ਮਹੀਨੇ ਤੇ 25 ਦਿਨ ਦੀ ਉਮਰੇ ਪ੍ਰਾਪਤ ਕੀਤਾ।

ਚੈੱਸ ਡਾਟ ਕਾਮ ਦੀ ਇਕ ਰਿਪੋਰਟ ਅਨੁਸਾਰ ਮਿਸ਼ਰਾ ਨੇ ਬੁਡਾਪੇਸਟ, ਹੰਗਰੀ ਵਿਚ ਕਈ ਮਹੀਨੇ ਬਿਤਾਏ ਅਤੇ ਟੂਰਨਾਮੈਂਟ ਖੇਡਦਿਆਂ ਇਸ ਰਿਕਾਰਡ ਦਾ ਪਿੱਛਾ ਕੀਤਾ। ਉਸ ਨੇ ਆਪਣੇ ਪਹਿਲੇ ਅਤੇ ਦੂਜੇ ਜੀ. ਐੱਮ. ਨੌਰਮਜ਼ ਨੂੰ ਉੱਥੇ ਅਪਰੈਲ 'ਚ ਵੇਜ਼ਰਕੇਪਜ਼ੋ ਟੂਰਨਾਮੈਂਟ ਅਤੇ ਮਈ 2021 ਦੇ ਪਹਿਲੇ ਸਨਿਚਰਵਾਰ ਦੇ ਟੂਰਨਾਮੈਂਟ ਵਿਚ ਪ੍ਰਾਪਤ ਕੀਤਾ ਸੀ।

# ਮਹਿਲਾ ਦੌੜਾਕ ਸ਼ਾ ਕੈਰੀ ਰਿਚਰਡਸਨ ਦਾ ਡਰੱਗ ਟੈਸਟ ਆਇਆ ਪਾਜ਼ੇਟਿਵ

**ਫਰਿਜ਼ਨੋ (ਕੈਲੀਫੋਰਨੀਆ):** ਅਮਰੀਕਾ ਦੀ ਸਟਾਰ 100 ਮੀਟਰ ਮਹਿਲਾ ਦੌੜਾਕ ਸ਼ਾ ਕੈਰੀ ਰਿਚਰਡਸਨ ਦਾ ਭੰਗ ਦੇ ਨਸ਼ੇ ਸਬੰਧੀ ਡਰੱਗ ਟੈਸਟ ਪਾਜ਼ੇਟਿਵ ਆਇਆ ਹੈ। ਐਂਟੀ ਡੋਪਿੰਗ ਏਜੰਸੀ (ਯੂ. ਐੱਸ. ਏ. ਡੀ. ਏ.) ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਸ਼ਾ ਕੈਰੀ ਰਿਚਰਡਸਨ ਨੂੰ ਭੰਗ ਲਈ ਸਕਾਰਾਤਮਕ ਟੈਸਟ ਕਰਨ ਤੋਂ ਬਾਅਦ ਇੱਕ ਮਹੀਨੇ ਲਈ ਮੁਅੱਤਲ ਕਰ ਦਿੱਤਾ ਹੈ। ਇਸ ਮੁਅੱਤਲੀ ਨਾਲ ਉਸ ਦਾ ਟੋਕੀਓ ਉਲੰਪਿਕ ਵਿਚ ਹਿੱਸਾ ਲੈਣਾ ਮੁਸ਼ਕਿਲ ਹੋ ਗਿਆ ਹੈ।

ਇਸ ਫੈਸਲੇ ਦੇ ਐਲਾਨ ਤੋਂ ਥੋੜ੍ਹੀ ਦੇਰ ਪਹਿਲਾਂ, 21 ਸਾਲਾ ਰਿਚਰਡਸਨ ਨੇ ਇੱਕ ਇੰਟਰਵਿਊ ਦੌਰਾਨ ਇਹ ਨਸ਼ਾ ਕਰਨ ਦੀ ਜ਼ਿੰਮੇਵਾਰੀ ਲੈ ਲਈ ਸੀ। ਰਿਚਰਡਸਨ ਨੇ ਕਿਹਾ ਕਿ ਉਹ ਕੋਈ ਬਹਾਨਾ ਨਹੀਂ ਬਣਾਉਣਾ ਚਾਹੁੰਦੀ। ਉਸ ਨੇ ਦੱਸਿਆ ਕਿ ਉਸ ਨੇ ਯੂਜੀਨ, ਓਰੇਗਨ ਵਿਚ ਅਮਰੀਕੀ ਓਲੰਪਿਕ ਟਰਾਇਲ ਦੌਰਾਨ ਆਪਣੀ ਮਾਂ ਦੀ ਮੌਤ ਬਾਰੇ ਜਾਣਨ ਤੋਂ ਬਾਅਦ ਭਾਵਨਾਤਮਕ ਮਦਦ ਲਈ ਭੰਗ ਦੀ ਵਰਤੋਂ ਕੀਤੀ।

ਓਰੇਗਨ ਰਾਜ ਵਿਚ ਮਨੋਰੰਜਨ ਤੌਰ 'ਤੇ




ਭੰਗ ਦੀ ਵਰਤੋਂ ਕਾਨੂੰਨੀ ਹੈ, ਪਰ ਖੇਡ 'ਤੇ ਇਸ ਦੀ ਪਾਬੰਦੀ ਹੈ। ਇਸ ਟੈਸਟ ਕਰਕੇ ਰਿਚਰਡਸਨ ਟੋਕੀਓ ਵਿਚ ਆਪਣੀ 100 ਮੀਟਰ ਦੌੜ ਵਿਚ ਹਿੱਸਾ ਨਹੀਂ ਲੈ ਸਕੇਗੀ, ਪਰ ਉਹ ਸੰਭਾਵਿਤ ਤੌਰ 'ਤੇ 100 ਮੀਟਰ ਦੀ ਰਿਲੇਅ ਦੌੜ ਵਿਚ ਮੁਕਾਬਲਾ ਕਰ ਸਕਦੀ ਹੈ।

ਰਿਚਰਡਸਨ ਨੇ 19 ਜੂਨ ਨੂੰ ਟੋਕਿਓ ਓਲੰਪਿਕ ਲਈ ਕੁਆਲੀਫਾਈ ਕਰਦਿਆਂ ਔਰਤਾਂ ਦੇ 100 ਮੀਟਰ ਫਾਈਨਲ ਵਿਚ ਪਹਿਲਾ ਸਥਾਨ ਹਾਸਲ ਕਰਨ ਤੋਂ ਬਾਅਦ ਰਾਸ਼ਟਰੀ ਧਿਆਨ ਪ੍ਰਾਪਤ ਕੀਤਾ ਸੀ। ਯੂ. ਐੱਸ. ਏ. ਡੀ. ਏ. ਅਨੁਸਾਰ ਉਸ ਦੀ ਦੌੜ ਦੇ ਨਤੀਜੇ ਅਯੋਗ ਕਰ ਦਿੱਤੇ ਗਏ ਹਨ ਅਤੇ ਰਿਚਰਡਸਨ ਨੂੰ ਟੀਮ ਟਰਾਇਲਾਂ ਵਿਚੋਂ ਮੈਡਲ, ਅੰਕ ਅਤੇ ਇਨਾਮ ਗਵਾਉਣੇ ਪਏ ਹਨ।

ਸੰਸਥਾ ਨੇ ਦੱਸਿਆ ਕਿ ਰਿਚਰਡਸਨ ਨੇ 28 ਜੂਨ ਤੋਂ ਸ਼ੁਰੂ ਹੋਏ ਇਸ ਜ਼ੁਰਮਾਨੇ ਨੂੰ ਸਵੀਕਾਰ ਕਰ ਲਿਆ ਹੈ। ਯੂ. ਐੱਸ. ਏ. ਡੀ. ਏ. ਨੇ ਕਿਹਾ ਕਿ ਟੋਕਿਓ ਓਲੰਪਿਕ ਲਈ ਉਸ ਦੀ ਯੋਗਤਾ ਅਮਰੀਕਾ ਦੇ ਓਲੰਪਿਕ ਅਤੇ ਪੈਰਾਲਿੰਪਿਕ ਕਮੇਟੀ (ਯੂ. ਐੱਸ. ਓ. ਪੀ. ਸੀ.) ਅਤੇ ਯੂ. ਐੱਸ. ਏ. ਟ੍ਰੈਕ ਅਤੇ ਫੀਲਡ ਯੋਗਤਾ ਨਿਯਮਾਂ ਦੁਆਰਾ ਨਿਰਧਾਰਤ ਕੀਤੀ ਜਾਵੇਗੀ।

# Matrimonials

## ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5", US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029

28-31

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

## ਲੜਕੀ ਦੀ ਲੋੜ ਹੈ

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221

26-29

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Ph: 408-398-4644; Email: jrksnn@gmail.com


20-23

*To Advertise with Punjab Times Call: 847-359-0746*
*Fax:847-705-9388, e-mail: punjabtimes1@gmail.com*
*Visit us on the web:wwwpunjabtimesusa.com*

LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ: ਫੋਨ: 651-353-9584

25-28

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਬਾਲਟੀਮੋਰ: ਰਾਕੇਸ਼ ਟਿਕੈਤ ਅਤੇ ਗੁਰਨਾਮ ਸਿੰਘ ਚੜੂਨੀ ਵਲੋਂ ਵੀਡੀਓ ਰਾਹੀਂ ਸੰਬੋਧਨ

**ਮੈਰੀਲੈਂਡ:** ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਅਮਰੀਕਾ ਵੱਲੋਂ ਬਾਲਟੀਮੋਰ 'ਚ ਕਿਸਾਨੀ ਸੰਘਰਸ਼ ਦੀ ਹਮਾਇਤ ਕਰਨ ਲਈ ਇਕ ਇਕੱਤਰਤਾ ਕੀਤੀ ਗਈ, ਜਿਸ ਵਿਚ ਭਾਰੀ ਗਿਣਤੀ 'ਚ ਕਿਸਾਨ ਦਰਦੀਆਂ ਨੇ ਹਿੱਸਾ ਲਿਆ। ਇਸ ਇਕੱਤਰਤਾ 'ਚ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ 500 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਭਾਰਤ ਵਿਚ ਕਿਸਾਨੀ ਧਰਨਿਆਂ ਦੀ ਅਗਵਾਈ ਕਰ ਰਹੇ ਚੌਧਰੀ ਰਾਕੇਸ਼ ਟਿਕੈਤ ਅਤੇ ਸ. ਗੁਰਨਾਮ ਸਿੰਘ ਚੜੂਨੀ ਵਲੋਂ ਵੀਡੀਓ ਸੰਦੇਸ਼ ਰਾਹੀਂ ਇਕੱਤਰਤਾ ਨੂੰ ਸੰਬੋਧਨ ਕੀਤਾ ਗਿਆ। ਦੋਹਾਂ ਆਗੂਆਂ ਨੇ ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਕਿਸਾਨੀ ਸੰਘਰਸ਼ ਨੂੰ ਹੋਰ ਵੱਡੇ ਪੱਧਰ ਤੱਕ ਪਹੁੰਚਾਉਣ ਲਈ ਯਤਨ ਕਰਦੇ ਰਹਿਣ ਲਈ ਪਰਵਾਸੀਆਂ ਨੂੰ ਅਪੀਲ ਵੀ ਕੀਤੀ।




*ਰਾਕੇਸ਼ ਟਿਕੈਤ ਅਤੇ ਗੁਰਨਾਮ ਸਿੰਘ ਚੜੂਨੀ*

ਇਸ ਇਕੱਤਰਤਾ ਨੂੰ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਬਲਜਿੰਦਰ ਸਿੰਘ ਸੰਮੀ, ਗੁਰਚਰਨ ਸਿੰਘ ਵਰਲਡ ਬੈਂਕ, ਚੰਚਲ ਸਿੰਘ, ਸ਼੍ਰੀ ਨਗੇਂਦਰ ਰਾਓ, ਪਵਨ ਬੇਜਵਾੜਾ, ਕਰਮਜੀਤ ਸਿੰਘ ਪੰਨੂ, ਗੁਰਵਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਸਰਬਜੀਤ ਸਿੰਘ ਢਿੱਲੋਂ ਅਤੇ ਜੋਗਿੰਦਰ ਸਿੰਘ ਸਮਰਾ ਨੇ ਸੰਬੋਧਨ ਕੀਤਾ। ਬੁਲਾਇਆ ਨੇ ਮੰਗ ਕੀਤੀ ਕਿ ਭਾਰਤ ਦੀ ਮੋਦੀ ਸਰਕਾਰ ਨੂੰ ਚਾਹੀਦਾ ਹੈ, ਉਹ ਤਿੰਨੇ ਕਾਨੂੰਨ ਰੱਦ ਕਰਕੇ ਭਾਰਤ ਦੇ ਕਿਸਾਨਾਂ ਨੂੰ ਰਾਹਤ ਦੇਵੇ ਅਤੇ ਕਿਸਾਨਾਂ ਉੱਤੇ ਕੀਤੇ ਗਏ ਪਰਚੇ ਰੱਦ ਕੀਤੇ ਜਾਣ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕਿਸਾਨੀ ਸੰਘਰਸ਼ ਜਦੋਂ ਤੱਕ ਵੀ ਚੱਲੇਗਾ, ਅਸੀਂ ਪੂਰੀ ਹਮਾਇਤ ਕਰਦੇ ਰਹਾਂਗੇ।

ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦੇ ਇੰਚਾਰਜ ਬਲਜਿੰਦਰ ਸਿੰਘ ਸੰਮੀ ਨੇ ਦੱਸਿਆ ਕਿ ਇਹ ਇਕ ਇਤਿਹਾਸਕ ਦਿਨ ਹੈ, ਜਦੋ ਸੰਯੁਕਤ ਕਿਸਾਨ ਮੋਰਚਾ ਦੇ ਰਾਸ਼ਟਰੀ ਆਗੂਆਂ ਨੇ ਵਿਦੇਸ਼ ਵਿਚ ਪਹਿਲੀ ਵਾਰ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਕੀਤਾ ਹੈ। ਉਨ੍ਹਾਂ ਕਿਹਾ ਕਿ ਚੌਧਰੀ ਰਾਕੇਸ਼ ਟਿਕੈਤ ਨੇ ਆਪਣੇ ਵੀਡੀਓ ਸੰਦੇਸ਼ ਵਿਚ ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦੀ ਸਥਾਪਨਾ ਲਈ ਪਰਵਾਸੀ ਕਿਸਾਨ ਦਰਦੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ ਅਤੇ ਸਾਨੂੰ ਉਨ੍ਹਾਂ ਦੇ ਵੀਡੀਓ ਸੰਦੇਸ਼ ਤੋਂ ਬਹੁਤ ਹੌਸਲਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ ਵਿਚ ਕਿਸਾਨ ਸੰਘਰਸ਼ ਦੇ ਹੱਕ ਵਿਚ ਹੋਰ ਵੀ ਕਾਰਜ ਕਰਨ ਲਈ ਯਤਨਸ਼ੀਲ ਰਹਾਂਗੇ।



# ਜੈੱਫ ਬੇਜੋਸ ਨੇ 82 ਸਾਲਾ ਔਰਤ ਦੀ ਪੁਲਾੜ ਯਾਤਰਾ ਲਈ ਕੀਤੀ ਚੋਣ

**ਫਰਿਜ਼ਨੋ (ਕੈਲੀਫੋਰਨੀਆ):** ਵਿਸ਼ਵ ਭਰ ਦੇ ਅਮੀਰ ਵਿਅਕਤੀਆਂ ਵਿਚ ਸ਼ਾਮਲ ਐਮਾਜ਼ੋਨ ਦੇ ਸੰਸਥਾਪਕ ਜੈੱਫ ਬੇਜੋਸ, ਜੋ ਇਸ ਮਹੀਨੇ ਸਪੇਸ ਯਾਤਰਾ 'ਤੇ ਜਾ ਰਹੇ ਹਨ, ਨੇ ਪੁਲਾੜ ਯਾਤਰਾ ਸਬੰਧੀ ਅਨੁਭਵ ਪ੍ਰਾਪਤ ਇੱਕ 82 ਸਾਲਾਂ ਦੀ ਬਜੁਰਗ ਮਹਿਲਾ ਦੀ ਆਪਣੇ ਨਾਲ ਜਾਣ ਲਈ ਚੋਣ ਕੀਤੀ ਹੈ। ਵੈਲੀ ਫੰਕ ਨਾਮ ਦੀ ਇਸ ਮਹਿਲਾ ਨੇ 60 ਸਾਲ ਪਹਿਲਾਂ ਨਾਸਾ ਦੇ ਮਰਕਰੀ ਪ੍ਰੋਗਰਾਮ ਲਈ ਸਿਖਲਾਈ ਲਈ ਸੀ, ਪਰ ਉਹ ਪੁਲਾੜ ਵਿਚ ਜਾਣ ਲਈ ਆਪਣਾ ਸਥਾਨ ਸੁਰੱਖਿਅਤ ਨਹੀਂ ਕਰ ਸਕੀ ਸੀ, ਪਰ ਹੁਣ 82 ਸਾਲ ਦੀ ਉਮਰ ਵਿਚ, ਫੰਕ ਨੂੰ 20 ਜੁਲਾਈ ਨੂੰ ਜੈਫ ਬੇਜੋਸ ਦੁਆਰਾ ਉਸ ਅਤੇ ਉਸ ਦੇ ਭਰਾ ਨਾਲ ਸਪੇਸ ਵਿਚ ਜਾਣ ਦਾ ਮੌਕਾ ਦਿੱਤਾ ਹੈ।



ਬੇਜੋਸ ਵਲੋਂ ਸਥਾਪਿਤ ਸਪੇਸ ਕੰਪਨੀ ਬਲਿਊ ਓਰੀਜਨ ਨੇ ਐਲਾਨ ਕੀਤਾ ਹੈ ਕਿ ਫੰਕ ਨਿਊ ਸ਼ੇਪਾਰਡ ਸਬਓਰਬਿਟਲ ਪੁਲਾੜੀ ਜਹਾਜ਼ 'ਤੇ ਉਡਾਣ ਭਰਨ ਵਾਲੀ ਚੌਥੀ ਯਾਤਰੀ ਹੋਵੇਗੀ। ਫਰਵਰੀ 1961 ਵਿਚ ਫੰਕ ਨੇ ਨਾਸਾ ਦੀਆਂ ਮੁਢਲੀਆਂ ਪੁਲਾੜ ਉਡਾਣਾਂ ਦੌਰਾਨ ਔਰਤਾਂ ਨੂੰ ਪੁਲਾੜ ਵਿਚ ਲਿਜਾਣ ਦੇ ਇੱਕ ਉੱਦਮ "ਵੂਮਨ ਇਨ ਸਪੇਸ ਪ੍ਰੋਗਰਾਮ" ਵਿਚ ਕੰਮ ਕੀਤਾ ਸੀ। ਫੰਕ ਉਸ ਪ੍ਰੋਗਰਾਮ ਤੋਂ ਗ੍ਰੈਜੂਏਟ ਹੋਣ ਵਾਲੀ ਸਭ ਤੋਂ ਛੋਟੀ ਉਮਰ ਦੀ ਔਰਤ ਸੀ ਅਤੇ ਉਸ ਨੂੰ ਦੱਸਿਆ ਗਿਆ ਸੀ ਕਿ ਉਸ ਨੇ ਮੁੰਡਿਆਂ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ ਸੀ। ਉਸ ਦੀ ਸਿਖਲਾਈ ਦੇ ਹਿੱਸੇ ਵਜੋਂ, ਉਸ ਨੇ ਇੱਕ ਸੰਵੇਦਨਹੀਣਤਾ ਵਾਲੇ ਟੈਂਕ ਵਿਚ 10 ਘੰਟੇ 35 ਮਿੰਟ ਚੱਲ ਕੇ ਮਸ਼ਹੂਰ ਪੁਲਾੜ ਯਾਤਰੀ ਜੌਨ ਗਲੇਨ ਨੂੰ ਵੀ ਪਿੱਛੇ ਛੱਡਿਆ ਸੀ।

ਇੰਨਾ ਹੀ ਨਹੀਂ, ਫੰਕ ਕੋਲ ਉਸ ਦੇ ਨਾਮ 'ਤੇ 19,600 ਉਡਾਣ ਘੰਟੇ ਵੀ ਹਨ ਅਤੇ ਉਸ ਨੇ ਹਜ਼ਾਰਾਂ ਲੋਕਾਂ ਨੂੰ ਉੱਡਣਾ ਸਿਖਾਇਆ ਵੀ ਹੈ। ਫੰਕ ਨੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਭ ਦੇ ਬਾਵਜੂਦ ਉਸ ਨੂੰ ਸਪੇਸ ਵਿਚ ਜਾਣ ਦਾ ਮੌਕਾ ਨਹੀਂ ਮਿਲਿਆ, ਪਰ ਹੁਣ ਬੇਜੋਸ ਵਲੋਂ ਇਹ ਮੌਕਾ ਮਿਲਣ 'ਤੇ ਫੰਕ ਬਹੁਤ ਉਤਸ਼ਾਹਿਤ ਹੈ।

A&I WATSONVILLE, CA

A & I Transport Inc.



123 E Lee Rd Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ

ਪਲਵਿੰਦਰ ਸਿੰਘ ਗਾਖਲ

ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

*Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਬਿਜਲੀ ਸੰਕਟ ਤੇ ਤੇਲ ਕੀਮਤਾਂ ਨੇ ਪੰਜਾਬ ਦਾ ਸਿਆਸੀ ਪਾਰਾ ਚਾੜ੍ਹਿਆ

**ਚੰਡੀਗੜ੍ਹ:** ਬਿਜਲੀ ਸੰਕਟ ਤੇ ਤੇਲ ਕੀਮਤਾਂ ਨੇ ਪੰਜਾਬ ਸਿਆਸੀ ਪਾਰਾ ਸਿਖਰਾਂ ਉਤੇ ਚਾੜ੍ਹ ਦਿੱਤਾ ਹੈ। ਵਿਰੋਧੀ ਧਿਰਾਂ ਦੇ ਨਾਲ-ਨਾਲ ਕਿਸਾਨ ਜਥੇਬੰਦੀਆਂ ਵੀ ਸਰਕਾਰ ਦੀ ਘੇਰਾਬੰਦੀ ਲਈ ਨਿੱਤਰ ਆਈਆਂ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਡੀਜਲ-ਪੈਟਰੋਲ ਦੇ ਅਸਮਾਨੀਂ ਚੜ੍ਹੇ ਰੇਟ ਘਟਾਉਣ, ਖੇਤੀ ਤੇ ਘਰੇਲੂ ਪੂਰੀ ਬਿਜਲੀ ਸਪਲਾਈ ਨਿਰਵਿਘਨ ਯਕੀਨੀ ਬਣਾਉਣ ਅਤੇ ਨਹਿਰੀ ਪਾਣੀ ਧੁਰ ਟੇਲਾਂ ਤੱਕ ਪੂਰਾ ਪਹੁੰਚਾਉਣ ਦੇ ਭਖਦੇ ਮਸਲਿਆਂ ਨੂੰ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਦੇ ਬਿਜਲੀ ਸੰਕਟ ਖਿਲਾਫ ਸੂਬੇ ਭਰ ਵਿਚ ਪਾਵਰਕੌਮ ਦਫਤਰਾਂ ਮੂਹਰੇ ਧਰਨੇ ਦਿੱਤੇ ਗਏ। ਇਸ ਦੌਰਾਨ ਕਿਸਾਨਾਂ, ਘਰੇਲੂ ਬਿਜਲੀ ਖਪਤਕਾਰਾਂ ਤੇ ਸਨਅਤੀ ਖੇਤਰ ਦੀਆਂ ਮੁਸ਼ਕਲਾਂ ਉਜਾਗਰ ਕੀਤੀਆਂ ਗਈਆਂ। ਇਸ ਮੌਕੇ ਦੋਸ਼ ਲਗਾਇਆ ਗਿਆ ਕਿ ਜਾਣ-ਬੁੱਝ ਕੇ ਅੱਠ ਘੰਟੇ ਬਿਜਲੀ ਨਾ ਦਿੱਤੇ ਜਾਣ ਕਾਰਨ ਕਿਸਾਨ, ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਬਿਜਲੀ ਦੇ ਅਣਐਲਾਨੇ ਲੰਬੇ ਕੱਟਾਂ ਕਾਰਨ ਆਮ ਖਪਤਕਾਰ ਅਤੇ ਹਫਤੇ ਵਿਚ ਦੋ ਦਿਨ ਇੰਡਸਟਰੀ ਬੰਦ ਰੱਖਣ ਦੇ ਹੁਕਮਾਂ ਤੋਂ ਸਨਅਤਕਾਰ ਪਰੇਸ਼ਾਨ ਹਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ ਕਾਂਗਰਸ ਸਰਕਾਰ ਝੋਨਾ ਉਤਪਾਦਕ




ਕਿਸਾਨ ਜੋ ਡੀਜ਼ਲ ਫੂਕ ਕੇ ਜੈਨਰੇਟਰਾਂ ਦੀ ਵਰਤੋਂ ਕਰ ਕੇ ਝੋਨਾ ਪਾਲਣ ਲਈ ਮਜਬੂਰ ਹਨ, ਲਈ ਵਿੱਤੀ ਰਾਹਤ ਪੈਕੇਜ ਦਾ ਐਲਾਨ ਕਰੇ ਅਤੇ ਡੀਜ਼ਲ 'ਤੇ ਵੈਟ ਵੀ ਘਟਾਇਆ ਜਾਵੇ। ਪਾਰਟੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਿਸਾਨਾਂ ਦੇ ਨਾਲ ਘਰੇਲੂ ਖਪਤਕਾਰਾਂ ਤੇ ਇੰਡਸਟਰੀ ਲਈ ਲੋੜੀਂਦੀ ਬਿਜਲੀ ਸਪਲਾਈ ਬਹਾਲ ਕਰਨ ਸਮੇਤ ਹੋਰ ਕਦਮ ਨਾ ਉਠਾਏ ਗਏ ਤਾਂ ਸੰਘਰਸ਼ ਦੇ ਅਗਲੇ ਪੜਾਅ ਤਹਿਤ ਮੁੱਖ ਮੰਤਰੀ ਤੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੰਬੀ, ਫਾਜ਼ਿਲਕਾ ਤੇ ਘੁਬਾਇਆ ਵਿਚ ਰੋਸ ਧਰਨਿਆਂ 'ਚ ਸ਼ਾਮਲ ਹੋਏ ਜਿੱਥੇ ਉਨ੍ਹਾਂ ਲੋਕਾਂ ਦੀ ਇਸ ਦੁਰਦਸ਼ਾ ਲਈ ਸਿੱਧੇ ਤੌਰ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਬਿਜਲੀ ਸਬੰਧੀ ਹਾਲਾਤ ਦਾ ਜਾਇਜ਼ਾ ਲੈਣ ਅਤੇ ਝੋਨੇ ਦੇ ਸੀਜ਼ਨ ਲਈ ਕਿਸਾਨਾਂ ਨੂੰ ਢੁਕਵੀਂ ਬਿਜਲੀ ਸਪਲਾਈ ਯਕੀਨੀ ਬਣਾਉਣ ਵਾਸਤੇ ਇਕ ਵੀ ਸਮੀਖਿਆ ਮੀਟਿੰਗ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਜਾਣ-ਬੁੱਝ ਕੇ ਕੀਤਾ ਗਿਆ ਹੈ ਤਾਂ ਜੋ ਸਬਸਿਡੀ ਬਿੱਲ ਘੱਟ ਰਹੇ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਕਿਸਾਨਾਂ ਨੂੰ ਮੁਫਤ ਬਿਜਲੀ ਨਹੀਂ ਦੇਣਾ ਚਾਹੁੰਦੀ, ਇਸੇ ਕਰ ਕੇ ਉਸ ਵੇਲੇ ਬਿਜਲੀ ਨਹੀਂ ਦਿੱਤੀ ਜਾਂਦੀ ਜਦੋਂ ਇਸ ਦੀ ਜ਼ਰੂਰਤ ਹੁੰਦੀ ਹੈ।

## ਸੰਕਟ ਲਈ ਬਾਦਲ ਤੇ ਕੈਪਟਨ ਦੋਵੇਂ ਜ਼ਿੰਮੇਵਾਰ: ਭਗਵੰਤ



ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਬਿਜਲੀ ਸੰਕਟ ਪੈਦਾ ਕਰਨ ਅਤੇ ਲੋਕਾਂ ਦੇ ਹੱਕ ਖੋਹਣ ਲਈ ਬਾਦਲ ਅਤੇ ਕੈਪਟਨ ਦੋਵੇਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਬਣਨ ਮਗਰੋਂ ਕੈਪਟਨ ਅਮਰਿੰਦਰ ਸਿੰਘ ਲੋਕਾਂ ਦੀ ਸਾਰ ਲੈਣ ਲਈ ਪੰਜਾਬ ਵਿਚ ਕਦੇ ਨਹੀਂ ਗਿਆ। 'ਕੈਪਟਨ ਸਰਕਾਰ ਦੀਆਂ ਨੀਤੀਆਂ ਤੋਂ ਪਰੇਸ਼ਾਨ ਹਰ ਵਰਗ ਦੇ ਲੋਕ ਸੜਕਾਂ ਉਤੇ ਉਤਰ ਆਏ ਹਨ। ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ ਮਗਰੋਂ ਅਰਵਿੰਦ ਕੇਜਰੀਵਾਲ ਵੱਲੋਂ ਬਿਜਲੀ ਸਬੰਧੀ 300 ਯੂਨਿਟ ਮੁਆਫ ਕਰਨ ਵਾਲਾ ਕੀਤਾ ਗਿਆ ਵਾਅਦਾ ਸਭ ਤੋਂ ਪਹਿਲਾਂ ਪੂਰਾ ਕੀਤਾ ਜਾਵੇਗਾ।'

## ਕੈਪਟਨ ਸਾਢੇ ਚਾਰ ਸਾਲ ਸੁੱਤਾ ਰਿਹਾ: ਸੁਖਬੀਰ

**ਲੰਬੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਦੇ ਬਿਜਲੀ ਮੰਤਰੀ-ਕਮ-ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਸਾਢੇ ਚਾਰ ਸਾਲ ਸੁੱਤੇ ਰਹਿਣ ਕਰਕੇ ਪੰਜਾਬ ਬਿਜਲੀ ਸੰਕਟ ਪੈਦਾ ਹੋਇਆ ਹੈ। ਸ੍ਰੀ ਬਾਦਲ ਲੰਬੀ ਵਿਖੇ ਬਿਜਲੀ ਕੱਟਾਂ ਖਿਲਾਫ ਸੂਬਾ ਪੱਧਰੀ ਸੱਦੇ ਤਹਿਤ ਪਾਵਰਕਾਮ ਦਫਤਰ ਮੂਹਰੇ ਅਕਾਲੀ ਦਲ ਹਲਕਾ ਲੰਬੀ ਦੇ ਧਰਨੇ ਨੂੰ ਸੰਬੋਧਨ ਕਰ ਰਹੇ ਸਨ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਆਬਾਦੀ ਵਧਣ ਦੇ ਨਾਲ-ਨਾਲ ਬਿਜਲੀ ਦੀ ਮੰਗ ਵੀ ਹਰ ਸਾਲ ਵਧਦੀ ਹੈ। ਅਕਾਲੀ ਸਰਕਾਰ ਸਮੇਂ ਸਾਢੇ 12 ਹਜ਼ਾਰ ਮੈਗਵਾਟ ਦੀ ਮੰਗ ਸੀ, ਹੁਣ ਸਾਢੇ 14 ਹਜ਼ਾਰ ਮੈਗਵਾਟ ਦੀ ਜ਼ਰੂਰਤ ਹੈ ਪਰ ਅਮਰਿੰਦਰ ਸਿੰਘ ਚਾਰ ਸਾਲ ਸੁੱਤਾ ਰਿਹਾ।

# ਬਿਜਲੀ ਸਮਝੌਤੇ: ਕੈਪਟਨ ਸਰਕਾਰ ਦੀ ਸੂਈ ਸਮੀਖਿਆ 'ਤੇ ਅੜੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੇ ਗਏ ਬਿਜਲੀ ਖਰੀਦ ਸਮਝੌਤੇ (ਪੀ.ਪੀ.ਏ.) ਪਹਿਲਾਂ ਹੀ ਸਮੀਖਿਆ ਅਧੀਨ ਹਨ ਅਤੇ ਸਰਕਾਰ ਵੱਲੋਂ ਇਨ੍ਹਾਂ ਸਮਝੌਤਿਆਂ ਕਾਰਨ ਸੂਬੇ ਉਤੇ ਵਾਧੂ ਵਿੱਤੀ ਬੋਝ ਦੀ ਰੋਕਥਾਮ ਲਈ ਛੇਤੀ ਹੀ ਕਾਨੂੰਨੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

ਕੈਪਟਨ ਜੋ ਕਿ ਸੂਬੇ ਵਿਚ ਬਿਜਲੀ ਸੰਕਟ ਦੀ ਸਮੀਖਿਆ ਕਰਨ ਲਈ ਇਕ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ, ਨੇ ਬਾਅਦ ਵਿਚ ਕਿਹਾ ਕਿ ਬਾਦਲਾਂ ਵੱਲੋਂ ਆਪਣੀ ਸਰਕਾਰ ਦੌਰਾਨ ਮਨਜ਼ੂਰ ਕੀਤੇ ਗਏ ਤਰਕਹੀਣ ਬਿਜਲੀ ਖਰੀਦ ਇਕਰਾਰਨਾਮਿਆਂ ਕਾਰਨ ਪੰਜਾਬ ਨੂੰ ਹੋਰ ਵਿੱਤੀ



ਨੁਕਸਾਨ ਤੋਂ ਬਚਾਉਣ ਲਈ ਡੂੰਘਾਈ ਨਾਲ ਵਿਚਾਰ ਕਰ ਕੇ ਕਾਨੂੰਨੀ ਕਾਰਵਾਈ ਦੀ ਯੋਜਨਾਬੰਦੀ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 13500 ਮੈਗਾਵਾਟ ਸਪਲਾਈ ਦੀ ਤੁਲਨਾ ਵਿਚ ਬੀਤੇ ਹਫਤੇ ਮੰਗ 16000 ਮੈਗਾਵਾਟ ਤੱਕ ਪਹੁੰਚ ਗਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਪਾਵਰਕੌਮ ਨੇ ਤੁਰਤ ਹੀ ਸੂਬੇ ਤੋਂ ਬਾਹਰੋਂ 7400 ਮੈਗਾਵਾਟ ਬਿਜਲੀ ਦੀ ਖਰੀਦ ਕਰਨੀ ਸ਼ੁਰੂ ਕਰ ਦਿੱਤੀ ਜੋ ਕਿ ਬੀਤੇ ਵਰ੍ਹੇ ਕੀਤੀ ਗਈ ਖਰੀਦ ਨਾਲੋਂ 1000 ਮੈਗਾਵਾਟ ਵੱਧ ਹੈ। ਉਨ੍ਹਾਂ ਦੱਸਿਆ ਕਿ ਜੇਕਰ ਖਰੀਦ ਦੀ ਮਾਤਰਾ ਤੁਰਤ ਹੀ ਵਧਾਈ ਨਾ ਜਾਂਦੀ ਤਾਂ ਸੂਬੇ ਨੂੰ 1000 ਮੈਗਾਵਾਟ ਬਿਜਲੀ ਦੀ ਹੋਰ ਘਾਟ ਦਾ ਸਾਹਮਣਾ ਕਰਨਾ ਪੈਣਾ ਸੀ। ਇਸ ਨਾਲ ਬਿਜਲੀ ਸੰਕਟ ਹੋਰ ਡੂੰਘਾ ਹੋ ਜਾਂਦਾ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸੰਕਟ 660 ਮੈਗਾਵਾਟ ਬਿਜਲੀ ਪੈਦਾ ਕਰਨ ਵਾਲੇ ਤਲਵੰਡੀ ਸਾਬੋ ਪਾਵਰ ਪਲਾਂਟ ਦੇ ਇਕ ਯੂਨਿਟ ਫੇਲ੍ਹ ਹੋਣ ਦੇ ਸਿੱਟੇ ਵਜੋਂ ਪੈਦਾ ਹੋਇਆ ਹੈ।

## ਕੇਂਦਰ ਵੱਲ ਪੰਜਾਬ ਦਾ ਜੀ.ਐਸ.ਟੀ. ਬਕਾਇਆ 8495 ਕਰੋੜ ਹੋਇਆ

**ਚੰਡੀਗੜ੍ਹ:** ਪੰਜਾਬ ਦਾ ਕੇਂਦਰ ਸਰਕਾਰ ਵੱਲ ਜੀ.ਐਸ.ਟੀ. ਮੁਆਵਜ਼ਾ ਵਧ ਕੇ 8495 ਕਰੋੜ ਰੁਪਏ ਹੋ ਗਿਆ ਹੈ। ਜੂਨ ਵਿਚ ਜੀ.ਐਸ.ਟੀ. ਤੋਂ ਚੰਗਾ ਮਾਲੀਆ ਇਕੱਠਾ ਹੋਇਆ ਹੈ। ਤਾਲਾਬੰਦੀ ਦੀਆਂ ਬੰਦਸ਼ਾਂ ਦੇ ਬਾਵਜੂਦ ਪੰਜਾਬ ਦੇ ਕਾਰੋਬਾਰੀ ਭਾਈਚਾਰੇ ਨੇ ਰਿਟਰਨ ਭਰਨ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਦੇ ਨਾਲ-ਨਾਲ ਜੂਨ 2021 ਦੌਰਾਨ ਆਪਣੇ ਜੀ.ਐਸ.ਟੀ. ਬਕਾਏ ਦੀ ਅਦਾਇਗੀ ਸਮੇਂ ਸਿਰ ਕੀਤੀ ਹੈ। ਨਤੀਜੇ ਵਜੋਂ ਜੂਨ 'ਚ ਜੀ.ਐਸ.ਟੀ. ਤੋਂ 1087 ਕਰੋੜ ਇਕੱਤਰ ਹੋਇਆ। ਪਿਛਲੇ ਸਾਲ ਜੂਨ ਵਿਚ 869.66 ਕਰੋੜ ਇਕੱਤਰ ਹੋਏ ਸਨ।

ਕਰ ਵਿਭਾਗ ਦੇ ਬੁਲਾਰੇ ਅਨੁਸਾਰ, ਜੀ.ਐਸ.ਟੀ. ਤੋਂ ਜੂਨ 2020 ਦੇ ਮੁਕਾਬਲੇ ਜੂਨ 2021 ਵਿਚ 25.06 ਫੀਸਦੀ ਵੱਧ ਮਾਲੀਆ ਪ੍ਰਾਪਤ ਹੋਇਆ। ਜੂਨ 2021 (2021-22 ਦੀ ਪਹਿਲੀ ਤਿਮਾਹੀ) ਤੱਕ ਦਾ ਜੀ.ਐਸ.ਟੀ. ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 123.48 ਫੀਸਦੀ ਵੱਧ ਰਿਹਾ। ਜੂਨ 2021 ਦੌਰਾਨ ਵੈਟ ਅਤੇ ਸੀ.ਐਸ.ਟੀ. ਤੋਂ ਕ੍ਰਮਵਾਰ 699.27 ਤੇ 20.96 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਜਿਸ ਵਿਚ ਜੂਨ, 2020 'ਚ ਪ੍ਰਾਪਤ ਮਾਲੀਏ ਦੇ ਮੁਕਾਬਲੇ ਕ੍ਰਮਵਾਰ 42.37 ਫੀਸਦੀ ਅਤੇ 104.90 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੂਨ 2021 (2021-22 ਦੀ ਪਹਿਲੀ ਤਿਮਾਹੀ) ਤੱਕ ਵੈਟ ਅਤੇ ਸੀ.ਐਸ.ਟੀ. ਤੋਂ ਪਿਛਲੇ ਸਾਲ ਇਸੇ ਮਿਆਦ ਦੇ ਮੁਕਾਬਲੇ ਕ੍ਰਮਵਾਰ 106.73 ਫੀਸਦੀ ਅਤੇ 178.56 ਫੀਸਦੀ ਵੱਧ ਮਾਲੀਆ ਪ੍ਰਾਪਤ ਹੋਇਆ।

# ਬਿਜਲੀ ਕੱਟ: ਸਰਕਾਰ ਦੀ ਕਾਰਗੁਜ਼ਾਰੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਇਸ ਸਮੇਂ ਪੰਜਾਬ ਅੰਦਰ ਬਿਜਲੀ ਕੱਟਾਂ ਕਾਰਨ ਹਾਹਾਕਾਰ ਮੱਚਣ ਨਾਲ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਕਿਸਾਨ ਸੜਕਾਂ ਜਾਮ ਕਰਕੇ ਸੁੱਕ ਰਹੇ ਝੋਨੇ ਦੀ ਕਹਾਣੀ ਬਿਆਨ ਕਰ ਰਹੇ ਹਨ। ਘਰਾਂ ਦੀ ਬਿਜਲੀ ਕਟੌਤੀ ਨੇ ਲੋਕਾਂ ਨੂੰ ਮੁਸ਼ਕਲਾਂ ਵਿਚ ਪਾਇਆ ਹੈ। ਪਾਵਰਕੌਮ ਨੇ ਇਸ ਸਮੇਂ ਦੋ ਦਿਨ ਲਈ ਉਦਯੋਗਾਂ ਦੀ ਬਿਜਲੀ ਕਟੌਤੀ ਅਤੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਏਅਰਕੰਡੀਸ਼ਨ ਨਾ ਚਲਾਉਣ ਲਈ ਕਿਹਾ ਹੈ।

ਸੂਬੇ ਨੂੰ ਬਿਜਲੀ ਸਰਪਲੱਸ ਬਣਾਉਣ ਦੀ ਦਾਅਵੇਦਾਰੀ ਕਰਨ ਵਾਲੀ ਅਕਾਲੀ ਸਰਕਾਰ ਦੇ ਨਿੱਜੀ ਖੇਤਰ ਦੀਆਂ ਕੰਪਨੀਆਂ ਨਾਲ ਕੀਤੇ ਬਿਜਲੀ ਸਮਝੌਤੇ ਸਵਾਲਾਂ ਦੇ ਘੇਰੇ ਵਿਚ ਹੋਣ ਕਰਕੇ ਕਾਂਗਰਸ ਪਾਰਟੀ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਮਝੌਤਿਆਂ ਉੱਤੇ ਮੁੜ ਵਿਚਾਰ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਨਿਭਾਇਆ ਨਹੀਂ ਗਿਆ। ਸੂਬੇ 'ਚ ਲਗਭਗ ਇਕ ਹਜ਼ਾਰ ਮੈਗਾਵਾਟ ਮੰਗ ਹਰ ਸਾਲ ਵਧ ਜਾਂਦੀ ਹੈ। ਲੰਘੇ ਸਾਲ 13633 ਮੈਗਾਵਾਟ ਤੱਕ ਮੰਗ ਪਹੁੰਚ ਗਈ ਸੀ। ਇਸ ਦਾ ਮਤਲਬ ਹੈ ਕਿ ਪਾਵਰਕੌਮ ਨੂੰ ਇਸ ਸਾਲ ਲਗਭਗ 14500 ਮੈਗਾਵਾਟ ਬਿਜਲੀ ਦਾ ਪ੍ਰਬੰਧ ਕਰਨਾ ਚਾਹੀਦਾ ਸੀ। ਪੰਜਾਬ ਨੂੰ ਝੋਨੇ ਦੇ ਸੀਜ਼ਨ ਦੌਰਾਨ ਹੀ ਬਿਜਲੀ ਦੀ ਵਾਧੂ ਲੋੜ ਪੈਂਦੀ ਹੈ ਜਦੋਂਕਿ ਬਾਕੀ 9 ਮਹੀਨੇ ਬਿਜਲੀ ਸਰਪਲੱਸ ਹੁੰਦੀ ਹੈ। ਪੰਜਾਬ ਨੂੰ ਆਪਣੇ ਸ੍ਰੋਤਾਂ ਤੋਂ ਇਸ ਸਮੇਂ ਲਗਭਗ 5700 ਮੈਗਾਵਾਟ ਬਿਜਲੀ ਮਿਲ ਰਹੀ ਹੈ। ਮੰਤਰੀ ਮੰਡਲ ਵੱਲੋਂ ਵਿੱਤ ਮੰਤਰੀ ਸਮੇਤ ਤਿੰਨ ਮੰਤਰੀਆਂ ਦੀ ਬਣਾਈ ਕੈਬਨਿਟ ਸਬ ਕਮੇਟੀ ਨੇ ਇਹ ਫੈਸਲਾ ਕਰ ਦਿੱਤਾ



ਕਿ ਬਠਿੰਡੇ ਦੇ 440 ਮੈਗਾਵਾਟ ਬਿਜਲੀ ਦੇਣ ਵਾਲੇ ਅਤੇ ਰੋਪੜ ਦੇ 420 ਮੈਗਾਵਾਟ ਬਿਜਲੀ ਉਤਪਾਦਨ ਵਾਲੇ ਦੋ ਯੂਨਿਟ ਬੰਦ ਕਰ ਦਿੱਤੇ ਜਾਣ। ਯੂਨਿਟ ਬੰਦ ਕਰਨ ਤੋਂ ਪਿੱਛੋਂ ਹੋਣ ਵਾਲੀ ਬਿਜਲੀ ਦੀ ਕਮੀ ਪੂਰਾ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ।

ਵੇਰਵਿਆਂ ਅਨੁਸਾਰ ਖੇਤੀ ਸੈਕਟਰ ਨੂੰ ਬਿਜਲੀ ਸਪਲਾਈ ਪੰਜ ਤੋਂ ਛੇ ਘੰਟੇ ਦਿੱਤੀ ਜਾ ਰਹੀ ਹੈ ਜਿਸ ਨੇ ਕਿਸਾਨਾਂ ਦੇ ਰੋਹ ਨੂੰ ਹੋਰ ਤਿੱਖਾ ਕੀਤਾ ਹੈ। ਜਿਉਂ ਹੀ ਪਿੰਡਾਂ ਤੇ ਸ਼ਹਿਰਾਂ 'ਚ ਪਾਵਰਕੱਟ ਲੱਗੇ ਤਾਂ ਲੋਕ ਸੜਕਾਂ 'ਤੇ ਆ ਗਏ। ਪਾਵਰਕੌਮ ਨੇ ਜਲੰਧਰ ਤੇ ਲੁਧਿਆਣਾ ਜੋਨ 'ਚ ਸਨਅਤੀ ਖੇਤਰ ਵਿਚ ਵੀ ਹਫਤੇ ਚੋਂ ਦੋ ਦਿਨ ਬਿਜਲੀ ਸਪਲਾਈ ਬੰਦ ਰੱਖਣ ਦਾ ਫੈਸਲਾ ਕਰ ਲਿਆ ਹੈ।

ਪੰਜਾਬ ਸਰਕਾਰ ਵੱਲੋਂ ਇਸ ਵਾਰ ਬਿਜਲੀ ਸਪਲਾਈ ਦੇ ਅਗਾਊਂ ਪ੍ਰਬੰਧ ਨਾ ਕੀਤੇ ਜਾਣ ਦਾ ਖਮਿਆਜ਼ਾ ਹੁਣ ਲੋਕ ਭੁਗਤ ਰਹੇ ਹਨ। ਵਿਰੋਧੀ ਸਿਆਸੀ ਧਿਰਾਂ ਨੇ ਬਿਜਲੀ ਸੰਕਟ ਨੂੰ ਲੈ ਕੇ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਨੂੰ ਇਸ ਵੇਲੇ 1500 ਤੋਂ 2000 ਮੈਗਾਵਾਟ ਬਿਜਲੀ ਦੀ ਕਮੀ ਝੱਲਣੀ ਪੈ ਰਹੀ ਹੈ। ਪੰਜਾਬ 'ਚ ਮੌਜੂਦਾ ਸਮੇਂ ਬਿਜਲੀ ਦੀ ਮੰਗ 14,225 ਮੈਗਾਵਾਟ ਨੇੜੇ ਹੈ ਜਦਕਿ ਪਾਵਰਕੌਮ ਕੋਲ 12,800 ਮੈਗਾਵਾਟ ਬਿਜਲੀ ਸਪਲਾਈ ਦਾ ਪ੍ਰਬੰਧ ਹੈ। ਕਿਧਰੋਂ ਵੀ ਹੁਣ ਬਿਜਲੀ ਲੈਣ ਦਾ ਕੋਈ ਚਾਰਾ ਨਹੀਂ ਬਚਿਆ ਕਿਉਂਕਿ ਪੰਜਾਬ ਦੀ ਟਰਾਂਸ਼ਮਿਸ਼ਨ ਸਮਰੱਥਾ ਹੀ 6800 ਮੈਗਾਵਾਟ ਹੈ। ਇਹ ਸਮਰੱਥਾ ਆਰਜ਼ੀ ਤੌਰ 'ਤੇ ਵਧ ਕੇ 7300 ਮੈਗਾਵਾਟ ਹੋ ਗਈ ਹੈ। ਪਾਵਰਕੌਮ ਬੈਂਕਿੰਗ ਅਤੇ ਹੋਰ ਸਰੋਤਾਂ ਤੋਂ ਬਾਹਰੋਂ ਇੰਨੀ ਬਿਜਲੀ ਸਪਲਾਈ ਲੈ ਰਿਹਾ ਹੈ। ਕਿਤੇ ਕੋਈ ਹੋਰ ਯੂਨਿਟ ਬੰਦ ਹੋ ਗਿਆ ਤਾਂ ਪਾਵਰਕੱਟ ਹੋਰ ਲੰਮੇ ਕਰਨੇ ਪੈਣਗੇ।

# ਨਵਜੋਤ ਸਿੱਧੂ ਨੇ ਬਿਜਲੀ ਕੱਟਾਂ ਨਾਲ ਨਜਿੱਠਣ ਦਾ ਫਾਰਮੂਲਾ ਦੱਸਿਆ

**ਚੰਡੀਗੜ੍ਹ:** ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੇ ਬਿਜਲੀ ਕੀਮਤਾਂ ਅਤੇ ਵਿਘਨਮਈ ਬਿਜਲੀ ਸਪਲਾਈ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਮੁੜ ਹੱਲਾ ਬੋਲਿਆ ਹੈ। ਸਿੱਧੂ ਨੇ ਉਪਰੋਥਲੀ ਟਵੀਟ ਕਰਕੇ ਮੁੱਖ ਮੰਤਰੀ ਨੂੰ ਨਸੀਹਤ ਦਿੱਤੀ ਹੈ ਕਿ ਕਿਵੇਂ ਪੰਜਾਬ ਦੇ ਲੋਕਾਂ ਨੂੰ ਮੁਫਤ ਅਤੇ 24 ਘੰਟੇ ਬਿਜਲੀ ਦਿੱਤੀ ਜਾ ਸਕਦੀ ਹੈ। ਕਾਂਗਰਸੀ ਆਗੂ ਰਾਹੁਲ ਗਾਂਧੀ ਨਾਲ ਮੀਟਿੰਗ ਮਗਰੋਂ ਨਵਜੋਤ ਸਿੱਧੂ ਵੱਲੋਂ ਇੰਜ ਆਪਣੀ ਸਰਕਾਰ ਦੀ ਮੁੜ ਘੇਰਾਬੰਦੀ ਦੇ ਕਾਰਨਾਂ ਨੂੰ ਲੈ ਕੇ ਵੀ ਚਰਚੇ ਛਿੜੇ ਹੋਏ ਹਨ। ਨਵਜੋਤ ਸਿੱਧੂ ਨੇ ਬਿਜਲੀ ਖਰੀਦ ਸਮਝੌਤਿਆਂ ਨੂੰ ਅਸਰਹੀਣ ਕਰਨ ਦਾ ਰਸਤਾ ਦੱਸਿਆ ਹੈ। ਉਨ੍ਹਾਂ ਟਵੀਟ ਕੀਤਾ ਕਿ ਬਾਦਲਾਂ ਦੇ ਦਸਤਖਤ ਕੀਤੇ ਬਿਜਲੀ ਖਰੀਦ ਸਮਝੌਤੇ ਪੰਜਾਬ ਦੇ ਲੋਕ ਹਿੱਤਾਂ ਦੇ ਉਲਟ ਭੁਗਤ ਰਹੇ ਹਨ ਪ੍ਰੰਤੂ ਅਦਾਲਤਾਂ ਵੱਲੋਂ ਮਿਲੀ ਸੁਰੱਖਿਆ



ਕਰਕੇ ਭਾਵੇਂ ਪੰਜਾਬ ਇਨ੍ਹਾਂ ਨੂੰ ਬਦਲ ਨਹੀਂ ਸਕਦਾ ਪਰ ਇਸ ਸਮੱਸਿਆ 'ਚੋਂ ਸੌਖੇ ਤਰੀਕੇ ਨਾਲ ਬਾਹਰ ਨਿਕਲ ਸਕਦਾ ਹੈ। ਉਨ੍ਹਾਂ ਕਿਹਾ ਹੈ ਕਿ ਸੂਬਾ ਸਰਕਾਰ ਵਿਧਾਨ ਸਭਾ ਵਿਚ ਇਕ ਨਵਾਂ ਕਾਨੂੰਨ ਲਿਆ ਕੇ ਬਿਜਲੀ ਖਰੀਦ ਕੀਮਤਾਂ ਦੀ ਹੱਦ ਕੌਮੀ ਪਾਵਰ ਐਕਸਚੇਂਜ ਦੀਆਂ ਕੀਮਤਾਂ ਦੇ ਬਰਾਬਰ ਤੈਅ ਕਰਕੇ ਪਿਛਲੀ ਸਥਿਤੀ ਬਹਾਲ ਕਰ ਸਕਦੀ ਹੈ। ਕਾਨੂੰਨੀ ਸੋਧ ਨਾਲ ਇਹ ਸਮਝੌਤੇ ਬੇਅਸਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸਮਝੌਤਿਆਂ ਦੀਆਂ ਨੁਕਸਦਾਰ ਧਾਰਾਵਾਂ ਕਰਕੇ ਸੂਬੇ ਨੂੰ ਆਉਣ ਵਾਲੇ ਸਾਲਾਂ ਵਿਚ 65 ਹਜ਼ਾਰ ਕਰੋੜ ਰੁਪਏ ਹੋਰ ਅਦਾ ਕਰਨ ਪੈਣਗੇ। ਸਿੱਧੂ ਨੇ ਇਹ ਵੀ ਕਿਹਾ ਕਿ ਜੇਕਰ ਸਹੀ ਦਿਸ਼ਾ ਵਿਚ ਕਦਮ ਪੁੱਟੇ ਜਾਣ ਤਾਂ ਪੰਜਾਬ ਵਿਚ ਬਿਜਲੀ ਕੱਟਾਂ ਤੋਂ ਇਲਾਵਾ ਮੁੱਖ ਮੰਤਰੀ ਨੂੰ ਦਫਤਰਾਂ ਦਾ ਸਮਾਂ ਅਤੇ ਆਮ ਲੋਕਾਂ ਦੇ ਏਸੀ ਚਲਾਉਣ ਨੂੰ ਨਿਯਮਤ ਕਰਨ ਦੀ ਕੋਈ ਲੋੜ ਨਹੀਂ ਪਵੇਗੀ।

ਨਵਜੋਤ ਸਿੱਧੂ ਨੇ ਦੱਸਿਆ ਕਿ ਪੰਜਾਬ ਇਸ ਵੇਲੇ ਬਿਜਲੀ ਔਸਤਨ 4.54 ਰੁਪਏ ਪ੍ਰਤੀ ਯੂਨਿਟ ਖਰੀਦ ਰਿਹਾ ਹੈ ਜਦੋਂ ਕਿ ਕੌਮੀ ਔਸਤ 3.85 ਰੁਪਏ ਪ੍ਰਤੀ ਯੂਨਿਟ ਹੈ। ਚੰਡੀਗੜ੍ਹ ਵਿਚ ਇਹ ਰੇਟ 3.44 ਰੁਪਏ ਪ੍ਰਤੀ ਯੂਨਿਟ ਹੈ। ਅਜਿਹਾ ਪ੍ਰਾਈਵੇਟ ਥਰਮਲਾਂ 'ਤੇ ਹੱਦੋਂ ਵੱਧ ਨਿਰਭਰਤਾ ਕਾਰਨ ਹੋਇਆ ਹੈ ਕਿ ਪੰਜਾਬ ਨੂੰ ਔਸਤਨ 5 ਤੋਂ 8 ਰੁਪਏ ਪ੍ਰਤੀ ਯੂਨਿਟ ਕੀਮਤ ਦੇਣੀ ਪੈ ਰਹੀ ਹੈ।

ਸਿੱਧੂ ਨੇ ਕਿਹਾ ਕਿ ਇਵੇਂ ਹੀ ਸੂਬੇ ਅੰਦਰ ਸੂਰਜੀ ਅਤੇ ਜੈਵਿਕ ਊਰਜਾ ਦੀ ਸਮਰੱਥਾ ਨੂੰ ਅਜੇ ਤੱਕ ਪੂਰੀ ਤਰ੍ਹਾਂ ਨਾਲ ਵਰਤਿਆ ਨਹੀਂ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਪਹਿਲਾਂ ਹੀ 9000 ਕਰੋੜ ਰੁਪਏ ਬਿਜਲੀ ਸਬਸਿਡੀ ਦਿੰਦਾ ਹੈ ਜਦੋਂ ਕਿ ਦਿੱਲੀ ਸਿਰਫ 1699 ਕਰੋੜ ਰੁਪਏ ਬਿਜਲੀ ਸਬਸਿਡੀ ਦਿੰਦੀ ਹੈ। 'ਜੇ ਪੰਜਾਬ ਨੇ ਦਿੱਲੀ ਮਾਡਲ ਦੀ ਨਕਲ ਕੀਤੀ ਤਾਂ ਸਾਨੂੰ ਮੁਸ਼ਕਲ ਨਾਲ 1600 ਤੋਂ 2000 ਕਰੋੜ ਰੁਪਏ ਦੀ ਸਬਸਿਡੀ ਮਿਲੇਗੀ। ਸੂਬੇ ਨੂੰ ਕਿਸੇ ਦੀ ਨਕਲ ਕਰਨ ਦੀ ਥਾਂ 'ਪੰਜਾਬ ਮਾਡਲ' ਹੀ ਅਪਣਾਉਣਾ ਚਾਹੀਦਾ ਹੈ।'

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਉਂਦੇ ਸਮੇਂ ਵਿਚ ਪੀਣ ਵਾਲੇ ਪਾਣੀ ਨੂੰ ਤਰਸੇਗਾ ਪੰਜਾਬ

**ਨਵੀਂ ਦਿੱਲੀ:** ਉਤਰ-ਪੱਛਮੀ ਭਾਰਤ ਖਾਸਕਰ ਪੰਜਾਬ ਅਤੇ ਹਰਿਆਣਾ ਵਿਚ ਧਰਤੀ ਹੇਠਲਾ ਪਾਣੀ ਖਤਰਨਾਕ ਪੱਧਰ ਤੱਕ ਹੇਠਾਂ ਚਲਾ ਗਿਆ ਹੈ। ਇਹ ਖੁਲਾਸਾ ਨਵੇਂ ਅਧਿਐਨ ਵਿਚ ਕੀਤਾ ਗਿਆ ਹੈ। ਆਈ.ਆਈ.ਟੀ. ਕਾਨਪੁਰ ਦੁਆਰਾ ਪ੍ਰਕਾਸ਼ਤ ਖੋਜ ਪੱਤਰ ਵਿਚ ਉੱਤਰ ਪੱਛਮੀ ਭਾਰਤ ਵਿਚ 4,000 ਤੋਂ ਜ਼ਿਆਦਾ ਧਰਤੀ ਹੇਠਲੇ ਖੂਹਾਂ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਚਾਰ-ਪੰਜ ਦਹਾਕਿਆਂ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਰਾਜਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ 'ਤੇ ਆ ਗਿਆ ਹੈ।

ਭਾਰਤ ਸਿੰਜਾਈ, ਘਰੇਲੂ ਅਤੇ ਉਦਯੋਗਿਕ ਜਰੂਰਤਾਂ ਲਈ ਧਰਤੀ ਹੇਠਲੇ ਪਾਣੀ ਦੀ ਦੁਨੀਆਂ ਵਿਚ ਸਭ ਤੋਂ ਵੱਧ ਵਰਤੋਂ ਕਰਦਾ ਹੈ। ਆਈ.ਆਈ.ਟੀ. ਕਾਨਪੁਰ ਦੇ ਪ੍ਰੋਫੈਸਰ ਰਾਜੀਵ ਸਿਨਹਾ ਅਤੇ ਉਸ ਦੇ ਪੀ.ਐਚ.ਡੀ. ਵਿਦਿਆਰਥੀ ਸੁਨੀਲ ਕੁਮਾਰ ਜੋਸ਼ੀ ਦੀ ਅਗਵਾਈ ਵਿਚ ਹੋਏ ਅਧਿਐਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਰਾਜ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ। ਇਸ ਅਨੁਸਾਰ ਧਰਤੀ ਹੇਠਲੇ ਪਾਣੀ 1974 ਦੌਰਾਨ ਜ਼ਮੀਨੀ ਪੱਧਰ ਤੋਂ 2 ਮੀਟਰ ਹੇਠਾਂ ਸੀ ਜੋ 2010 ਵਿੱਚ 30 ਮੀਟਰ ਹੋ ਗਿਆ।

ਅਧਿਐਨ ਵਿਚ ਕਿਹਾ ਗਿਆ ਹੈ, 'ਉੱਤਰ ਪ੍ਰਦੇਸ ਅਤੇ ਬਿਹਾਰ ਵਰਗੇ ਰਾਜਾਂ ਦੀ ਸਥਿਤੀ ਵੀ ਮਾੜੀ ਹੈ, ਜੋ ਕਿ ਖੇਤੀਬਾੜੀ ਰਾਜ ਹਨ ਅਤੇ ਜਿੱਥੇ ਧਰਤੀ ਹੇਠਲੇ ਪਾਣੀ ਪ੍ਰਬੰਧਨ ਦੀਆਂ ਰਣਨੀਤੀਆਂ ਅਜੇ ਵੀ ਬਹੁਤ ਪੁਰਾਣੀਆਂ ਹਨ।' ਅਧਿਐਨ ਤੋਂ ਪਤਾ ਲੱਗਿਆ ਹੈ ਕਿ ਹਰਿਆਣਾ ਵਿਚ ਝੋਨੇ ਦੀ ਕਾਸ਼ਤ ਵਾਲਾ ਖੇਤਰ 1966-67 ਵਿਚ 1,92,000 ਹੈਕਟੇਅਰ ਤੋਂ ਵਧ ਕੇ 2017-18 ਵਿੱਚ 14,22,000 ਹੈਕਟੇਅਰ ਹੋ ਗਿਆ। ਪੰਜਾਬ ਵਿਚ ਇਹ 2017-18 ਵਿਚ 30,64,000 ਹੈਕਟੇਅਰ ਹੋ ਗਿਆ ਹੈ, ਜੋ 1960-61 ਵਿਚ 2,27,000 ਸੀ। ਮੰਗ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਪਾਣੀ ਦੀ ਮੰਗ ਵੱਧ ਗਈ।

# ਕੇਂਦਰ ਸਰਕਾਰ ਵੱਲ ਪੰਜਾਬ ਦਾ ਜੀ.ਐਸ.ਟੀ. ਬਕਾਇਆ ਵਧ ਕੇ 8495 ਕਰੋੜ ਹੋਇਆ

**ਚੰਡੀਗੜ੍ਹ:** ਪੰਜਾਬ ਦਾ ਕੇਂਦਰ ਸਰਕਾਰ ਵੱਲ ਜੀ.ਐਸ.ਟੀ. ਮੁਆਵਜ਼ਾ ਵਧ ਕੇ ਹੁਣ 8495 ਕਰੋੜ ਰੁਪਏ ਹੋ ਗਿਆ ਹੈ। ਜੂਨ ਮਹੀਨੇ ਵਿਚ ਜੀ.ਐਸ.ਟੀ. ਤੋਂ ਚੰਗਾ ਮਾਲੀਆ ਇਕੱਠਾ ਹੋਣ ਵਜੋਂ 30 ਜੂਨ ਤੱਕ ਕੇਂਦਰ ਵੱਲ ਜੀ.ਐਸ.ਟੀ. ਦੀ ਰਕਮ ਵਧ ਕੇ 8495 ਕਰੋੜ ਹੋ ਗਈ ਹੈ। ਤਾਲਾਬੰਦੀ ਦੀਆਂ ਸਖ਼ਤ ਬੰਦਸ਼ਾਂ ਦੇ ਬਾਵਜੂਦ ਪੰਜਾਬ ਦੇ ਕਾਰੋਬਾਰੀ ਭਾਈਚਾਰੇ ਨੇ ਰਿਟਰਨ ਭਰਨ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਦੇ ਨਾਲ-ਨਾਲ ਜੂਨ 2021 ਦੌਰਾਨ ਆਪਣੇ ਜੀ.ਐਸ.ਟੀ. ਬਕਾਏ ਦੀ ਅਦਾਇਗੀ ਸਮੇਂ ਸਿਰ ਕਰਕੇ ਸ਼ਾਨਦਾਰ ਸਥਿਰਤਾ ਅਤੇ ਸਮਰੱਥਾ ਵਿਖਾਈ ਹੈ। ਇਸ ਦੇ ਨਤੀਜੇ ਵਜੋਂ ਜੂਨ ਮਹੀਨੇ ਜੀ.ਐਸ.ਟੀ. ਤੋਂ 1087 ਕਰੋੜ ਰੁਪਏ ਦਾ ਮਾਲੀਆ ਇਕੱਤਰ ਹੋਇਆ ਜਦੋਂ ਕਿ ਪਿਛਲੇ ਸਾਲ ਜੂਨ 2020 ਵਿਚ 869.66 ਕਰੋੜ ਰੁਪਏ ਦੇ ਮਾਲੀਆ ਇਕੱਤਰ ਹੋਇਆ ਸੀ।

ਕਰ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਜੀ.ਐਸ.ਟੀ. ਤੋਂ ਜੂਨ 2020 ਦੇ ਮੁਕਾਬਲੇ ਜੂਨ 2021 ਵਿਚ 25.06 ਫੀਸਦੀ ਵੱਧ ਮਾਲੀਆ ਪ੍ਰਾਪਤ ਹੋਇਆ। ਇਸੇ ਤਰ੍ਹਾਂ ਜੂਨ 2021 (2021-22 ਦੀ ਪਹਿਲੀ ਤਿਮਾਹੀ) ਤੱਕ ਦਾ ਜੀ.ਐਸ.ਟੀ. ਮਾਲੀਆ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 123.48 ਫੀਸਦੀ ਵੱਧ ਰਿਹਾ।

ਬੁਲਾਰੇ ਅਨੁਸਾਰ ਜੂਨ 2021 ਦੌਰਾਨ ਵੈਟ ਅਤੇ ਸੀ.ਐਸ.ਟੀ. ਤੋਂ ਕ੍ਰਮਵਾਰ 699.27 ਕਰੋੜ ਅਤੇ 20.96 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਜਿਸ ਵਿਚ ਜੂਨ, 2020 'ਚ ਪ੍ਰਾਪਤ ਮਾਲੀਏ ਦੇ ਮੁਕਾਬਲੇ ਕ੍ਰਮਵਾਰ 42.37 ਫੀਸਦੀ ਅਤੇ 104.90 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੂਨ 2021 (2021-22 ਦੀ ਪਹਿਲੀ ਤਿਮਾਹੀ) ਤੱਕ ਵੈਟ ਅਤੇ ਸੀ.ਐਸ.ਟੀ. ਤੋਂ ਪਿਛਲੇ ਸਾਲ ਇਸੇ ਮਿਆਦ ਦੇ ਮੁਕਾਬਲੇ ਕ੍ਰਮਵਾਰ 106.73 ਫੀਸਦੀ ਅਤੇ 178.56 ਫੀਸਦੀ ਵੱਧ ਮਾਲੀਆ ਪ੍ਰਾਪਤ ਹੋਇਆ।

# ਮੋਦੀ ਸਰਕਾਰ ਦੇ 'ਕਾਰਨਾਮਿਆਂ' ਤੋਂ ਸੁਪਰੀਮ ਕੋਰਟ ਵੀ ਹੈਰਾਨ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਖਿਲਾਫ ਅਜੇ ਵੀ ਸੂਚਨਾ ਤਕਨਾਲੋਜੀ ਐਕਟ (ਆਈ.ਟੀ. ਐਕਟ) ਦੀ ਧਾਰਾ 66ਏ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ। ਇਸ ਧਾਰਾ ਨੂੰ ਸੁਪਰੀਮ ਕੋਰਟ ਨੇ 2015 ਦੇ ਇਕ ਫੈਸਲੇ ਵਿਚ ਖਤਮ ਕਰ ਦਿੱਤਾ ਸੀ। ਖਤਮ ਕੀਤੀ ਗਈ ਧਾਰਾ ਤਹਿਤ ਅਪਮਾਨਜਨਕ ਸੁਨੇਹੇ ਪੋਸਟ ਕਰਨ ਵਾਲੇ ਵਿਅਕਤੀ ਨੂੰ ਤਿੰਨ ਸਾਲ ਤੱਕ ਕੈਦ ਦੀ ਸਜਾ ਸੁਣਾਈ ਜਾ ਸਕਦੀ ਸੀ। ਜੁਰਮਾਨਾ ਵੀ ਲਾਇਆ ਜਾ ਸਕਦਾ ਸੀ।

ਗੈਰ ਸਰਕਾਰੀ ਸੰਗਠਨ 'ਪੀਪਲ'ਜ ਯੂਨੀਅਨ ਫਾਰ ਸਿਵਿਲ ਲਿਬਰਟੀਜ' ਵੱਲੋਂ ਦਾਇਰ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਸੰਗਠਨ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸੂਬਾ ਸਰਕਾਰਾਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਪੁਲਿਸ ਕਰਮੀਆਂ ਨੂੰ ਖਤਮ ਕੀਤੀ ਧਾਰਾ ਬਾਰੇ ਜਾਣੂ ਕਰਵਾਉਣ।

ਇਸ ਦੇ ਬਾਵਜੂਦ ਹਜ਼ਾਰਾਂ ਕੇਸ ਦਰਜ ਕੀਤੇ ਜਾ ਚੁੱਕੇ ਹਨ। ਅਦਾਲਤ ਦੇ ਬੈਂਚ ਨੇ ਕਿਹਾ 'ਅਸੀਂ ਉਹ ਅੰਕੜੇ ਦੇਖੇ ਹਨ, ਫਿਕਰ ਨਾ ਕਰੋ ਅਸੀਂ ਕੁਝ ਨਾ ਕੁਝ ਕਰਾਂਗੇ।' ਐਨ.ਜੀ.ਓ .ਦੇ ਵਕੀਲ ਨੇ ਕਿਹਾ ਕਿ ਇਸ ਨਾਲ ਨਜਿੱਠਣ ਦਾ ਕੋਈ ਢੰਗ ਲੱਭਣਾ ਪਵੇਗਾ ਕਿਉਂਕਿ ਲੋਕਾਂ ਨੂੰ ਕਸ਼ਟ ਸਹਿਣਾ ਪੈ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇਕੇ ਵੇਣੂਗੋਪਾਲ ਨੇ ਕਿਹਾ ਕਿ ਆਈ.ਟੀ. ਐਕਟ ਦੇ ਅਧਿਐਨ ਵਿਚ 66ਏ ਨਜ਼ਰ ਆਉਂਦਾ ਹੈ ਪਰ ਨਾਲ ਹੀ ਫੁੱਟਨੋਟ ਵਿਚ ਲਿਖਿਆ ਹੈ ਕਿ ਇਸ ਨੂੰ ਖਤਮ ਕਰ ਦਿੱਤਾ ਗਿਆ ਹੈ।

ਹੁਣ ਪੁਲਿਸ ਅਧਿਕਾਰੀ ਜਦ ਵੀ ਕੇਸ ਰਜਿਸਟਰ ਕਰਦੇ ਹਨ ਤਾਂ ਉਹ ਧਾਰਾ ਦੇਖ ਕੇ ਕੇਸ ਦਰਜ ਕਰ ਲੈਂਦੇ ਹਨ ਜਦਕਿ ਫੁੱਟਨੋਟ ਦੇਖਦੇ ਹੀ ਨਹੀਂ ਹਨ। ਉਨ੍ਹਾਂ ਕਿਹਾ ਕਿ ਕੀਤਾ ਇਹ ਜਾ ਸਕਦਾ ਹੈ ਕਿ ਅਸੀਂ ਧਾਰਾ 66ਏ ਦੇ ਨਾਲ ਹੀ ਇਕ ਬ੍ਰੈਕੇਟ ਪਾ ਦਈਏ ਜਿੱਥੇ ਲਿਖਿਆ ਹੋਵੇ ਕਿ ਇਹ ਧਾਰਾ ਖਤਮ ਕਰ ਦਿੱਤੀ ਗਈ ਹੈ। ਮਾਮਲੇ 'ਤੇ ਸੁਣਵਾਈ ਹੁਣ ਦੋ ਹਫਤੇ ਬਾਅਦ ਹੋਵੇਗੀ।

# ਅਮਰੀਕਾ ਤੇ ਕੈਨੇਡਾ ਨੇ ਕਰੋਨਾ ਕਾਰਨ ਲੱਗੀਆਂ ਪਾਬੰਦੀਆਂ 'ਚ ਢਿੱਲ ਦਿੱਤੀ

**ਟੋਰਾਂਟੋ:** ਕਰੋਨਾ ਵਾਇਰਸ ਮਹਾਮਾਰੀ ਕਾਰਨ ਕੈਨੇਡਾ ਅਤੇ ਅਮਰੀਕਾ ਦਰਮਿਆਨ ਯਾਤਰਾ 'ਤੇ ਲੱਗੀਆਂ ਪਾਬੰਦੀਆਂ ਨੂੰ ਕੈਨੇਡਾ ਵਾਸੀਆਂ ਲਈ ਨਰਮ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਸਰਹੱਦਾਂ ਪੂਰੀ ਤਰ੍ਹਾਂ ਖੋਲ੍ਹਣ ਲਈ ਅਗਲੇ ਕੁਝ ਹਫਤਿਆਂ ਵਿਚ ਯੋਜਨਾ ਦਾ ਐਲਾਨ ਕੀਤਾ ਜਾਵੇਗਾ। ਕੈਨੇਡਾ ਦੇ ਜਿਨ੍ਹਾਂ ਨਾਗਰਿਕਾਂ ਤੇ ਸਥਾਈ ਨਿਵਾਸੀਆਂ ਨੇ ਦੇਸ਼ ਵਿਚ ਪ੍ਰਵਾਨਿਤ ਟੀਕਿਆਂ ਦੀਆਂ ਸਾਰੀਆਂ ਖੁਰਾਕਾਂ ਲਈਆਂ ਹਨ, ਉਨ੍ਹਾਂ ਨੂੰ ਹੁਣ 14 ਦਿਨਾਂ ਲਈ ਲਾਜ਼ਮੀ ਕੀਤੇ ਇਕਾਂਤਵਾਸ ਵਿਚ ਨਹੀਂ ਰਹਿਣਾ ਪਵੇਗਾ। ਹਵਾਈ ਯਾਤਰਾ ਲਈ ਵੀ ਲੋਕਾਂ ਨੂੰ ਦੇਸ਼ ਵਿਚ ਤਿੰਨ ਦਿਨ ਹੋਟਲ ਵਿਚ ਨਹੀਂ ਗੁਜ਼ਾਰਨੇ ਹੋਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਤੇ ਅਮਰੀਕਾ ਦੌਰਾਨ ਸੈਰ ਸਪਾਟੇ ਸਣੇ ਸਾਰੀਆਂ ਗ਼ੈਰਜ਼ਰੂਰੀ ਯਾਤਰਾਵਾਂ 'ਤੇ 21 ਜੁਲਾਈ ਤੱਕ ਪਾਬੰਦੀ ਰਹੇਗੀ।

# ਕਿਸਾਨੀ ਸੰਘਰਸ਼ ਹੁਣ ਆਰ-ਪਾਰ ਦੀ ਲੜਾਈ ਵੱਲ

*(ਸਫਾ ਇਕ ਦੀ ਬਾਕੀ)*

ਕਰਨ ਤੇ ਜਾਂ ਫਿਰ ਵਿਰੋਧ ਲਈ ਤਿਆਰ ਰਹਿਣ।

ਪੰਜਾਬ ਦੀਆਂ ਸਿਆਸੀ ਧਿਰ ਉਤੇ ਇਸ ਦਾ ਖਾਸਾ ਅਸਰ ਨਜ਼ਰ ਆ ਰਿਹਾ ਹੈ ਤੇ ਉਮੀਦ ਕੀਤੀ ਜਾ ਰਹੀ ਹੈ ਕਿ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਦੇ ਚੋਣ ਵਾਅਦੇ ਕਿਸਾਨ ਸੰਘਰਸ਼ ਦੁਆਲੇ ਹੀ ਕੇਂਦਰਿਤ ਰਹਿਣਗੇ। ਪੰਜਾਬ ਤੋਂ ਬਾਅਦ ਉਤਰ ਪ੍ਰਦੇਸ਼ ਤੇ ਉੱਤਰਾਖੰਡ ਵਿਚ ਵੀ ਅਜਿਹਾ ਮਾਹੌਲ ਬਣਾਉਣ ਦੀਆਂ ਕੋਸ਼ਿਸ਼ਾਂ ਹਨ।

ਕਿਸਾਨ ਜਥੇਬੰਦੀਆਂ ਵੱਲੋਂ 17 ਜੁਲਾਈ ਨੂੰ ਵਿਰੋਧੀ ਧਿਰ ਨਾਲ ਸਬੰਧਤ ਸਾਰੇ ਸੰਸਦ ਮੈਂਬਰਾਂ ਨੂੰ 'ਚਿਤਾਵਨੀ ਪੱਤਰ' ਇਸੇ ਰਣਨੀਤੀ ਦਾ ਹਿੱਸਾ ਹਨ, ਕਿ ਉਹ ਹੁਣ ਜਾਂ ਤਾਂ ਕਿਸਾਨਾਂ ਨਾਲ ਖੁੱਲ੍ਹ ਕੇ ਖੜ੍ਹਨ ਤੇ ਜਾਂ ਫਿਰ ਭਾਜਪਾ ਵਾਂਗ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਅਸਲ ਵਿਚ, ਕਿਸਾਨ ਸੰਘਰਸ਼ ਕੇਂਦਰ ਸਰਕਾਰ ਦੀ ਹਰ ਚਾਲ ਨੂੰ ਮਾਤ ਦਿੰਦਾ ਹੋਇਆ ਇਸ ਮੁਕਾਮ ਉਤੇ ਪੁੱਜਿਆ ਹੈ। 26 ਜਨਵਰੀ ਤੋਂ ਬਾਅਦ ਬਣੇ ਮਾਹੌਲ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਨੇ ਬੁਲੰਦ ਹੌਸਲੇ ਨਾਲ ਸਰਕਾਰੀ ਜਬਰ ਦਾ ਟਾਕਰਾ ਕੀਤਾ।

ਕਰੋਨਾ ਮਹਾਮਾਰੀ ਦੇ ਡਰਾਵੇ ਵਾਲਾ ਫਾਰਮੂਲਾ ਵੀ ਫੇਲ੍ਹ ਸਾਬਤ ਕਰਕੇ ਜਥੇਬੰਦੀਆਂ ਨੇ ਸਾਫ ਕਰ ਦਿੱਤਾ ਹੈ ਕਿ ਲੋੜ ਪਈ ਤਾਂ ਸੰਘਰਸ਼ 2024 ਦੀਆਂ ਲੋਕ ਸਭਾ ਚੋਣਾਂ ਤੱਕ ਵੀ ਲਿਜਾਉਣ ਦੀ ਰਣਨੀਤੀ ਤਿਆਰ-ਬਰ-ਤਿਆਰ ਹੈ। ਸਰਕਾਰ ਸਾਹਮਣੇ ਇਕ ਹੋਰ ਚੁਣੌਤੀ 15 ਅਗਸਤ ਦੇ ਆਜ਼ਾਦੀ ਦਿਹਾੜਾ ਸਮਾਗਮ ਵੀ ਹਨ। 26 ਜਨਵਰੀ ਤੋਂ ਬਾਅਦ ਇਹ ਪਹਿਲੇ ਵੱਡੇ ਕੌਮੀ ਸਮਾਗਮ ਹਨ। ਇਹੀ ਕਾਰਨ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਆਜ਼ਾਦੀ ਦਿਹਾੜੇ ਨੂੰ ਲੈ ਕੇ ਕਿਸਾਨ ਅੰਦੋਲਨ ਨੂੰ ਟੇਢੀ ਅੱਖ ਨਾਲ ਦੇਖਣ ਲੱਗ ਪਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬਿਆਂ ਦੇ ਡੀ.ਜੀ.ਪੀਜ਼. ਨੂੰ 15 ਅਗਸਤ ਦੇ ਕੌਮੀ ਸਮਾਰੋਹਾਂ ਬਾਰੇ ਪੱਤਰ ਭੇਜੇ ਹਨ ਜਿਸ ਵਿਚ ਕੌਮਾਂਤਰੀ ਇਸਲਾਮਿਕ ਅਤੇ ਖਾਲਿਸਤਾਨੀ ਜਥੇਬੰਦੀਆਂ ਤੋਂ ਖਬਰਦਾਰ ਰਹਿਣ ਦੇ ਨਾਲ ਨਾਲ ਕਿਸਾਨ ਘੋਲ ਦਾ ਉਚੇਚ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ।

ਚਿੱਠੀ 'ਚ ਉਨ੍ਹਾਂ ਲਿਖਿਆ ਹੈ ਕਿ ਕੁਝ ਗਰੁੱਪ ਅੰਦੋਲਨ ਲਈ ਕੌਮੀ ਦਿਹਾੜੇ ਨੂੰ ਵਰਤ ਸਕਦੇ ਹਨ। ਦਰਅਸਲ, ਕਿਸਾਨ ਦੀਆਂ ਮੰਗਾਂ ਬਾਰੇ ਢੀਠਪੁਣੇ ਵਾਲੀ ਰਣਨੀਤੀ ਬਣਾਈ ਬੈਠੀ ਮੋਦੀ ਸਰਕਾਰ ਲਈ ਆਉਣ ਵਾਲਾ ਸਮਾਂ ਵੱਡੀ ਚੁਣੌਤੀ ਵਾਲਾ ਹੋ ਨਿੱਬੜੇਗਾ। ਜਥੇਬੰਦੀਆਂ ਵੱਲੋਂ ਵਿਰੋਧੀ ਧਿਰਾਂ ਨੂੰ ਸੰਸਦ ਵਿਚ ਕਿਸਾਨਾਂ ਦੇ ਹੱਕ ਵਿਚ ਆਵਾਜ਼ ਚੁੱਕਣ ਲਈ ਲਾਮਬੰਦ ਕਰਨ ਦੀ ਰਣਨੀਤੀ ਸਾਫ ਸੰਕੇਤ ਦੇ ਰਹੀ ਹੈ ਕਿ ਸਰਕਾਰ ਨੂੰ ਸੰਸਦ ਦੇ ਅੰਦਰ ਵਿਰੋਧੀ ਧਿਰਾਂ ਤੇ ਬਾਹਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ; ਦੂਜਾ, ਵਿਰੋਧੀ ਧਿਰਾਂ ਨਾਲ ਮਿਲੇ ਕਿਸਾਨ ਜਥੇਬੰਦੀਆਂ ਦੇ ਸੁਰ ਅਗਲੇ ਵਰ੍ਹੇ ਹੋਣ ਵਾਲਿਆਂ ਵਿਧਾਨ ਸਭਾ ਚੋਣਾਂ ਵਿਚ ਭਗਵਾ ਧਿਰ ਲਈ ਵੱਡਾ ਚੁਣੌਤੀ ਬਣ ਸਾਹਮਣੇ ਆਉਣਗੇ।

# ਵੈਨਕੂਵਰ ਵਿਚ 4 ਮਿਲੀਅਨ ਕੀਮਤ ਦੇ ਨਸ਼ੀਲੇ ਪਦਰਾਥ ਅਤੇ 320,000 ਕੈਸ਼ ਬਰਾਮਦ

**ਵੈਨਕੂਵਰ:** ਵੈਨਕੂਵਰ ਪੁਲਿਸ ਨੇ ਇਕ ਅਹਿਮ ਕਾਰਵਾਈ ਦੌਰਾਨ 4 ਮਿਲੀਅਨ ਤੋਂ ਵੱਧ ਕੀਮਤ ਦੇ ਨਸ਼ੀਲੇ ਪਦਰਾਥ ਅਤੇ 320,000 ਡਾਲਰ ਕੈਸ਼ ਬਰਾਮਦ ਕੀਤੇ ਹਨ। ਪੁਲਿਸ ਅਨੁਸਾਰ ਜੂਨ ਦੇ ਅਖੀਰਲੇ ਦਿਨਾਂ ਵਿਚ ਵੈਨਕੂਵਰ ਡਾਊਨ ਟਾਊਨ ਵਿਚ ਦੋ ਇਮਾਰਤਾਂ ਵਿਚ ਦੋ ਸਰਚ ਵਾਰੰਟਾਂ ਉਪਰ ਕਾਰਵਾਈ ਕਰਦਿਆਂ 13 ਕਿਲੋਗ੍ਰਾਮ ਫੈਂਟਾਨਿਲ, 11 ਕਿਲੋਗ੍ਰਾਮ ਕ੍ਰਿਸਟਲ ਮੈਥ, 5 ਕਿਲੋਗ੍ਰਾਮ ਕੋਕੇਨ ਅਤੇ 6 ਕਿਲੋਗ੍ਰਾਮ ਬੈਨਜ਼ੋ-ਡਿਆ-ਜ਼ੀਪੀਨ ਤੋਂ ਇਲਾਵਾ ਇਕ ਫਾਇਰ ਆਰਮ ਤੇ 3,20,000 ਡਾਲਰ ਕੈਸ਼ ਫੜਿਆ ਗਿਆ ਹੈ।

ਵੈਨਕੂਵਰ ਪੁਲਿਸ ਸੁਪਰਡੈਂਟ ਲੀਜ਼ਾ ਬੇਅਰਨ ਅਨੁਸਾਰ ਇਹ ਨਸ਼ੀਲੇ ਪਦਾਰਥਾਂ ਦੀ ਪੈਕਿੰਗ ਇਨ੍ਹਾਂ ਘਰਾਂ ਵਿਚ ਕੀਤੀ ਜਾਂਦੀ ਸੀ ਅਤੇ ਫਿਰ ਟੈਕਸੀ ਦੁਆਰਾ ਲੋਅਰ ਮੇਨਲੈਂਡ ਵਿਚ ਵੱਖ-ਵੱਖ ਥਾਂਵਾਂ 'ਤੇ ਸਪਲਾਈ ਕੀਤੀ ਜਾਂਦੀ ਸੀ। ਲੀਜ਼ਾ ਬੇਅਰਨ ਦਾ ਕਹਿਣਾ ਹੈ ਕਿ ਇਲਾਕੇ ਵਿਚ ਡਰੱਗ ਸਪਲਾਈ ਨੂੰ ਕੰਟਰੋਲ ਕਰਨ ਲਈ ਇਹ ਕਾਰਵਾਈ ਬੜੀ ਅਹਿਮ ਸਾਬਤ ਹੋਵੇਗੀ।

ਪੁਲਿਸ ਵੱਲੋਂ 'ਪ੍ਰੋਜੈਕਟ ਟੈਸ਼' ਦੇ ਨਾਂ ਹੇਠ ਚਲਾਏ ਮਿਸ਼ਨ ਤਹਿਤ ਕੀਤੀ ਗਈ ਇਸ ਕਾਰਵਾਈ ਦੌਰਾਨ ਬਰਨਬੀ ਦੇ ਇਕ 52 ਸਾਲਾ ਅਤੇ ਵੈਨਕੂਵਰ ਦੇ 21 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਂਚ ਚੱਲ ਰਹੀ ਹੈ, ਪਰ ਫਿਲਹਾਲ ਦੋਹਾਂ ਜਣਿਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

# ਘਰ ਨੂੰ ਲੱਗੀ ਅੱਗ ਵਿਚ ਇਕ ਮਾਸੂਮ ਬੱਚੇ ਦੀ ਮੌਤ

**ਸਰੀ:** ਸਰੀ ਦੇ ਇਕ ਘਰ ਵਿਚ ਇਕ ਵਿਅਕਤੀ ਵੱਲੋਂ ਔਰਤ ਦੀ ਕੁੱਟਮਾਰ ਕਰਨ ਅਤੇ ਫਿਰ ਕਥਿਤ ਤੌਰ 'ਤੇ ਘਰ ਨੂੰ ਅੱਗ ਲਾ ਦੇਣ ਦੀ ਇਕ ਘਟਨਾ ਵਿਚ ਇਕ ਮਾਸੂਮ ਬੱਚੇ ਦੀ ਮੌਤ ਹੋ ਗਈ। ਸਰੀ ਆਰ. ਸੀ. ਐਮ. ਪੀ. ਵੱਲੋਂ ਜਾਰੀ ਜਾਣਕਾਰੀ ਅਨੁਸਾਰ ਸੋਮਵਾਰ ਨੂੰ ਗਿਲਫੋਰਡ ਇਲਾਕੇ ਦੇ 94 ਐਵੀਨਿਊ ਤੇ 15400 ਬਲਾਕ ਵਿਚ ਇਕ 42 ਸਾਲਾ ਔਰਤ ਨੇ ਗੰਭੀਰ ਜ਼ਖਮੀ ਹਾਲਤ ਵਿਚ ਘਰੋਂ ਬਾਹਰ ਨਿਕਲ ਕੇ ਪੁਲਿਸ ਨੂੰ ਕਾਲ ਕੀਤੀ। ਪੁਲਿਸ ਅਨੁਸਾਰ ਘਰ ਨੂੰ ਅੱਗ ਲਾਉਣ ਤੋਂ ਬਾਅਦ ਇਕ ਸ਼ੱਕੀ ਵਿਅਕਤੀ ਲਾਲ ਰੰਗ ਦੀ ਸੁਬਰੂ ਕਾਰ ਰਾਹੀਂ ਮੌਕੇ ਤੋਂ ਫਰਾਰ ਹੋ ਗਿਆ। ਅੱਗ ਉਪਰ ਕੰਟਰੋਲ ਕਰਨ ਤੋਂ ਬਾਅਦ ਪੁਲਿਸ ਘਰ ਦੇ ਅੰਦਰ ਦਾਖਲ ਹੋਈ ਤਾਂ ਇਕ 5 ਸਾਲ ਦਾ ਬੱਚਾ ਘਰ 'ਚ ਮ੍ਰਿਤਕ ਪਾਇਆ ਗਿਆ।

ਬਾਅਦ ਵਿਚ ਰਾਤ ਕਰੀਬ 9.40 'ਤੇ ਕੋਕੁਇਟਲਮ ਆਰ. ਸੀ. ਐਮ. ਪੀ. ਨੂੰ ਇੱਕ ਵਿਅਕਤੀ ਦੇ ਪੋਰਟਮੈਨ ਬ੍ਰਿਜ ਤੋਂ ਛਾਲ ਮਾਰਨ ਦੀ ਜਾਣਕਾਰੀ ਮਿਲੀ। ਮੰਨਿਆ ਜਾ ਰਿਹਾ ਹੈ ਕਿ ਪੁਲ ਤੋਂ ਛਾਲ ਮਾਰਨ ਵਾਲਾ ਹੀ ਘਰ ਨੂੰ ਅੱਗ ਲਾ ਕੇ ਭੱਜਿਆ ਸੀ। ਹੁਣ ਉਸ ਦੀ ਫਰੇਜ਼ਰ ਦਰਿਆ ਵਿਚ ਭਾਲ ਕੀਤੀ ਜਾ ਰਹੀ ਹੈ। ਘਟਨਾ ਦੀ ਜਾਂਚ ਇੰਟੈਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਹਿਟ) ਨੂੰ ਸੌਂਪ ਦਿੱਤੀ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪਿੰਡਾਂ 'ਚ ਸਿਆਸੀ ਆਗੂਆਂ ਦੇ ਦਾਖਲੇ 'ਤੇ ਪਾਬੰਦੀ ਲਈ ਮਤੇ ਪਾਸ ਹੋਣ ਲੱਗੇ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਸੂਬੇ ਵਿਚ ਜਿਥੇ ਭਾਜਪਾ ਆਗੂਆਂ ਦਾ ਵਿਰੋਧ ਜਾਰੀ ਹੈ, ਉਥੇ ਹੁਣ ਵੱਖ-ਵੱਖ ਸਿਆਸੀ ਪਾਰਟੀਆਂ ਖਿਲਾਫ ਵੀ ਲਾਮਬੰਦੀ ਹੋਣ ਲੱਗੀ ਹੈ। ਕਿਸਾਨ ਇਸ ਗੱਲੋਂ ਖਫਾ ਹਨ ਕਿ ਉਹ ਤਾਂ ਖੇਤੀ ਕਾਨੂੰਨ ਰੱਦ ਕਰਾਉਣ ਲਈ ਦਿੱਲੀ ਅਤੇ ਪੰਜਾਬ ਵਿਚ ਸੰਘਰਸ਼ੀ ਮੋਰਚਿਆਂ 'ਤੇ ਡਟੇ ਹੋਏ ਹਨ ਪਰ ਸਿਆਸੀ ਪਾਰਟੀਆਂ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਪਾਪੜ ਵੇਲੇ ਜਾ ਰਹੇ ਹਨ। ਪਿੰਡਾਂ ਵਿਚ ਕਿਸਾਨ ਜਥੇਬੰਦੀਆਂ ਅਤੇ ਲੋਕਾਂ ਵੱਲੋਂ ਸਿਆਸੀ ਆਗੂਆਂ ਦਾ ਦਾਖਲਾ ਬੰਦ ਕਰਨ ਲਈ ਮਤੇ ਪਾਸ ਕਰਨੇ ਸ਼ੁਰੂ ਕਰ ਦਿੱਤੇ ਹਨ।

ਸੰਗਰੂਰ ਦੀ ਸਬ ਡਵੀਜ਼ਨ ਧੂਰੀ ਅਧੀਨ ਪੈਂਦੇ ਪਿੰਡ ਭੁੱਲਰਹੇੜੀ ਵਿਚ ਪਿੰਡ ਵਾਸੀਆਂ ਅਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਨੇ ਆਪਸੀ ਸਹਿਮਤੀ ਨਾਲ ਗੁਰਦੁਆਰੇ ਸਾਹਿਬ ਇਕੱਠੇ ਹੋ ਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਪਿੰਡ ਵਿਚ ਦਾਖਲੇ 'ਤੇ ਪਾਬੰਦੀ ਦਾ ਮਤਾ ਪਾਸ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਜਾਰੀ ਰਹੇਗਾ, ਉਦੋਂ ਤੱਕ ਕੋਈ ਵੀ ਸਿਆਸੀ ਆਗੂ ਪਿੰਡ ਵਿਚ ਦਾਖਲ ਨਹੀਂ ਹੋ ਸਕੇਗਾ। ਕਿਸੇ ਵੀ ਗਮੀ ਜਾਂ ਖੁਸ਼ੀ ਦੇ ਸਮਾਗਮ ਵਿਚ ਕੋਈ ਸਿਆਸੀ ਆਗੂ ਸ਼ਾਮਲ ਨਹੀਂ ਹੋ ਸਕੇਗਾ। ਮਤੇ ਵਿਚ ਇਹ ਵੀ ਲਿਖਿਆ ਗਿਆ ਕਿ ਪਿੰਡ ਦਾ ਕੋਈ ਵੀ ਪਰਿਵਾਰ ਸਿਆਸੀ ਆਗੂਆਂ ਨੂੰ ਨਹੀਂ ਬੁਲਾਵੇਗਾ ਅਤੇ ਜੇਕਰ ਕਿਸਾਨਾਂ ਦੇ ਰੋਕਣ ਦੇ ਬਾਵਜੂਦ ਕੋਈ ਸਿਆਸੀ ਆਗੂ ਪਿੰਡ ਵਿਚ ਜਾਂ ਕਿਸੇ ਘਰ ਆਇਆ ਤਾਂ ਉਸ ਦਾ



ਸਖਤ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪਿੰਡ ਵਾਸੀ ਸਿਆਸੀ ਆਗੂ ਨੂੰ ਬੁਲਾਏਗਾ ਤਾਂ ਉਸ ਦਾ ਵੀ ਵਿਰੋਧ ਕੀਤਾ ਜਾਵੇਗਾ। ਸਿਆਸੀ ਆਗੂਆਂ ਦਾ ਪਿੰਡ ਵਿਚ ਦਾਖਲਾ ਬੰਦ ਕਰਨ ਬਾਰੇ ਪਾਸ ਕੀਤੇ ਮਤੇ ਦੀ ਪੁਸ਼ਟੀ ਭਾਕਿਯੂ ਰਾਜੇਵਾਲ ਦੇ ਇਕਾਈ ਪ੍ਰਧਾਨ ਜਸਦੇਵ ਸਿੰਘ ਅਤੇ ਗੰਨਾ ਸੰਘਰਸ਼ ਕਮੇਟੀ ਦੇ ਆਗੂ ਅਵਤਾਰ ਸਿੰਘ ਤਾਰੀ ਨੇ ਕੀਤੀ ਹੈ।

ਉਧਰ, ਗੜ੍ਹਸ਼ੰਕਰ ਦੇ ਨੀਮ ਪਹਾੜੀ ਪਿੰਡ ਬੀਣੇਵਾਲ ਵਿਚ ਉਦੋਂ ਸਥਿਤੀ ਤਣਾਅਪੂਰਨ ਬਣ ਗਈ ਜਦੋਂ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਸਮੇਤ ਹੋਰ ਆਗੂਆਂ ਦਾ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਤੇ ਕਿਸਾਨਾਂ ਵੱਲੋਂ ਸਖਤ ਵਿਰੋਧ ਕੀਤਾ ਗਿਆ। ਪੁਲਿਸ ਨੇ ਬੜੀ ਜੱਦੋ-ਜਹਿਦ ਕਰਕੇ ਭਾਜਪਾ ਆਗੂਆਂ ਨੂੰ ਉਨ੍ਹਾਂ ਦੀ ਮੰਜ਼ਿਲ ਵੱਲ ਰਵਾਨਾ ਕੀਤਾ।

ਜਾਣਕਾਰੀ ਅਨੁਸਾਰ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਹੋਰ ਆਗੂ ਨੀਮ ਪਹਾੜੀ ਪਿੰਡ ਬੀਣੇਵਾਲ ਵਿਚ ਸਥਿਤ ਧਾਰਮਿਕ ਅਸਥਾਨ 'ਤੇ ਰੁਕੇ ਸਨ। ਕਿਸਾਨਾਂ ਨੂੰ ਜਿਉਂ ਹੀ ਇਸ ਗੱਲ ਦਾ ਪਤਾ ਲੱਗਾ ਤਾਂ ਇਕੱਠੇ ਹੋਏ ਕਿਸਾਨਾਂ ਨੇ ਭਾਜਪਾ ਆਗੂਆਂ ਦੀ ਉਕਤ ਧਾਰਮਿਕ ਕੁਟੀਆ ਵਿਚੋਂ ਨਿਕਲਣ ਸਮੇਂ ਘੇਰਾਬੰਦੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

## ਕੇਂਦਰ ਸਰਕਾਰ ਗੱਲਬਾਤ ਲਈ ਸ਼ਰਤਾਂ ਨਾ ਰੱਖੇ: ਟਿਕੈਤ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਜੇ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਮੁੜ ਸ਼ੁਰੂ ਕਰਨ ਦੀ ਖਾਹਿਸ਼ਮੰਦ ਹੈ ਤਾਂ ਇਸ ਲਈ ਸ਼ਰਤਾਂ ਨਾ ਰੱਖੇ। ਟਿਕੈਤ ਨੇ ਰੋਹਤਕ ਵਿਚ ਕਿਹਾ, ''ਅਸੀਂ ਪਹਿਲਾਂ ਵੀ ਕਿਹਾ ਸੀ ਕਿ ਜਦੋਂ ਸਰਕਾਰ ਚਾਹੇ, ਅਸੀਂ ਗੱਲਬਾਤ ਲਈ ਤਿਆਰ ਹਾਂ। ਪਰ ਇਹ ਸਮਝ ਨਹੀਂ ਆਉਂਦੀ ਕਿ ਉਹ ਖੇਤੀ ਕਾਨੂੰਨ ਵਾਪਸ ਨਾ ਲਏ ਜਾਣ ਦੀਆਂ ਸ਼ਰਤਾਂ ਕਿਉਂ ਰੱਖ ਰਹੀ ਹੈ।'' ਟਿਕੈਤ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਕਾਰਪੋਰੇਟਾਂ ਦੇ ਦਬਾਅ ਅਧੀਨ ਕੰਮ ਕਰ ਰਹੀ ਹੈ। ਕਿਸਾਨ ਆਗੂ ਨੇ ਰੋਹਤਕ ਵਿਚ ਮਹਿਲਾ ਕਾਰਕੁਨਾਂ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਵਿੱਢੇ 'ਗੁਲਾਬੀ ਧਰਨੇ' ਨੂੰ ਵੀ ਸੰਬੋਧਨ ਕੀਤਾ। ਇਸ ਦੌਰਾਨ ਜੀਂਦ ਜ਼ਿਲ੍ਹੇ ਦੇ ਉਚਾਨਾ ਵਿਚ ਹੋਈ ਕਿਸਾਨ ਮਹਾਂਪੰਚਾਇਤ ਦੌਰਾਨ ਅਗਾਮੀ ਪੰਚਾਇਤ ਚੋਣਾਂ ਵਿਚ ਭਾਜਪਾ-ਜੇ.ਜੇ.ਪੀ. ਦੀ ਹਮਾਇਤ ਵਾਲੇ ਉਮੀਦਵਾਰਾਂ ਦੇ ਬਾਈਕਾਟ ਸਮੇਤ ਨੌਂ ਮਤੇ ਪਾਸ ਕੀਤੇ ਗਏ।

## ਕਿਸਾਨ ਅੰਦੋਲਨ ਮਾਨਵਤਾ ਦੀ ਹੋਂਦ ਦੀ ਲੜਾਈ: ਚੜੂਨੀ

**ਮੁਹਾਲੀ:** ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਇਥੇ ਸੋਹਾਣਾ ਤੋਂ ਦਿੱਲੀ ਲਈ ਕਿਸਾਨ ਕਾਰ ਰੈਲੀ ਨੂੰ ਰਵਾਨਾ ਕਰਨ ਮੌਕੇ ਕਿਹਾ ਕਿ ਕਿਸਾਨ ਅੰਦੋਲਨ, ਮਾਨਵਤਾ ਦੀ ਹੋਂਦ ਦੀ ਲੜਾਈ ਹੈ, ਜੋ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਏ ਬਿਨਾਂ ਖਤਮ ਨਹੀਂ ਹੋਵੇਗਾ ਅਤੇ ਆਉਣ ਵਾਲੇ ਦਿਨਾਂ ਵਿਚ ਇਹ ਜਨ ਅੰਦੋਲਨ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਸਿਰਫ ਕਿਸਾਨਾਂ ਦੀ ਲੜਾਈ ਨਹੀਂ, ਸਗੋਂ ਧਰਮ ਯੁੱਧ ਹੈ। ਲਿਹਾਜ਼ਾ ਹਰੇਕ ਨਾਗਰਿਕ ਨੂੰ ਇਸ ਸੰਘਰਸ਼ ਦਾ ਹਿੱਸਾ ਬਣਨਾ ਚਾਹੀਦਾ ਹੈ। ਇਸ ਮੌਕੇ ਪੰਜਾਬੀ ਗਾਇਕ ਜੱਸ ਬਾਜਵਾ, ਬਲਾਕ ਸਮਿਤੀ ਮੈਂਬਰ ਅਵਤਾਰ ਸਿੰਘ ਮੌਲੀ ਬੈਦਵਾਨ ਵੀ ਮੌਜੂਦ ਸਨ। ਇਸ ਮੌਕੇ ਸ੍ਰੀ ਚੜੂਨੀ ਨੇ ਗੁਰਮੀਤ ਸਿੰਘ ਨੂੰ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਪੰਜਾਬ ਇਕਾਈ ਦਾ ਪ੍ਰਧਾਨ ਬਣਾਉਣ ਦਾ ਐਲਾਨ ਵੀ ਕੀਤਾ।

# ਖੇਤੀ ਕਾਨੂੰਨ: ਸ਼ਰਦ ਪਵਾਰ ਦੀ ਸੁਰ ਕੁਝ ਨਰਮ ਪਈ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਖੇਤੀ ਮੰਤਰੀ ਤੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਮੁਖੀ ਸ਼ਰਦ ਪਵਾਰ ਨੇ ਕੇਂਦਰ ਦੇ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਮੁਕੰਮਲ ਰੂਪ ਵਿਚ ਰੱਦ ਕਰਨ ਦੀ ਥਾਂ ਇਨ੍ਹਾਂ ਵਿਚ ਲੋੜੀਂਦੀਆਂ ਸੋਧਾਂ ਦੀ ਕਥਿਤ ਵਕਾਲਤ ਕੀਤੀ ਹੈ ਜਿਸ ਦਾ ਕੇਂਦਰ ਦੀ ਭਾਜਪਾ ਸਰਕਾਰ ਨੇ ਸਵਾਗਤ ਕੀਤਾ ਹੈ।

ਉਧਰ, ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਸਮੇਤ ਹੋਰਨਾਂ ਕਿਸਾਨ ਜਥੇਬੰਦੀਆਂ ਦੀ ਤਿੱਖੀ ਪ੍ਰਤੀਕਿਰਿਆ ਮਗਰੋਂ ਐਨ.ਸੀ.ਪੀ. ਨੇ ਆਪਣੇ ਆਗੂ ਦਾ ਬਚਾਅ ਕਰਦਿਆਂ ਕਿਹਾ ਕਿ ਸ਼ਰਦ ਪਵਾਰ ਦਾ ਖੇਤੀ ਕਾਨੂੰਨਾਂ 'ਚ ਸੋਧ ਸਬੰਧੀ ਬਿਆਨ ਕੇਂਦਰ ਦੇ ਤਿੰਨ ਵਿਵਾਦਿਤ ਕਾਨੂੰਨਾਂ ਬਾਰੇ ਨਹੀਂ ਬਲਕਿ ਸੂਬਾਈ ਕਾਨੂੰਨਾਂ ਵਿਚ ਤਜਵੀਜ਼ਤ ਫੇਰਬਦਲ ਬਾਰੇ ਸੀ। ਸੰਯੁਕਤ ਕਿਸਾਨ ਮੋਰਚੇ ਨੇ ਸਾਫ ਕਰ ਦਿੱਤਾ ਕਿ ਉਨ੍ਹਾਂ ਨੂੰ ਖੇਤੀ ਕਾਨੂੰਨਾਂ 'ਤੇ ਲੀਕ ਮਾਰੇ ਜਾਣ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਹੈ। ਮੋਰਚੇ ਨੇ ਚਿਤਾਵਨੀ ਦਿੱਤੀ ਕਿ ਕਿਸਾਨੀ ਅੰਦੋਲਨ ਨੂੰ ਢਾਹ ਲਾਉਣ ਤੇ ਖੇਤੀ ਕਾਨੂੰਨਾਂ ਦੀ ਤਰਫਦਾਰੀ ਕਰਨ ਵਾਲੀਆਂ ਸਿਆਸੀ ਧਿਰਾਂ ਦਾ ਭਾਜਪਾ ਵਾਂਗ ਹੀ ਵਿਰੋਧ ਕੀਤਾ ਜਾਵੇਗਾ। ਦੱਸਣਾ ਬਣਦਾ ਹੈ ਕਿ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਪੱਤਰਕਾਰਾਂ ਕੋਲ ਦਾਅਵਾ ਕੀਤਾ ਸੀ ਕਿ ਦੇਸ਼ ਦੇ ਸਿਖਰਲੇ ਆਗੂਆਂ 'ਚ ਸ਼ੁਮਾਰ ਸ਼ਰਦ ਪਵਾਰ ਨੇ ਇਹ ਕਹਿੰਦਿਆਂ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਬਦਲਣ ਦੀ ਕੋਈ ਲੋੜ ਨਹੀਂ ਹੈ।

## ਗੱਲਬਾਤ ਲਈ ਤਿਆਰ, ਕਾਨੂੰਨ ਰੱਦ ਨਹੀਂ ਹੋਣਗੇ: ਤੋਮਰ

**ਗਵਾਲੀਅਰ:** ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਹੈ ਕਿ ਸਰਕਾਰ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੈ ਪਰ ਖੇਤੀ ਕਾਨੂੰਨ ਰੱਦ ਨਹੀਂ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਤਿੰਨੋਂ ਖੇਤੀ ਕਾਨੂੰਨ ਕਿਸਾਨਾਂ ਦੀ ਜ਼ਿੰਦਗੀ 'ਚ ਇਨਕਲਾਬੀ ਬਦਲਾਅ ਲਿਆਉਣਗੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਦੇ ਜ਼ਿਆਦਾਤਰ ਕਿਸਾਨ ਅਤੇ ਯੂਨੀਅਨਾਂ ਕਾਨੂੰਨਾਂ ਦੇ ਹੱਕ 'ਚ ਹਨ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਇਕ ਦਿਨ ਪਹਿਲਾਂ ਗਾਜ਼ੀਪੁਰ (ਦਿੱਲੀ-ਉਤਰ ਪ੍ਰਦੇਸ਼ ਬਾਰਡਰ) 'ਤੇ ਭਾਜਪਾ ਵਰਕਰਾਂ ਅਤੇ ਕਿਸਾਨਾਂ ਵਿਚਕਾਰ ਝੜਪ ਹੋਈ ਸੀ।

# ਲੱਖਾ ਸਿਧਾਣਾ ਦੀ ਗ੍ਰਿਫਤਾਰੀ 'ਤੇ 20 ਜੁਲਾਈ ਤੱਕ ਰੋਕ



**ਨਵੀਂ ਦਿੱਲੀ:** ਲਾਲ ਕਿਲਾ ਹਿੰਸਾ ਮਾਮਲੇ ਵਿਚ ਅਦਾਲਤ ਨੇ ਲੱਖਾ ਸਿਧਾਣਾ ਦੀ ਅੰਤਰਿਮ ਰਾਹਤ 'ਚ 20 ਜੁਲਾਈ ਤੱਕ ਵਾਧਾ ਕਰਦਿਆਂ ਦਿੱਲੀ ਪੁਲਿਸ ਨੂੰ ਉਸ ਨੂੰ ਗ੍ਰਿਫਤਾਰ ਨਾ ਕਰਨ ਦੀ ਹਦਾਇਤ ਦਿੱਤੀ ਹੈ। ਤੀਸ ਹਜ਼ਾਰੀ ਅਦਾਲਤ ਵੱਲੋਂ ਕੇਸ ਦੀ ਸੁਣਵਾਈ ਕੀਤੀ ਗਈ। ਦਿੱਲੀ ਪੁਲਿਸ ਨੇ ਅਦਾਲਤ ਨੂੰ ਅਜੇ ਤੱਕ ਸਿਧਾਣਾ ਦੀ ਅਗਾਊਂ ਜ਼ਮਾਨਤ ਬਾਰੇ ਪਾਈ ਪਟੀਸ਼ਨ 'ਤੇ ਜਵਾਬ ਨਹੀਂ ਦਿੱਤਾ ਹੈ।

ਜੱਜ ਕਾਮਿਨੀ ਲੌਅ ਨੇ ਕਿਹਾ, ''ਅਦਾਲਤ ਜੇਲ੍ਹ ਭਰੋ ਅੰਦੋਲਨ ਨਹੀਂ ਚਾਹੁੰਦੀ ਹੈ ਅਤੇ ਇਹ ਸਿਆਸੀ ਮੁੱਦੇ ਹਨ। ਜੇਕਰ ਪ੍ਰਦਰਸ਼ਨਕਾਰੀ ਕਿਸੇ ਮੁੱਦੇ ਨੂੰ ਉਭਾਰਨਾ ਚਾਹੁੰਦੇ ਹਨ ਤਾਂ ਕੀ ਉਹ ਗਲਤ ਹਨ? ਮੈਂ ਉਨ੍ਹਾਂ ਮਾਮਲਿਆਂ 'ਚ ਦਖਲ ਨਹੀਂ ਦੇਵਾਂਗੀ ਜਿਥੇ ਬੁਨਿਆਦੀ ਹੱਕਾਂ ਦੀ ਗੱਲ ਸ਼ਾਮਲ ਹੈ।'' ਲੱਖੇ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਅਦਾਲਤ ਨੇ ਉਸ ਨੂੰ ਜਾਂਚ ਵਿਚ ਸ਼ਾਮਲ ਹੋਣ ਦੇ ਹੁਕਮ ਵੀ ਦਿੱਤੇ। ਉਸ ਨੂੰ ਗ੍ਰਿਫਤਾਰੀ ਤੋਂ 3 ਜੁਲਾਈ ਤੱਕ ਅੰਤਰਿਮ ਰਾਹਤ ਦਿੱਤੀ ਗਈ ਸੀ। ਲੱਖੇ ਦਾ ਰਿਮਾਂਡ ਮੰਗਦਿਆਂ ਪੁਲਿਸ ਨੇ ਕਿਹਾ ਕਿ ਉਸ ਦਾ ਮੋਬਾਈਲ ਬਰਾਮਦ ਕਰਕੇ ਲਾਲ ਕਿਲੇ ਨਾਲ ਸਬੰਧਤ ਉਸ ਦੀਆਂ ਕਾਲਾਂ ਦੇ ਵੇਰਵੇ ਹਾਸਲ ਕਰਨੇ ਹਨ। ਲੱਖਾ ਸਿਧਾਣਾ ਦੇ ਵਕੀਲ ਨੇ ਦਿੱਲੀ ਪੁਲਿਸ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਉਹ ਜਾਂਚ 'ਚ ਸ਼ਾਮਲ ਹੋਣਾ ਚਾਹੁੰਦਾ ਹੈ। ਪੁਲਿਸ ਸੂਤਰਾਂ ਮੁਤਾਬਕ ਲੱਖਾ ਸਿਧਾਣਾ ਦਿੱਲੀ ਆਇਆ ਅਤੇ ਉਸ ਤੋਂ ਸਬੰਧਤ ਮਾਮਲੇ ਵਿਚ ਕੁਝ ਸਵਾਲ ਪੁੱਛੇ ਗਏ। ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਨੂੰ ਦੋ ਹਫਤੇ ਲਈ ਅੰਤਰਿਮ ਰਾਹਤ ਅਦਾਲਤ ਵੱਲੋਂ ਮਿਲੀ ਹੋਈ ਹੈ।

## ਲਾਲ ਕਿਲ੍ਹਾ ਕੇਸ:ਖੇਮਪ੍ਰੀਤ ਸਿੰਘ ਨੂੰ ਜ਼ਮਾਨਤ ਮਿਲੀ

**ਨਵੀਂ ਦਿੱਲੀ:** ਗਣਤੰਤਰ ਦਿਵਸ ਮੌਕੇ ਲਾਲ ਕਿਲ੍ਹੇ 'ਤੇ ਹੋਈ ਹਿੰਸਾ ਦੇ ਮਾਮਲੇ 'ਚ ਮੁਲਜ਼ਮ ਖੇਮਪ੍ਰੀਤ ਸਿੰਘ ਨੂੰ ਦਿੱਲੀ ਦੀ ਇਕ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਤੀਸ ਹਜ਼ਾਰੀ ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਕਾਮਿਨੀ ਲੌਅ ਨੇ ਖੇਮਪ੍ਰੀਤ ਸਿੰਘ ਨੂੰ 50 ਹਜ਼ਾਰ ਰੁਪਏ ਦੀ ਸਥਾਨਕ ਜ਼ਮਾਨਤ ਦੇ ਨਾਲ 50 ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਪੇਸ਼ ਕਰਨ ਲਈ ਕਿਹਾ। ਅਦਾਲਤ ਨੇ ਖੇਮਪ੍ਰੀਤ ਸਿੰਘ ਨੂੰ ਅਗਲੇ ਚਾਰ ਮਹੀਨਿਆਂ ਦੌਰਾਨ ਹਰ ਅਖੀਰਲੇ ਸਨਿਚਰਵਾਰ ਨੂੰ ਸਬੰਧਤ ਐਸ.ਐਚ.ਓ. ਸਾਹਮਣੇ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।

# ਐਕਸਪ੍ਰੈੱਸ ਵੇਅ: ਕਿਸਾਨਾਂ ਵੱਲੋਂ ਕੇਂਦਰ ਸਰਕਾਰ ਨੂੰ ਅਲਟੀਮੇਟਮ

**ਲੁਧਿਆਣਾ:** ਪੰਜਾਬ ਭਰ ਤੋਂ ਆਏ ਸੈਂਕੜੇ ਕਿਸਾਨਾਂ ਨੇ ਕੇਂਦਰ ਸਰਕਾਰ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇਕਰ 15 ਦਿਨਾਂ ਦੇ ਅੰਦਰ ਕਿਸਾਨਾਂ ਦੀ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਲਈ ਯੋਗ ਮੁਆਵਜ਼ਾ ਨਾ ਦਿੱਤਾ ਤਾਂ ਪੰਜਾਬ ਭਰ ਵਿਚ ਸੰਘਰਸ਼ ਵਿੱਢਿਆ ਜਾਵੇਗਾ।

ਇਥੇ ਭਾਰਤ ਮਾਲਾ ਪ੍ਰੋਜੈਕਟ ਅਤੇ ਰੋਪੜ ਐਕਸਪ੍ਰੈੱਸ ਵੇਅ ਲਈ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦੇ ਮਾਲਕਾਂ ਨੇ ਇਕ ਮੀਟਿੰਗ ਕਰਕੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਜ਼ਮੀਨ ਦਾ ਸਹੀ ਭਾਅ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਉਨ੍ਹਾਂ ਵਿਚ ਭਾਰੀ ਰੋਸ ਹੈ।

ਰੋਡ ਕਿਸਾਨ ਸੰਘਰਸ਼ ਐਕਸ਼ਨ ਕਮੇਟੀ ਦੇ ਸੂਬਾਈ ਪ੍ਰਧਾਨ ਸੁਖਦੇਵ ਸਿੰਘ ਢਿੱਲੋਂ, ਇਕਬਾਲ ਸਿੰਘ ਚੱਠਾ, ਬਲਦੇਵ ਸਿੰਘ ਨੂਰਵਾਲਾ, ਪ੍ਰਭ ਦਿਆਲ ਸਿੰਘ ਕਪੂਰਥਲਾ, ਅਮਰਜੀਤ ਸਿੰਘ ਕਾਲਾ ਗੋਂਸਗੜ੍ਹ, ਸੁਨੀਤ ਔਲਖ, ਦਾਨ ਸਿੰਘ



ਬਠਿੰਡਾ ਅਤੇ ਜਗਜੀਤ ਸਿੰਘ ਲੱਲੀਆਂ ਨੇ ਕਿਹਾ ਕਿ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਵੱਲੋਂ ਪੰਜਾਬ ਦੇ 14 ਜ਼ਿਲ੍ਹਿਆਂ ਦੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਪਰ ਕਿਸਾਨਾਂ ਨੂੰ ਯੋਗ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਸਰਕਾਰ ਨੂੰ ਮੰਗ ਪੱਤਰ ਵੀ ਭੇਜਿਆ ਗਿਆ ਹੈ, ਜਿਸ ਵਿਚ ਮੰਗ ਕੀਤੀ ਗਈ ਹੈ ਕਿ ਕਬਜ਼ੇ ਵਾਲੇ ਕਿਸਾਨਾਂ ਨੂੰ ਹੀ ਮੁਆਵਜ਼ੇ ਦੀ ਅਦਾਇਗੀ ਦਿੱਤੀ ਜਾਵੇ, ਸੁਲਤਾਨਪੁਰ ਲੋਧੀ ਵਿਚ ਐਲੀਵੇਟਿਡ ਰੋਡ ਬਣਾਈ ਜਾਵੇ ਤੇ ਮੁੱਖ ਮਾਰਗ ਦੇ ਨਾਲ ਸਰਵਿਸ ਲੇਨ ਬਣਾਈ ਜਾਵੇ।

## ਗਾਜ਼ੀਪੁਰ ਮੋਰਚੇ 'ਤੇ ਉਡਣੇ ਸਿੱਖ ਦੀ ਯਾਦ ਵਿਚ ਮੈਰਾਥਨ

**ਨਵੀਂ ਦਿੱਲੀ:** ਮਹਾਨ ਅਥਲੀਟ ਅਤੇ ਉੱਡਣੇ ਸਿੱਖ ਵਜੋਂ ਜਾਣੇ ਜਾਂਦੇ ਮਿਲਖਾ ਸਿੰਘ ਦੀ ਯਾਦ ਵਿਚ ਗਾਜ਼ੀਪੁਰ ਬਾਰਡਰ 'ਤੇ ਕਿਸਾਨਾਂ ਵੱਲੋਂ ਮੈਰਾਥਨ ਦੌੜ ਕਰਵਾਈ ਗਈ। ਮਿਲਖਾ ਸਿੰਘ ਯਾਦਗਾਰੀ ਦੌੜ ਮੁੱਖ ਸਟੇਜ ਤੋਂ ਸ਼ੁਰੂ ਹੋ ਕੇ ਅੰਦੋਲਨ ਵਾਲੀ ਜਗ੍ਹਾ ਦੇ ਗੇਟ ਨੰਬਰ ਇਕ ਵਾਲੀ ਸਟੇਜ 'ਤੇ ਖਤਮ ਹੋਈ। ਜੇਤੂਆਂ ਨੂੰ ਕਿਸਾਨ ਆਗੂਆਂ ਵੱਲੋਂ ਸਨਮਾਨਿਤ ਕੀਤਾ ਗਿਆ। ਮੈਰਾਥਨ 'ਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਸਮੇਤ ਹੋਰ ਕਿਸਾਨਾਂ ਅਤੇ ਨੌਜਵਾਨਾਂ ਨੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਮਿਲਖਾ ਸਿੰਘ ਦੀ ਕਰੋਨਾ ਕਰਕੇ ਪੀ.ਜੀ.ਆਈ. ਚੰਡੀਗੜ੍ਹ 'ਚ ਮੌਤ ਹੋ ਗਈ ਸੀ। ਇਸ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਧਰਮ ਪਤਨੀ ਨੇ ਵੀ ਕਰੋਨਾ ਕਰਕੇ ਦਮ ਤੋੜ ਦਿੱਤਾ ਸੀ। ਗਾਜ਼ੀਪੁਰ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਬੁਲਾਰੇ ਜਗਤਾਰ ਸਿੰਘ ਬਾਜਵਾ ਨੇ ਕਿਹਾ ਕਿ ਕਿਸਾਨਾਂ ਨੇ ਮਿਲਖਾ ਸਿੰਘ ਦੀ ਯਾਦ 'ਚ ਕਰਵਾਈ ਗਈ ਮੈਰਾਥਨ 'ਚ ਪੂਰੇ ਜੋਸ਼-ਖਰੋਸ਼ ਨਾਲ ਹਿੱਸਾ ਲਿਆ।

## ਕਬਾਇਲੀ ਹੱਕਾਂ ਬਾਰੇ ਕਾਰਕੁਨ ਸਟੈਨ ਸਵਾਮੀ ਦਾ ਦੇਹਾਂਤ

**ਮੁੰਬਈ:** ਕਬਾਇਲੀਆਂ ਦੇ ਹੱਕਾਂ ਬਾਰੇ ਕਾਰਕੁਨ ਤੇ ਈਸਾਈ ਪਾਦਰੀ ਸਟੈਨ ਸਵਾਮੀ (84) ਦਾ ਹਸਪਤਾਲ ਵਿਚ ਦੇਹਾਂਤ ਹੋ ਗਿਆ। ਐਲਗਰ ਪ੍ਰੀਸ਼ਦ-ਮਾਓਵਾਦੀ ਕੇਸ 'ਚ ਮੁਲਜ਼ਮ ਵਜੋਂ ਨਾਮਜ਼ਦ ਸਟੈਨ ਸਵਾਮੀ ਮੁੰਬਈ ਹਾਈ ਕੋਰਟ ਦੇ ਹੁਕਮਾਂ 'ਤੇ ਬਾਂਦਰਾ ਉਪ-ਨਗਰ ਦੇ ਹੋਲੀ ਫੈਮਿਲੀ ਹਸਪਤਾਲ 'ਚ ਜ਼ੇਰੇ ਇਲਾਜ ਸਨ। ਉਨ੍ਹਾਂ ਦੀ ਹਾਲਤ ਨਾਜ਼ੁਕ ਹੋਣ ਕਰਕੇ ਉਹ ਵੈਂਟੀਲੇਟਰ 'ਤੇ ਸਨ। ਉਨ੍ਹਾਂ ਨੂੰ ਹਾਈ ਕੋਰਟ ਦੇ ਹੁਕਮਾਂ 'ਤੇ 29 ਮਈ ਨੂੰ ਤਾਲੋਜਾ ਜੇਲ੍ਹ ਤੋਂ ਹਸਪਤਾਲ ਤਬਦੀਲ ਕੀਤਾ ਗਿਆ ਸੀ। ਉਹ ਪਾਰਕਿਨਸਨ ਰੋਗ ਤੋਂ ਪੀੜਤ ਸਨ। ਹਸਪਤਾਲ ਦੇ ਡਾਇਰੈਕਟਰ ਡਾ.ਇਆਨ ਡਿਸੂਜ਼ਾ ਨੇ ਹਾਈ ਕੋਰਟ ਨੂੰ ਸਵਾਮੀ ਦੀ ਮੌਤ ਬਾਰੇ ਦੱਸਿਆ ਕਿ ਐਤਵਾਰ ਸਵੇਰੇ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਉਧਰ ਸਵਾਮੀ ਦੇ ਵਕੀਲ ਮਿਹਿਰ ਦੇਸਾਈ ਨੇ ਤਾਲੋਜਾ ਜੇਲ੍ਹ ਪ੍ਰਸ਼ਾਸਨ 'ਤੇ ਅਣਗਹਿਲੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਸਵਾਮੀ ਨੂੰ ਸਮੇਂ ਸਿਰ ਇਲਾਜ ਮੁਹੱਈਆ ਕਰਵਾਉਣ ਵਿਚ ਨਾਕਾਮ ਰਿਹਾ। ਐਨ.ਆਈ.ਏ. ਨੇ ਸਵਾਮੀ ਨੂੰ ਪਿਛਲੇ ਸਾਲ ਅਕਤੂਬਰ ਵਿਚ ਗ੍ਰਿਫਤਾਰ ਕੀਤਾ ਸੀ ਤੇ ਉਦੋਂ ਤੋਂ ਉਹ ਜੇਲ੍ਹ ਵਿਚ ਬੰਦ ਸਨ।

# ਟਕਸਾਲੀ ਕਾਂਗਰਸੀਆਂ ਨੇ ਕੈਪਟਨ ਦੀਆਂ ਨਾਲਾਇਕੀਆਂ 'ਤੇ ਚਾਨਣ ਪਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਸ਼ਹਿਰੀ ਖੇਤਰ ਦੇ ਟਕਸਾਲੀ ਕਾਂਗਰਸੀ ਨੇਤਾਵਾਂ ਨੇ ਖਰੀਆਂ ਖਰੀਆਂ ਸੁਣਾਈਆਂ ਹਨ। ਮੁੱਖ ਮੰਤਰੀ ਕੋਲ ਦੁਪਹਿਰ ਦੇ ਖਾਣੇ 'ਤੇ ਪੁੱਜੇ ਇਨ੍ਹਾਂ ਆਗੂਆਂ ਨੇ ਖੁੱਲ੍ਹ ਕੇ ਭੜਾਸ ਕੱਢੀ। ਸ਼ਹਿਰੀ ਨੇਤਾਵਾਂ ਨੇ ਜਿੱਥੇ ਆਪੋ ਆਪਣੇ ਹਲਕੇ ਦੇ ਵਿਧਾਇਕਾਂ ਅਤੇ ਵਜ਼ੀਰਾਂ ਦੀਆਂ ਨਾਲਾਇਕੀਆਂ ਉਤੇ ਚਾਨਣ ਪਾਇਆ, ਉਥੇ ਇਹ ਸ਼ਿਕਵਾ ਵੀ ਕੀਤਾ ਕਿ ਸੂਬਾ ਸਰਕਾਰ ਨੇ ਟਕਸਾਲੀ ਆਗੂਆਂ ਨੂੰ ਸਵਾ ਚਾਰ ਸਾਲਾਂ ਤੋਂ ਖੂੰਜੇ ਲਾਈ ਰੱਖਿਆ। ਇਨ੍ਹਾਂ ਆਗੂਆਂ ਨੇ ਅਫ਼ਸਰਸ਼ਾਹੀ ਖਿਲਾਫ ਵੀ ਭੜਾਸ ਕੱਢੀ।



ਮੁੱਖ ਮੰਤਰੀ ਨੂੰ ਇਸ ਪਲੇਠੀ ਮੀਟਿੰਗ 'ਚ ਚਾਨਣ ਹੋਇਆ ਕਿ ਸ਼ਹਿਰਾਂ ਦੇ ਆਗੂ ਕਿੰਨੇ ਭਰੇ ਪੀਤੇ ਬੈਠੇ ਸਨ। ਪੰਜਾਬ ਭਰ 'ਚੋਂ ਦਰਜਨਾਂ ਸ਼ਹਿਰੀ ਆਗੂ, ਜਿਨ੍ਹਾਂ ਵਿਚ ਸਾਬਕਾ ਵਿਧਾਇਕ ਤੇ ਸਾਬਕਾ ਮੰਤਰੀ ਵੀ ਸ਼ਾਮਲ ਸਨ, ਇਸ ਮੀਟਿੰਗ ਵਿਚ ਪੁੱਜੇ ਹੋਏ ਸਨ। ਮੀਟਿੰਗ ਵਿਚ ਵਿੱਤ ਮੰਤਰੀ ਮਨਪ੍ਰੀਤ ਬਾਦਲ, ਮੰਤਰੀ ਬ੍ਰਹਮ ਮਹਿੰਦਰਾ, ਵਜ਼ੀਰ ਭਾਰਤ ਭੂਸ਼ਨ ਆਸ਼ੂ, ਸੁੰਦਰ ਸ਼ਾਮ ਅਰੋੜਾ, ਵਿਜੈਇੰਦਰ ਸਿੰਗਲਾ, ਮੰਤਰੀ ਓ.ਪੀ.ਸੋਨੀ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਸ਼ਾਮਲ ਸਨ।

ਦੁਪਹਿਰ ਦੀ ਦਾਅਵਤ ਦੌਰਾਨ ਏਜੰਡਾ ਇਹ ਰਿਹਾ ਕਿ ਆਉਂਦੇ ਚਾਰ ਮਹੀਨਿਆਂ ਵਿਚ ਸ਼ਹਿਰਾਂ ਦੇ ਵਿਕਾਸ ਲਈ ਕੀ ਕੀ ਕੀਤਾ ਜਾ ਸਕਦਾ ਹੈ। ਲੋਕਾਂ ਦੀਆਂ ਮੁਸ਼ਕਲਾਂ ਕਿਵੇਂ ਦੂਰ ਕਰਨੀਆਂ ਹਨ ਤਾਂ ਜੋ ਕਾਂਗਰਸੀ ਉਮੀਦਵਾਰਾਂ ਨੂੰ ਹਲਕਿਆਂ ਵਿਚ ਜਾਣ ਸਮੇਂ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਮੀਟਿੰਗ ਸ਼ੁਰੂ ਹੁੰਦੇ ਹੀ ਟਕਸਾਲੀ ਨੇਤਾਵਾਂ ਨੇ ਹੱਥ ਜੋੜ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸਵਾ ਚਾਰ ਸਾਲਾਂ ਮਗਰੋਂ ਮੁਲਾਕਾਤ ਦਾ ਮੌਕਾ ਦਿੱਤਾ।

ਸਾਬਕਾ ਵਿਧਾਇਕ ਅਸ਼ਵਨੀ ਸ਼ੇਖੜੀ ਨੇ ਖੁੱਲ੍ਹ ਕੇ ਕਿਹਾ ਕਿ ਹਲਕੇ ਅੰਦਰ ਉਨ੍ਹਾਂ ਦੀ ਕੋਈ ਸੁਣਵਾਈ ਤਾਂ ਕੀ ਹੋਣੀ ਸੀ ਬਲਕਿ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਸਾਫ ਆਖਿਆ ਕਿ ਇੱਥੇ ਬੰਦਿਆਂ ਦੀ ਪਰਖ ਨਹੀਂ। ਐਸ.ਐਸ.ਐਸ. ਬੋਰਡ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਵਿਧਾਇਕਾਂ ਤੇ ਵਜ਼ੀਰਾਂ ਤੋਂ ਬਿਨਾਂ ਕਿਸੇ ਦੀ ਕੋਈ ਕਦਰ ਨਹੀਂ ਹੈ। ਮੋਗਾ ਤੋਂ ਕਾਂਗਰਸੀ ਆਗੂ ਮਾਲਤੀ ਥਾਪਰ ਨੇ ਕਿਹਾ ਕਿ ਸਰਕਾਰ ਅੰਦਰ ਟਕਸਾਲੀ ਆਗੂ ਨਜਰਅੰਦਾਜ ਹੋਏ ਹਨ ਜਦੋਂ ਕਿ ਪਲੈਨਿੰਗ ਬੋਰਡ ਫਰੀਦਕੋਟ ਦੇ ਚੇਅਰਮੈਨ ਪਵਨ ਗੋਇਲ ਨੇ ਜੈਤੋ ਵਿਚਲੀ ਜਵਾਹਰਲਾਲ ਨਹਿਰੂ ਦੀ ਯਾਦਗਾਰ ਦਾ ਮਸਲਾ ਚੁੱਕਿਆ ਅਤੇ ਹਲਕੇ ਦੀਆਂ ਮੰਗਾਂ ਤੋਂ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ। ਬਠਿੰਡਾ ਤੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕੇ.ਕੇ .ਅਗਰਵਾਲ ਨੇ ਮੁੱਖ ਮੰਤਰੀ ਨੂੰ ਹਲਕੇ 'ਚ ਚੱਲ ਰਹੇ ਵਿਕਾਸ ਕੰਮਾਂ ਤੋਂ ਜਾਣੂ ਕਰਾਇਆ। ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵਿਜੈ ਕਾਲੜਾ ਨੇ ਸਾਫ ਲਫਜ਼ਾਂ ਵਿਚ ਅਫ਼ਸਰਸ਼ਾਹੀ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਅਤੇ ਵਰਕਰਾਂ ਦੀ ਸਰਕਾਰੀ ਦਫਤਰਾਂ ਵਿਚ ਕੋਈ ਪੁੱਛ ਨਹੀਂ ਹੈ। ਮੁੱਖ ਮੰਤਰੀ ਨੇ ਠਰ੍ਹੰਮੇ ਨਾਲ ਸਭ ਨੂੰ ਸੁਣਿਆ ਤੇ ਅਖੀਰ ਵਿਚ ਭਰੋਸਾ ਦਿੱਤਾ ਕਿ ਸਭ ਸ਼ਿਕਾਇਤਾਂ ਦੂਰ ਹੋਣਗੀਆਂ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸਭ ਗਿਲੇ ਸ਼ਿਕਵੇ ਦੂਰ ਕਰ ਦਿੱਤੇ ਜਾਣਗੇ। ਉਨ੍ਹਾਂ ਆਗੂਆਂ ਨੂੰ ਹਦਾਇਤ ਕੀਤੀ ਕਿ ਉਹ ਮੈਦਾਨ ਵਿਚ ਡਟ ਜਾਣ ਤੇ ਅਧੂਰੇ ਕੰਮ ਪੂਰੇ ਕਰਾ ਲੈਣ। ਮੁੱਖ ਮੰਤਰੀ ਨੇ ਅਗਲੀਆਂ ਚੋਣਾਂ ਦੀ ਰਣਨੀਤੀ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

## ਕਾਂਗਰਸ ਨੇ ਲੋਕਾਂ ਦੇ ਮਨ ਪੜ੍ਹਨ ਲਈ ਵਿੱਢੀ ਮੁਹਿੰਮ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਚੱਲ ਰਹੇ ਕਾਟੋ-ਕਲੇਸ਼ ਵਿਚਾਲੇ ਪਾਰਟੀ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਅੰਦਰਖਾਤੇ ਸਰਵੇਖਣ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਹਾਈਕਮਾਨ ਦੇ ਹੁਕਮਾਂ ਮਗਰੋਂ ਪੰਜਾਬ ਕਾਂਗਰਸ ਨੇ ਵਿਧਾਨ ਸਭਾ ਚੋਣਾਂ 2022 ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀ ਸੂਤਰਾਂ ਅਨੁਸਾਰ ਮਾਲਵਾ ਖੇਤਰ ਦੇ ਫਿਰੋਜ਼ਪੁਰ ਦਿਹਾਤੀ, ਫਿਰੋਜ਼ਪੁਰ, ਜੀਰਾ ਸਮੇਤ ਕਈ ਖੇਤਰਾਂ ਵਿਚ ਪਾਰਟੀ ਦੀ ਸਥਿਤੀ ਅਤੇ ਸੰਭਾਵਿਤ ਉਮੀਦਵਾਰਾਂ ਸਬੰਧੀ ਸਰਵੇਖਣ ਸ਼ੁਰੂ ਕਰ ਦਿੱਤਾ ਗਿਆ ਹੈ। ਸਰਵੇਖਣ ਤਹਿਤ ਹੀ ਪਾਰਟੀ ਉਮੀਦਵਾਰ ਦੀ ਚੋਣ ਕਰੇਗੀ। ਫਿਰੋਜ਼ਪੁਰ ਦੀ ਵਿਧਾਇਕ ਸਤਕਾਰ ਕੌਰ ਦੀ ਸੀਟ ਉੱਤੇ ਕਈ ਕਾਂਗਰਸ ਆਗੂਆਂ ਦੀ ਨਜ਼ਰ ਹੈ ਪਰ ਇੱਥੇ ਬਦਲਾਅ ਵੀ ਸਰਵੇਖਣ ਰਿਪੋਰਟ ਉੱਤੇ ਹੀ ਆਧਾਰਿਤ ਹੋਵੇਗਾ। ਜੇਕਰ ਸਰਵੇਖਣ ਰਿਪੋਰਟ ਮੌਜੂਦਾ ਵਿਧਾਇਕ ਦੇ ਹੱਕ ਵਿਚ ਨਹੀਂ ਹੋਵੇਗੀ ਤਾਂ ਪਾਰਟੀ ਉਮੀਦਵਾਰ ਬਦਲਣ ਸਬੰਧੀ ਫੈਸਲਾ ਲੈਣ ਦਾ ਵਿਚਾਰ ਵੀ ਕਰੇਗੀ।

# ਬਸਪਾ ਦੇ ਨਾਰਾਜ਼ ਆਗੂਆਂ ਵੱਲੋਂ ਸਾਂਝੇ ਮੋਰਚੇ ਦਾ ਗਠਨ

BSP
BAHUJAN SAMAJ PARTY

**ਜਲੰਧਰ**: ਬਸਪਾ ਵਿਚ ਓ.ਬੀ.ਸੀ. ਦੇ ਇੰਚਾਰਜ ਰਹਿ ਚੁੱਕੇ ਸੁਖਬੀਰ ਸਿੰਘ ਸ਼ਾਲੀਮਾਰ ਦੇ ਘਰ ਲੱਧੇਵਾਲੀ ਵਿਚ ਹੋਈ ਮੀਟਿੰਗ ਦੌਰਾਨ ਪਾਰਟੀ ਦੇ ਨਾਰਾਜ਼ ਆਗੂਆਂ ਨੇ 21 ਮੈਂਬਰੀ ਸਾਂਝੇ ਮੋਰਚੇ ਦਾ ਗਠਨ ਕੀਤਾ ਹੈ। ਮੀਟਿੰਗ ਵਿਚ ਅੱਠ ਜ਼ਿਲ੍ਹਿਆਂ ਦੇ ਵਰਕਰਾਂ ਨੇ ਹਿੱਸਾ ਲਿਆ। ਇਸ ਬਾਰੇ ਸ਼ਾਲੀਮਾਰ ਨੇ ਦੱਸਿਆ ਕਿ ਇਹ ਸੰਗਠਨ ਗੈਰ-ਰਾਜਸੀ ਹੋਵੇਗਾ ਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਮੀਟਿੰਗਾਂ ਕਰਨ ਤੋਂ ਬਾਅਦ ਇਸ ਦਾ ਢਾਂਚਾ ਸਥਾਪਤ ਕੀਤਾ ਜਾਵੇਗਾ।

ਹਾਲ ਦੀ ਘੜੀ 15 ਮੈਂਬਰਾਂ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਵਿਚ ਬਸਪਾ ਦੇ ਸਾਬਕਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ, ਸੁਖਵਿੰਦਰ ਸਿੰਘ ਕੋਟਲੀ ਤੇ ਬਸਪਾ ਦੇ ਹੋਰ ਸੀਨੀਅਰ ਆਗੂ ਸ਼ਾਮਲ ਹਨ, ਜਿਨ੍ਹਾਂ ਨੇ ਬਾਬੂ ਕਾਂਸ਼ੀ ਰਾਮ ਵੇਲੇ ਬਹੁਜਨ ਸਮਾਜ ਨੂੰ ਇਕੱਠਾ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਸੀ। ਮੀਟਿੰਗ ਵਿਚ ਆਗੂਆਂ ਨੇ ਕਿਹਾ ਕਿ ਬਸਪਾ ਦੀ ਸੂਬਾਈ ਲੀਡਰਸ਼ਿਪ 'ਤੇ ਉਨ੍ਹਾਂ ਆਗੂਆਂ ਦਾ ਕਬਜ਼ਾ ਹੋ ਗਿਆ ਹੈ, ਜਿਹੜੇ ਬਾਬੂ ਕਾਂਸ਼ੀ ਰਾਮ ਦੇ ਸਿਧਾਂਤਾਂ ਅਤੇ ਵਿਚਾਰਾਂ ਤੋਂ ਬਿਲਕੁਲ ਅਣਜਾਣ ਹਨ। ਆਗੂਆਂ ਨੇ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਜਾਣੂ ਕਰਵਾਉਣ ਲਈ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਨਾਲ ਮੁਲਾਕਾਤ ਦਾ ਸਮਾਂ ਮੰਗਿਆ। ਉਨ੍ਹਾਂ ਕਿਹਾ ਕਿ ਜੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਤੇ ਬਸਪਾ ਗੱਠਜੋੜ ਨੇ ਜਿੱਤ ਪ੍ਰਾਪਤ ਕਰਨੀ ਹੈ ਤਾਂ ਬਸਪਾ ਵਰਕਰਾਂ ਵਿਚ ਬਾਬੂ ਕਾਂਸ਼ੀ ਰਾਮ ਦੀ ਤਰਜ਼ 'ਤੇ ਉਤਸ਼ਾਹ ਭਰਨ ਦੀ ਲੋੜ ਹੈ ਤੇ ਇਸ ਦੀ ਜ਼ਿੰਮੇਵਾਰੀ ਬਸਪਾ ਦੇ ਕੇਡਰ ਨੂੰ ਦਿੱਤੀ ਜਾਣੀ ਚਾਹੀਦੀ ਹੈ।

## ਸੀ.ਪੀ.ਐਮ. ਪੰਜਾਬ 'ਚ 41 ਸੀਟਾਂ 'ਤੇ ਚੋਣ ਲੜੇਗੀ

**ਰੂਪਨਗਰ:** ਸੀ.ਪੀ.ਆਈ. (ਐੱਮ) ਦੇ ਸੂਬਾਈ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ 41 ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਅਜੇ ਕੋਈ ਸਮਝੌਤਾ ਨਹੀਂ ਹੋਇਆ ਅਤੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਸਮੇਤ ਹੋਰ ਪਾਰਟੀਆਂ ਦੇ ਨੁਮਾਇੰਦੇ ਆ ਕੇ ਮਿਲੇ ਹਨ ਅਤੇ ਗੱਠਜੋੜ ਬਾਰੇ ਫੈਸਲਾ ਪਾਰਟੀ ਦੀ ਸਬੰਧਤ ਕਮੇਟੀ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੱਥ ਵਿਚ ਗੁਟਕਾ ਸਾਹਿਬ ਫੜ ਕੇ 4 ਹਫਤਿਆਂ ਵਿਚ ਨਸ਼ਾ ਖਤਮ ਕਰਨ ਦੀ ਸਹੁੰ ਖਾਣ ਵਾਲੇ ਕੈਪਟਨ ਅਮਰਿੰਦਰ ਸਿੰਘ ਕੋਲੋਂ ਸਾਢੇ ਚਾਰ ਸਾਲਾਂ ਵਿਚ ਨਸ਼ਾ ਤਾਂ ਕੀ ਖਤਮ ਹੋਣਾ ਸੀ ਉਲਟਾ ਪੰਜਾਬ ਵਿਚ ਰੇਤ ਮਾਫੀਆ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਦਾ ਬੋਲਬਾਲਾ ਹੈ।

# ਕੈਪਟਨ ਨੂੰ ਸੂਬੇ 'ਚ ਆਲਮੀ ਨਿਵੇਸ਼ ਪੱਖੋਂ ਵੱਡੀਆਂ ਉਮੀਦਾਂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਨਿਵੇਸ਼ ਪੱਖੀ ਮਾਹੌਲ ਸਦਕਾ ਰੁਜ਼ਗਾਰ ਦੇ 3.23 ਲੱਖ ਨਵੇਂ ਮੌਕੇ ਸਿਰਜੇ ਜਾਣਗੇ ਕਿਉਂਕਿ ਮਈ 2021 ਤੱਕ 86,819 ਕਰੋੜ ਦੀ ਲਾਗਤ ਵਾਲੇ 2661 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਤਰਜੀਹੀ ਆਲਮੀ ਨਿਵੇਸ਼ ਟਿਕਾਣੇ ਵਜੋਂ ਉਭਰਨ ਦੇ ਦਰ 'ਤੇ ਆਣ ਪਹੁੰਚਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਕੋਵਿਡ ਸੰਕਟ ਦੇ ਕਾਰਨ ਆਰਥਿਕਤਾ ਦੀ ਰਫਤਾਰ ਵਿਚ ਮੱਠੀ ਹੋਣ ਦੇ ਬਾਵਜੂਦ ਸੂਬੇ ਨੇ ਮਈ, 2021 ਵਿਚ 2277 ਕਰੋੜ ਰੁਪਏ ਦੀ ਲਾਗਤ ਨਾਲ 267 ਨਿਵੇਸ਼ ਪ੍ਰਸਤਾਵ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਹਰੇਕ ਜ਼ਿਲ੍ਹੇ ਵਿਚ ਉਦਯੋਗਿਕ ਅਤੇ ਨਿਵੇਸ਼ ਉਤਸ਼ਾਹਿਤ ਬਿਊਰੋ ਦੀ ਸਥਾਪਨਾ ਕਰਨ ਦੇ ਹਾਲ ਹੀ ਵਿਚ ਕੀਤੇ ਗਏ ਫੈਸਲੇ ਨਾਲ ਸੂਬੇ ਵਿਚ ਕਾਰੋਬਾਰ ਕਰਨਾ ਹੋਰ ਵੀ ਸੁਖਾਲਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਬਿਜ਼ਨਸ ਫਸਟ ਪੋਰਟਲ ਰਾਹੀਂ ਸਮੇਂ ਸਿਰ ਪ੍ਰਵਾਨਗੀਆਂ ਦੇਣ, ਐਨ.ਓ.ਸੀ. ਅਪਲਾਈ ਕਰਨ ਅਤੇ ਮਨਜ਼ੂਰੀਆਂ ਸਮੇਂ ਸਿਰ ਜਾਰੀ ਵਿਚ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ।



ਇਨਵੈਸਟਮੈਂਟ ਪ੍ਰਮੋਸ਼ਨ ਦੇ ਪ੍ਰਮੁੱਖ ਸਕੱਤਰ ਅਲੋਕ ਸ਼ੇਖਰ ਨੇ ਦੱਸਿਆ ਕਿ ਮਈ, 2021 ਵਿਚ 2277 ਕਰੋੜ ਰੁਪਏ ਦੇ ਪ੍ਰਸਤਾਵ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ 1206 ਕਰੋੜ ਰੁਪਏ ਦੀ ਲਾਗਤ ਨਾਲ ਸਬੰਧਤ ਪ੍ਰੋਜੈਕਟ ਰੀਅਲ ਅਸਟੇਟ, ਮਕਾਨ ਅਤੇ ਬੁਨਿਆਦੀ ਢਾਂਚੇ, ਸੈਰ ਸਪਾਟਾ ਤੇ ਪ੍ਰਾਹੁਣਚਾਰੀ, ਸਿਹਤ ਸੰਭਾਲ, ਮੈਨੂਫੈਕਚਰਿੰਗ ਤੇ ਖੇਤੀਬਾੜੀ, ਫੂਡ ਪ੍ਰੋਸੈਸਿੰਗ ਅਤੇ ਬੈਵਰੇਜ ਨਾਲ ਸਬੰਧਤ ਹਨ। ਨਿਵੇਸ਼ ਪੰਜਾਬ ਦੇ ਸੀ.ਈ.ਓ. ਰੱਜਤ ਅਗਰਵਾਲ ਦੇ ਮੁਤਾਬਕ ਮਾਰਚ, 2017 ਤੋਂ ਲੈ ਕੇ 2661 ਪ੍ਰੋਜੈਕਟ ਸ਼ੁਰੂ ਹੋਏ ਹਨ ਜਿਨ੍ਹਾਂ ਵਿੱਚੋਂ 54 ਫੀਸਦੀ ਨੇ ਵਪਾਰਕ ਉਤਪਾਦਨ ਸ਼ੁਰੂ ਕਰ ਦਿੱਤਾ ਹੈ ਜਦਕਿ 37 ਫੀਸਦੀ ਉਸਾਰੀ ਅਧੀਨ ਜਾਂ ਉਸਾਰੀ ਤੋਂ ਬਾਅਦ ਦੇ ਪੜਾਅ ਉਤੇ ਹਨ। ਅਗਰਵਾਲ ਨੇ ਦੱਸਿਆ ਕਿ ਬਠਿੰਡਾ ਜਿਲ੍ਹਾ 24750 ਨੌਕਰੀਆਂ ਦੀ ਸਮਰੱਥਾ ਵਾਲੇ 24698 ਕਰੋੜ ਰੁਪਏ ਦੇ 70 ਪ੍ਰੋਜੈਕਟਾਂ ਨਾਲ ਸਿਖਰ 'ਤੇ ਹੈ। ਇਸ ਤੋਂ ਬਾਅਦ ਐਸ.ਏ.ਐਸ. ਨਗਰ ਨੇ 61,663 ਨੌਕਰੀਆਂ ਦੀ ਸਮਰੱਥਾ ਨਾਲ 23,172 ਕਰੋੜ ਰੁਪਏ ਦੇ ਨਿਵੇਸ਼ ਵਾਲੇ 609 ਪ੍ਰੋਜੈਕਟ ਅਤੇ ਲੁਧਿਆਣਾ ਨੇ 12,094 ਕਰੋੜ ਰੁਪਏ ਦੇ ਨਿਵੇਸ਼ ਨਾਲ 88,836 ਪ੍ਰਸਤਾਵਿਤ ਨੌਕਰੀਆਂ ਵਾਲੇ 590 ਪ੍ਰੋਜੈਕਟ ਪ੍ਰਾਪਤ ਕੀਤੇ ਹਨ। ਪਟਿਆਲੇ ਵਿਚ 17,257 ਨੌਕਰੀਆਂ ਵਾਲੇ 226 ਪ੍ਰੋਜੈਕਟ ਹਨ ਜਿਨ੍ਹਾਂ ਦੀ ਕੁੱਲ ਲਾਗਤ 5576 ਕਰੋੜ ਰੁਪਏ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਨੇ 13435 ਨੌਕਰੀਆਂ ਵਾਲੇ 146 ਪ੍ਰੋਜੈਕਟ ਪ੍ਰਾਪਤ ਕੀਤੇ ਹਨ ਜਿਸ ਦੀ ਲਾਗਤ 3691 ਕਰੋੜ ਰੁਪਏ ਹੈ।

# ਨਾਜਾਇਜ਼ ਖਣਨ ਖਿਲਾਫ ਸੁਖਬੀਰ ਬਾਦਲ ਦੀ ਮੁਹਿੰਮ ਉਤੇ ਉਠੇ ਸਵਾਲ

**ਮੁਕੇਰੀਆਂ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਨ੍ਹੀਂ ਦਿਨੀਂ ਨਾਜਾਇਜ਼ ਖਣਨ ਖਿਲਾਫ ਮੁਹਿੰਮ ਵਿੱਢੀ ਹੋਈ ਹੈ। ਸੁਖਬੀਰ ਬਾਦਲ ਖੁਦ ਨਾਜਾਇਜ਼ ਖਣਨ ਵਾਲੀਆਂ ਥਾਂਵਾਂ ਉਤੇ ਛਾਪੇਮਾਰੀ ਕਰ ਰਹੇ ਹਨ ਤੇ ਕਾਂਗਰਸ ਸਰਕਾਰ ਉਤੇ ਸਵਾਲ ਚੁੱਕ ਰਹੇ ਹਨ। ਉਧਰ, ਸੁਖਬੀਰ ਦੀ ਇਸ ਮੁਹਿੰਮ ਉਤੇ ਸਵਾਲ ਉਠ ਰਹੇ ਹਨ ਕਿ ਮਾਈਨਿੰਗ ਦਾ ਇਹ ਧੰਦਾ ਉਨ੍ਹਾਂ ਦੀ ਸਰਕਾਰ ਵੇਲੇ ਸਭ ਤੋਂ ਵੱਧ ਸਰਗਰਮ ਸੀ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਵੱਡਾ ਮੁੱਦਾ ਬਣਿਆ ਸੀ। ਸੋਸ਼ਲ ਮੀਡੀਆ ਉਤੇ ਇਸ ਮੁਹਿੰਮ ਦਾ ਖੂਬ ਮਜ਼ਾਕ ਉਡਾਇਆ ਜਾ ਰਿਹਾ ਹੈ।



ਉਧਰ, ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਹਾਜੀਪੁਰ ਨੇ ਸੁਖਬੀਰ ਬਾਦਲ ਦੇ ਦੌਰੇ ਨੂੰ ਮਹਿਜ਼ ਸਿਆਸੀ ਸਟੰਟ ਕਰਾਰ ਦਿੱਤਾ ਹੈ। ਸੰਘਰਸ਼ ਕਮੇਟੀ ਨੇ ਕਿਹਾ ਕਿ ਹਾਜੀਪੁਰ ਅਤੇ ਤਲਵਾੜਾ ਵਿਚ ਹੋ ਰਹੀ ਮਾਈਨਿੰਗ ਅਕਾਲੀ-ਭਾਜਪਾ ਸਰਕਾਰ ਦੀ ਹੀ ਦੇਣ ਹੈ। 2015 ਵਿਚ ਲੋਕ ਰੋਹ ਨੂੰ ਦਬਾਉਣ ਲਈ ਅਕਾਲੀ ਸਰਕਾਰ ਨੇ ਸੰਘਰਸ਼ ਕਮੇਟੀ ਦੇ ਆਗੂਆਂ 'ਤੇ ਝੂਠੇ ਪਰਚੇ ਦਰਜ ਕਰਵਾਏ ਸਨ।

ਦੱਸ ਦਈਏ ਕਿ ਸੁਖਬੀਰ ਸਿੰਘ ਬਾਦਲ ਨੇ ਜਿਸ ਤਰ੍ਹਾਂ ਬਿਆਸ ਦਰਿਆ ਉਤੇ ਹੋ ਰਹੀ ਮਾਈਨਿੰਗ ਮੌਕੇ ਜਾ ਕੇ ਰੋਸ ਪ੍ਰਗਟ ਕੀਤਾ, ਇਸੇ ਤਰ੍ਹਾਂ ਹੀ ਪੰਜਾਬ ਦੇ ਕਾਂਗਰਸੀ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਸਮੇਂ ਸੂਬੇ ਅੰਦਰ ਨਾਜਾਇਜ਼ ਮਾਈਨਿੰਗ ਦੀ ਦੁਹਾਈ ਦਿੰਦੇ ਨਹੀਂ ਥੱਕਦੇ ਸਨ। ਕਾਂਗਰਸ ਦੇ ਵਾਰਡ ਪੱਧਰ ਤੋਂ ਲੈ ਕੇ ਸੂਬਾਈ ਆਗੂਆਂ ਨੇ ਰੇਤ ਦੀ ਨਾਜਾਇਜ਼ ਮਾਈਨਿੰਗ ਸਬੰਧੀ ਅਕਾਲੀ ਭਾਜਪਾ ਸਰਕਾਰ ਸਮੇਂ ਵੱਡੇ-ਵੱਡੇ ਬਿਆਨ ਦਿੱਤੇ ਕਿ ਕਾਂਗਰਸ ਸਰਕਾਰ ਬਣਨ ਉਤੇ ਨਾਜਾਇਜ਼ ਮਾਈਨਿੰਗ ਦੀ ਨਿਰਪੱਖ ਜਾਂਚ ਕਰਵਾਈ ਜਾਵੇਗੀ। ਪੰਜਾਬ ਦੇ ਲੋਕਾਂ ਨੇ ਅਕਾਲੀ ਭਾਜਪਾ ਸਰਕਾਰ ਨੂੰ ਨਕਾਰਦਿਆਂ 2017 ਵਿਚ ਸੂਬੇ ਦੀ ਵਾਗਡੋਰ ਕਾਂਗਰਸ ਪਾਰਟੀ ਦੇ ਹੱਥ ਵਿਚ ਦੇ ਦਿੱਤੀ। ਨਾਜਾਇਜ਼ ਮਾਈਨਿੰਗ ਦੇ ਮਾਮਲੇ ਉਤੇ ਕਾਰਵਾਈ ਤਾਂ ਕੀ ਹੋਣੀ ਸੀ, ਸਗੋਂ ਸੱਤਾ ਉਤੇ ਕਾਬਜ਼ ਕਾਂਗਰਸ ਦੇ ਲੋਕ ਅਕਾਲੀ ਭਾਜਪਾ ਸਰਕਾਰ ਦੀਆਂ ਲੀਹਾਂ ਉਤੇ ਚੱਲ ਪਏ। ਪਿਛਲੇ ਸਾਢੇ ਚਾਰ ਸਾਲ ਤੋਂ ਸਰਹੱਦੀ ਇਲਾਕਿਆਂ ਅੰਦਰ ਨਾਜਾਇਜ਼ ਮਾਈਨਿੰਗ ਦਾ ਧੰਦਾ ਨਿਰੰਤਰ ਜਾਰੀ ਹੈ। ਸਰਕਾਰ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਨਾ ਛਾਪਣ ਦੀ ਸੂਰਤ ਵਿਚ ਦੱਸਿਆ ਕਿ ਇਹ ਰੇਤ ਦਾ ਕਾਰੋਬਾਰ ਸਰਕਾਰਾਂ ਉੱਪਰ ਹੀ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਕਾਂਗਰਸ ਦੇ ਵੱਡੇ ਆਗੂ ਇਸ ਕੰਮ ਵਿਚ ਸ਼ਾਮਲ ਸਨ, ਹੁਣ ਅਕਾਲੀ ਦਲ ਦੇ ਵੀ ਵੱਡੇ ਕਈ ਆਗੂ ਇਸ ਕੰਮ ਵਿਚ ਮਸ਼ਰੂਫ ਹਨ। ਆਮ ਆਦਮੀ ਪਾਰਟੀ ਦੇ ਬੀ.ਸੀ. ਵਿੰਗ ਦੇ ਸੂਬਾ ਪ੍ਰਧਾਨ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਚੋਣਾਂ ਨੇੜੇ ਆ ਕੇ ਖੱਡਾਂ ਉਤੇ ਜਾ ਕੇ ਸਿਰਫ ਲੋਕ ਵਿਖਾਵਾ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਫਾਜਿਲਕਾ ਜਿਲ੍ਹੇ ਅੰਦਰ ਸਿਆਸੀ ਸ਼ਹਿ ਉਤੇ ਮਾਈਨਿੰਗ ਹੋ ਰਹੀ ਹੈ, ਉਹ ਕਿਸੇ ਤੋਂ ਲੁਕੀ ਨਹੀਂ। ਦੱਸ ਦਈਏ ਕਿ ਸੁਖਬੀਰ ਨੇ ਕਸਬਾ ਹਾਜੀਪੁਰ ਤੇ ਤਲਵਾੜਾ ਦੇ ਮਾਈਨਿੰਗ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ। ਉਹ ਮੁਕੇਰੀਆਂ ਹਲਕੇ ਦੇ ਪਿੰਡ ਧਾਮੀਆਂ ਅਤੇ ਕੁੱਲੀਆਂ ਲੁਬਾਣਾ ਨੇੜੇ ਕਰੱਸ਼ਰਾਂ ਵੱਲੋਂ 100 ਫੁੱਟ ਤੋਂ ਵੱਧ ਦੀ ਕੀਤੀ ਗਈ ਪੁਟਾਈ ਵਾਲੇ ਇਲਾਕੇ ਵਿਚ ਗਏ ਅਤੇ ਸਥਾਨਕ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਦੀ ਆਮਦ ਦਾ ਪਤਾ ਲੱਗਦਿਆਂ ਹੀ ਦਿਨ-ਰਾਤ ਚੱਲਣ ਵਾਲੇ ਕਰੱਸ਼ਰ ਬੰਦ ਹੋ ਗਏ ਅਤੇ ਰੇਤਾ-ਬੱਜਰੀ ਲੈਣ ਆਈਆਂ ਗੱਡੀਆਂ ਗਾਇਬ ਹੋ ਗਈਆਂ।

ਇਸ ਮੌਕੇ ਸੁਖਬੀਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਉਹ ਵਿਧਾਇਕਾਂ, ਜਿਲ੍ਹਾ ਪੁਲਿਸ ਮੁਖੀ, ਡੀ.ਐਸ.ਪੀ. ਅਤੇ ਮਾਈਨਿੰਗ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਲਾਕੇ ਵਿਚ ਹੋ ਰਹੀ ਨਾਜਾਇਜ਼ ਮਾਈਨਿੰਗ ਵੱਲ ਧਿਆਨ ਦੇਣ ਅਤੇ ਤਬਾਹ ਹੁੰਦੇ ਜਾ ਰਹੇ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ। ਉਨ੍ਹਾਂ ਦੋਸ਼ ਲਾਇਆ ਕਿ ਮੁਕੇਰੀਆਂ ਦਾ ਡੀ.ਐਸ.ਪੀ. ਕਰੀਬ ਸਾਢੇ ਚਾਰ ਸਾਲ ਤੋਂ ਇਕ ਥਾਂ ਹੀ ਟਿਕਿਆ ਹੋਇਆ ਹੈ ਅਤੇ ਨਾਜਾਇਜ਼ ਖਣਨ ਸਬੰਧੀ ਉਸ ਨੇ ਕਦੇ ਵੀ ਕਾਰਵਾਈ ਨਹੀਂ ਕੀਤੀ। ਇਥੇ 16,000 ਰੁਪਏ ਪ੍ਰਤੀ ਟਰੱਕ ਗੁੰਡਾ ਟੈਕਸ ਵਸੂਲਿਆ ਜਾ ਰਿਹਾ ਹੈ। ਜੇ ਕੋਈ ਵਿਰੋਧ ਕਰਦਾ ਹੈ ਤਾਂ ਮਾਈਨਿੰਗ ਮਾਫੀਆ ਵੱਲੋਂ ਉਨ੍ਹਾਂ ਨੂੰ ਧਮਕਾਇਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ 10 ਫੁੱਟ ਤੋਂ ਵੱਧ ਪੁਟਾਈ ਨਹੀਂ ਕੀਤੀ ਜਾ ਸਕਦੀ ਪਰ ਇਥੇ ਹੋਈ 200 ਫੁੱਟ ਤੱਕ ਪੁਟਾਈ ਵੱਲ ਅਫਸਰਸ਼ਾਹੀ ਨੇ ਕਦੇ ਧਿਆਨ ਨਹੀਂ ਦਿੱਤਾ। ਨਾਜਾਇਜ਼ ਖਣਨ ਕਾਰਨ ਇਲਾਕੇ ਦੇ 10 ਪਿੰਡ ਤਬਾਹ ਹੋ ਚੁੱਕੇ ਹਨ ਅਤੇ ਸਿੰਚਾਈ ਨਹਿਰ ਵਿਚ ਵੀ ਪਾੜ ਪੈ ਚੁੱਕਾ ਹੈ।

# ਬੇਅਦਬੀ ਕਾਂਡ: ਜਸਟਿਸ ਜੋਰਾ ਸਿੰਘ ਵੱਲੋਂ ਸਰਕਾਰ ਦੀ ਨੀਅਤ 'ਤੇ ਸਵਾਲ

**ਮੋਗਾ:** ਆਮ ਆਦਮੀ ਪਾਰਟੀ ਦੇ ਕਾਨੂੰਨੀ ਸੈੱਲ ਦੇ ਸੂਬਾਈ ਪ੍ਰਧਾਨ ਅਤੇ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਅਕਾਲੀ-ਭਾਜਪਾ ਗੱਠਜੋੜ ਹਕੂਮਤ ਵੇਲੇ ਜਾਂਚ ਕਰਨ ਵਾਲੇ ਪਹਿਲੇ ਇਕ ਮੈਂਬਰੀ ਕਮਿਸ਼ਨ ਦੇ ਚੇਅਰਮੈਨ ਜਸਟਿਸ (ਰਿਟਾ.) ਜੋਰਾ ਸਿੰਘ ਨੇ ਖੁਲਾਸਾ ਕੀਤਾ ਕਿ ਬਾਦਲਾਂ ਵਾਂਗ ਕੈਪਟਨ ਸਰਕਾਰ ਵੀ ਮੁਲਜ਼ਮਾਂ ਨੂੰ ਬਚਾਅ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਰਿਪੋਰਟ ਵਿਚ ਜਿਹੜੇ ਤੱਥ ਸਾਹਮਣੇ ਆਏ ਸਨ, ਉਸ ਦੇ ਆਧਾਰ 'ਤੇ ਬੇਅਦਬੀ ਅਤੇ ਗੋਲੀ ਕਾਂਡ ਦੇ ਅਸਲ ਮੁਲਜ਼ਮ ਜੇਲ੍ਹ 'ਚ ਹੋਣੇ ਸਨ ਅਤੇ ਉਨ੍ਹਾਂ ਸਜ਼ਾ ਮਿਲਦੀ।



ਉਨ੍ਹਾਂ ਕਿਹਾ ਕਿ ਬੇਹੱਦ ਚੁਣੌਤੀ ਭਰੇ ਮਾਹੌਲ ਵਿਚ 6 ਮਹੀਨਿਆਂ ਦੀ ਸਖ਼ਤ ਮਿਹਨਤ ਅਤੇ ਨਿਰਪੱਖਤਾ ਨਾਲ ਕੀਤੀ ਜਾਂਚ ਦੀ ਰਿਪੋਰਟ ਸੌਂਪਣ ਸਮੇਂ ਉਨ੍ਹਾਂ ਨੂੰ ਜਲੀਲ ਹੋਣਾ ਪਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਿਪੋਰਟ ਨੂੰ ਬਾਦਲ ਜਾਂ ਕੈਪਟਨ ਸਰਕਾਰ ਨੇ ਨਾ ਹੀ ਜਨਤਕ ਕੀਤਾ ਅਤੇ ਨਾ ਹੀ ਰੱਦ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਗਠਿਤ ਮੌਜੂਦਾ ਵਿਸ਼ੇਸ਼ ਜਾਂਚ ਟੀਮ 'ਸਿਟ' ਵੀ ਲੋਕਾਂ ਨੂੰ ਗੁਮਰਾਹ ਕਰਨ ਵਾਲੀ ਹੈ, ਵਿਸ਼ੇਸ਼ ਜਾਂਚ ਟੀਮ ਪਹਿਲਾਂ ਸਰਕਾਰ ਨੂੰ ਰਿਪੋਰਟ ਦੇਵੇਗੀ ਅਤੇ ਫਿਰ ਅਦਾਲਤ ਵਿਚ ਜਾਵੇਗੀ।

ਜਸਟਿਸ ਜੋਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਤੱਥ ਅਧਾਰਤ ਰਿਪੋਰਟ ਉਤੇ ਜਾਂਚ ਏਜੰਸੀ ਅਤੇ ਪੁਲਿਸ ਜਾਣਬੁਝ ਕੇ ਮਾਮਲੇ ਦੀ ਤੈਅ ਤੱਕ ਜਾਣਾ ਹੀ ਨਹੀਂ ਸੀ ਚਾਹੁੰਦੀ। ਉਨ੍ਹਾਂ ਕਿਹਾ ਕਿ ਸਾਲ 2017 'ਚ ਵਿਧਾਨ ਸਭਾ ਚੋਣਾਂ ਮੌਕੇ ਬੇਅਦਬੀ ਅਤੇ ਗੋਲੀ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦੇਣ ਦੇ ਦਾਅਵੇ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ 'ਚ ਫੜ ਕੇ ਸਹੁੰ ਚੁੱਕੀ ਪਰ ਜਿਸ ਤਰ੍ਹਾਂ ਉਨ੍ਹਾਂ ਆਪਣੇ ਫ਼ਰਜ਼ ਅਤੇ ਪੰਜਾਬ ਦੇ ਲੋਕਾਂ ਨਾਲ ਧਰੋਹ ਕਮਾਇਆ ਹੈ, ਇਸ ਲਈ ਉਹ ਲੋਕਾਂ ਤੋਂ ਜਨਤਕ ਮੁਆਫੀ ਮੰਗਣ। ਇਸ ਮੌਕੇ ਪਾਰਟੀ ਦੇ ਕਾਨੂੰਨੀ ਸੈੱਲ ਸੂਬਾਈ ਉਪ ਪ੍ਰਧਾਨ ਨਸੀਬ ਬਾਵਾ ਅਤੇ 'ਆਪ' ਕਾਨੂੰਨੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਬਰਿੰਦਰ ਪਾਲ ਸਿੰਘ ਰੱਤੀਆਂ ਵੀ ਮੌਜੂਦ ਸਨ।

ਜਸਟਿਸ ਜੋਰਾ ਸਿੰਘ ਨੇ ਕਿਹਾ ਕਿ ਨਿਹਾਲ ਸਿੰਘ ਵਾਲਾ ਉਨ੍ਹਾਂ ਦਾ ਆਪਣਾ ਹਲਕਾ ਹੈ ਅਤੇ ਜੇਕਰ ਪਾਰਟੀ ਇਸ ਹਲਕੇ ਤੋਂ ਮੌਕਾ ਦੇਵੇਗੀ ਤਾਂ ਉਹ ਹਲਕੇ ਦੀ ਸੇਵਾ ਕਰਨਗੇ। ਉਨ੍ਹਾਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਚੰਡੀਗੜ੍ਹ ਵਿਚ ਮਿਸ਼ਨ 2022 ਲਈ ਬਿਜਲੀ ਮੁਆਫੀ ਤੇ ਹੋਰ ਐਲਾਨਾਂ ਉਤੇ ਕਿਹਾ ਕਿ ਰਾਜ 'ਚੋਂ ਮਾਫੀਆ ਗਰੋਹਾਂ ਦੇ ਖਾਤਮੇ ਲਈ 'ਆਪ' ਦੀ ਸਰਕਾਰ ਬਣਾਉਣੀ ਜ਼ਰੂਰੀ ਹੈ।

## ਪੰਜਾਬ ਸਰਕਾਰ ਸੁਪਰੀਮ ਕੋਰਟ ਪੁੱਜੀ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਖਿਲਾਫ ਕੀਤੀਆਂ ਕੁਝ ਟਿੱਪਣੀਆਂ ਨੂੰ ਰੱਦ ਕਰਵਾਉਣ ਲਈ ਸਰਕਾਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰਕੇ ਅਪੀਲ ਕੀਤੀ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਨੂੰ ਰੱਦ ਕਰਨ ਸਮੇਂ ਪੰਜਾਬ ਸਰਕਾਰ ਖਿਲਾਫ ਕੀਤੀਆਂ ਟਿੱਪਣੀਆਂ ਰੱਦ ਕੀਤੀਆਂ ਜਾਣ। ਸਰਕਾਰ ਨੇ ਤਰਕ ਦਿੱਤਾ ਕਿ ਹਾਈ ਕੋਰਟ ਨੇ ਕੁਝ ਅਜਿਹੀਆਂ ਟਿੱਪਣੀਆਂ ਵੀ ਕਰ ਦਿੱਤੀਆਂ ਹਨ ਜੋ ਉਸ ਦੇ ਅਧਿਕਾਰ ਖੇਤਰ ਵਿਚ ਨਹੀਂ ਹਨ ਅਤੇ ਜੇਕਰ ਇਨ੍ਹਾਂ ਟਿੱਪਣੀਆਂ ਨੂੰ ਮਨਸੂਖ ਨਹੀਂ ਕੀਤਾ ਜਾਂਦਾ ਤਾਂ ਕੋਟਕਪੂਰਾ ਗੋਲੀਕਾਂਡ ਦੀ ਪੜਤਾਲ ਅਤੇ ਅਦਾਲਤੀ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ।

## ਕੋਟਕਪੂਰਾ ਗੋਲੀ ਕਾਂਡ: ਭਾਈ ਪੰਥਪ੍ਰੀਤ ਸਣੇ 12 ਜਣਿਆਂ ਤੋਂ ਪੁੱਛ-ਪੜਤਾਲ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਸਿੱਖ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਤੋਂ ਪੁੱਛ-ਪੜਤਾਲ ਕੀਤੀ। ਪੁੱਛ-ਪੜਤਾਲ ਤੋਂ ਬਾਅਦ ਭਾਈ ਪੰਥਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਘਟਨਾ ਬਾਰੇ ਪੁੱਛੇ ਗਏ ਸਾਰੇ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੇ ਦੋਸ਼ੀਆਂ ਦੀ ਸ਼ਨਾਖਤ ਕਰਕੇ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਜਾਂਚ ਟੀਮ ਨੇ ਘਟਨਾ ਵਾਲੇ ਦਿਨ ਜ਼ਖਮੀ ਹੋਏ ਪੁਲਿਸ ਮੁਲਾਜ਼ਮ ਰਛਪਾਲ ਸਿੰਘ, ਇੰਦਰਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਤੋਂ ਵੀ ਪੁੱਛ-ਪੜਤਾਲ ਕੀਤੀ। ਉਨ੍ਹਾਂ ਘਟਨਾ ਦੇ ਮੁੱਖ ਗਵਾਹ ਅਜੀਤ ਸਿੰਘ ਨੂੰ ਵੀ ਤਲਬ ਕੀਤਾ ਸੀ। ਸਿਟ ਅੱਗੇ 12 ਵਿਅਕਤੀ ਪੇਸ਼ ਹੋਏ ਜਿਨ੍ਹਾਂ 13 ਅਤੇ 14 ਅਕਤੂਬਰ 2015 ਨੂੰ ਵਾਪਰੀਆਂ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ। ਜਾਂਚ ਟੀਮ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੋਂ ਵੀ ਪੁੱਛ-ਪੜਤਾਲ ਕਰਨਾ ਚਾਹੁੰਦੀ ਸੀ ਪਰ ਉਹ ਹਾਜ਼ਰ ਨਹੀਂ ਹੋਏ। ਕੋਟਕਪੂਰਾ ਗੋਲੀ ਕਾਂਡ ਵਿੱਚ ਹੁਣ ਤੱਕ 100 ਤੋਂ ਵੱਧ ਵਿਅਕਤੀਆਂ ਕੋਲੋਂ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਆਦਿ ਸ਼ਾਮਲ ਹਨ।


## ਦਿੱਲੀ ਗੁਰਦੁਆਰਾ ਚੋਣਾਂ 18 ਨੂੰ ਕਰਵਾਏ ਜਾਣ ਦੀ ਸੰਭਾਵਨਾ

**ਨਵੀਂ ਦਿੱਲੀ:** ਤਕਰੀਬਨ ਢਾਈ ਮਹੀਨੇ ਪਹਿਲਾਂ ਕਰੋਨਾ ਦੀ ਦੂਜੀ ਲਹਿਰ ਦੌਰਾਨ ਖਤਰਨਾਕ ਹੋਈ ਸਥਿਤੀ ਦੇ ਮੱਦੇਨਜ਼ਰ ਮੁਲਤਵੀ ਹੋਈਆਂ ਦਿੱਲੀ ਗੁਰਦੁਆਰਾ ਚੋਣਾਂ ਹੁਣ ਇਸੇ ਮਹੀਨੇ, 18 ਜੁਲਾਈ ਨੂੰ ਕਰਵਾਏ ਜਾਣ ਦੀ ਸੰਭਾਵਨਾ ਹੈ।

ਜਾਣਕਾਰੀ ਮੁਤਾਬਕ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ (ਦਿੱਲੀ ਸਰਕਾਰ) ਵੱਲੋਂ ਇਸ ਸਬੰਧੀ ਫਾਈਲ ਨੂੰ ਮਨਜ਼ੂਰੀ ਲਈ ਦਿੱਲੀ ਦੇ ਉਪ ਰਾਜਪਾਲ ਕੋਲ ਭੇਜ ਦਿੱਤਾ ਹੈ ਅਤੇ ਜੇਕਰ ਉਪ ਰਾਜਪਾਲ ਦੀ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਅਧਿਕਾਰਤ ਤੌਰ ਉਤੇ ਦਿੱਲੀ ਗੁਰਦੁਆਰਾ ਚੋਣਾਂ ਕਰਵਾਏ ਜਾਣ ਦਾ ਐਲਾਨ ਕਰ ਦਿੱਤਾ ਜਾਵੇਗਾ। ਦਰਅਸਲ ਗੁਰਦੁਆਰਾ ਚੋਣਾਂ 25 ਅਪਰੈਲ ਨੂੰ ਕਰਵਾਈਆਂ ਜਾਣੀਆਂ ਸਨ ਅਤੇ ਚੋਣ ਪ੍ਰਚਾਰ ਸਮੇਤ ਸਭ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਤਾਂ ਕਰੋਨਾ ਦੀ ਸਥਿਤੀ ਖਤਰਨਾਕ ਹੋਣ ਕਾਰਨ 25 ਅਪਰੈਲ ਤੋਂ ਤਕਰੀਬਨ 1 ਹਫਤੇ ਪਹਿਲਾਂ ਹੀ ਆਦੇਸ਼ ਜਾਰੀ ਕਰਕੇ ਚੋਣਾਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਸਨ।

ਹੁਣ ਜਦੋਂ ਦੇਸ਼ ਸਮੇਤ ਦਿੱਲੀ ਵਿਚ ਕਰੋਨਾ ਦੇ ਮਾਮਲਿਆਂ 'ਚ ਲਗਾਤਾਰ ਗਿਰਾਵਟ ਆ ਰਹੀ ਹੈ ਅਤੇ ਤਾਲਾਬੰਦੀ ਦੀ ਪਾਬੰਦੀਆਂ ਨੂੰ ਵੀ ਹੌਲੀ-ਹੌਲੀ ਖੋਲ੍ਹਿਆ ਜਾ ਰਿਹਾ ਹੈ। ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਵੀ ਦਿੱਲੀ ਗੁਰਦੁਆਰਾ ਚੋਣਾਂ ਕਰਾਉਣ ਲਈ ਸਰਗਰਮ ਹੋ ਗਿਆ ਹੈ।

## ਵਿਰਾਸਤ-ਏ-ਖਾਲਸਾ ਨੂੰ ਲਗਾਤਾਰ ਤੀਜੀ ਵਾਰ ਊਰਜਾ ਬਚਾਓ ਇਨਾਮ



**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਅਧੀਨ ਆਉਂਦੇ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਨੇ ਇਕ ਹੋਰ ਕੀਰਤੀਮਾਨ ਸਥਾਪਿਤ ਕਰਕੇ ਇਸ ਸਾਲ ਵੀ ਸੂਬਾ ਪੱਧਰੀ ਊਰਜਾ ਬਚਾਓ ਐਵਾਰਡ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਜ਼ਿਕਰਯੋਗ ਹੈ ਕਿ ਵਿਰਾਸਤ-ਏ-ਖਾਲਸਾ ਨੇ ਲਗਾਤਾਰ ਤੀਸਰੀ ਵਾਰ ਰਾਜ ਪੱਧਰੀ ਊਰਜਾ ਬਚਾਓ ਐਵਾਰਡ ਹਾਸਲ ਕੀਤਾ ਹੈ।

ਇਸ ਬਾਰੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਦੁਨੀਆਂ ਭਰ ਵਿਚ ਵਿਲੱਖਣ ਪਛਾਣ ਬਣਾ ਚੁੱਕੇ ਵਿਰਾਸਤ-ਏ-ਖਾਲਸਾ ਵੱਲੋਂ ਲਗਾਤਾਰ ਕੀਰਤੀਮਾਨ ਸਥਾਪਿਤ ਕਰਨ ਦਾ ਸਿਲਸਿਲਾ ਜਾਰੀ ਹੈ। ਉਨ੍ਹਾਂ ਦੱਸਿਆ ਕਿ ਜਿਥੇ ਇਸ ਮਹਾਨ ਅਜਾਇਬ ਘਰ ਦਾ ਨਾਂ ਲਿਮਕਾ ਬੁੱਕ ਆਫ ਰਿਕਾਰਡਜ, ਇੰਡੀਆ ਬੁੱਕ ਆਫ ਰਿਕਾਰਡਜ ਅਤੇ ਵਰਲਡ ਬੁੱਕ ਆਫ ਰਿਕਾਰਡਜ ਵਿਚ ਦਰਜ ਹੋਇਆ ਹੈ, ਉਥੇ ਊਰਜਾ ਬਚਾਉਣ ਵਿਚ ਵੀ ਵਿਲੱਖਣ ਪਛਾਣ ਬਣਾਈ ਹੈ। ਮੰਤਰੀ ਨੇ ਦੱਸਿਆ ਕਿ ਵਿਰਾਸਤ-ਏ-ਖਾਲਸਾ ਵਿਖੇ ਹੋਣ ਵਾਲੀ ਬਿਜਲੀ ਦੀ ਖਪਤ ਨੂੰ ਘਟਾਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸੇ ਤਹਿਤ ਇਸ ਵਾਰ ਵੀ ਲਗਾਤਾਰ ਤੀਸਰੀ ਵਾਰ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਕਰਵਾਏ ਪੰਜਾਬ ਪੱਧਰੀ ਐਨਰਜੀ ਕੰਜ਼ਰਵੇਸ਼ਨ ਐਵਾਰਡਾਂ ਵਿਚ ਪਹਿਲਾ ਸਥਾਨ ਹਾਸਲ ਕਰਕੇ ਹੈਟ੍ਰਿਕ ਮਾਰ ਕੇ ਇਤਿਹਾਸ ਸਿਰਜਿਆ ਹੈ।

## ਸਿੱਖ ਲੜਕੀ ਦੇ ਮੁਸਲਿਮ ਨਾਲ ਵਿਆਹ ਨੂੰ 'ਲਵ ਜਹਾਦ' ਦਾ ਰੰਗ ਦੇਣ 'ਤੇ ਸਵਾਲ

**ਚੰਡੀਗੜ੍ਹ:** ਕਸ਼ਮੀਰ 'ਚ ਸਿੱਖ ਲੜਕੀ ਵੱਲੋਂ ਮੁਸਲਿਮ ਲੜਕੇ ਨਾਲ ਵਿਆਹ ਕਰਵਾਏ ਜਾਣ ਦੇ ਮੁੱਦੇ ਨੂੰ ਵੱਖ-ਵੱਖ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੇ ਨਿੱਜੀ ਆਜ਼ਾਦੀ ਨਾਲ ਸਬੰਧਤ ਮਸਲਾ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਸਿੱਖ ਭਾਈਚਾਰੇ ਦੇ ਕੁਝ ਆਪੂੰ ਬਣੇ ਆਗੂ ਇਸ ਮਸਲੇ ਨੂੰ 'ਲਵ ਜਹਾਦ' ਦਾ ਰੰਗ ਦੇ ਰਹੇ ਹਨ।

ਲੇਖਕ ਤੇ ਸਮਾਜ ਸੇਵੀ ਨਵਸ਼ਰਨ ਸਿੰਘ, ਪ੍ਰੋ. ਜਗਮੋਹਨ ਸਿੰਘ, ਨਾਟਕਕਾਰ ਆਤਮਜੀਤ ਸਿੰਘ, ਲੇਖਕ ਸੁਕੀਰਤ ਆਨੰਦ, ਅਰੀਤ ਸਿੰਘ, ਪ੍ਰੋ. (ਸੇਵਾਮੁਕਤ) ਸੁਖਦੇਵ ਸਿੰਘ ਸਿਰਸਾ, ਪ੍ਰੋ. (ਆਕਸਫੋਰਸ ਬਰੁੱਕਸ) ਪ੍ਰੀਤਮ ਸਿੰਘ, ਨਾਟਕਕਾਰ ਸਾਹਿਬ ਸਿੰਘ, ਨਾਟਕਕਾਰ ਕੇਵਲ ਧਾਲੀਵਾਲ, ਕਵੀ ਅਮੋਲਕ ਸਿੰਘ, ਪ੍ਰੋ. (ਸੇਵਾਮੁਕਤ) ਮਨਜੀਤ ਸਿੰਘ, ਡਾ. ਪਿਆਰੇ ਲਾਲ ਗਰਗ, ਲੇਖਕ ਤੇ ਯਸ਼ਪਾਲ ਨੇ ਸਾਂਝੇ ਬਿਆਨ 'ਚ ਕਿਹਾ ਕਿ ਦਿੱਲੀ ਆਧਾਰਿਤ ਕੁਝ ਸਿੱਖ ਆਗੂ ਜੋ 26 ਜੂਨ ਨੂੰ ਸ੍ਰੀਨਗਰ ਗਏ ਸਨ, ਨੇ ਇਹ ਦੋਸ਼ ਲਗਾ ਕੇ ਕਿ ਲੜਕੀ ਦਾ ਜਬਰੀ ਧਰਮ ਤਬਦੀਲ ਕਰਕੇ ਉਸ ਦਾ ਵਿਆਹ ਵਡੇਰੀ ਉਮਰ ਦੇ ਮੁਸਲਿਮ ਵਿਅਕਤੀ ਨਾਲ ਕੀਤਾ ਗਿਆ ਹੈ, ਬਲਦੀ 'ਤੇ ਤੇਲ ਪਾਇਆ ਹੈ। ਬਾਅਦ ਵਿਚ ਇਨ੍ਹਾਂ ਆਗੂਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਇਸ ਮਾਮਲੇ 'ਚ ਦਖਲ ਦੇਣ ਅਤੇ ਕਸ਼ਮੀਰ 'ਚ ਧਰਮ ਬਦਲੀ ਰੋਕੂ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਅੱਜ ਸਿੱਖ ਲੜਕੀਆਂ ਸਮੇਤ ਭਾਰਤ ਦੇ ਹਰ ਧਰਮ ਦੇ ਨੌਜਵਾਨ ਕੰਮ, ਪੜ੍ਹਾਈ ਕਰਨ ਤੇ ਆਪਣੀ ਮਰਜ਼ੀ ਨਾਲ ਵਿਆਹ ਕਰਨ ਦੀ ਆਜ਼ਾਦੀ ਦੇ ਹਾਮੀ ਹਨ ਪਰ ਲੜਕੀਆਂ ਨੂੰ ਪੂਰੀ ਆਜ਼ਾਦੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਸਬੰਧਤ ਸਿੱਖ ਲੜਕੀ ਨੇ ਇਕ ਵੀਡੀਓ 'ਚ ਕਿਹਾ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਹੈ ਪਰ ਉਸ ਨੂੰ ਜਬਰਦਸਤੀ ਆਪਣੇ ਮਾਪਿਆਂ ਦੇ ਹਵਾਲੇ ਕੀਤਾ ਗਿਆ ਹੈ ਅਤੇ ਉਸ ਨੂੰ ਆਪਣੇ ਪਤੀ ਕੋਲ ਵਾਪਸ ਜਾਣ ਲਈ ਅਜੇ ਲੰਮੀ ਤੇ ਮੁਸ਼ਕਲ ਲੜਾਈ ਲੜਨੀ ਪਵੇਗੀ।

## ਕੇਂਦਰ ਸਰਕਾਰ ਕੋਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ

**ਅੰਮ੍ਰਿਤਸਰ:** ਕਰੋਨਾ ਦੇ ਘਟ ਰਹੇ ਪ੍ਰਭਾਵ ਨੂੰ ਦੇਖਦਿਆਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਹਕੂਮਤ ਵੱਲੋਂ ਆਪਣੇ ਪਾਸੇ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਪੇਸ਼ਕਸ਼ ਕੀਤੀ ਜਾ ਚੁੱਕੀ ਹੈ ਪਰ ਭਾਰਤ ਸਰਕਾਰ ਨੇ ਹਾਲੇ ਤੱਕ ਇਸ ਸਬੰਧੀ ਕੋਈ ਹੁੰਗਾਰਾ ਨਹੀਂ ਦਿੱਤਾ।

ਉਨ੍ਹਾਂ ਕਿਹਾ ਕਿ ਇਸ ਵੇਲੇ ਕਰੋਨਾ ਦਾ ਮਾਰੂ ਅਸਰ ਖਤਮ ਹੋ ਰਿਹਾ ਹੈ ਅਤੇ ਦੇਸ਼ ਭਰ ਦੇ ਸਮੂਹ ਧਾਰਮਿਕ ਸਥਾਨ ਖੁੱਲ੍ਹ ਗਏ ਹਨ ਤਾਂ ਅਜਿਹੀ ਸਥਿਤੀ ਵਿਚ ਗੁਰਦੁਆਰਾ ਕਰਤਾਰਪੁਰ ਲਾਂਘਾ ਵੀ ਖੋਲ੍ਹ ਦੇਣਾ ਚਾਹੀਦਾ ਹੈ। ਬ੍ਰਹਮਪੁਰਾ ਨੇ ਕੇਂਦਰ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਈਆਂ ਜਾਣ।

## 17 ਸਕੂਲ ਆਜ਼ਾਦੀ ਘੁਲਾਟੀਏ ਤੇ ਸ਼ਹੀਦਾਂ ਨੂੰ ਸਮਰਪਿਤ ਕੀਤੇ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਸੰਗਰੂਰ, ਜਲੰਧਰ, ਲੁਧਿਆਣਾ, ਪਟਿਆਲਾ, ਹੁਸ਼ਿਆਰਪੁਰ, ਐਸ.ਬੀ.ਐਸ. ਨਗਰ, ਤਰਨ ਤਾਰਨ, ਅੰਮ੍ਰਿਤਸਰ, ਐਸ.ਏ.ਐਸ. ਨਗਰ ਅਤੇ ਫਤਹਿਗੜ੍ਹ ਸਾਹਿਬ ਜ਼ਿਲਿਆਂ ਦੇ 17 ਸਰਕਾਰੀ ਸਕੂਲਾਂ ਦਾ ਨਾਂ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਨਾਂ 'ਤੇ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ ਤੋਂ ਬਾਅਦ ਇਨ੍ਹਾਂ ਸਕੂਲਾਂ ਦਾ ਨਾਂ ਬਦਲਣ ਦਾ ਫੈਸਲਾ ਲਿਆ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੰਗਰੂਰ ਜ਼ਿਲ੍ਹੇ ਦੇ ਚਾਰ ਸਕੂਲਾਂ ਸਰਕਾਰੀ ਹਾਈ ਸਮਾਰਟ ਸਕੂਲ ਧੂਰਾ ਦਾ ਨਾਂ ਬਦਲ ਕੇ ਗ਼ਦਰੀ ਬਾਬਾ ਠਾਕੁਰ ਦਾਸ ਜੀ ਸਰਕਾਰੀ ਹਾਈ ਸਮਾਰਟ ਸਕੂਲ ਧੂਰਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਰਮਗੜ੍ਹ ਦਾ ਨਾਂ ਸ਼ਹੀਦ ਸਿਪਾਹੀ ਮੁਕੰਦ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਰਮਗੜ੍ਹ, ਸਰਕਾਰੀ ਮਿਡਲ ਸਕੂਲ ਕਲੇਰੀ ਦਾ ਨਾਂ ਬਦਲ ਕੇ ਆਜ਼ਾਦੀ ਘੁਲਾਟੀਆ ਬਾਜਾ ਸਿੰਘ ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਹੜ ਦਾ ਨਾਂ ਬਦਲ ਕੇ ਆਜ਼ਾਦੀ ਘੁਲਾਟੀਆ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਹੜ ਰੱਖਿਆ ਗਿਆ ਹੈ।

ਸ੍ਰੀ ਸਿੰਗਲਾ ਨੇ ਕਿਹਾ ਕਿ ਜਲੰਧਰ ਜ਼ਿਲ੍ਹੇ 'ਚ ਵੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨਹਿਰੂ ਗਾਰਡਨ ਦਾ ਨਾਂ ਲੇਟ ਲਾਲਾ ਜਗਤ ਨਰਾਇਣ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੱਖਿਆ ਗਿਆ ਹੈ।

## ਓਮ ਪ੍ਰਕਾਸ਼ ਚੌਟਾਲਾ ਰਿਹਾਅ



**ਨਵੀਂ ਦਿੱਲੀ:** ਜੂਨੀਅਰ ਬੇਸਿਕ ਟ੍ਰੇਨਿੰਗ ਘੁਟਾਲਾ ਮਾਮਲੇ ਵਿਚ 10 ਸਾਲ ਦੀ ਸਜ਼ਾ ਕੱਟਣ ਮਗਰੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਤਿਹਾੜ ਜੇਲ੍ਹ ਤੋਂ ਰਿਹਾਅ ਹੋ ਗਏ। ਉਨ੍ਹਾਂ ਦੀ ਸਜ਼ਾ ਬੀਤੇ ਹਫਤੇ ਖਤਮ ਹੋ ਗਈ ਸੀ ਪਰ ਕਾਨੂੰਨੀ ਕਾਰਵਾਈ ਕਰਨੀ ਅਜੇ ਬਾਕੀ ਰਹਿੰਦੀ ਸੀ। ਉਨ੍ਹਾਂ ਦੇ ਵਕੀਲਾਂ ਵੱਲੋਂ ਰਸਮੀ ਕਾਨੂੰਨੀ ਕਾਰਵਾਈ ਪੂਰੀ ਕੀਤੀ ਜਾਣ ਮਗਰੋਂ ਉਹ ਤਿਹਾੜ ਜੇਲ੍ਹ 'ਚੋਂ ਬਾਹਰ ਆਏ ਹਨ। ਚੌਟਾਲਾ (86) ਪਹਿਲਾਂ ਹੀ ਪੈਰੋਲ 'ਤੇ ਬਾਹਰ ਸਨ। ਕਾਨੂੰਨੀ ਕਾਰਵਾਈ ਪੂਰੀ ਕਰਨ ਲਈ ਉਹ ਤਿਹਾੜ ਜੇਲ੍ਹ ਪੁੱਜੇ ਸਨ। ਦਿੱਲੀ ਦੇ ਜੇਲ੍ਹ ਡਾਇਰੈਕਟਰ ਜਨਰਲ ਸੰਦੀਪ ਗੋਇਲ ਨੇ ਕਿਹਾ ਕਿ ਜ਼ਰੂਰੀ ਰਸਮੀ ਕਾਰਵਾਈ ਪੂਰੀ ਕਰਨ ਮਗਰੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਦਿੱਲੀ ਸਰਕਾਰ ਨੇ ਕਰੋਨਾ ਕਰਕੇ ਸਾਬਕਾ ਮੁੱਖ ਮੰਤਰੀ ਨੂੰ 6 ਮਹੀਨੇ ਦੀ ਛੋਟ ਦਿੱਤੀ ਸੀ। ਦਿੱਲੀ ਦੀਆਂ ਜੇਲ੍ਹਾਂ ਵਿਚੋਂ ਭੀੜ ਘਟਾਉਣ ਲਈ 10 ਸਾਲਾਂ ਦੀ ਸਜ਼ਾ 'ਚੋਂ ਸਾਢੇ ਨੌਂ ਸਾਲ ਪੂਰੇ ਕਰ ਚੁੱਕੇ ਕੈਦੀਆਂ ਨੂੰ ਇਹ ਰਿਆਇਤ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਅਧਿਆਪਕ ਭਰਤੀ ਘੁਟਾਲਾ ਮਾਮਲੇ ਵਿਚ ਉਨ੍ਹਾਂ ਨੂੰ ਸੀ.ਬੀ.ਆਈ. ਅਦਾਲਤ ਨੇ 2013 ਨੂੰ ਜੇਲ੍ਹ ਭੇਜਿਆ ਸੀ।

## ਹਾਈਕੋਰਟ ਨੇ ਹੁੱਡਾ ਖਿਲਾਫ ਟਰਾਇਲ 'ਤੇ ਰੋਕ ਲਾਈ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਐਸੋਸੀਏਟਿਡ ਜਰਨਲਸ ਲਿਮਿਟਡ (ਏ.ਜੇ.ਐਲ.) ਖਿਲਾਫ ਪਲਾਟ ਰੀ-ਅਲਾਟਮੈਂਟ ਕੇਸ ਵਿਚ ਟਰਾਇਲ ਦੀ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਕੋਰਟ ਨੇ ਇਹ ਹੁਕਮ ਹੁੱਡਾ ਤੇ ਏ.ਜੇ.ਐਲ. ਵੱਲੋਂ ਦਾਖਲ ਦੋ ਵੱਖੋ-ਵੱਖਰੀਆਂ ਪਟੀਸ਼ਨਾਂ 'ਤੇ ਸੁਣਾਏ ਹਨ। ਸੀਨੀਅਰ ਕਾਂਗਰਸ ਆਗੂ ਤੇ ਹਰਿਆਣਾ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹੁੱਡਾ ਨੇ ਹਾਈ ਕੋਰਟ ਦਾ ਰੁਖ ਕਰਦਿਆਂ ਸੀ.ਬੀ.ਆਈ. ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਹੁੱਡਾ ਦੇ ਵਕੀਲ ਅਰਸ਼ਦੀਪ ਸਿੰਘ ਚੀਮਾ ਨੇ ਦੱਸਿਆ ਕਿ ਟਰਾਇਲ ਦੀ ਕਾਰਵਾਈ 'ਤੇ ਰੋਕ ਮਗਰੋਂ ਹੁਣ ਕੇਸ ਦੀ ਅਗਲੀ ਸੁਣਵਾਈ 11 ਅਗਸਤ ਨੂੰ ਹੋਵੇਗੀ।

# ਫਰਾਂਸ ਵੱਲੋਂ ਰਾਫਾਲ ਬਾਰੇ ਜਾਂਚ ਸ਼ੁਰੂ: ਮੋਦੀ ਸਰਕਾਰ ਦੀਆਂ ਮੁਸ਼ਕਿਲਾਂ ਵਧੀਆਂ

**ਨਵੀਂ ਦਿੱਲੀ:** ਫਰਾਂਸ ਨੇ ਭਾਰਤ ਨਾਲ 59 ਹਜ਼ਾਰ ਕਰੋੜ ਰੁਪਏ ਦੇ ਰਾਫਾਲ ਲੜਾਕੂ ਜੈਟ ਸੌਦੇ 'ਚ 'ਭ੍ਰਿਸ਼ਟਾਚਾਰ ਅਤੇ ਲਿਹਾਜ਼ ਪੂਰਨ' ਦੇ ਲੱਗੇ ਦੋਸ਼ਾਂ ਦੀ 'ਉਚ ਸੰਵੇਦਨਸ਼ੀਲ' ਜੁਡੀਸ਼ਲ ਜਾਂਚ ਲਈ ਜੱਜ ਨਿਯੁਕਤ ਕਰ ਦਿੱਤਾ ਹੈ। ਫਰਾਂਸੀਸੀ ਖੋਜੀ ਵੈੱਬਸਾਈਟ ਮੀਡੀਆਪਾਰਟ ਨੇ ਇਸ ਦਾ ਖੁਲਾਸਾ ਕਰਦਿਆਂ ਕਿਹਾ ਹੈ ਕਿ 2016 'ਚ ਹੋਏ ਅੰਤਰ-ਸਰਕਾਰੀ ਕਰਾਰ ਦੀ ਜਾਂਚ ਰਸਮੀ ਤੌਰ 'ਤੇ 14 ਜੂਨ ਤੋਂ ਸ਼ੁਰੂ ਕੀਤੀ ਗਈ ਹੈ।

ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੇ 2016 ਵਿਚ ਫਰਾਂਸ ਦੀ ਕੰਪਨੀ ਦਾਸੋ ਏਵੀਏਸ਼ਨ ਤੋਂ ਇਹ ਲੜਾਕੂ ਜਹਾਜ਼ ਖਰੀਦਣ ਦਾ ਸੌਦਾ ਕੀਤਾ ਸੀ। ਇਸ ਸੌਦੇ ਤਹਿਤ ਕੰਪਨੀ ਨੇ ਭਾਰਤ ਨੂੰ 36 ਜਹਾਜ਼ ਦੇਣੇ ਹਨ। ਬਾਅਦ ਵਿਚ ਸੌਦੇ ਵਿਚ ਦੇਣ-ਲੈਣ ਦੇ ਮਾਮਲਿਆਂ ਬਾਰੇ ਜਿਵੇਂ ਜਿਵੇਂ ਵੱਖ ਵੱਖ ਤੱਥ ਸਾਹਮਣੇ ਆਉਂਦੇ ਗਏ, ਇਸ ਮਸਲੇ 'ਤੇ ਵਿਵਾਦ ਵੀ ਭਖਦਾ ਗਿਆ। ਸਰਕਾਰ ਨੇੜਲੇ ਇਕ ਕਾਰੋਬਾਰੀ ਵੱਲੋਂ ਰਾਤੋ-ਰਾਤ ਬਣਾਈ ਕੰਪਨੀ ਨੂੰ ਇਸ ਸੌਦੇ ਵਿਚ ਭਾਈਵਾਲ ਬਣਾਉਣ ਨੇ ਇਸ ਮਸਲੇ 'ਤੇ ਸਿਆਸਤ ਹੋਰ ਭਖਾ ਦਿੱਤੀ ਅਤੇ ਕੇਂਦਰ ਸਰਕਾਰ ਉੱਤੇ ਇਸ ਸੌਦੇ ਬਾਰੇ ਜਵਾਬ ਮੰਗਿਆ ਜਾਣ ਲੱਗਾ। ਸਰਕਾਰ ਵੱਲੋਂ ਸਾਫ ਇਨਕਾਰ ਕਰਨ 'ਤੇ ਕੁਝ ਲੋਕਾਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਪਰ ਸੁਪਰੀਮ ਕੋਰਟ ਨੇ ਵੀ ਇਸ



ਮਸਲੇ ਨੇ 'ਤੇ ਪਾਈਆਂ ਸਾਰੀਆਂ ਪਟੀਸ਼ਨਾਂ ਇਹ ਕਹਿ ਕੇ ਰੱਦ ਕਰ ਦਿੱਤੀਆਂ ਕਿ ਲੜਾਕੂ ਜਹਾਜ਼ ਖਰੀਦਣ ਦੇ ਇਸ ਸੰਵੇਦਨਸ਼ੀਲ ਮਸਲੇ ਬਾਰੇ ਜਾਂਚ ਦਾ ਕੋਈ ਖਾਸ ਕਾਰਨ ਨਹੀਂ ਬਣਦਾ। ਦਾਸੋ ਏਵੀਏਸ਼ਨ ਨੇ ਵੀ 'ਭ੍ਰਿਸ਼ਟਾਚਾਰ' ਅਤੇ 'ਲਿਹਾਜ਼ਦਾਰੀ' ਦੇ ਦੋਸ਼ਾਂ ਨੂੰ ਮੁੱਢੋਂ-ਸੁੱਢੋਂ ਰੱਦ ਕਰਦਿਆਂ ਇਸ ਸੌਦੇ ਵਿਚ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕੀਤਾ ਸੀ।

ਇਹ ਮਸਲਾ ਹੁਣ ਇਕ ਵਾਰ ਫਿਰ ਸੁਰਖੀਆਂ ਵਿਚ ਆ ਗਿਆ ਜਦੋਂ ਫਰਾਂਸ ਦੀ ਖੋਜੀ ਵੈੱਬਸਾਈਟ ਮੀਡੀਆਪਾਰਟ ਦੇ ਨਵੇਂ ਖੁਲਾਸਿਆਂ ਤੋਂ ਬਾਅਦ ਫਰਾਂਸ ਦੇ ਨੈਸ਼ਨਲ ਫਾਇਨਾਂਸ਼ੀਅਲ ਪ੍ਰੋਸੀਕਿਊਟਰ (ਪੀ.ਐਨ.ਐਫ.) ਨੇ ਇਸ ਮਸਲੇ 'ਤੇ ਜਾਂਚ ਆਰੰਭ ਦਿੱਤੀ। ਹੁਣ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਇਸ ਮਸਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ ਤੋਂ ਕਰਵਾਉਣ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਸੌਦੇ ਦਾ ਸੱਚ ਲੋਕਾਂ ਸਾਹਮਣੇ ਆਉਣਾ ਚਾਹੀਦਾ ਹੈ। ਪਾਰਟੀ ਨੇ ਇਸ ਮਸਲੇ ਤੋਂ ਇਲਾਵਾ ਅਜਿਹੇ ਹੋਰ ਮੁੱਦਿਆਂ ਵਿਚ ਵੀ ਪਾਰਦਰਸ਼ਤਾ ਦੀ ਮੰਗ ਕੀਤੀ ਹੈ ਜਿਨ੍ਹਾਂ ਬਾਰੇ ਸਰਕਾਰ ਨੇ ਉੱਕਾ ਹੀ ਖ਼ਮੋਸ਼ੀ ਧਾਰੀ ਹੋਈ ਹੈ।

ਕੰਮਕਾਰ ਵਿਚ ਪਾਰਦਰਸ਼ਤਾ ਦਾ ਮੁੱਦਾ ਪਹਿਲਾਂ ਵੀ ਐਨ.ਡੀ.ਏ. ਸਰਕਾਰ ਦਾ ਪਿੱਛਾ ਕਰਦਾ ਰਿਹਾ ਹੈ। ਦਰਅਸਲ, 2014 ਵਿਚ ਜਦੋਂ ਤੋਂ ਐਨ.ਡੀ.ਏ. ਸਰਕਾਰ ਕਾਇਮ ਹੋਈ ਹੈ, ਵੱਖ-ਵੱਖ ਅੰਕੜੇ ਲਗਾਤਾਰ ਲੁਕੋਏ ਜਾ ਰਹੇ ਹਨ। ਰਫਾਲ ਸੌਦੇ ਵਿਚ ਵੱਡਾ ਮਸਲਾ ਜਹਾਜ਼ਾਂ ਦੀ ਕੀਮਤ ਦਾ ਉੱਭਰਿਆ ਸੀ। ਵਿਰੋਧੀ ਧਿਰ ਲਗਾਤਾਰ ਆਖ ਰਹੀ ਹੈ ਕਿ ਜਿਹੜਾ ਜਹਾਜ਼ ਭਾਰਤ ਨੂੰ 570 ਕਰੋੜ ਰੁਪਏ ਦਾ ਪੈਣਾ ਸੀ, ਉਸ ਦੇ ਲਈ ਪੰਜ ਗੁਣਾ ਜਿਆਦਾ ਕੀਮਤ, 1670 ਕਰੋੜ ਰੁਪਏ ਤਾਰੀ ਗਈ ਹੈ।

## ਕਾਂਗਰਸ ਨੇ ਸਾਂਝੀ ਸੰਸਦੀ ਕਮੇਟੀ ਤੋਂ ਜਾਂਚ ਮੰਗੀ

**ਨਵੀਂ ਦਿੱਲੀ:** ਕਾਂਗਰਸ ਨੇ ਰਾਫਾਲ ਜੈੱਟਾਂ ਦੀ ਖਰੀਦ 'ਚ ਹੋਏ 'ਭ੍ਰਿਸ਼ਟਾਚਾਰ' ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਬਣਾਉਣ ਦੀ ਮੰਗ ਕੀਤੀ ਹੈ। ਪਾਰਟੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਚ ਦਾ ਪਤਾ ਲਾਉਣ ਲਈ ਜਾਂਚ ਦੇ ਹੁਕਮ ਦੇਣ। ਕਾਂਗਰਸ ਨੇ ਫਰਾਂਸੀਸੀ ਖੋਜੀ ਵੈੱਬਸਾਈਟ ਮੀਡੀਆਪਾਰਟ ਵੱਲੋਂ ਰਾਫਾਲ ਸੌਦੇ 'ਚ ਕਥਿਤ ਭ੍ਰਿਸ਼ਟਾਚਾਰ ਦੀ ਜਾਂਚ ਲਈ ਫਰਾਂਸੀਸੀ ਜੱਜ ਨਿਯੁਕਤ ਕੀਤੇ ਜਾਣ ਦੀ ਖ਼ਬਰ ਨਸ਼ਰ ਕੀਤੇ ਜਾਣ ਮਗਰੋਂ ਇਹ ਮੰਗ ਉਠਾਈ ਹੈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਰਾਫਾਲ ਸੌਦੇ 'ਚ ਭ੍ਰਿਸ਼ਟਾਚਾਰ ਹੁਣ ਸਪਸ਼ਟ ਤੌਰ 'ਤੇ ਸਾਹਮਣੇ ਆ ਗਿਆ ਹੈ। ਕਾਂਗਰਸ ਪਾਰਟੀ ਅਤੇ ਰਾਹੁਲ ਗਾਂਧੀ ਵੱਲੋਂ ਲਏ ਗਏ ਸਟੈਂਡ ਦੀ ਫਰਾਂਸ ਸਰਕਾਰ ਵੱਲੋਂ ਜਾਂਚ ਦੇ ਦਿੱਤੇ ਗਏ ਹੁਕਮਾਂ ਨਾਲ ਪੁਸ਼ਟੀ ਹੋ ਗਈ ਹੈ।"

## ਵਿਰੋਧੀ ਕੰਪਨੀਆਂ ਲਈ ਰਾਹੁਲ 'ਪਿਆਦਾ': ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਕਿਹਾ ਹੈ ਕਿ ਵਿਰੋਧੀ ਰੱਖਿਆ ਕੰਪਨੀਆਂ ਵੱਲੋਂ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ 'ਪਿਆਦੇ' ਵਜੋਂ ਵਰਤਿਆ ਜਾ ਰਿਹਾ ਹੈ ਅਤੇ ਦਾਅਵਾ ਕੀਤਾ ਕਿ ਉਹ ਅਤੇ ਉਸ ਦੀ ਪਾਰਟੀ ਰਾਫਾਲ ਸੌਦੇ 'ਚ ਕਥਿਤ ਭ੍ਰਿਸ਼ਟਾਚਾਰ ਦਾ ਮੁੱਦਾ ਉਠਾ ਕੇ ਭਾਰਤ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪ੍ਰੈੱਸ ਕਾਨਫਰੰਸ ਦੌਰਾਨ ਭਾਜਪਾ ਤਰਜਮਾਨ ਸੰਬਿਤ ਪਾਤਰਾ ਨੇ ਫਰਾਂਸ ਵੱਲੋਂ ਰਾਫਾਲ ਸੌਦੇ ਦੀ ਜਾਂਚ ਲਈ ਜੱਜ ਦੀ ਨਿਯੁਕਤੀ ਨੂੰ ਹਲਕੇ 'ਚ ਲੈਂਦਿਆਂ ਕਿਹਾ ਕਿ ਐਨ.ਜੀ.ਓ. ਦੀ ਸ਼ਿਕਾਇਤ 'ਤੇ ਜਾਂਚ ਸ਼ੁਰੂ ਹੋਈ ਹੈ ਅਤੇ ਇਸ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ ਹੈ। 'ਇਹ ਜਾਂਚ ਉਂਜ ਹੈ ਜਿਵੇਂ ਭਾਰਤ 'ਚ ਯੋਗ ਅਧਿਕਾਰੀ ਫਾਈਲ 'ਤੇ ਲਿਖ ਦੇਵੇ ਕਿ ਕ੍ਰਿਪਾ ਕਰਕੇ ਨਿਯਮ ਅਨੁਸਾਰ ਕਾਰਵਾਈ ਕੀਤੀ ਜਾਵੇ।'

# ਪੁਸ਼ਕਰ ਸਿੰਘ ਧਾਮੀ ਨੇ ਉਤਰਾਖੰਡ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

**ਦੇਹਰਾਦੂਨ:** ਪੁਸ਼ਕਰ ਸਿੰਘ ਧਾਮੀ ਨੇ ਉਤਰਾਖੰਡ ਦੇ 11ਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਧਾਮੀ (45) ਉਤਰਾਖੰਡ ਦੇ ਸਭ ਤੋਂ ਘੱਟ ਉਮਰ ਦੇ ਮੁੱਖ ਮੰਤਰੀ ਹਨ। ਉਨ੍ਹਾਂ ਨੂੰ ਇਥੇ ਰਾਜ ਭਵਨ ਵਿਚ ਰਾਜਪਾਲ ਬੇਬੀ ਰਾਣੀ ਮੌਰੀਆ ਨੇ ਸਹੁੰ ਚੁਕਾਈ। ਇਸ ਮੌਕੇ ਕਈ ਸੰਸਦ ਮੈਂਬਰ, ਵਿਧਾਇਕ, ਸੱਤਾਧਾਰੀ ਭਾਜਪਾ ਦੇ ਅਹੁਦੇਦਾਰ ਤੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਸਹੁੰ ਚੁੱਕਣ ਤੋਂ ਬਾਅਦ ਮੁੱਖ ਮੰਤਰੀ ਨੇ ਕੈਬਨਿਟ ਮੀਟਿੰਗ ਕੀਤੀ।

ਮੀਟਿੰਗ 'ਚ ਨੌਜਵਾਨਾਂ ਅਤੇ ਬੇਰੁਜ਼ਗਾਰੀ ਸਬੰਧੀ ਅਹਿਮ ਫੈਸਲੇ ਲਏ ਗਏ। ਊਧਮ ਸਿੰਘ ਨਗਰ ਜ਼ਿਲ੍ਹੇ ਦੇ ਖਟੀਮਾ ਤੋਂ ਦੋ ਵਾਰ ਵਿਧਾਇਕ ਬਣੇ ਧਾਮੀ ਤੀਰਥ ਸਿੰਘ ਰਾਵਤ ਦੀ ਥਾਂ ਲੈਣਗੇ ਜਿਨ੍ਹਾਂ ਅਸਤੀਫਾ ਦੇ ਦਿੱਤਾ ਸੀ। ਨਵੇਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਮਹਾਰਾਸ਼ਟਰ ਦੇ ਰਾਜਪਾਲ ਤੇ ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ ਦੇ ਨੇੜੇ ਮੰਨੇ ਜਾਂਦੇ ਹਨ। ਕੋਸ਼ਿਆਰੀ ਨਵੇਂ ਮੁੱਖ ਮੰਤਰੀ ਦੇ ਸਿਆਸੀ ਗੁਰੂ ਵੀ ਹਨ। ਕੋਸ਼ਿਆਰੀ ਜਦ ਉਤਰਾਖੰਡ ਦੇ ਮੁੱਖ ਮੰਤਰੀ ਸਨ ਤਾਂ ਧਾਮੀ ਉਨ੍ਹਾਂ ਦੇ ਓ.ਐਸ.ਡੀ. ਵੀ ਰਹੇ।

ਧਾਮੀ ਨੇ ਮੁੱਖ ਮੰਤਰੀ ਦਾ ਅਹੁਦਾ ਉਸ ਵੇਲੇ ਸੰਭਾਲਿਆ ਹੈ ਜਦ ਵਿਧਾਨ ਸਭਾ ਚੋਣਾਂ ਨੂੰ ਕੁਝ ਹੀ ਮਹੀਨੇ ਰਹਿ ਗਏ ਹਨ। ਉਤਰਾਖੰਡ ਵਿਚ ਚੋਣਾਂ ਅਗਲੇ ਸਾਲ ਦੇ ਸ਼ੁਰੂ ਵਿਚ ਹੋਣਗੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਪੁਸ਼ਕਰ ਧਾਮੀ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਮੁੱਖ ਮੰਤਰੀ ਧਾਮੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਆਸ ਜਤਾਈ ਕਿ ਉਹ ਸੂਬੇ ਦੇ ਲੋਕਾਂ ਦੀ ਖ਼ੁਸ਼ਹਾਲੀ ਤੇ ਤਰੱਕੀ ਲਈ ਕੰਮ ਕਰਨਗੇ। ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਵੀ ਪੁਸ਼ਕਰ ਧਾਮੀ ਨੂੰ ਮੁਬਾਰਕਬਾਦ ਦਿੱਤੀ ਹੈ। ਇਕ ਟਵੀਟ ਵਿਚ ਨੱਢਾ ਨੇ ਭਰੋਸਾ ਜਤਾਇਆ ਕਿ ਧਾਮੀ ਦੀ ਅਗਵਾਈ ਵਿਚ ਰਾਜ ਤਰੱਕੀ ਤੇ ਵਿਕਾਸ ਦੇ ਨਵੇਂ ਮੀਲ ਪੱਥਰ ਸਥਾਪਿਤ ਕਰੇਗਾ। ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਨਵੇਂ ਮੁੱਖ ਮੰਤਰੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਦੱਸਣਯੋਗ ਹੈ ਕਿ ਸੀਨੀਅਰ ਆਗੂ ਤੇ ਕੁਝ ਹੋਰ ਵਿਧਾਇਕ ਧਾਮੀ ਨੂੰ ਭਾਜਪਾ ਵਿਧਾਇਕ ਦਲ ਦਾ ਨਵਾਂ ਆਗੂ ਚੁਣੇ ਜਾਣ ਤੋਂ ਖੁਸ਼ ਨਹੀਂ ਸਨ। ਧਾਮੀ ਨੇ ਮਗਰੋਂ ਕਿਹਾ ਕਿ ਕਿਤੇ ਵੀ ਕੋਈ ਨਾਰਾਜ਼ਗੀ ਨਹੀਂ ਹੈ, ਜਿਨ੍ਹਾਂ ਦੇ ਨਾਰਾਜ਼ ਹੋਣ ਬਾਰੇ ਕਿਹਾ ਜਾ ਰਿਹਾ ਸੀ ਉਹ ਸਾਰੇ ਹਲਫ ਲੈਣ ਵੇਲੇ ਸਮਾਗਮ ਵਿਚ ਹਾਜ਼ਰ ਸਨ।

# ਰਾਖਵੇਂਕਰਨ: ਮਰਾਠਾ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਪ੍ਰਦਰਸ਼ਨ

**ਪੁਣੇ:** ਮਹਾਰਾਸ਼ਟਰ ਦੇ ਸੋਲਾਪੁਰ ਸ਼ਹਿਰ ਵਿਚ ਮਰਾਠਾ ਰਾਖਵਾਂਕਰਨ ਕਾਰਕੁਨਾਂ ਵੱਲੋਂ ਪੁਲਿਸ ਦੀ ਇਜਾਜ਼ਤ ਨਾ ਮਿਲਣ ਦੇ ਬਾਵਜੂਦ ਪ੍ਰਦਰਸ਼ਨ ਕੀਤਾ ਗਿਆ। ਉਹ ਸਰਕਾਰੀ ਨੌਕਰੀਆਂ ਤੇ ਸਿੱਖਿਆ ਵਿਚ ਮਰਾਠਿਆਂ ਲਈ ਰਾਖਵਾਂਕਰਨ ਬਹਾਲ ਕਰਨ ਦੀ ਮੰਗ ਕਰ ਰਹੇ ਸਨ। ਸੁਪਰੀਮ ਕੋਰਟ ਨੇ ਇਸ ਰਾਖਵੇਂਕਰਨ ਸਬੰਧੀ ਮਹਾਰਾਸ਼ਟਰ ਦੇ ਕਾਨੂੰਨ ਨੂੰ ਲੰਘੇ ਮਈ ਮਹੀਨੇ ਵਿਚ ਰੱਦ ਕਰ ਦਿੱਤਾ ਸੀ।

ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਵਿਧਾਨ ਪ੍ਰੀਸ਼ਦ ਦੇ ਸਾਬਕਾ ਮੈਂਬਰ ਨਰੇਂਦਰ ਪਾਟਿਲ ਦੀ ਅਗਵਾਈ ਹੇਠ ਕੱਢੇ ਗਏ 'ਮਰਾਠਾ ਆਕਰੋਸ਼ ਮੋਰਚਾ' ਵਿਚ ਘੱਟੋ-ਘੱਟ 3,000 ਲੋਕ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਕੋਵਿਡ ਨੇਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਪ੍ਰਬੰਧਕਾਂ ਖ਼ਿਲਾਫ ਕੇਸ ਦਰਜ ਕੀਤੇ ਜਾਣਗੇ।

ਸ਼ਹਿਰ ਵਿਚ ਛਤਰਪਤੀ ਸੰਭਾਜੀ ਮਹਾਰਾਜ ਦੇ ਬੁੱਤ ਨੇੜੇ ਪ੍ਰਦਰਸ਼ਨ ਵਾਲੀ ਥਾਂ ਤੱਕ ਮਰਾਠਾ ਪੱਖੀ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਪਹੁੰਚਣ ਤੋਂ ਰੋਕਣ ਲਈ ਪੁਲਿਸ ਨੇ ਸੋਲਾਪੁਰ ਤੱਕ ਆਉਣ ਵਾਲਿਆਂ ਵੱਖ-ਵੱਖ ਸੜਕਾਂ 'ਤੇ ਬੈਰੀਕੇਡ ਤੇ ਭਾਰੀ ਸੁਰੱਖਿਆ ਲਗਾਈ ਹੋਈ ਸੀ। ਹਾਲਾਂਕਿ, ਇਨ੍ਹਾਂ ਸਾਰੇ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਵੱਡੀ ਗਿਣਤੀ ਪ੍ਰਦਰਸ਼ਨਕਾਰੀ ਪ੍ਰਦਰਸ਼ਨ ਵਾਲੀ ਥਾਂ ਤੱਕ ਪਹੁੰਚਣ ਵਿਚ ਸਫਲ ਰਹੇ।




ਇਹ ਰੋਸ ਮਾਰਚ ਛਤਰਪਤੀ ਸੰਭਾਜੀ ਮਹਾਰਾਜ ਦੇ ਬੁੱਤ ਤੋਂ ਸ਼ੁਰੂ ਹੋ ਕੇ ਕਰੀਬ ਇਕ ਕਿਲੋਮੀਟਰ ਦੂਰ ਲੱਗੇ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਬੁੱਤ ਕੋਲ ਪਹੁੰਚ ਕੇ ਸਮਾਪਤ ਹੋਇਆ। ਇਸ ਦੌਰਾਨ ਆਗੂਆਂ ਵੱਲੋਂ ਭਾਸ਼ਣ ਵੀ ਦਿੱਤੇ ਗਏ। ਉਪਰੰਤ ਵੱਖ-ਵੱਖ ਮਰਾਠਾ ਜਥੇਬੰਦੀਆਂ ਦੇ ਮੈਂਬਰਾਂ ਨੇ ਆਪਣੀਆਂ ਮੰਗਾਂ ਸਬੰਧੀ ਇਕ ਮੰਗ ਪੱਤਰ ਜ਼ਿਲ੍ਹਾ ਕੁਲੈਕਟਰ ਨੂੰ ਸੌਂਪਿਆ।

# ਕਾਂਗਰਸ ਯੂ. ਪੀ. ਚੋਣਾਂ ਇਕੱਲਿਆਂ ਹੀ ਲੜੇਗੀ

**ਲਖਨਊ:** ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਗੱਠਜੋੜ ਦੀ ਸੰਭਾਵਨਾ ਨਕਾਰੇ ਜਾਣ ਦੇ ਕੁਝ ਦਿਨਾਂ ਮਗਰੋਂ ਕਾਂਗਰਸ ਦੀ ਪ੍ਰਦੇਸ਼ ਇਕਾਈ ਦੇ ਮੁਖੀ ਅਜੈ ਕੁਮਾਰ ਲੱਲੂ ਨੇ ਭਰੋਸਾ ਜ਼ਾਹਿਰ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਦੋਹਾਂ ਨਾਲ ਗੱਠਜੋੜ ਕੀਤੇ ਬਿਨਾਂ ਚੋਣਾਂ ਲੜਨ ਦੇ ਸਮਰੱਥ ਹੈ ਅਤੇ ਸੂਬੇ 'ਚ ਕਾਂਗਰਸ ਇਕੱਲਿਆਂ ਹੀ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਕਾਂਗਰਸ ਉੱਤਰ ਪ੍ਰਦੇਸ਼ 'ਚ ਅਗਲੇ ਸਾਲ ਚੋਣਾਂ ਪ੍ਰਿਅੰਕਾ ਗਾਂਧੀ ਵਾਡਰਾ ਦੀ ਦੇਖ-ਰੇਖ ਹੇਠ ਲੜੇਗੀ ਅਤੇ ਤਿੰਨ ਦਹਾਕਿਆਂ ਮਗਰੋਂ ਪਾਰਟੀ ਸੂਬੇ 'ਚ ਵਾਪਸੀ ਕਰੇਗੀ।

ਉਧਰ, ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਪਾਰਟੀ ਵਰਕਰਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਦੇਸ਼ ਦੇ ਲੋਕਾਂ ਨਾਲ ਖੜ੍ਹੇ ਹੋਣ ਅਤੇ ਆਪਣੇ ਦੁੱਖ-ਦਰਦ ਸਾਂਝੇ ਕਰਨ। ਲਖਨਊ ਅਤੇ ਮਥੁਰਾ 'ਚ ਪਾਰਟੀ ਵਰਕਰਾਂ ਦੇ ਦੋ ਦਿਨੀ ਸਿਖਲਾਈ ਪ੍ਰੋਗਰਾਮ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਪ੍ਰਿਅੰਕਾ ਨੇ ਕਿਹਾ ਕਿ ਕਾਂਗਰਸ ਵਰਕਰਾਂ ਨੂੰ ਭਾਜਪਾ ਸਰਕਾਰ ਖ਼ਿਲਾਫ ਮਹਿੰਗਾਈ,



ਬੇਰੁਜ਼ਗਾਰੀ, ਪੈਟਰੋਲ, ਡੀਜ਼ਲ ਅਤੇ ਗੈਸ ਦੀਆਂ ਵਧ ਰਹੀਆਂ ਕੀਮਤਾਂ ਖ਼ਿਲਾਫ ਰੋਸ ਪ੍ਰਦਰਸ਼ਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰ ਅਤੇ ਯੂਪੀ ਸਰਕਾਰ ਦੀਆਂ ਜਨ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ। ਪ੍ਰਿਅੰਕਾ ਨੇ ਕਿਹਾ ਕਿ ਪਾਰਟੀ ਸੰਗਠਨ ਅਤੇ ਵਰਕਰਾਂ ਵੱਲੋਂ ਗਈ ਰਾਏ ਵਿਧਾਨ ਸਭਾ ਚੋਣਾਂ ਲਈ ਅਹਿਮ ਹੋਵੇਗੀ। ਕਾਂਗਰਸ ਜਨਰਲ ਸਕੱਤਰ ਨੇ ਬੂਥ ਪੱਧਰ 'ਤੇ ਧਿਆਨ ਦੇਣ ਅਤੇ ਸੋਸ਼ਲ ਮੀਡੀਆ ਉੱਤੇ ਸਰਗਰਮ ਰਹਿਣ 'ਤੇ ਵੀ ਜ਼ੋਰ ਦਿੱਤਾ।

## ਸਪਾ ਤੇ ਆਪ ਵਿਚਾਲੇ ਗਠਜੋੜ ਹੋਣ ਦੀ ਸੰਭਾਵਨਾ

**ਲਖਨਊ:** ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਅਤੇ ਉੱਤਰ ਪ੍ਰਦੇਸ਼ ਬਾਰੇ ਪਾਰਟੀ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨਾਲ ਮੁਲਾਕਾਤ ਕੀਤੀ। ਇਸ ਬੈਠਕ ਤੋਂ ਬਾਅਦ ਰਾਜਨੀਤਕ ਕਿਆਸਅਰਾਈਆਂ ਤੇਜ਼ ਹੋ ਗਈਆਂ ਹਨ। ਸੰਜੇ ਸਿੰਘ ਨੇ ਅਖਿਲੇਸ਼ ਨਾਲ ਮੁਲਾਕਾਤ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਸਪਾ ਪ੍ਰਧਾਨ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਰਾਜ ਦੀ ਮੌਜੂਦਾ ਰਾਜਨੀਤਕ ਸਥਿਤੀ ਬਾਰੇ ਵਿਚਾਰ ਵਟਾਂਦਰੇ ਕੀਤੇ। ਕਿਆਸ ਲੱਗ ਰਹੇ ਹਨ ਕਿ ਅਗਾਮੀ ਰਾਜ ਵਿਧਾਨ ਸਭਾ ਚੋਣਾਂ ਵਿਚ ਦੋਵੇਂ ਪਾਰਟੀਆਂ ਚੋਣ ਗਠਜੋੜ ਕਰ ਸਕਦੀਆਂ ਹਨ।

# ਗਰਮੀ ਨੇ ਕੱਢੇ ਵੱਟ; ਸੈਲਾਨੀਆਂ ਨੇ ਹਿਮਾਚਲ ਵੱਲ ਘੱਤੀਆਂ ਵਹੀਰਾਂ

**ਸ਼ਿਮਲਾ:** ਮੈਦਾਨੀ ਇਲਾਕਿਆਂ ਵਿਚ ਗਰਮੀ ਦਾ ਕਹਿਰ ਵਧਣ ਅਤੇ ਦੇਸ਼ ਭਰ ਵਿਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਮੱਧਮ ਪੈਣ ਤੋਂ ਬਾਅਦ ਸੈਲਾਨੀਆਂ ਨੇ ਹਿਮਾਚਲ ਪ੍ਰਦੇਸ਼ ਵੱਲ ਵਹੀਰਾਂ ਘੱਤ ਦਿੱਤੀਆਂ ਹਨ। ਅਤਿ ਦੀ ਗਰਮੀ ਤੋਂ ਰਾਹਤ ਪਾਉਣ ਲਈ ਲੋਕ ਵੱਡੀ ਗਿਣਤੀ ਵਿਚ ਪਹਾੜੀ ਰਾਜ ਹਿਮਾਚਲ ਪ੍ਰਦੇਸ਼ ਦੇ ਸੈਰ-ਸਪਾਟੇ ਵਾਲੇ ਸਥਾਨਾਂ ਜਿਵੇਂ ਕਿ ਸ਼ਿਮਲਾ, ਕੁਫਰੀ, ਨਾਰਕੰਡਾ, ਡਲਹੌਜ਼ੀ, ਮਨਾਲੀ, ਲਾਹੌਲ ਪਹੁੰਚ ਰਹੇ ਹਨ।

ਟੂਰਿਜ਼ਮ ਇੰਡਸਟਰੀ ਸਟੇਕਹੋਲਡਰ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਸੇਠ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿਚ ਹੋਟਲਾਂ 'ਚ ਸੈਲਾਨੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਪਰ ਅਗਲੇ ਦਿਨਾਂ ਵਿਚ ਇੱਥੇ ਹੋਰ ਸੈਲਾਨੀ ਪਹੁੰਚ ਸਕਦੇ ਹਨ। ਉਨ੍ਹਾਂ ਕਿਹਾ, "ਹਫਤੇ ਦੇ ਅਖੀਰ ਵਿਚ ਹੋਟਲਾਂ ਦੇ ਕਰੀਬ 60 ਤੋਂ 90 ਫੀਸਦ ਕਮਰੇ ਬੁੱਕ ਹੋ ਜਾਂਦੇ ਹਨ ਜਦਕਿ ਹੋਰ ਦਿਨਾਂ ਦੌਰਾਨ 40-45 ਫੀਸਦ ਕਮਰੇ ਬੁੱਕ ਰਹਿੰਦੇ ਹਨ। ਸ਼ਿਮਲਾ ਹੋਟਲ ਤੇ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਸੰਜੈ ਸੂਦ ਨੇ ਕਿਹਾ ਕਿ ਹਾਲ ਹੀ ਵਿਚ ਹਿਮਾਚਲ ਪ੍ਰਦੇਸ਼ 'ਚ ਦਾਖਲ ਹੋਣ ਲਈ ਆਰ.ਟੀ.ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਅਤੇ ਈ-ਕੋਵਿਡ ਪਾਸ ਦੀ ਸ਼ਰਤ ਹਟਾਏ ਜਾਣ ਤੋਂ ਬਾਅਦ ਸੂਬੇ ਵਿਚ ਸੈਰ-ਸਪਾਟਾ ਖੇਤਰ ਨੂੰ



ਹੁਲਾਰਾ ਮਿਲਿਆ ਹੈ। ਸ੍ਰੀ ਸੂਦ ਨੇ ਕਿਹਾ ਕਿ ਸਾਰੇ ਹੋਟਲਾਂ ਵਿਚ ਪਿਛਲੇ ਇਕ ਸਾਲ ਤੋਂ ਵੱਧ ਸਮੇਂ ਤੋਂ ਕੋਵਿਡ-19 ਸਬੰਧੀ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਦਿਨਾਂ ਵਿਚ ਸੈਲਾਨੀਆਂ ਦੀ ਗਿਣਤੀ 'ਚ ਵਾਧਾ ਹੋ ਸਕਦਾ ਹੈ।

ਹਿਮਾਚਲ ਦੇ ਕੁੱਲੂ ਜ਼ਿਲ੍ਹੇ ਵਿਚ ਸਥਿਤ ਅਟਲ ਸੁਰੰਗ ਰੋਹਤਾਂਗ (ਏ.ਟੀ.ਆਰ.) ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ। ਪਿਛਲੇ ਐਤਵਾਰ ਰਿਕਾਰਡ 6400 ਵਾਹਨ ਇਸ ਸੁਰੰਗ ਤੋਂ ਲੰਘੇ ਸਨ। ਲਾਹੌਲ-ਸਪਿਤੀ ਦੇ ਐਸਪੀ ਮਾਨਵ ਵਰਮਾ ਨੇ ਕਿਹਾ ਕਿ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਨੂੰ 2001 ਵਾਹਨ ਇਸ ਸੁਰੰਗ ਤੋਂ ਲੰਘੇ ਸਨ।

# ਕੇਜਰੀਵਾਲ ਦੇ ਮੁਫਤ ਬਿਜਲੀ ਦੇ ਵਾਅਦੇ ਨੇ ਲਿਆਂਦਾ ਸਿਆਸੀ ਤੂਫਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਲੰਘੇ ਦਿਨੀਂ ਪੰਜਾਬ ਦੇ ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਦਿੱਤੇ ਜਾਣ ਦੇ ਵਾਅਦੇ ਨੇ ਸਿਆਸਤ ਭਖਾ ਦਿੱਤੀ ਹੈ। ਪੰਜਾਬ ਦੇ ਲੋਕਾਂ ਨੂੰ 300 ਯੂਨਿਟ ਬਿਜਲੀ ਮੁਫਤ ਦੇਣ ਲਈ ਹੁਣ ਕਾਂਗਰਸੀ ਆਗੂਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਸਰਕਾਰ ਮੌਜੂਦਾ ਸਮੇਂ 'ਚ ਐਸ.ਸੀ/ਬੀ.ਸੀ/ਬੀ.ਪੀ.ਐਲ. ਅਤੇ ਫਰੀਡਮ ਫਾਈਟਰ ਪਰਿਵਾਰਾਂ ਨੂੰ 200 ਯੂਨਿਟ ਬਿਜਲੀ ਮੁਫਤ ਦੇ ਰਹੀ ਹੈ।

ਕਾਂਗਰਸ ਆਗੂ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਦਾ ਨਾਮ ਲਏ ਬਿਨਾਂ ਆਪਣੇ ਟਵੀਟ 'ਚ ਆਖਿਆ ਕਿ ਘਰੇਲੂ ਅਤੇ ਉਦਯੋਗਿਕ ਖਪਤਕਾਰਾਂ ਨੂੰ 300 ਯੂਨਿਟ ਮੁਫਤ ਦਿੱਤੇ ਜਾਣ ਦੇ ਨਾਲ ਨਾਲ 24 ਘੰਟੇ ਬਿਜਲੀ ਸਪਲਾਈ ਲਾਜ਼ਮੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਹੈ ਕਿ ਪੰਜਾਬ ਪਹਿਲਾਂ ਹੀ 9000 ਕਰੋੜ ਰੁਪਏ ਦੀ ਸਬਸਿਡੀ ਦੇ ਰਿਹਾ ਹੈ ਪਰ ਸਰਚਾਰਜ ਕਾਰਨ ਵਧੀ ਬਿਜਲੀ ਕੀਮਤ 10 ਤੋਂ 12 ਰੁਪਏ ਦੀ ਬਜਾਏ ਘਰੇਲੂ ਅਤੇ ਉਦਯੋਗਿਕ ਖਪਤਕਾਰਾਂ ਨੂੰ 3 ਤੋਂ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਦਿੱਤੀ ਜਾਵੇ। ਸਿੱਧੂ ਨੇ ਕਿਹਾ ਕਿ ਕਾਂਗਰਸ ਹਾਈਕਮਾਨ ਵੱਲੋਂ ਦਿੱਤੇ ਲੋਕ ਪੱਖੀ 18 ਨੁਕਾਤੀ ਏਜੰਡੇ ਨੂੰ ਪੂਰਾ ਕਰਨ ਦੀ ਸ਼ੁਰੂਆਤ ਬਾਦਲਾਂ ਵੱਲੋਂ ਦਸਤਖ਼ਤ ਕੀਤੇ ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਕੇ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਧਾਨ ਸਭਾ ਦਾ ਇਜਲਾਸ ਸੱਦ ਕੇ ਕੌਮੀ ਪਾਵਰ ਐਕਸਚੇਂਜ ਅਨੁਸਾਰ ਬਿਜਲੀ ਕੀਮਤਾਂ ਬਿਨਾਂ ਕਿਸੇ ਬੱਝਵੀਂ ਲਾਗਤ ਤੋਂ ਤੈਅ ਕਰਨ ਲਈ ਕਾਨੂੰਨ ਬਣਾਇਆ ਜਾਵੇ।

ਇਸੇ ਦੌਰਾਨ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵੀ ਬਿਆਨ ਜਾਰੀ ਕਰਕੇ ਸੂਬਾ ਸਰਕਾਰ ਨੂੰ ਹਰ ਘਰ ਨੂੰ 300 ਯੂਨਿਟ ਮੁਫਤ ਬਿਜਲੀ ਸਪਲਾਈ ਦਿੱਤੇ ਜਾਣ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕੀਤੇ ਵਾਅਦੇ ਅਨੁਸਾਰ ਵਾਈਟ ਪੇਪਰ ਵੀ ਜਾਰੀ ਕਰਨਾ ਚਾਹੀਦਾ ਹੈ। ਬਾਜਵਾ ਨੇ ਕਿਹਾ ਹੈ ਕਿ ਵਿਘਨਮਈ ਬਿਜਲੀ ਸਪਲਾਈ ਦੇਣ ਕਰਕੇ ਪਾਵਰਕੌਮ ਨੂੰ ਜਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਜਿੰਮੇਵਾਰ ਅਫਸਰਾਂ ਖਿਲਾਫ ਐਕਸ਼ਨ ਲਿਆ ਜਾਵੇ। ਉਨ੍ਹਾਂ ਮੁੱਖ ਮੰਤਰੀ ਨੂੰ ਭਵਿੱਖ ਵਿਚ ਅਜਿਹੀ ਨੌਬਤ ਨਾ ਆਉਣ ਦੇਣ ਲਈ ਲੋੜੀਂਦੇ ਕਦਮ ਉਠਾਉਣ ਲਈ ਕਿਹਾ ਹੈ। ਸੂਤਰਾਂ ਮੁਤਾਬਕ ਪੰਜਾਬ ਸਰਕਾਰ 'ਚ ਅੰਦਰੋਂ ਅੰਦਰੀਂ ਸਾਰਿਆਂ ਨੂੰ 300 ਯੂਨਿਟ ਬਿਜਲੀ ਮੁਫਤ ਦਿੱਤੇ ਜਾਣ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ।

## ਬਸਪਾ ਦਾ ਬਾਦਲ ਦਲ ਨਾਲ ਸਮਝੌਤਾ ਬੇਮੇਲ: ਢੀਂਡਸਾ

**ਮਲੇਰਕੋਟਲਾ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ ਅੰਦਰ ਬਹੁਜਨ ਸਮਾਜ ਪਾਰਟੀ ਵੱਲੋਂ ਬਾਦਲ ਦਲ ਨਾਲ ਕੀਤੇ ਚੋਣ ਗੱਠਜੋੜ



ਨੂੰ ਇਕ ਬੇਮੇਲ ਤੇ ਵਕਤੀ ਚੋਣ ਸਮਝੌਤਾ ਦੱਸਦਿਆਂ ਸਪਸ਼ਟ ਕੀਤਾ ਕਿ ਬਾਦਲ ਦਲ ਬਸਪਾ ਨਾਲ ਚੋਣ ਗੱਠਜੋੜ ਕਰਕੇ ਆਪਣੀ ਡੁੱਬਦੀ ਬੇੜੀ ਬੰਨੇ ਲਾਉਣ ਲਈ ਹੱਥ ਪੈਰ ਮਾਰ ਰਿਹਾ ਹੈ ਤੇ ਬਸਪਾ ਨੂੰ ਵੀ ਚੋਣ ਨਤੀਜਿਆਂ ਤੋਂ ਬਾਅਦ ਬਾਦਲ ਦਲ ਨਾਲ ਕੀਤੇ ਸਮਝੌਤੇ 'ਤੇ ਪਛਤਾਉਣਾ ਪਵੇਗਾ।

ਦਿੱਲੀ ਦੇ ਬਾਰਡਰਾਂ ਉਤੇ ਕਿਸਾਨੀ ਸੰਘਰਸ਼ ਨੂੰ ਸਮੁੱਚੇ ਮੁਲਕ ਦੀ ਕਿਸਾਨੀ ਅਤੇ ਦੇਸ਼ ਦੇ ਸੰਘੀ ਢਾਂਚੇ ਦੀ ਰਾਖੀ ਦਾ ਸੰਘਰਸ਼ ਦੱਸਦਿਆਂ ਢੀਂਡਸਾ ਨੇ ਕਿਹਾ ਕਿ ਦਿੱਲੀ ਮੋਰਚੇ 'ਚ ਹੁਣ ਤੱਕ ਸਾਢੇ ਪੰਜ ਸੌ ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਦੇ ਬਾਵਜੂਦ ਪੱਥਰ ਦਿਲ ਕੇਂਦਰੀ ਹਕੂਮਤ ਦਾ ਟੱਸ ਤੋਂ ਮੱਸ ਨਾ ਹੋਣਾ ਬੇਹੱਦ ਦੁਖਦਾਈ ਤੇ ਨਿੰਦਣਯੋਗ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਅਪੀਲ ਕੀਤੀ ਕਿ ਦੇਸ ਦੀ ਕਿਸਾਨੀ, ਖੇਤੀ ਅਤੇ ਖੇਤੀ ਨਾਲ ਸਰੋਕਾਰ ਰੱਖਦੇ ਕਰੋੜਾਂ ਦੇਸ਼ ਵਾਸੀਆਂ ਦੇ ਭਵਿੱਖ ਨੂੰ ਬਚਾਉਣ ਲਈ ਕਿਸਾਨਾਂ ਦੀ ਇੱਛਾ ਮੁਤਾਬਕ ਖੇਤੀ ਕਾਨੂੰਨ ਤੁਰਤ ਵਾਪਸ ਲਏ ਜਾਣ।

## ਪੈਟਰੋਲ ਤੋਂ ਬਾਅਦ ਹੁਣ ਡੀਜ਼ਲ ਦੀਆਂ ਕੀਮਤਾਂ ਨੇ ਮਾਰਿਆ ਸੈਂਕੜਾ

**ਨਵੀਂ ਦਿੱਲੀ:** ਤੇਲ ਕੀਮਤਾਂ ਨਿੱਤ ਨਵੇਂ ਰਿਕਾਰਡ ਬਣਾ ਰਹੀਆਂ ਹਨ। ਪੈਟਰੋਲ ਤੋਂ ਬਾਅਦ ਹੁਣ ਡੀਜ਼ਲ ਦੀਆਂ ਕੀਮਤਾਂ ਵੀ 100 ਰੁਪਏ ਤੋਂ ਪਾਰ ਹੋਣ ਲੱਗੀਆਂ ਹਨ। ਮੱਧ ਪ੍ਰਦੇਸ਼ ਵਿਚ ਕੁਝ ਥਾਵਾਂ 'ਤੇ ਡੀਜ਼ਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਤੋਂ ਪਾਰ ਹੋ ਗਈ। ਜਦਕਿ ਸਿੱਕਿਮ ਉਹ ਨਵਾਂ ਰਾਜ ਹੈ ਜਿੱਥੇ ਪੈਟਰੋਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਤੋਂ ਵੱਧ ਗਈ ਹੈ।

ਦੱਸਣਯੋਗ ਹੈ ਕਿ ਤੇਲ ਕੀਮਤਾਂ ਵਿਚ ਇਕ ਵਾਰ ਫੇਰ ਤੋਂ ਵਾਧਾ ਕੀਤਾ ਗਿਆ ਹੈ।

ਪੈਟਰੋਲ ਦੀ ਕੀਮਤ 35 ਪੈਸੇ ਪ੍ਰਤੀ ਲਿਟਰ ਤੇ ਡੀਜ਼ਲ ਦੀ ਕੀਮਤ ਵਿਚ ਸਰਕਾਰੀ ਕੰਪਨੀਆਂ ਨੇ ਇਕ ਨੋਟੀਫਿਕੇਸ਼ਨ ਰਾਹੀਂ 18 ਪੈਸੇ ਪ੍ਰਤੀ ਲਿਟਰ ਦਾ ਵਾਧਾ ਕਰ ਦਿੱਤਾ ਹੈ। ਦੋ ਮਹੀਨਿਆਂ ਵਿਚ ਪੈਟਰੋਲ ਦੀ ਕੀਮਤ 34 ਵਾਰ ਤੇ ਡੀਜ਼ਲ ਦੀ ਕੀਮਤ 33 ਵਾਰ ਵਧਾਈ ਗਈ ਹੈ। ਦਿੱਲੀ ਵਿਚ ਪੈਟਰੋਲ ਹੁਣ 99.51 ਰੁਪਏ ਪ੍ਰਤੀ ਲਿਟਰ ਤੇ ਡੀਜ਼ਲ 89.36 ਰੁਪਏ ਪ੍ਰਤੀ ਵਿਟਰ ਵਿਕ ਰਿਹਾ ਹੈ।

ਜ਼ਿਕਰਯੋਗ ਹੈ ਕਿ ਹਰੇਕ ਸੂਬੇ ਵਿਚ ਤੇਲ ਉਤੇ ਕਈ ਤਰ੍ਹਾਂ ਦੇ ਟੈਕਸ ਲਾਏ ਜਾਂਦੇ ਹਨ ਜਿਨ੍ਹਾਂ ਵਿਚ ਵੈਟ ਵੀ ਸ਼ਾਮਲ ਹੈ। ਇਸੇ ਕਾਰਨ ਪੈਟਰੋਲ ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਜੰਮੂ ਤੇ ਕਸ਼ਮੀਰ, ਉੜੀਸਾ, ਤਾਮਿਲਨਾਡੂ, ਕੇਰਲਾ, ਬਿਹਾਰ, ਪੰਜਾਬ ਤੇ ਲੱਦਾਖ ਵਿਚ 100 ਰੁਪਏ ਪ੍ਰਤੀ ਲਿਟਰ ਤੋਂ ਵਧ ਗਿਆ ਹੈ।

ਸਿੱਕਿਮ ਵਿਚ ਪੈਟਰੋਲ 100 ਰੁਪਏ ਨੂੰ ਛੂਹ ਗਿਆ। ਗੰਗਟੋਕ ਵਿਚ ਪੈਟਰੋਲ ਦੀ ਕੀਮਤ 100.15 ਰੁਪਏ ਪ੍ਰਤੀ ਲਿਟਰ ਤੇ ਡੀਜ਼ਲ ਦੀ



ਕੀਮਤ 91.55 ਰੁਪਏ ਪ੍ਰਤੀ ਲਿਟਰ ਹੈ। ਪੈਟਰੋਲ ਮਹਾਨਗਰਾਂ- ਮੁੰਬਈ, ਚੇਨੱਈ, ਬੰਗਲੁਰੂ, ਹੈਦਰਾਬਾਦ ਤੇ ਪੁਣੇ ਵਿਚ ਵੀ 100 ਰੁਪਏ ਪ੍ਰਤੀ ਲਿਟਰ ਤੋਂ ਪਾਰ ਹੋ ਗਿਆ ਹੈ ਜਦਕਿ ਦਿੱਲੀ ਤੇ ਕੋਲਕਾਤਾ ਵਿਚ ਇਹ 99 ਰੁਪਏ ਪ੍ਰਤੀ ਲਿਟਰ ਤੋਂ ਉੱਪਰ ਵਿਕ ਰਿਹਾ ਹੈ।

ਤੇਲ ਕੀਮਤਾਂ ਲਗਾਤਾਰ ਵਧਣ ਦੇ ਮਾਮਲੇ 'ਤੇ ਤ੍ਰਿਣਮੂਲ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਖੇਧੀ ਕੀਤੀ ਹੈ ਤੇ ਹੈਰਾਨੀ ਪ੍ਰਗਟ ਕਰਦਿਆਂ ਸਵਾਲ ਕੀਤਾ ਹੈ ਕਿ ਕੀ ਪ੍ਰਧਾਨ ਮੰਤਰੀ 'ਕਿਤੇ ਛੁਪ ਗਏ ਹਨ।'

## 91 ਘੰਟਿਆਂ 'ਚ ਜੰਮੇ 100 ਤੋਂ ਵੱਧ ਬੱਚੇ

**ਟੈਕਸਸ:** ਟੈਕਸਾਸ ਦੇ ਇੱਕ ਹਸਪਤਾਲ ਵਿਚ 91 ਘੰਟਿਆਂ ਦੇ ਸਮੇਂ ਦੌਰਾਨ 100 ਤੋਂ ਵੱਧ ਬੱਚਿਆਂ ਨੇ ਜਨਮ ਲਿਆ ਹੈ, ਜੋ ਨਵਾਂ ਰਿਕਾਰਡ ਬਣਾ ਗਿਆ ਹੈ। ਟੈਕਸਾਸ ਵਿਚ ਬੇਲਰ ਸਕੌਟ ਐਂਡ ਵ੍ਹਾਈਟ ਆਲ ਸੇਂਟਸ ਮੈਡੀਕਲ ਸੈਂਟਰ, ਫੋਰਟਵਰਥ 'ਚ ਐਂਡਰਿਊਜ਼ ਵੂਮੈਨਜ਼ ਹਸਪਤਾਲ ਵਿਖੇ ਲੇਬਰ ਅਤੇ ਡਿਲਿਵਰੀ ਡਾਕਟਰਾਂ ਦੀਆਂ ਟੀਮਾਂ ਕੁੱਲ 91 ਘੰਟਿਆਂ ਦੇ ਕਰੀਬ ਵਿਅਸਥ ਰਹੀਆਂ। 24 ਜੂਨ ਨੂੰ ਹਸਪਤਾਲ ਵਿਚ 47 ਘੰਟਿਆਂ ਦੌਰਾਨ 52 ਬੱਚਿਆਂ ਨੇ ਜਨਮ ਲਿਆ ਅਤੇ ਇਸ ਦੇ ਚਾਰ ਦਿਨਾਂ ਬਾਅਦ ਹੀ, ਹੋਰ 55 ਬੱਚਿਆਂ ਨੇ ਕਰੀਬ 44 ਘੰਟਿਆਂ ਵਿਚ ਜਨਮ ਲਿਆ। ਇੰਨੀ ਵੱਡੀ ਗਿਣਤੀ ਵਿਚ ਬੱਚਿਆਂ ਦੇ ਜਨਮ ਹੋਣ ਕਾਰਨ ਹਸਪਤਾਲ ਨੇ ਇੱਕ ਰਿਕਾਰਡ ਕਾਇਮ ਕੀਤਾ ਹੈ।

ਇਸ ਤੋਂ ਪਹਿਲਾਂ 2018 ਵਿਚ ਇਸ ਹਸਪਤਾਲ 'ਚ 41 ਘੰਟਿਆਂ ਵਿਚ 48 ਬੱਚੇ ਜੰਮੇ ਸਨ। ਇਸ ਹਸਪਤਾਲ ਵਿਚ ਔਸਤਨ ਰੋਜ਼ਾਨਾ 16 ਜਣੇਪੇ ਹੁੰਦੇ ਹਨ, ਅਤੇ 2020 ਵਿਚ ਇਸ ਹਸਪਤਾਲ ਨੇ ਕਰੀਬ 6,000 ਨਵ ਜਨਮੇ ਬੱਚਿਆਂ ਦਾ ਸਵਾਗਤ ਕੀਤਾ ਸੀ।

## ਦੋ ਬੱਚਿਆਂ ਵਾਲਾ ਕਾਨੂੰਨ ਬਣਾਉਣ ਦੀ ਮੰਗ ਨੇ ਫੜਿਆ ਜ਼ੋਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਗਈ ਹੈ ਕਿ ਆਬਾਦੀ ਵਿਸਫੋਟ ਨੂੰ ਕਾਬੂ ਕਰਨ ਵਿਚ ਕੇਂਦਰ ਸਰਕਾਰ ਅਹਿਮ ਕਦਮ ਚੁੱਕੇ। ਇਹ ਵੀ ਕਿਹਾ ਗਿਆ ਹੈ ਕਿ ਦੇਸ਼ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੂਲ ਕਾਰਨ ਆਬਾਦੀ ਦਾ ਵਧਣਾ ਹੈ ਪਰ ਕੇਂਦਰ ਨੇ ਇਸ ਉਤੇ ਕਾਬੂ ਪਾਉਣ ਤੇ ਸਖਤ ਕਾਨੂੰਨ ਬਣਾਉਣ ਲਈ ਨਵੇਂ ਕਦਮ ਨਹੀਂ ਚੁੱਕੇ।

ਆਬਾਦੀ ਵਿਸਫੋਟ ਨਾਲ ਦੇਸ਼ ਦੀ ਵੱਖ-ਵੱਖ ਖੇਤਰਾਂ ਵਿਚ ਕੌਮਾਂਤਰੀ ਦਰਜਾਬੰਦੀ ਘਟੀ ਹੈ। ਇਹ ਪਟੀਸ਼ਨ ਫਿਰੋਜ਼ ਭਗਤ ਅਹਿਮਦ ਵੱਲੋਂ ਦਾਇਰ ਕੀਤੀ ਗਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਦੋ ਬੱਚਿਆਂ ਦਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਤਹਿਤ ਹੀ ਸਰਕਾਰੀ ਨੌਕਰੀਆਂ, ਸਬਸਿਡੀ, ਵੋਟ ਪਾਉਣ, ਚੋਣ ਲੜਨ ਤੇ ਹੋਰ ਸਹੂਲਤਾਂ ਮਿਲਣ। ਇਸ ਵਿਚ ਕਿਹਾ ਗਿਆ ਹੈ ਕਿ ਸਰਕਾਰ ਪੋਲੀਓ ਦਿਵਸ ਦੀ ਥਾਂ ਹਰ ਮਹੀਨੇ ਦੇ ਪਹਿਲੇ ਐਤਵਾਰ ਸਿਹਤ ਦਿਨ ਮਨਾਏ ਤੇ ਲੋਕਾਂ ਨੂੰ ਜਾਗਰੂਕ ਕਰੇ।

## ਇਜ਼ਰਾਈਲ ਤੇ ਹਮਾਸ ਵਿਚਾਲੇ ਮੁੜ ਟਕਰਾਅ

**ਗਾਜਾ:** ਇਜ਼ਰਾਇਲੀ ਲੜਾਕੂ ਜਹਾਜ਼ਾਂ ਨੇ ਗਾਜਾ ਪੱਟੀ 'ਤੇ ਹਵਾਈ ਹਮਲੇ ਕੀਤੇ। ਇਹ ਕਾਰਵਾਈ ਦੱਖਣੀ ਇਜ਼ਰਾਈਲ ਵੱਲ ਅੱਗ ਲਾਉਣ ਵਾਲੇ ਗੁਬਾਰੇ ਛੱਡਣ ਦੇ ਜਵਾਬ ਵਿਚ ਕੀਤੀ ਗਈ। ਸੁਰੱਖਿਆ ਬਲਾਂ ਮੁਤਾਬਕ ਇਜ਼ਰਾਇਲੀ ਜਹਾਜ਼ਾਂ ਨੇ ਗਾਜ਼ਾ ਸ਼ਹਿਰ ਦੇ ਦੱਖਣ ਵਿਚ ਇਕ ਫੌਜੀ ਸਿਖਲਾਈ ਚੌਕੀ 'ਤੇ ਦੋ ਮਿਜ਼ਾਈਲਾਂ ਦਾਗੀਆਂ।

ਫੌਜੀ ਚੌਕੀਆਂ ਅਲ-ਕਾਸਮ ਬ੍ਰਿਗੇਡ ਨਾਲ ਸਬੰਧਤ ਹਨ ਜੋ ਕਿ ਇਸਲਾਮਿਕ ਹਮਾਸ ਸੰਗਠਨ ਦਾ ਹਥਿਆਰਬੰਦ ਵਿੰਗ ਹੈ। ਇਸ ਤੋਂ ਇਲਾਵਾ ਉੱਤਰੀ ਤੇ ਦੱਖਣੀ ਗਾਜ਼ਾ ਵਿਚ ਵੀ ਇਜ਼ਰਾਈਲ ਨੇ ਹਮਾਸ ਦੇ ਵੱਖ-ਵੱਖ ਫੌਜੀ ਟਿਕਾਣਿਆਂ 'ਤੇ ਮਿਜ਼ਾਈਲਾਂ ਸੁੱਟੀਆਂ। ਸੂਤਰਾਂ ਮੁਤਾਬਕ ਹਮਲਿਆਂ ਵਿਚ ਕੋਈ ਜ਼ਖਮੀ ਨਹੀਂ ਹੋਇਆ ਹੈ ਹਾਲਾਂਕਿ ਹਮਾਸ ਦੇ ਟਿਕਾਣਿਆਂ ਨੂੰ ਕਾਫੀ ਨੁਕਸਾਨ ਪੁੱਜਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ 1955 ਦੇ ਸਾਕੇ ਦੀ ਯਾਦ 'ਚ ਸਮਾਗਮ

**ਅੰਮ੍ਰਿਤਸਰ:** ਦਰਬਾਰ ਸਾਹਿਬ 'ਤੇ 4 ਜੁਲਾਈ 1955 ਨੂੰ ਤਤਕਾਲੀ ਸਰਕਾਰ ਵੱਲੋਂ ਕੀਤੇ ਗਏ ਹਮਲੇ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਾਕੇ ਨਾਲ ਸਬੰਧਤ ਖੋਜ ਕਰਨ ਦਾ ਐਲਾਨ ਕੀਤਾ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 1955 ਵਿਚ ਨਹਿਰੂ ਸਰਕਾਰ ਦੇ ਹੁਕਮ 'ਤੇ ਦਰਬਾਰ ਸਾਹਿਬ ਵਿੱਚ ਪੁਲਿਸ ਭੇਜੀ ਗਈ ਸੀ ਅਤੇ ਇਹ ਹਮਲਾ ਸਿੱਖਾਂ ਦੀਆਂ ਹੱਕੀ ਮੰਗਾਂ ਦੀ ਆਵਾਜ਼ ਦਬਾਉਣ ਲਈ ਕੀਤਾ ਗਿਆ ਸੀ। ਲਗਭਗ 66 ਵਰ੍ਹਿਆਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਪਹਿਲੀ ਵਾਰ ਇਸ ਸਾਕੇ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਦਰਬਾਰ ਸਾਹਿਬ ਸਮੂਹ ਵਿਚ ਚਲਾਏ ਗਏ ਅੱਥਰੂ ਗੈਸ ਦੇ ਗੋਲਿਆਂ ਦੇ ਖੋਲ ਵੀ ਸਮਾਗਮ ਦੌਰਾਨ ਸੰਗਤ ਦਰਸ਼ਨ ਲਈ ਰੱਖੇ ਗਏ।

ਜਥੇਦਾਰ ਨੇ ਕਿਹਾ ਕਿ ਵਕਤ ਦੀਆਂ ਹਕੂਮਤਾਂ ਨੇ ਸਿੱਖਾਂ ਨੂੰ ਹਮੇਸ਼ਾ ਹੀ ਦਬਾਉਣ ਦਾ ਯਤਨ ਕੀਤਾ ਹੈ ਅਤੇ ਇਸੇ ਸਿਲਸਿਲੇ ਵਿਚ ਹੀ 4 ਜੁਲਾਈ 1955 ਨੂੰ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਗਿਆ ਸੀ। ਦੇਸ਼ ਦੀ ਆਜ਼ਾਦੀ ਮਗਰੋਂ ਜਦੋਂ ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਸੂਬੇ ਬਣੇ ਤਾਂ ਪੰਜਾਬ ਨਾਲ ਅਨਿਆਂ ਕੀਤਾ ਗਿਆ। ਇਸ ਦੇ ਵਿਰੁੱਧ ਸਿੱਖਾਂ ਵੱਲੋਂ ਹੱਕੀ ਮੰਗਾਂ ਦੀ ਚੁੱਕੀ ਅਵਾਜ਼ ਨੂੰ ਦਬਾਉਣ ਲਈ ਨਹਿਰੂ ਸਰਕਾਰ ਦੇ ਹੁਕਮ 'ਤੇ ਦਰਬਾਰ ਸਾਹਿਬ ਵਿਚ ਪੁਲਿਸ ਭੇਜੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਨੇ ਸਿੱਖਾਂ ਨਾਲ ਹਮੇਸ਼ਾ ਬੇਗਾਨਿਆਂ ਵਾਲਾ ਸਲੂਕ ਕੀਤਾ ਹੈ। ਅੰਤ ਵਿਚ ਉਨ੍ਹਾਂ ਸਿੱਖ ਕੌਮ ਨੂੰ ਇੱਕਜੁਟ ਹੋਣ ਦਾ ਸੱਦਾ ਦਿੱਤਾ।

ਬੀਬੀ ਜਗੀਰ ਕੌਰ ਨੇ ਆਖਿਆ ਕਿ ਇਸ ਸਾਕੇ ਸਬੰਧੀ ਮੁਕੰਮਲ ਖੋਜ ਕਰਵਾ ਕੇ ਇਸ ਦਾ ਸੰਗ੍ਰਹਿ ਤਿਆਰ ਕੀਤਾ ਜਾਵੇਗਾ। ਸਾਕੇ ਨਾਲ ਸਬੰਧਤ ਤਸਵੀਰਾਂ ਵੀ ਇਸ ਦਾ ਹਿੱਸਾ ਹੋਣਗੀਆਂ। ਉਸ ਸਮੇਂ ਦੇ ਚਸ਼ਮਦੀਦਾਂ ਦੀ ਭਾਲ ਕਰ ਕੇ ਉਨ੍ਹਾਂ ਦੀਆਂ ਯਾਦਾਂ ਸੰਭਾਲਣ ਦਾ ਯਤਨ ਕੀਤਾ ਜਾਵੇਗਾ।

## ਵਿਦਿਆ ਬਾਲਨ, ਏਕਤਾ ਕਪੂਰ ਤੇ ਸ਼ੋਭਾ ਕਪੂਰ ਨੂੰ ਆਸਕਰ ਅਕੈਡਮੀ ਤੋਂ ਸੱਦਾ

**ਲਾਸ ਏਂਜਲਸ:** ਅਕੈਡਮੀ ਆਫ ਮੋਸ਼ਨ ਪਿਕਚਰਜ ਆਰਟਸ ਐਂਡ ਸਾਇੰਸਿਜ (ਏ.ਐਮ.ਬੀ.ਏ.ਐਸ.) ਨੇ ਇਸ ਸਾਲ ਬੌਲੀਵੁੱਡ ਅਦਾਕਾਰਾ ਵਿਦਿਆ ਬਾਲਨ, ਫਿਲਮਸਾਜ਼ ਏਕਤਾ ਕਪੂਰ ਅਤੇ ਉਸ ਦੀ ਮਾਂ ਸ਼ੋਭਾ ਕਪੂਰ ਸਣੇ 395 ਨਵੇਂ ਮੈਂਬਰਾਂ ਵਜੋਂ ਸੱਦਾ ਪੱਤਰ ਭੇਜੇ ਹਨ। ਆਸਕਰ ਅਕੈਡਮੀ ਦੀ ਵੈੱਬਸਾਈਟ ਅਨੁਸਾਰ ਇਸ ਵਾਰ 50 ਦੇਸਾਂ ਦੇ ਉਨ੍ਹਾਂ ਕਲਾਕਾਰਾਂ ਅਤੇ ਐਗਜੀਕਿਊਟਿਵਸ ਨੂੰ ਸੱਦਿਆ ਗਿਆ ਹੈ ਜਿਨ੍ਹਾਂ ਨੇ 'ਥੀਏਟਰੀਕਲ ਮੋਸ਼ਨ ਪਿਕਚਰਜ' ਲਈ ਯੋਗਦਾਨ ਪਾ ਕੇ ਨਾਮਣਾ ਖੱਟਿਆ ਹੈ।

ਜਾਣਕਾਰੀ ਅਨੁਸਾਰ ਹਾਲ ਹੀ ਵਿਚ ਐਮਾਜੋਨ ਪ੍ਰਾਈਮ ਵੀਡੀਓ ਮੂਵੀ ਉਤੇ 'ਸ਼ੇਰਨੀ' ਵਿਚ ਨਜ਼ਰ ਆਉਣ ਵਾਲੀ ਅਦਾਕਾਰਾ ਵਿਦਿਆ ਬਾਲਨ ਸਾਲ 2021 ਦੀ ਕਲਾਸ ਵਿਚ ਸ਼ਾਮਲ ਹੋਈ ਹੈ, ਜਿਸ ਵਿਚ ਹੌਲੀਵੁੱਡ ਹਸਤੀਆਂ ਜੈਨੇਟ ਜੈਕਸਨ, ਰੌਬਰਟ ਪੈਟੀਸਨ, ਐਚ.ਈ.ਆਰ., ਹੈਨਰੀ ਗੋਲਡਿੰਗ ਅਤੇ ਈਜਾ ਗੋਂਜਾਲੇਜ ਮੌਜੂਦ ਹਨ। ਫਿਲਮ 'ਦਿ ਡਰਟੀ ਪਿਕਚਰ, ਉਡਤਾ ਪੰਜਾਬ ਤੇ ਵਨਸ ਅਪੌਨ ਏ ਟਾਈਮ ਇੰਨ ਮੁੰਬਈ' ਲਈ ਜਾਣੀ ਜਾਂਦੀ ਫਿਲਮਸਾਜ ਮਾਂ-ਧੀ ਏਕਤਾ ਕਪੂਰ ਤੇ ਸ਼ੋਭਾ ਕਪੂਰ ਦੀ ਜੋੜੀ ਨਵੇਂ ਮੈਂਬਰਾਂ ਵਜੋਂ ਸ਼ਾਮਲ ਹੋਣ ਵਾਲੇ ਪ੍ਰੋਡਿਊਸਰਾਂ ਦੀ ਸੂਚੀ ਵਿਚ ਸ਼ਾਮਲ ਹਨ।

ਆਸਕਰ ਲਈ ਨਾਮਜ਼ਦ ਯੁਹ-ਜੰਗ ਯੂ, ਏਮਰਾਲਡ ਫੇਨੈਲ, ਡੈਨ ਜਾਨਵੀ, ਮਾਰੀਆ ਬਾਕਾਲੋਵਾ, ਜੋਨ ਬੈਟਿਸਟ, ਆਂਦਰਾ ਡੇ, ਵੈਨੇਸਾ ਕਰਬੀ, ਦਾਰੀਸ ਮਾਰਡਰ, ਕ੍ਰਿਸਟਿਨਾ ਓਹ, ਕੈਂਪ ਪਾਵਰਸ, ਪਾਲ ਰਾਸੀ ਅਤੇ ਸਟੀਵਨ ਯੇਨ ਨੂੰ ਵੀ ਇਸ ਸਾਲ ਅਕੈਡਮੀ ਨੇ ਸੱਦਾ ਭੇਜਿਆ। ਜਾਣਕਾਰੀ ਅਨੁਸਾਰ ਇਸ ਤੋਂ ਪਹਿਲਾਂ ਭਾਰਤੀ ਸਿਨੇਮਾ ਜਗਤ ਦੇ ਸਿਤਾਰੇ ਤੇ ਆਸਕਰ ਜੇਤੂ ਏਆਰ ਰਹਿਮਾਨ, ਅਮਿਤਾਭ ਬੱਚਨ, ਸ਼ਾਹਰੁਖ ਖਾਨ, ਸਲਮਾਨ ਖਾਨ, ਪ੍ਰੋਡਿਊਸਰ ਆਦਿੱਤਿਆ ਚੋਪੜਾ ਅਤੇ ਗੁਨੀਤ ਮੋਂਗਾ ਆਸਕਰ ਅਕੈਡਮੀ ਦੇ ਮੈਂਬਰ ਹਨ।

## ਅਮਰੀਕੀ ਫੌਜਾਂ ਦੀ ਵਾਪਸੀ ਪਿੱਛੋਂ ਤਾਲਿਬਾਨ ਨੇ ਸਰਗਰਮੀ ਵਧਾਈ

**ਕਾਬੁਲ:** ਉਤਰੀ ਅਫ਼ਗਾਨਿਸਤਾਨ 'ਚ ਅਫਗਾਨ ਸੈਨਿਕਾਂ ਵੱਲੋਂ ਮੋਰਚੇ ਛੱਡ ਕੇ ਭੱਜਣ ਤੋਂ ਬਾਅਦ ਉਥੇ ਤਾਲਿਬਾਨ ਦੀਆਂ ਸਰਗਰਮੀਆਂ ਤੇਜ ਹੋ ਗਈਆਂ ਹਨ ਅਤੇ ਰਾਤੋਂ-ਰਾਤ ਉਸ ਨੇ ਕਈ ਜਿਲ੍ਹਿਆਂ 'ਤੇ ਆਪਣਾ ਕਬਜ਼ਾ ਜਮ੍ਹਾਂ ਲਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੈਂਕੜੇ ਅਫਗਾਨ



ਸੈਨਿਕ ਸਰਹੱਦ ਪਾਰ ਕਰਕੇ ਤਜਾਕਿਸਤਾਨ ਚਲੇ ਗਏ ਹਨ। ਤਜਾਕਿਸਤਾਨ ਦੀ ਕੌਮੀ ਸੁਰੱਖਿਆ ਬਾਰੇ ਕਮੇਟੀ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਤਾਲਿਬਾਨ ਦੇ ਸਰਹੱਦ ਵੱਲ ਵਧਣ ਦੌਰਾਨ 300 ਤੋਂ ਜਿਆਦਾ ਅਫਗਾਨ ਸੈਨਿਕ ਬਦਖਸ਼ਾਂ ਪ੍ਰਾਂਤ ਤੋਂ ਦੇਸ਼ ਦੀ ਸਰਹੱਦ ਅੰਦਰ ਦਾਖਲ ਹੋਏ। ਬਿਆਨ ਮੁਤਾਬਕ,"ਮਨੁੱਖਤਾ ਅਤੇ ਚੰਗੇ ਗੁਆਂਢੀ ਹੋਣ ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ ਤਾਜਿਕ ਅਧਿਕਾਰੀਆਂ ਨੇ ਪਿੱਛੇ ਹਟ ਰਹੇ ਅਫ਼ਗਾਨਿਸਤਾਨ ਦੇ ਫੌਜੀਆਂ ਨੂੰ ਆਪਣੀ ਸਰਹੱਦ ਅੰਦਰ ਦਾਖਲ ਹੋਣ ਦਿੱਤਾ।"

ਅਪਰੈਲ 'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਅਫ਼ਗਾਨਿਸਤਾਨ 'ਚੋਂ ਫੌਜਾਂ ਹਟਾਉਣ ਦੇ ਐਲਾਨ ਮਗਰੋਂ ਤਾਲਿਬਾਨ ਨੇ ਪੂਰੇ ਦੇਸ਼ 'ਚ ਆਪਣੀ ਸਰਗਰਮੀਆਂ ਵਧਾ ਦਿੱਤੀਆਂ ਹਨ। ਤਾਲਿਬਾਨ ਨੂੰ ਸਭ ਤੋਂ ਜਿਆਦਾ ਫਾਇਦਾ ਮੁਲਕ ਦੇ ਉੱਤਰੀ ਖਿੱਤੇ 'ਚ ਹੋਇਆ ਜੋ ਅਮਰੀਕੀ ਸਮਰਥਨ ਵਾਲੇ ਲੜਾਕਿਆਂ ਦਾ ਗੜ੍ਹ ਸੀ ਜਿਸ ਨੇ 2001 'ਚ ਤਾਲਿਬਾਨ ਨੂੰ ਹਰਾਉਣ 'ਚ ਸਹਾਇਤਾ ਕੀਤੀ ਸੀ। ਅਫ਼ਗਾਨਿਸਤਾਨ ਦੇ 421 ਜਿਲ੍ਹਿਆਂ ਅਤੇ ਜਿਲ੍ਹਾ ਕੇਂਦਰਾਂ 'ਚੋਂ ਇਕ ਤਿਹਾਈ 'ਤੇ ਹੁਣ ਤਾਲਿਬਾਨ ਦਾ ਕਬਜ਼ਾ ਹੈ। ਸੂਬਾਈ ਕਾਊਂਸਿਲ ਮੈਂਬਰ ਮੋਹਿਬ-ਉਲ ਰਹਿਮਾਨ ਨੇ ਕਿਹਾ ਕਿ ਜ਼ਿਆਦਾਤਰ ਜਿਲ੍ਹਿਆਂ 'ਚ ਲੜਾਈ ਤੋਂ ਬਿਨਾਂ ਹੀ ਤਾਲਿਬਾਨ ਅੱਗੇ ਆਤਮ ਸਮਰਪਣ ਕਰ ਦਿੱਤਾ ਗਿਆ ਹੈ। ਪਿਛਲੇ ਤਿੰਨ ਦਿਨਾਂ 'ਚ 10 'ਚੋਂ ਅੱਠ ਜਿਲ੍ਹੇ ਬਿਨਾਂ ਲੜਾਈ ਦੇ ਤਾਲਿਬਾਨ ਨੇ ਹਥਿਆ ਲਏ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਜੁਲਾਈ 2021*

# ਸਿਆਸਤ ਦਾ ਸੰਕਟ

ਇਹ ਭਾਵੇਂ ਪੰਜਾਬ ਦੀ ਸਰਕਾਰ ਹੋਵੇ ਜਾਂ ਕੇਂਦਰ ਦੀ, ਤੇ ਭਾਵੇਂ ਭਾਰਤ ਦੇ ਕਿਸੇ ਹੋਰ ਸੂਬੇ ਦੀ, ਹਰ ਥਾਂ ਇਹੀ ਤੱਥ ਸਾਹਮਣੇ ਆ ਰਿਹਾ ਹੈ ਕਿ ਸਰਕਾਰਾਂ ਦੀ ਨਾਅਹਿਲੀਅਤ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਪੰਜਾਬ ਵਿਚ ਬਿਜਲੀ ਸੰਕਟ ਸਿਖਰ ‘ਤੇ ਪੁੱਜ ਗਿਆ। ਮਸਲਾ ਵਿਚੋਂ ਇਹੀ ਸੀ ਕਿ ਬਿਜਲੀ ਦੀ ਮੰਗ ਅਤੇ ਸਪਲਾਈ ਦਾ ਹਿਸਾਬ-ਕਿਤਾਬ ਲਾ ਕੇ ਲੋੜੀਂਦਾ ਪ੍ਰਬੰਧ ਨਹੀਂ ਕੀਤਾ ਗਿਆ। ਸਰਕਾਰ ਅਤੇ ਸਰਕਾਰੀ ਅਫਸਰਾਂ ਨੂੰ ਇਹ ਖਬਰ ਹੀ ਸੀ ਕਿ 10 ਜੂਨ ਤੋਂ ਝੋਨੇ ਦੀ ਲੁਆਈ ਦੇ ਮੱਦੇਨਜ਼ਰ ਬਿਜਲੀ ਦੀ ਮੰਗ ਵਿਚ ਵਾਧਾ ਹੋਣਾ ਹੈ। ਗਰਮੀ ਕਾਰਨ ਘਰਾਂ ਅਤੇ ਦਫਤਰਾਂ ਵਿਚ ਚੱਲਦੇ ਬਿਜਲੀ ਯੰਤਰਾਂ ਲਈ ਬਿਜਲੀ ਦੀ ਸਪਲਾਈ ਵੀ ਵਧਣੀ ਹੀ ਸੀ। ਕੁਝ ਕਾਰਨਾਂ ਕਰਕੇ ਬਿਜਲੀ ਦੀ ਪੈਦਾਵਾਰ ਤਾਂ ਘਟੀ ਹੈ ਪਰ ਬਿਜਲੀ ਚੋਰੀ ਰੋਕਣ ਲਈ ਕੋਈ ਉਚੇਚ ਨਹੀਂ ਕੀਤਾ ਗਿਆ। ਮਾਹਿਰ ਵਾਰ-ਵਾਰ ਇਹ ਤੱਥ ਸਾਹਮਣੇ ਰੱਖ ਚੁੱਕੇ ਹਨ ਕਿ ਬਿਜਲੀ ਚੋਰੀ ਰੋਕਣ ਨਾਲ ਇਸ ਮਸਲੇ ਦਾ ਅੱਧਾ ਹੱਲ ਝੱਟ ਨਿੱਕਲ ਆਉਂਦਾ ਹੈ ਪਰ ਪ੍ਰਸ਼ਾਸਨਿਕ ਉਕਾਈਆਂ ਨੇ ਲੋੜ ਵੇਲੇ ਕਿਸਾਨਾਂ ਨੂੰ ਵੀ ਤੰਗ ਕੀਤਾ ਅਤੇ ਘਰੇਲੂ ਖਪਤਕਾਰ ਵੀ ਔਖੇ ਹੋਏ। ਹੁਣ ਸਰਕਾਰ ਨੇ ਸਨਅਤਾਂ ਉਤੇ ਕਟੌਤੀ ਥੋਪ ਦਾ ਮਸਲੇ ਦਾ ਹੱਲ ਲੱਭਣ ਦਾ ਯਤਨ ਕੀਤਾ ਹੈ। ਇਸ ਨਾਲ ਸਨਅਤਕਾਰ ਵੀ ਸਰਕਾਰ ਦੀ ਇਸ ਨਾਅਹਿਲੀਅਤ ਦੇ ਲਪੇਟੇ ਵਿਚ ਆ ਗਏ ਹਨ। ਲੋਕ ਹੁਣ ਬਿਜਲੀ ਖਾਤਰ ਸੜਕਾਂ ਉਤੇ ਅਤੇ ਬਿਜਲੀ ਗਰਿੱਡਾਂ ਅੱਗੇ ਰੋਸ ਮੁਜ਼ਾਹਰੇ ਕਰ ਰਹੇ ਹਨ। ਅਸਲ ਵਿਚ ਰਾਜ ਕਰ ਰਹੀ ਪਾਰਟੀ ਦੇ ਆਗੂਆਂ ਦਾ ਸਾਰਾ ਧਿਆਨ ਪਾਰਟੀ ਦੇ ਅੰਦਰੂਨੀ ਕਲੇਸ਼ ਵੱਲ ਲੱਗਿਆ ਹੋਇਆ ਸੀ। ਉਂਜ ਵੀ ਪਿਛਲੇ ਸਾਢੇ ਚਾਰ ਸਾਲ ਤੋਂ ਜਦੋਂ ਤੋਂ ਕੈਪਟਨ ਸਰਕਾਰ ਪੰਜਾਬ ਵਿਚ ਹੋਂਦ ਵਿਚ ਆਈ ਹੈ, ਲੋਕਾਂ ਦੇ ਮਸਲਿਆਂ ਵੱਲ ਧਿਆਨ ਘੱਟ ਹੀ ਦਿੱਤਾ ਗਿਆ ਹੈ। ਹੋਰ ਤਾਂ ਹੋਰ, ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦੇ ਵੀ ਪੂਰੇ ਨਹੀਂ ਕੀਤੇ ਗਏ।

ਅਜੇ ਬਹੁਤੇ ਦਿਨ ਨਹੀਂ ਹੋਏ, ਸਰਕਾਰਾਂ ਦੀ ਅਜਿਹੀ ਨਾਅਹਿਲੀਅਤ ਕਰੋਨਾ ਵਾਇਰਸ ਦੀ ਦੂਜੀ ਲਹਿਰ ਕਾਰਨ ਸਾਹਮਣੇ ਆਈ ਸੀ। ਇਸ ਨੇ ਕੇਂਦਰ ਵਿਚਲੀ ਮੋਦੀ ਸਰਕਾਰ ਦੇ ਸਭ ਦਾਅਵੇ ਝੂਠੇ ਪਾ ਦਿੱਤੇ। ਉਨ੍ਹਾਂ ਦਿਨਾਂ ਵਿਚ ਕਰੋਨਾ ਮਰੀਜ਼ਾਂ ਲਈ ਹਸਪਤਾਲਾਂ ਵਿਚ ਥਾਂ ਨਹੀਂ ਸੀ। ਸੜਕਾਂ ਉਤੇ ਰੁਲਦੇ ਮਰੀਜ਼ ਆਮ ਦੇਖੇ ਗਏ। ਇਸ ਤੋਂ ਬਾਅਦ ਆਕਸੀਜਨ ਦੀ ਘਾਟ ਦੇ ਸੰਕਟ ਨੇ ਰਹਿੰਦੀ-ਖੂੰਹਦੀ ਕਸਰ ਕੱਢ ਦਿੱਤੀ। ਕਰੋਨਾ ਵਾਇਰਸ ਦੀ ਮਾਰ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਇਕ ਸਾਲ ਦੌਰਾਨ ਮੁਲਕ ਭਰ ਵਿਚ 167 ਆਕਸੀਨ ਪਲਾਂਟ ਲਾਉਣ ਲਈ ਫੰਡ ਮਨਜ਼ੂਰ ਕੀਤੇ ਸਨ ਪਰ ਇਕ ਸਾਲ ਵਿਚ ਸਿਰਫ 33 ਆਕਸੀਜਨ ਪਲਾਂਟ ਹੀ ਲਗਾਏ ਗਏ। ਹਜ਼ਾਰਾਂ ਲੋਕ ਆਕਸੀਜਨ ਦੀ ਘਾਟ ਕਾਰਨ ਮਾਰੇ ਗਏ। ਇਸੇ ਪ੍ਰਸੰਗ ਵਿਚ ਸਰਕਾਰ ਦੀ ਟੀਕਾਕਰਨ ਦੀ ਨੀਤੀ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ। ਬਹੁਤ ਸਾਰੇ ਸੂਬਿਆਂ ਵਿਚ ਵੈਕਸੀਨ ਖਤਮ ਹੋਣ ਦੇ ਕਗਾਰ ‘ਤੇ ਪੁੱਜ ਗਈ। ਉਸ ਵੇਲੇ ਮੋਦੀ ਸਰਕਾਰ ਨੂੰ ਵਾਰ-ਵਾਰ ਇਕ ਹੀ ਸਵਾਲ ਕੀਤਾ ਗਿਆ ਕਿ ਆਪਣੇ ਮੁਲਕ ਵਿਚ ਵੈਕਸੀਨ ਦੀ ਲੋੜ ਹੋਣ ਦੇ ਬਾਵਜੂਦ ਵਿਦੇਸ਼ਾਂ ਨੂੰ ਵੈਕਸੀਨ ਦੀ ਸਪਲਾਈ ਕਿਉਂ ਕੀਤੀ ਗਈ? ਮੋਦੀ ਸਰਕਾਰ ਦੀ ਇਹ ਨਾਅਹਿਲੀਅਤ ਸੰਸਾਰ ਭਰ ਵਿਚ ਉਜਾਗਰ ਹੋਈ। ਸੰਸਾਰ ਦੇ ਵੱਡੇ-ਵੱਡੇ ਮੀਡੀਆ ਅਦਾਰਿਆਂ ਨੇ ਮਰ ਰਹੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਦੁਖੜੇ ਲੋਕਾਂ ਤੱਕ ਪਹੁੰਚਾਏ ਅਤੇ ਸਰਕਾਰ ਨੂੰ ਲਾਹਨਣਾਂ ਪਾਈਆਂ। ਸਿਤਮਜ਼ਰੀਫੀ ਦੇਖੋ, ਸਰਕਾਰ ਅਤੇ ਇਸ ਦੇ ਅਧਿਕਾਰੀ ਉਸ ਵਕਤ ਉਕਾ ਹੀ ਖਾਮੋਸ਼ ਰਹੇ ਪਰ ਜਦੋਂ ਲਹਿਰ ਦਾ ਜ਼ੋਰ ਘਟਿਆ ਤਾਂ ਬਿਆਨ ਆਉਣੇ ਸ਼ੁਰੂ ਹੋ ਗਏ ਕਿ ਸਰਕਾਰ ਨੇ ਕਰੋਨਾ ਵਾਇਰਸ ਦਾ ਮੁਕਾਬਲਾ ਵਧੀਆ ਢੰਗ ਨਾਲ ਕੀਤਾ ਹੈ।

ਅਸਲ ਵਿਚ ਭਾਰਤ ਦੀ ਸਿਆਸਤ ਦਾ ਸਮੁੱਚਾ ਦਾਰੋਮਦਾਰ ਹੁਣ ਚੁਣਾਵੀ ਸਿਆਸਤ ‘ਤੇ ਹੈ। ਹਰ ਪਾਰਟੀ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਹੀ ਆਪੋ-ਆਪਣੀ ਸਿਆਸਤ ਦੀ ਰੂਪ-ਰੇਖਾ ਉਲੀਕਦੀ ਹੈ। ਇਹ ਸਿਲਸਿਲਾ ਭਾਵੇਂ ਦਹਾਕਿਆਂ ਤੋਂ ਚੱਲ ਰਿਹਾ ਹੈ ਪਰ ਪਿਛਲੇ ਇਕ-ਡੇਢ ਦਹਾਕੇ ਤੋਂ ਇਸ ਸਿਆਸਤ ਦੀਆਂ ਲੀਹਾਂ ਬਹੁਤ ਪੱਕੀਆਂ ਪੈ ਗਈਆਂ ਹਨ। ਆਮ ਆਗੂਆਂ ਦਾ ਵਿਚਾਰ ਇਹੀ ਹੈ ਕਿ ਚੋਣ ਜਿੱਤਣ ਤੋਂ ਬਾਅਦ ਬਹੁਤਾ ਕੁਝ ਕਰਨ ਦੀ ਲੋੜ ਨਹੀਂ ਹੁੰਦੀ, ਬੱਸ ਚੋਣਾਂ ਦੇ ਨੇੜੇ ਜਾ ਕੇ ਸਰਗਰਮੀ ਕਰੋ ਅਤੇ ਮੁੜ ਜਿੱਤ ਜਾਓ। ਉਹ ਸਾਫ ਕਹਿੰਦੇ ਹਨ ਕਿ ਲੋਕ ਪਹਿਲਾਂ ਕੀਤੇ ਕੰਮਾਂ ਨੂੰ ਭੁੱਲ ਜਾਂਦੇ ਹਨ। ਉਂਜ, ਇਹ ਸੱਚ ਹੈ ਕਿ ਲੀਡਰ ਚੋਣਾਂ ਜਿੱਤਣ ਲਈ ਬੜੇ ਪਾਪੜ ਵੇਲਦੇ ਹਨ। ਵਿਕਾਸ ਕਾਰਜਾਂ ਦਾ ਸਹਾਰਾ ਤਾਂ ਲਿਆ ਹੀ ਜਾਂਦਾ ਹੈ; ਜਾਤ-ਪਾਤ, ਧਰਮ, ਇਲਾਕੇ ਆਦਿ ਦੇ ਨਾਂ ‘ਤੇ ਲੋਕਾਂ ਨੂੰ ਵੰਡ ਕੇ ਵੀ ਵੋਟਾਂ ਬਟੋਰੀਆਂ ਜਾਂਦੀਆਂ ਹਨ। ਪੰਜਾਬ ਇਸ ਦੀ ਖਾਸ ਮਿਸਾਲ ਬਣਿਆ ਹੋਇਆ ਹੈ। ਮੁਫਤ ਬਿਜਲੀ ਦਾ ਮਸਲਾ ਅਗਲੇ ਸਾਲ ਆ ਰਹੀਆਂ ਪੰਜਾਬ ਵਿਧਾਨ ਸਭਾ ਲਈ ਸਭ ਤੋਂ ਵੱਡਾ ਮਸਲਾ ਬਣ ਰਿਹਾ ਹੈ। ਅਜੇ ਤੱਕ ਸਿਹਤ ਅਤੇ ਸਿੱਖਿਆ ਵਰਗੇ ਅਹਿਮ ਮਸਲਿਆਂ ਨੂੰ ਕਿਸੇ ਵੀ ਪਾਰਟੀ ਨੇ ਆਪਣਾ ਖਾਸ ਏਜੰਡਾ ਨਹੀਂ ਬਣਾਇਆ ਹੈ। ਪਿਛਲੇ ਇਕ ਸਾਲ ਤੋਂ ਪੰਜਾਬ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੇ ਸੂਬੇ ਦੀ ਸਿਆਸਤ ਅੰਦਰ ਨਵੀਂ ਜਾਨ ਪਾਉਣ ਦਾ ਯਤਨ ਕੀਤਾ ਹੈ। ਕਿਸਾਨ ਅੰਦੋਲਨ ਕਰਕੇ ਹੀ ਅਕਾਲੀ ਦਲ ਅਤੇ ਭਾਜਪਾ ਦਾ ਤੋੜ-ਵਿਛੋੜਾ ਹੋਇਆ। ਫਿਰ ਭਾਜਪਾ ਆਗੂਆਂ ਦੇ ਘਿਰਾਓ ਦਾ ਮਾਹੌਲ ਬਣਦਾ ਗਿਆ ਅਤੇ ਹੁਣ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਵੀ ਪਿੰਡਾਂ-ਕਸਬਿਆਂ ਵਿਚ ਘੇਰਿਆ ਜਾ ਰਿਹਾ ਹੈ। ਬਿਨਾਂ ਸ਼ੱਕ, ਕਿਸਾਨ ਅੰਦੋਲਨ ਹੁਣ ਇੰਨਾ ਵੱਡਾ ਹੋ ਗਿਆ ਹੈ ਕਿ ਇਹ ਸੂਬੇ ਦੀ ਸਿਆਸਤ ਵਿਚ ਕੋਈ ਸਿਫਤੀ ਤਬਦੀਲੀ ਕਰ ਸਕਦਾ ਹੈ ਪਰ ਇਸ ਕਾਰਜ ਲਈ ਕਿਸਾਨ ਲੀਡਰਾਂ ਅਤੇ ਇਨ੍ਹਾਂ ਦੇ ਸਲਾਹਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ ਅਤੇ ਰਸਾਤਲ ਵਿਚ ਗਈ ਸਿਆਸਤ ਅੰਦਰ ਨਵੀਂ ਰੂਹ ਫੂਕਣ ਲਈ ਕੋਈ ਰਣਨੀਤੀ ਘੜਨੀ ਪਵੇਗੀ। ਇਹ ਰਣਨੀਤੀ ਹੀ ਤੈਅ ਕਰੇਗੀ ਕਿ ਪੰਜਾਬ ਦੀ ਚੋਣ ਸਿਆਸਤ ਉਤੇ ਕਿਸਾਨ ਅੰਦੋਲਨ ਦਾ ਕਿੰਨਾ ਅਤੇ ਕਿਸ ਰੁਖ ਅਸਰ ਪਾਉਂਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿੰਘੂ-ਟਿੱਕਰੀ ਦਾ ਫਾਰਮੂਲਾ?*

ਲਾਈਆਂ ਨੇ ਦੌੜਾਂ ਪੰਜੇ ਵਾਲਿਆਂ ਨੇ ਵਾਰੋ-ਵਾਰੀ, ਸੋਨੀਆ ਦੇ ਘਰੋਂ ਆਉਂਦਾ ਦੇਖੋ ਕੋਈ ਵੜਦਾ।
‘ਪਤੀ’ ਨੂੰ ਵਿਸਾਰ ‘ਪਤਨੀ’ ਨੇ ਨਵਾਂ ਸਾਥ ਲਿਆ, ‘ਤੱਕੜੀ’ ਵਾਲਾ ਐ ਕੋਈ ‘ਹਾਥੀ’ ਉੱਤੇ ਚੜ੍ਹਦਾ।
ਵਾਅਦਿਆਂ ਦੀ ਪੰਡ ਜਦ ਚੰਡੀਗੜ੍ਹ ਖੁੱਲ੍ਹ ਗਈ, ‘ਝਾੜੂ’ ਕਹਿੰਦਾ ਦੱਸੋ ਕਿਹੜਾ ਸਾਡੇ ਅੱਗੇ ਅੜਦਾ।
‘ਪਿੰਡ’ ਹੈਗਾ ਦਿੱਲੀ ਬੈਠਾ ਹਾਕਮਾਂ ਦੇ ਦਰਾਂ ਉੱਤੇ, ‘ਫਸਲਾਂ ਤੇ ਨਸਲਾਂ’ ਬਚਾਉਣੇ ਲਈ ਏ ਲੜਦਾ।
ਕਿਰਤੀ ਕਿਸਾਨਾਂ ਦਾ ਉਹ ਕਿੰਨਾ ਕੁ ਹਮਾਇਤੀ ਹੋਊ, ਜਿਦੋ ਜਿਦੀ ਜੋ ‘ਸਰਪੰਚੀ’ ਲਈ ਏ ਖੜ੍ਹਦਾ।
ਲੋਟੂਆਂ ਤੋਂ ਬਚਣੇ ਦਾ ਨਵਾਂ ਕੋਈ ‘ਫਾਰਮੂਲਾ’, ਸਿੰਘੂ-ਟਿੱਕਰੀ ਦਾ ’ਕੱਠ ਦੇਖੋ ਕਿਹੜਾ ਘੜਦਾ!

# ਕਸ਼ਮੀਰ ਵਿਚ ‘ਲਵ ਜਹਾਦ’

***ਕਸ਼ਮੀਰ ਵਿਚ ‘ਲਵ ਜਹਾਦ’ ਦਾ ਹਿੰਦੂਤਵੀ ਮਸਲਾ ਜਿਸ ਢੰਗ ਨਾਲ ਉਭਾਰਿਆ ਗਿਆ ਹੈ, ਉਹ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਇਸ ਵਿਚ ਮੁਸਲਿਮ ਘੱਟਗਿਣਤੀ ਖਿਲਾਫ ਨਫਰਤੀ ਮੁਹਿੰਮ ਦੇ ਝਉਲੇ ਪੈਂਦੇ ਹਨ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਸਮੁੱਚੇ ਵਰਤਾਰੇ ਬਾਰੇ ਖਾਸ ਟਿੱਪਣੀ ਕੀਤੀ ਹੈ। ਇਸ ਮਸਲੇ ‘ਤੇ ਚੰਗੀ ਗੱਲ ਇਹ ਹੋਈ ਹੈ ਕਿ ਸਥਾਨਕ ਸਿੱਖ ਭਾਈਚਾਰੇ ਦੇ ਇਕ ਹਿੱਸੇ ਨੇ ਹਿੰਦੂਤਵ ਦੇ ਇਸ ਖਤਰੇ ਨੂੰ ਪਛਾਣਿਆ ਹੈ ਅਤੇ ਕਸ਼ਮੀਰੀ ਲੋਕਾਂ ਦੀ ਭਾਈਚਾਰਕ ਸਾਂਝ ਤੇ ਏਕਤਾ ਦੇ ਹੱਕ ’ਚ ਖੁੱਲ੍ਹ ਕੇ ਸਟੈਂਡ ਲਿਆ ਹੈ।***

ਗੁਜਰਾਤ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦਿੱਲੀ ਤੋਂ ਬਾਅਦ ਹੁਣ 'ਲਵ ਜਹਾਦ' ਦੀ ਨਵੀਂ ਪ੍ਰਯੋਗਸ਼ਾਲਾ ਜੰਮੂ ਕਸ਼ਮੀਰ ਨੂੰ ਬਣਾਇਆ ਗਿਆ ਹੈ। ਪਿਛਲੇ ਦਿਨਾਂ ’ਚ ਯੂ.ਪੀ. ਪੁਲਿਸ ਨੇ ਦਿੱਲੀ ਵਿਚ ਵੀ 'ਧਰਮ ਬਦਲੀ ਘੁਟਾਲਾ' ਨੰਗਾ ਕਰਨ ਦਾ ਦਾਅਵਾ ਕੀਤਾ ਹੈ ਅਤੇ ਦੋ ਜਣਿਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਉਪਰ ਨੈਸ਼ਨਲ ਸਕਿਓਰਿਟੀ ਐਕਟ ਅਤੇ ਭਾਰਤੀ ਦੰਡ ਵਿਧਾਨ ਦੀਆਂ ਸਖਤ ਧਾਰਾਵਾਂ ਲਗਾਈਆਂ ਗਈਆਂ। ਇਹ ਮੁਸਲਮਾਨਾਂ ਵਿਰੁੱਧ

**ਬੂਟਾ ਸਿੰਘ**
ਫੋਨ: +91-94634-74342

ਕੀਤੀ ਜਾ ਰਹੀ ਫਿਰਕੂ ਪਾਲਾਬੰਦੀ ਦਾ ਹੀ ਨਵਾਂ ਵਿਸਤਾਰ ਹੈ ਜਿੱਥੇ ਬਹੁਤ ਸਾਰੇ ਮੁਸਲਮਾਨਾਂ ਉਪਰ 'ਲਵ ਜਹਾਦ' ਦਾ ਇਲਜ਼ਾਮ ਲਗਾ ਕੇ ਧਰਮ ਬਦਲੀ ਵਿਰੋਧੀ ਕਾਨੂੰਨ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਇਸੇ ਹਿੰਦੂਤਵੀ ਨਾਅਰੇ ਦਾ ਇਸਤੇਮਾਲ ਕਸ਼ਮੀਰ ਵਿਚ ਮੁਸਲਿਮ ਭਾਈਚਾਰੇ ਨੂੰ ਭੰਡਣ ਲਈ ਕੀਤਾ ਗਿਆ ਅਤੇ ਇਸ ਦਾ ਸੰਦ ਸਿੱਖੀ ਭੇਖ ’ਚ ਛੁਪੇ ਹਿੰਦੂਤਵੀ ਸੋਚ ਵਾਲੇ ਅਨਸਰ ਬਣੇ ਜਿਨ੍ਹਾਂ ਵੱਲੋਂ ਸਿੱਖ ਭਾਈਚਾਰੇ ਦੇ ਜਜ਼ਬਾਤ ਭੜਕਾ ਕੇ ਸਿੱਖਾਂ ਨੂੰ ਕਸ਼ਮੀਰੀਆਂ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਮਨਜਿੰਦਰ ਸਿੰਘ ਸਿਰਸਾ ਅਤੇ ਕੁਝ ਹੋਰ ਕਥਿਤ ਸਿੱਖ ਆਗੂਆਂ ਵੱਲੋਂ ਕਸ਼ਮੀਰੀ ਸਿੱਖ ਕੁੜੀਆਂ ਦੇ ਆਪਣੀ ਪਸੰਦ ਅਨੁਸਾਰ ਵਿਆਹਾਂ ਨੂੰ 'ਲਵ ਜਹਾਦ' ਕਰਾਰ ਦੇ ਕੇ ਇਨ੍ਹਾਂ ਮਾਮਲਿਆਂ ਨੂੰ ਆਪਣੀ ਫਿਰਕੂ ਸਿਆਸਤ ਦਾ ਸਾਧਨ ਬਣਾਇਆ ਗਿਆ।

ਕਸ਼ਮੀਰੀ ਸਿੱਖ ਲੜਕੀਆਂ ਵੱਲੋਂ ਆਪਣੀ ਪਸੰਦ ਦੇ ਮੁਸਲਿਮ ਜਾਂ ਹੋਰ ਲੜਕਿਆਂ ਨਾਲ ਧਰਮ, ਜਾਤ ਤੋਂ ਉਪਰ ਉਠ ਕੇ ਵਿਆਹ ਕਰਾਉਣਾ ਜਾਂ ਧਰਮ ਬਦਲਣਾ ਹਰ ਔਰਤ-ਮਰਦ ਦਾ ਜਨਮ ਸਿੱਧ ਹੱਕ ਹੈ। ਇਹ ਮਨੁੱਖ ਦੀ ਆਜ਼ਾਦੀ ਨਾਲ ਆਪਣੇ ਭਵਿੱਖ ਬਾਰੇ ਫੈਸਲੇ ਕਰਨ ਅਤੇ ਆਜ਼ਾਦੀ ਨਾਲ ਜ਼ਿੰਦਗੀ ਜਿਊਣ ਦੀ ਕੁਦਰਤੀ ਰੀਝ ਦਾ ਅਨਿੱਖੜ ਹਿੱਸਾ ਹੈ। ਇਕ ਪਾਸੇ ਔਰਤਾਂ ਦੀ ਇਸ ਹੱਕ-ਜਤਾਈ ਨੂੰ ਉਨ੍ਹਾਂ ਦੇ ਆਪਣੇ ਪਰਿਵਾਰ ਅਤੇ ਭਾਈਚਾਰੇ ਦੀ ਮਰਦਾਵੀਂ ਸੋਚ ਦਾ ਸਾਹਮਣਾ ਕਰਨਾ ਪੈਂਦਾ ਹੈ; ਦੂਜੇ ਪਾਸੇ, ਧਰਮ ਦੇ ਅਖੌਤੀ ਠੇਕੇਦਾਰਾਂ ਵੱਲੋਂ ਇਸ ਹੱਕ ਉਪਰ ਜਥੇਬੰਦ ਹਮਲੇ ਕੀਤੇ ਜਾ ਰਹੇ ਹਨ। ਰਾਜ ਢਾਂਚੇ ’ਚ ਮਰਦਾਵੀਂ ਸੱਤਾ ਦੀਆਂ ਡੂੰਘੀਆਂ ਜੜ੍ਹਾਂ ਹੋਣ ਕਾਰਨ ਅਕਸਰ ਹੀ ਔਰਤਾਂ ਦੇ ਇਸ ਹੱਕ ਨੂੰ ਖੋਹਣ ’ਚ ਪੁਲਿਸ, ਨਿਆਂ ਪ੍ਰਣਾਲੀ ਅਤੇ ਹਾਕਮ ਜਮਾਤੀ ਸਿਆਸਤ ਦੀ ਮਿਲੀਭੁਗਤ ਸਾਫ ਦੇਖੀ ਜਾ ਸਕਦੀ ਹੈ।

ਸਿਰਸਾ ਅਤੇ ਉਸ ਦੇ ਜੋਟੀਦਾਰਾਂ ਨੇ ਦਾਅਵਾ ਕੀਤਾ ਕਿ ਕਸ਼ਮੀਰ ਵਿਚ ਸਿੱਖ ਲੜਕੀਆਂ ਦਾ ਧਰਮ ਬੰਦੂਕ ਦੇ ਨੋਕ ’ਤੇ ਬਦਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਨਿਕਾਹ 60 ਸਾਲ ਦੇ ਮੁਸਲਮਾਨ ਬੁੱਢਿਆਂ ਨਾਲ ਕਰਵਾਏ ਜਾ ਰਹੇ ਹਨ। ਗੱਲ ਇੱਥੋਂ ਤੱਕ ਸੀਮਤ ਨਹੀਂ ਰਹੀ, ਇਸ ਨੂੰ 'ਲਵ ਜਹਾਦ' ਦਾ ਨਾਂ ਦਿੱਤਾ ਗਿਆ। ਪਹਿਲਾਂ ਲੈਫਟੀਨੈਂਟ ਗਵਰਨਰ ਅਤੇ ਫਿਰ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਜੰਮੂ ਕਸ਼ਮੀਰ ਵਿਚ ਧਰਮ ਬਦਲੀ ਵਿਰੁੱਧ ਐਸਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਜਿਸ ਤਹਿਤ ਦੂਜੇ ਧਰਮ ਵਿਚ ਵਿਆਹ ਸਿਰਫ ਮਾਪਿਆਂ ਦੀ ਰਜ਼ਾਮੰਦੀ ਨਾਲ ਹੀ ਹੋਵੇ। ਇਹ ਪੂਰੀ ਤਰ੍ਹਾਂ ਝੂਠਾ ਬਿਰਤਾਂਤ ਸੀ ਜੋ ਸੋਚੀ-ਸਮਝੀ ਯੋਜਨਾ ਤਹਿਤ ਘੜਿਆ ਗਿਆ। ਸੱਚ ਇਹ ਹੈ ਕਿ 19 ਸਾਲ ਦੀ ਲੜਕੀ 29 ਸਾਲ ਦੇ ਮਰਦ ਨਾਲ ਆਪਣੀ ਮਰਜ਼ੀ ਨਾਲ ਘਰੋਂ ਗਈ ਸੀ। ਪਰਿਵਾਰ ਨੇ ਪੁਲਿਸ ਤੱਕ ਪਹੁੰਚ ਕੀਤੀ ਅਤੇ ਪੁਲਿਸ ਨੇ ਇਸ ਜੋੜੇ ਨੂੰ ਹਿਰਾਸਤ ’ਚ ਲੈ ਲਿਆ। ਦੋਵਾਂ ਨੇ ਪਹਿਲਾਂ ਪੁਲਿਸ ਕੋਲ ਬਿਆਨ ਦਰਜ ਕਰਾਏ ਅਤੇ ਫਿਰ ਅਦਾਲਤ ’ਚ ਲੜਕੀ ਦਾ ਬਿਆਨ ਲਿਆ ਗਿਆ। ਲੜਕੀ ਨੇ ਸਾਫ ਕਿਹਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਾਇਆ ਹੈ ਅਤੇ ਉਸ ਨਾਲ ਧੱਕਾ ਨਹੀਂ ਕੀਤਾ ਗਿਆ। ਅਦਾਲਤ ਨੇ ਲੜਕੀ ਨੂੰ ਉਸ ਦੇ ਪਤੀ ਦੇ ਮਾਪਿਆਂ ਨਾਲ ਭੇਜ ਦਿੱਤਾ। ਲੱਗਭੱਗ ਇਸੇ ਤਰ੍ਹਾਂ ਦਾ ਮਾਮਲਾ ਦੂਜੀ ਲੜਕੀ ਦਾ ਹੈ।

ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕੀਤਾ ਕਿ ਲੜਕੀ ਦੇ ਬਿਆਨ ਲੈਣ ਸਮੇਂ ਉਸ ਦੇ ਪਰਿਵਾਰ ਨੂੰ ਅਦਾਲਤ ’ਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਜਦਕਿ ਕਾਨੂੰਨ ਇਹ ਹੈ ਕਿ ਐਸਾ ਬਿਆਨ ਹਮੇਸ਼ਾ ਇਕੱਲਤਾ ’ਚ ਲਿਆ ਜਾਂਦਾ ਹੈ ਅਤੇ ਬਿਆਨ ਦੇਣ ਵਾਲੇ ਤੋਂ ਬਿਨਾ ਹੋਰ ਕਿਸੇ ਨੂੰ ਉਸ ਸਮੇਂ ਅੰਦਰ ਨਹੀਂ ਜਾਣ ਦਿੱਤਾ ਜਾਂਦਾ। ਫਿਰ ਲੜਕੀ ਨੂੰ 26 ਜੂਨ ਨੂੰ ਸ੍ਰੀਨਗਰ ਜ਼ਿਲ੍ਹਾ ਅਦਾਲਤ ਵਿਚ ਬਿਆਨ ਦੇਣ ਲਈ ਲਿਆਂਦਾ ਗਿਆ। ਉਸ ਸਮੇਂ ਬਡਗਾਮ ਅਤੇ ਸ੍ਰੀਨਗਰ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨਾਂ ਨੇ ਅਦਾਲਤ ਦੇ ਬਾਹਰ ਹਜੂਮ ਇਕੱਠਾ ਕਰ ਲਿਆ ਅਤੇ ਹੋ-ਹੱਲਾ ਮਚਾਇਆ ਕਿ ਲੜਕੀ ਦੀ ਮਾਨਸਿਕ ਹਾਲਤ ਠੀਕ ਨਹੀਂ। ਲੜਕੀ ਦੇ ਸਪਸ਼ਟ ਬਿਆਨ ਦੇ ਬਾਵਜੂਦ ਪੁਲਿਸ ਨੇ ਉਸ ਨੂੰ ਮਾਪਿਆਂ ਦੇ ਸਪੁਰਦ ਕਰ ਦਿੱਤਾ। ਇਹ ਲੈਫਟੀਨੈਂਟ ਗਵਰਨਰ ਦੀ ਦਖਲਅੰਦਾਜ਼ੀ ਨਾਲ ਹੋਇਆ। ਬਾਅਦ ’ਚ ਸਿਰਸਾ ਨੇ ਵੀ ਦਿੱਲੀ ਦੇ ਗੁਰਦੁਆਰੇ ਪਹੁੰਚ ਕੇ ਹੁੱਬ ਕੇ ਬਿਆਨ ਦਿੱਤਾ ਕਿ ਅਸੀਂ ਸ੍ਰੀਨਗਰ ਜਾਮ ਕਰਕੇ ਪ੍ਰਸ਼ਾਸਨ ਨੂੰ ਝੁਕਣ ਲਈ ਮਜਬੂਰ ਕੀਤਾ। ਸਿਰਸਾ ਦੇ ਆਪਣੇ ਸ਼ਬਦ ਸਨ, "ਮਾਣਯੋਗ ਐਲ.ਜੀ., ਜੰਮੂ ਕਸ਼ਮੀਰ ਮਨੋਜ ਸਿਨਹਾ ਜੀ ਦਾ ਤੁਰੰਤ ਆਦੇਸ਼ ਦੇਣ ਲਈ ਧੰਨਵਾਦ... ਉਸ ਨੇ ਸਾਨੂੰ ਭਰੋਸਾ ਦਿਵਾਇਆ ਕਿ ਜਬਰੀ ਧਰਮ ਬਦਲੀ ਕੀਤੀ ਗਈ ਸਿੱਖ ਲੜਕੀ ਦੁਬਾਰਾ ਉਸ ਦੇ ਪਰਿਵਾਰ ਨੂੰ ਸੌਂਪੀ ਜਾਵੇਗੀ... ਉਹ ਘਾਟੀ ਵਿਚ ਸਿੱਖ ਲੜਕੀਆਂ ਦੀ ਸੁਰੱਖਿਆ ਅਤੇ ਧਰਮ ਬਦਲੀ ਦੇ ਇਸ ਨੁਕਸਾਨਦੇਹ ਰੁਝਾਨ ਨਾਲ ਸਬੰਧਤ ਸਾਡੇ ਸਰੋਕਾਰਾਂ ਨੂੰ ਵੀ ਸੰਬੋਧਨ ਹੋਏ। ਅਸੀਂ ਅੰਤਰ-ਧਰਮ ਕਾਨੂੰਨ ਬਣਾਉਣ ਦੀ ਮੰਗ ਵੀ ਕੀਤੀ।" ਉਸ ਨੇ ਡੀ.ਜੀ.ਪੀ. ਨੂੰ ਮਿਲ ਕੇ ਵੀ ਇਸੇ ਤਰ੍ਹਾਂ ਦੀ ਯਕੀਨਦਹਾਨੀ ਵਾਲਾ ਬਿਆਨ ਜਾਰੀ ਕੀਤਾ। 29 ਜੂਨ ਨੂੰ ਪੁਲਵਾਮਾ ਦੇ ਗੁਰਦੁਆਰੇ ’ਚ ਇਕ ਸਿੱਖ ਨਾਲ ਇਸ ਲੜਕੀ ਦਾ ਵਿਆਹ ਕਰ ਦਿੱਤਾ ਗਿਆ ਅਤੇ ਸਿਰਸਾ ਆਪਣੇ ਮਿਸ਼ਨ ਤਹਿਤ ਇਸ ਲੜਕੀ ਅਤੇ ਲੜਕੇ ਨੂੰ ਹਵਾਈ ਜਹਾਜ਼ ਰਾਹੀਂ ਆਪਣੇ ਨਾਲ ਦਿੱਲੀ ਲੈ ਲਿਆ ਜਿੱਥੇ ਹਵਾਈ ਅੱਡੇ ਦੇ ਬਾਹਰ ਉਸ ਦੇ ਹਮਾਇਤੀਆਂ ਦਾ ਹਜੂਮ ਪਹਿਲਾਂ ਹੀ ਜਮ੍ਹਾਂ ਸੀ। ਇੱਥੋਂ ਦੋਵਾਂ ਨੂੰ ਗੁਰਦੁਆਰਾ ਬੰਗਲਾ ਸਾਹਿਬ ਲਿਜਾਇਆ ਗਿਆ। ਇਸ ਸਮੁੱਚੇ ਘਟਨਾਕ੍ਰਮ ’ਚ ਸਿਰਸੇ ਨੇ ਅੰਤਰ-ਧਰਮ ਵਿਆਹ ਦੀ ਖਾਸ ਤਰੀਕੇ ਨਾਲ ਪੇਸ਼ਕਾਰੀ ਕੀਤੀ ਅਤੇ ਤੈਅਸ਼ੁਦਾ ਕਹਾਣੀ ਅਨੁਸਾਰ ਸਮੁੱਚੇ ਕਸ਼ਮੀਰੀ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ। ਇਹ ਨਾਟਕ ਪੂਰੀ ਤਰ੍ਹਾਂ ਆਰ.ਐਸ.ਐਸ. ਦੀ ਸ਼ੈਲੀ ’ਚ ਖੇਡਿਆ ਗਿਆ। ਇਸ ਰਾਜਨੀਤਕ ਖੇਡ ’ਚ ਸਿਰਸੇ ਨਾਲ ਕਸ਼ਮੀਰ ਤੋਂ ਜੁੜੇ ਕੁਝ ਸਿੱਖ ਚਿਹਰੇ ਵੀ ਸ਼ਾਮਲ ਸਨ ਜਿਨ੍ਹਾਂ ਵਿਚ ਇਕ ਜਾਣਿਆ-ਪਛਾਣਿਆ ਵਾਹਨ ਡੀਲਰ ਅਤੇ ਇਕ ਹੋਰ ਸਿੱਖ ਕਾਰੋਬਾਰੀ ਵੀ ਸੀ। ਇਹ ਸਾਰੇ ਸੰਘ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਦਾ ਇੱਕੋ-ਇਕ ਮਿਸ਼ਨ ਸਮੁੱਚੇ ਕਸ਼ਮੀਰੀ ਮੁਸਲਿਮ ਭਾਈਚਾਰੇ ਨੂੰ ਭੰਡਣਾ ਅਤੇ ਭਾਰਤੀ ਮੁਸਲਮਾਨਾਂ ਵਿਰੁੱਧ ਆਰ.ਐਸ.ਐਸ.-ਬੀ.ਜੇ.ਪੀ. ਦੀ ਭੜਕਾਊ ਮੁਹਿੰਮ ਨਾਲ ਸੁਰ ਮਿਲਾ ਕੇ ਰਾਜਨੀਤਕ ਲਾਹਾ ਲੈਣਾ ਹੈ। ਇਸ ਦੀ ਰਾਜਨੀਤਕ ਫਸਲ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅਤੇ ਪੰਜਾਬ ਤੇ ਉਤਰ ਪ੍ਰਦੇਸ਼ ਦੀਆਂ ਚੋਣਾਂ ’ਚ ਵੱਢੀ ਜਾਵੇਗੀ।

ਮੁਕਾਮੀ ਸਿੱਖ ਭਾਈਚਾਰੇ ਦੀਆਂ ਕਸ਼ਮੀਰ ਦੇ ਪ੍ਰਸ਼ਾਸਨ ਨਾਲ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਸਬੰਧੀ ਸ਼ਿਕਾਇਤਾਂ ਹੋ ਸਕਦੀਆਂ ਹਨ ਪਰ ਸਿਰਸਾ ਵੱਲੋਂ ਜਿਵੇਂ ਇਸ ਕਥਿਤ ਧਰਮ ਬਦਲੀ ਵਾਲੀ ਸਿੱਖ ਲੜਕੀ ਦਾ ਵਿਆਹ ਉਸ ਦੀ ਮਰਜ਼ੀ ਦੇ ਖਿਲਾਫ ਕਰਕੇ ਔਰਤ ਦੇ ਕੁਦਰਤੀ ਹੱਕ ਨੂੰ ਕੁਚਲਿਆ ਗਿਆ, ਲੜਕੀ ਦੀ 'ਘਰ ਵਾਪਸੀ' ਦੇ ਜਸ਼ਨ ਮਨਾਏ ਗਏ ਅਤੇ ਸਮੁੱਚੇ ਕਸ਼ਮੀਰੀ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ, ਉਹ ਤੈਅਸ਼ੁਦਾ ਫਿਰਕੂ ਮਿਸ਼ਨ ਹੈ। ਇਨ੍ਹਾਂ ਆਗੂਆਂ ਦੇ ਸਿੱਖ ਲੜਕਿਆਂ ਵੱਲੋਂ ਮੁਸਲਿਮ ਲੜਕੀਆਂ ਨਾਲ ਵਿਆਹ ਕਰਾਉਣ ਦੇ ਮਾਮਲਿਆਂ ਬਾਰੇ ਮਾਪਦੰਡ ਵੱਖਰੇ ਹਨ, ਉਨ੍ਹਾਂ ਮਾਮਲਿਆਂ ’ਚ ਵਿਆਹਾਂ ਅਤੇ ਧਰਮ ਬਦਲੀਆਂ ਨੂੰ ਇਹ ਆਪਣੇ ਧਰਮ ਦਾ ਗੌਰਵ ਬਣਾ ਕੇ ਪੇਸ਼ ਕਰਦੇ ਹਨ। ਇਸੇ ਹਫਤੇ ਮੁਰਾਫਤ ਜਾਨ ਨਾਂ ਮੁਸਲਿਮ ਲੜਕੀ ਨੂੰ ਜਲੰਧਰ ਦਾ ਅੰਕੁਸ਼ ਸਿੰਘ ਨਾਂ ਦਾ ਜੇ.ਸੀ.ਬੀ. ਡਰਾਈਵਰ ਉਧਾਲ ਕੇ ਲੈ ਗਿਆ (ਸੀ.ਐਚ.ਐਫ. ਥਾਣੇ ’ਚ ਦਰਜ ਐਫ.ਆਈ.ਆਰ. ਨੰ.79/2021)। ਇਸੇ ਤਰ੍ਹਾਂ ਜੁਨੈਫਰ ਫਯਾਜ਼ ਨਾਂ ਦੀ ਨਾਬਾਲਗ ਮੁਸਲਿਮ ਲੜਕੀ ਨੂੰ ਦਿੱਲੀ ਵਾਸੀ ਪੰਕਜ ਦੁੱਗਲ ਉਧਾਲ ਕੇ ਲੈ ਗਿਆ (ਪਤਣ ਥਾਣੇ ’ਚ ਦਰਜ ਐਫ.ਆਈ.ਆਰ. ਨੰ.196/2021)। ਇਨ੍ਹਾਂ ਅੰਤਰ-ਧਰਮ ਵਿਆਹਾਂ ਬਾਰੇ ਧਰਮ ਦੇ ਠੇਕੇਦਾਰ ਖਾਮੋਸ਼ ਹਨ ਜਦੋਂਕਿ ਵੱਖੋ-ਵੱਖਰੇ ਧਰਮ ਦੇ ਲੜਕੇ ਲੜਕੀਆਂ ਦਾ ਇਕ ਦੂਜੇ ਨੂੰ ਪਸੰਦ ਕਰਕੇ ਵਿਆਹ/ਨਿਕਾਹ ਕਰਾਉਣਾ ਸੁਭਾਵਿਕ ਵਰਤਾਰਾ ਹੈ ਅਤੇ ਇਸ ਨੂੰ 'ਸਾਜ਼ਿਸ਼' ਬਣਾ ਕੇ ਪੇਸ਼ ਕਰਨ ਵਾਲੇ ਧਰਮ ਦੇ ਠੇਕੇਦਾਰ ਐਸਾ ਰਾਜਨੀਤਕ ਏਜੰਡੇ ਤਹਿਤ ਕਰਦੇ ਹਨ। ਕਸ਼ਮੀਰ ਵਿਚ ਸਿੱਖ ਘੱਟਗਿਣਤੀ ਦੇ ਬਹੁਤ ਸਾਰੇ ਧਾਰਮਿਕ, ਸਮਾਜੀ-ਸਭਿਆਚਾਰਕ ਅਤੇ ਆਰਥਕ ਸਰੋਕਾਰ ਹਨ ਜਿਸ ਦੇ ਮੁੱਖ ਦੋਸ਼ੀ ਦਿੱਲੀ ਅਤੇ ਕਸ਼ਮੀਰ ਦੇ ਹੁਕਮਰਾਨ ਹਨ। ਇਸ ਵਿਚ ਕੱਟੜਪੰਥੀ ਮੁਲਾਣਿਆਂ ਦੀ ਭੂਮਿਕਾ ਵੀ ਹੋ ਸਕਦੀ ਹੈ ਪਰ ਇਸ ਲਈ ਆਮ ਕਸ਼ਮੀਰੀ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਲੇਕਿਨ ਸਿਰਸਾ ਵਰਗੇ ਲੋਕ ਇਨ੍ਹਾਂ ਸਰੋਕਾਰਾਂ ਅਤੇ ਮਸਲਿਆਂ ਨੂੰ ਕਦੇ ਨਹੀਂ ਉਠਾਉਣਗੇ।

ਧਰਮ ਬਦਲੀ ਜਾਂ ਅਜਿਹੇ ਕਿਸੇ ਵੀ ਹੋਰ ਹਊਏ ਨੂੰ ਬਹਾਨਾ ਬਣਾ ਕੇ ਔਰਤਾਂ ਨੂੰ ਇਸ ਹੱਕ ਤੋਂ ਵਾਂਝਾ ਕਰਨ ਲਈ ਧਰਮ ਬਦਲੀ ਵਿਰੋਧੀ ਕਾਨੂੰਨਾਂ ਦੀ ਮੰਗ ਕਰਨ ਵਾਲੀਆਂ ਤਾਕਤਾਂ ਸਮਾਜਕ ਤਰੱਕੀ ਦੀਆਂ ਘੋਰ ਵਿਰੋਧੀ ਹਨ, ਉਨ੍ਹਾਂ ਦਾ ਧਰਮ ਚਾਹੇ ਕੋਈ ਵੀ ਹੋਵੇ। ਕਸ਼ਮੀਰੀ ਲੜਕੀਆਂ ਦੇ ਪਸੰਦੀਦਾ ਵਿਆਹਾਂ ਦੇ ਨਿੱਜੀ ਫੈਸਲੇ ਵਿਚ ਦਖਲਅੰਦਾਜ਼ੀ ਕਰਨ ਵਾਲੇ ਉਪਰੋਕਤ ਕਥਿਤ ਸਿੱਖ ਆਗੂਆਂ ਦਾ ਨਾ ਸਿੱਖੀ ਦੀਆਂ ਕਦਰਾਂ-ਕੀਮਤਾਂ ਨਾਲ ਕੋਈ ਲੈਣਾ-ਦੇਣਾ ਹੈ ਅਤੇ ਨਾ ਉਨ੍ਹਾਂ ਦਾ ਕਸ਼ਮੀਰ ਵਿਚ ਘੱਟਗਿਣਤੀ ਸਿੱਖ ਫਿਰਕੇ ਦੇ ਹਿਤਾਂ ਅਤੇ ਮਸਲਿਆਂ ਨਾਲ ਕੋਈ ਸਰੋਕਾਰ ਹੈ। ਲੜਕੀਆਂ ਦੇ ਪ੍ਰੇਮ ਵਿਆਹਾਂ ਦੇ ਮਾਮਲਿਆਂ ਨੂੰ ਜਿਸ ਤਰ੍ਹਾਂ ਸਿੱਖ ਫਿਰਕੇ ਦੇ ਕੁਝ ਲੋਕਾਂ ਦੇ ਧਾਰਮਿਕ ਜਜ਼ਬਾਤ ਨੂੰ ਭੜਕਾਉਣ, ਇਸਲਾਮ ਉਪਰ ਹਮਲੇ ਕਰਨ ਅਤੇ ਮੁਸਲਿਮ ਫਿਰਕੇ ਦਾ ਅਕਸ ਵਿਗਾੜਨ ਲਈ ਵਰਤਿਆ ਗਿਆ, ਉਹ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ।

ਇਸ ਵਕਤ ਜਦੋਂ ਆਰ.ਐਸ.ਐਸ.-ਬੀ.ਜੇ.ਪੀ. ਦੇ ਫਾਸ਼ੀਵਾਦੀ ਰਾਜ ਵਿਰੁੱਧ ਲੜ ਰਹੇ ਕਸ਼ਮੀਰੀ ਲੋਕਾਂ ਨਾਲ ਡਟ ਕੇ ਖੜ੍ਹਨ ਦੀ ਲੋੜ ਹੈ, ਉਦੋਂ ਮਨਜਿੰਦਰ ਸਿੰਘ ਸਿਰਸਾ ਵਰਗੇ ਆਗੂ ਲੜਕੀਆਂ ਦੇ ਆਪਣੀ ਪਸੰਦ ਦੇ ਜੀਵਨ ਸਾਥੀ ਚੁਣਨ ਦੇ ਹੱਕ ਨੂੰ ਕਸ਼ਮੀਰੀ ਅਤੇ ਸਿੱਖ ਭਾਈਚਾਰਿਆਂ ਦਰਮਿਆਨ ਨਫਰਤ ਪੈਦਾ ਕਰਨ ਅਤੇ ਪਾੜਾ ਪਾਉਣ ਲਈ ਵਰਤ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਵਿਸ਼ੇਸ਼ ਦਖਲ ਦੇਣ ਦੀ ਮੰਗ ਅਤੇ ਕੇਂਦਰ ਸਰਕਾਰ ਤੋਂ ਕਸ਼ਮੀਰ ਵਿਚ ਧਰਮ ਬਦਲੀ ਵਿਰੁੱਧ ਕਾਨੂੰਨ ਬਣਾਉਣ ਦੀ ਮੰਗ ਕਰਨ ਤੋਂ ਜ਼ਾਹਿਰ ਹੈ ਕਿ ਔਰਤਾਂ ਦਾ ਬਰਾਬਰੀ ਦਾ ਦਰਜਾ ਸਵੀਕਾਰ ਕਰਨ ਅਤੇ ਉਨ੍ਹਾਂ ਦੀ ਆਜ਼ਾਦ ਹਸਤੀ ਨੂੰ ਮਾਨਤਾ ਦੇਣ ਦੀ ਬਜਾਇ ਇਹ ਆਗੂ ਸਿੱਖ ਔਰਤਾਂ ਨੂੰ ਸਿੱਖ ਭਾਈਚਾਰੇ ਦੀ ਜਾਇਦਾਦ ਸਮਝਦੇ ਹਨ ਅਤੇ ਧਰਮ ਬਦਲੀ ਕਾਨੂੰਨ ਰਾਹੀਂ ਉਨ੍ਹਾਂ ਦਾ ਆਜ਼ਾਦ ਜ਼ਿੰਦਗੀ ਦਾ ਹੱਕ ਖੋਹਣਾ ਚਾਹੁੰਦੇ ਹਨ। ਇਨ੍ਹਾਂ ਦੀ ਸੋਚ ਆਰ.ਐਸ.ਐਸ.-ਬੀ.ਜੇ.ਪੀ. ਦੇ 'ਲਵ ਜਹਾਦ' ਦੇ ਏਜੰਡੇ ਦਾ ਹੀ ਨਵਾਂ ਰੂਪ ਹੈ ਜਿਸ ਵਿਚ ਸਮੋਏ ਖਤਰਿਆਂ ਬਾਰੇ ਸਿੱਖ ਭਾਈਚਾਰੇ ਅਤੇ ਸਮੂਹ ਦੇਸ਼ਵਾਸੀਆਂ ਨੂੰ ਸਾਵਧਾਨ ਹੋਣ ਦੀ ਲੋੜ ਹੈ।

ਇਹ ਸ਼ੁਭ ਸੰਕੇਤ ਹੈ ਕਿ ਸਥਾਨਕ ਸਿੱਖ ਭਾਈਚਾਰੇ ਦੇ ਇਕ ਹਿੱਸੇ ਨੇ ਇਸ ਖਤਰੇ ਨੂੰ ਪਛਾਣਿਆ ਹੈ ਅਤੇ ਕਸ਼ਮੀਰੀ ਲੋਕਾਂ ਦੀ ਭਾਈਚਾਰਕ ਸਾਂਝ ਅਤੇ ਏਕਤਾ ਦੇ ਹੱਕ ’ਚ ਖੁੱਲ੍ਹ ਕੇ ਸਟੈਂਡ ਲਿਆ ਹੈ।

# ਜੁਝਾਰੂ ਸ਼ਖਸ ਸਟੇਨ ਸਵਾਮੀ ਦਾ 'ਗੈਰ-ਅਦਾਲਤੀ' ਕਤਲ

ਭੀਮਾ-ਕੋਰੇਗਾਓਂ ਕੇਸ 'ਚ ਗ੍ਰਿਫਤਾਰ ਕੀਤੀਆਂ 20 ਦੇ ਕਰੀਬ ਸ਼ਖਸੀਅਤਾਂ 'ਚ ਇਕ ਉਘਾ ਨਾਮ ਸਟੇਨ ਸਵਾਮੀ ਦਾ ਹੈ। ਸਟੇਨ ਸਵਾਮੀ ਨੇ ਆਪਣੇ ਜ਼ਿੰਦਗੀ ਦੇ ਛੇ ਦਹਾਕੇ ਆਦਿਵਾਸੀਆਂ ਅਤੇ ਦਲਿਤਾਂ ਦੇ ਹੱਕਾਂ ਲਈ ਜੂਝਣ ਦੇ ਲੇਖੇ ਲਾਏ। ਬਿਨਾ ਮੁਕੱਦਮਾ ਚਲਾਏ ਜੇਲ੍ਹਾਂ 'ਚ ਸੜ ਰਹੇ ਵਿਚਾਰ ਅਧੀਨ ਕੈਦੀਆਂ ਦੇ ਹੱਕਾਂ ਲਈ ਜੂਝਣ ਵਾਲੇ ਨੂੰ ਵੀ ਆਖਿਰਕਾਰ ਜੇਲ੍ਹ 'ਚ ਡੱਕ ਕੇ ਬਿਨਾ ਮੁਕੱਦਮਾ ਚਲਾਏ ਤਿਲ ਤਿਲ ਮਾਰਿਆ ਗਿਆ; ਉਸੇ ਤਰ੍ਹਾਂ ਜਿਵੇਂ ਅੰਗਰੇਜ਼ ਜੇਲ੍ਹ ਪ੍ਰਬੰਧ ਨੇ ਇਨਕਲਾਬੀ ਜਤਿਨਦਾਸ ਨੂੰ ਲੰਮੀ ਭੁੱਖ ਹੜਤਾਲ ਦੌਰਾਨ ਮਾਰਿਆ ਸੀ।

ਈਸਾਈ ਮੱਤ ਦੇ ਪੈਰੋਕਾਰ ਸਵਾਮੀ ਤਾਮਿਲਨਾਡੂ ਦੇ ਤਿਰੂਚਿਰਾਪਲੀ ਕਸਬੇ ਤੋਂ ਸਨ। ਉਨ੍ਹਾਂ ਦਾ ਜਨਮ 26 ਅਪਰੈਲ 1937 ਨੂੰ ਹੋਇਆ। ਉਨ੍ਹਾਂ ਨੇ ਸਮਾਜ ਵਿਗਿਆਨ ਦੀ ਪੜ੍ਹਾਈ ਫਿਲੀਪੀਨਜ਼ ਅਤੇ ਬੈਲਜੀਅਮ ਤੋਂ ਕੀਤੀ। ਉਨ੍ਹਾਂ ਉਪਰ ਬ੍ਰਾਜ਼ੀਲੀਅਨ ਸਿੱਖਿਆ ਵਿਗਿਆਨੀ ਪਾਓਲੋ ਫਰੇਰੇ ਵਰਗੀਆਂ ਸ਼ਖਸੀਅਤਾਂ ਦੇ ਖਿਆਲਾਂ ਦਾ ਪ੍ਰਭਾਵ ਸੀ। ਉਨ੍ਹਾਂ ਨੇ 1970ਵਿਆਂ ਅਤੇ 1980ਵਿਆਂ 'ਚ ਪੰਦਰਾਂ ਸਾਲ ਇੰਡੀਅਨ ਸੋਸ਼ਲ

**ਬੂਟਾ ਸਿੰਘ**

ਇੰਸਟੀਚਿਊਟ ਬੰਗਲੌਰ 'ਚ ਕੰਮ ਕੀਤਾ ਅਤੇ ਦਸ ਸਾਲ ਇਸ ਦੇ ਡਾਇਰੈਕਟਰ ਰਹੇ। ਉਨ੍ਹਾਂ ਨੇ ਇਸ ਅਦਾਰੇ ਦੇ ਪ੍ਰੋਗਰਾਮਾਂ 'ਚ ਦਾਖਲਾ ਲੈਣ ਵਾਲੇ ਸੈਂਕੜੇ ਸਮਾਜੀ ਕਾਰਕੁਨਾਂ ਅਤੇ ਸੋਸ਼ਲ ਵਰਕਰਾਂ ਨੂੰ ਸਿਖਲਾਈ ਦੇਣ 'ਚ ਮਦਦ ਕੀਤੀ। ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ ਦੇ ਜਨਰਲ ਸਕੱਤਰ ਡਾ. ਵੀ. ਸੁਰੇਸ਼ ਦੱਸਦੇ ਹਨ ਕਿ "ਸੰਸਥਾ 'ਚ ਸਟੇਨ ਦੇ ਮਾਡਿਊਲਾਂ ਨੇ ਭਾਰਤ ਵਿਚ ਜਾਤ ਅਤੇ ਇਸ ਦੇ ਸਿਆਸਤ, ਅਰਥ ਸ਼ਾਸਤਰ ਅਤੇ ਸੱਤਾ ਨਾਲ ਰਿਸ਼ਤੇ ਪ੍ਰਤੀ ਸਾਡੀਆਂ ਅੱਖਾਂ ਖੋਲ੍ਹੀਆਂ। ਉਨ੍ਹਾਂ ਨੇ ਸਾਨੂੰ ਇਹ ਸਵਾਲ ਕਰਨਾ ਸਿਖਾਇਆ ਕਿ ਭਾਰਤੀ ਸਮਾਜ ਕੀ ਹੈ ਅਤੇ ਸਾਨੂੰ ਕਿਸ ਤਰ੍ਹਾਂ ਪ੍ਰਤੀਕਰਮ ਦੇਣਾ ਚਾਹੀਦਾ ਹੈ। ਉਹ ਹਮੇਸ਼ਾ ਧੁਰ ਅੰਦਰੋਂ ਜਮਹੂਰੀ ਸ਼ਖਸ ਸਨ ਜਿਸ ਨੇ ਸਾਡੇ ਉਪਰ ਕਦੇ ਵੀ ਕੋਈ 'ਵਾਦ' ਥੋਪਣ 'ਚ ਦਿਲਚਸਪੀ ਨਹੀਂ ਲਈ।" ਹੋਰ ਬਹੁਤ ਸਾਰੇ ਲੋਕ ਵੀ ਉਨ੍ਹਾਂ ਨਾਲ ਵਿਚਰਦਿਆਂ ਸਿੱਖਣ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਦੇ ਬੇਸ਼ੁਮਾਰ ਅਨੁਭਵ ਬਿਆਨ ਕਰਦੇ ਹਨ।

1990ਵਿਆਂ 'ਚ ਇੰਡੀਅਨ ਸੋਸ਼ਲ ਇੰਸਟੀਚਿਊਟ ਤੋਂ ਰਿਟਾਇਰ ਹੋਣ ਤੋਂ ਬਾਅਦ ਸਵਾਮੀ ਸਭ ਤੋਂ ਗਰੀਬ ਲੋਕਾਂ 'ਚ ਕੰਮ ਕਰਨ ਦੀ ਪ੍ਰਬਲ ਇੱਛਾ ਨਾਲ ਬਿਹਾਰ ਦੇ ਆਦਿਵਾਸੀ ਖੇਤਰ (ਮੌਜੂਦਾ ਝਾਰਖੰਡ) 'ਚ ਆ ਗਏ। ਉਨ੍ਹਾਂ ਨੇ ਖੁਦ ਨੂੰ ਆਦਿਵਾਸੀ ਲੋਕਾਂ ਅਤੇ ਉਨ੍ਹਾਂ ਦੇ ਮਾਣ-ਸਨਮਾਨ ਵਾਲੀ ਜ਼ਿੰਦਗੀ ਲਈ ਸੰਘਰਸ਼ ਨਾਲ ਇਕਮਿੱਕ ਕਰ ਲਿਆ। ਉਨ੍ਹਾਂ ਦਾ ਸਰੋਕਾਰ ਹਮੇਸ਼ਾ ਆਦਿਵਾਸੀਆਂ ਅਤੇ ਦਲਿਤਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕ ਦਿਵਾਉਣ ਨਾਲ ਰਿਹਾ। ਆਦਿਵਾਸੀਆਂ 'ਚ ਵਿਚਰਨ ਦੇ ਅਨੁਭਵ ਨੇ ਉਨ੍ਹਾਂ ਉਪਰ ਕਿਸ ਤਰ੍ਹਾਂ ਦਾ ਪ੍ਰਭਾਵ ਪਾਇਆ, ਇਸ ਬਾਰੇ ਉਹ ਕਹਿੰਦੇ ਹਨ, "ਬਰਾਬਰੀ, ਭਾਈਚਾਰੇ ਅਤੇ ਸਰਬਸੰਮਤੀ ਨਾਲ ਫੈਸਲੇ ਕਰਨ ਦੀਆਂ ਆਦਿਵਾਸੀ ਕਦਰਾਂ-ਕੀਮਤਾਂ ਨੂੰ ਦੇਖਦੇ ਹੋਏ ਮੈਂ ਇਕ ਤਰ੍ਹਾਂ ਦੀ ਜਾਗ੍ਰਿਤੀ ਦੇ ਅਮਲ 'ਚੋਂ ਗੁਜ਼ਰਿਆ।"

1996 'ਚ ਉਨ੍ਹਾਂ ਨੇ ਯੂਰੇਨੀਅਮ ਕਾਰਪੋਰੇਸ਼ਨ ਆਫ ਇੰਡੀਆ ਦੇ ਪ੍ਰੋਜੈਕਟ ਵਿਰੁੱਧ ਝਾਰਖੰਡ ਆਰਗੇਨਾਈਜੇਸ਼ਨ ਅਗੇਂਸਟ ਯੂਰੇਨੀਅਮ ਰੇਡੀਏਸ਼ਨ (ਜੋਆਰ) ਬਣਾ ਕੇ ਚਾਇਬਾਸਾ 'ਚ ਬਣਾਏ ਜਾ ਰਹੇ ਟੇਲਿੰਗ ਡੈਮ ਨੂੰ ਰੋਕਣ 'ਚ ਕਾਮਯਾਬੀ ਹਾਸਲ ਕੀਤੀ। ਇਸ ਡੈਮ ਨਾਲ ਚਾਤੀਕੋਚਾ ਇਲਾਕੇ 'ਚ ਆਦਿਵਾਸੀਆਂ ਦਾ ਉਜਾੜਾ ਹੋਣਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਬੋਕਾਰੋ, ਸੰਥਾਲ ਪਰਗਨਾ ਅਤੇ ਕੋਡਰਮਾ 'ਚ ਉਜਾੜੇ ਜਾ ਰਹੇ ਲੋਕਾਂ 'ਚ ਕੰਮ ਕੀਤਾ।

ਸਵਾਮੀ ਜ਼ਮੀਨ ਕਾਨੂੰਨਾਂ ਅਤੇ ਜ਼ਮੀਨ ਗ੍ਰਹਿਣ ਕਾਨੂੰਨ 'ਚ ਲੋਕ ਮਾਰੂ ਸੋਧਾਂ ਕਰਨ ਦੇ ਯਤਨਾਂ ਦੇ ਬੇਬਾਕ ਆਲੋਚਕ ਸਨ ਅਤੇ ਜੰਗਲਾਤ ਹੱਕ ਕਾਨੂੰਨ, ਪੇਸਾ (ਸੂਚੀਦਰਜ ਇਲਾਕਿਆਂ 'ਚ ਪੰਚਾਇਤੀ ਸੰਸਥਾਵਾਂ ਦਾ ਵਿਸਤਾਰ) ਕਾਨੂੰਨ ਅਤੇ ਹੋਰ ਸਬੰਧਤ ਕਾਨੂੰਨਾਂ ਦੇ ਜ਼ੋਰਦਾਰ ਹਮਾਇਤੀ ਸਨ। ਉਹ ਸੁਪਰੀਮ ਕੋਰਟ ਦੀ 1997 ਦੀ ਸਮਤਾ ਜਜਮੈਂਟ ਨੂੰ ਅਮਲ 'ਚ ਲਿਆਉਣ ਪ੍ਰਤੀ ਸਰਕਾਰਾਂ ਦੀ ਟਾਲਮਟੋਲ ਉਪਰ ਸਵਾਲ ਉਠਾਉਣ ਵਾਲੇ ਜਾਗਰੂਕ ਬੁੱਧੀਜੀਵੀਆਂ 'ਚੋਂ ਇਕ ਸਨ। ਇਹ ਇਤਿਹਾਸਕ ਫੈਸਲਾ ਉਸ ਵਕਤ ਆਇਆ ਸੀ, ਜਦੋਂ ਉਦਾਰੀਕਰਨ, ਨਿੱਜੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਰਾਹੀਂ ਦੇਸੀ ਅਤੇ ਕੌਮਾਂਤਰੀ ਕਾਰਪੋਰੇਟ ਘਰਾਣਿਆਂ ਨੇ ਕੇਂਦਰੀ ਭਾਰਤ ਦੇ ਖਣਿਜਾਂ ਨਾਲ ਭਰਪੂਰ ਆਦਿਵਾਸੀ ਇਲਾਕਿਆਂ ਉਪਰ ਧਾੜਵੀ ਹਮਲਾ ਵਿੱਢਿਆ ਹੋਇਆ ਸੀ (ਜੋ ਹੁਣ ਵੀ ਜਾਰੀ ਹੈ)। ਇਸ ਫੈਸਲੇ ਨੇ ਆਦਿਵਾਸੀ ਜ਼ਮੀਨਾਂ 'ਚ ਖਣਨ ਨੂੰ ਕੰਟਰੋਲ ਕਰਨ ਅਤੇ ਆਦਿਵਾਸੀ ਤਰਜ਼-ਜ਼ਿੰਦਗੀ ਦੇ ਵਿਕਾਸ ਲਈ ਆਦਿਵਾਸੀ ਲੋਕਾਂ ਦੇ ਹੱਕ 'ਚ ਮਹੱਤਵਪੂਰਨ ਸੁਰੱਖਿਆ ਉਪਾਅ ਮੁਹੱਈਆ ਕੀਤੇ ਸਨ। ਪੇਸਾ 1996 'ਚ ਪਹਿਲੀ ਵਾਰ ਇਹ ਤੱਥ ਨੂੰ ਮਾਨਤਾ ਦਿੱਤੀ ਗਈ ਸੀ ਕਿ ਭਾਰਤ ਵਿਚ ਆਦਿਵਾਸੀ ਭਾਈਚਾਰਿਆਂ ਦੀ ਗ੍ਰਾਮ ਸਭਾਵਾਂ ਰਾਹੀਂ ਸਵੈ-ਰਾਜ ਦੀ ਅਮੀਰ ਸਮਾਜੀ ਅਤੇ ਸਭਿਆਚਾਰਕ ਪਰੰਪਰਾ ਰਹੀ ਹੈ।



ਸਵਾਮੀ ਨੇ ਆਦਿਵਾਸੀਆਂ ਨੂੰ ਪੇਸਾ ਤਹਿਤ ਆਪਣੇ ਹੱਕਾਂ ਲਈ ਜੂਝਣ ਲਈ ਲਾਮਬੰਦ ਕਰਨ ਵਾਸਤੇ ਅਣਥੱਕ ਕੰਮ ਕੀਤਾ। ਸਵਾਮੀ ਅਤੇ ਹੋਰ ਸਮਰਪਿਤ ਕਾਰਕੁਨਾਂ ਦੇ ਯਤਨਾਂ ਨੂੰ ਬੂਰ ਪਿਆ ਅਤੇ ਆਦਿਵਾਸੀ ਚੇਤਨਾ ਨੇ 2017 'ਚ ਝਾਰਖੰਡ ਵਿਚ ਜ਼ਬਰਦਸਤ 'ਪਥਲਗੜ੍ਹੀ ਅੰਦੋਲਨ' ਦਾ ਰੂਪ ਅਖਤਿਆਰ ਕਰ ਲਿਆ। ਇਸ ਅੰਦੋਲਨ ਨੇ ਪੇਸਾ ਨੂੰ ਲਾਗੂ ਨਾ ਕਰਨ ਦੀ ਸਟੇਟ ਦੀ ਸੋਚੀ-ਸਮਝੀ ਸਾਜ਼ਿਸ਼ ਨੂੰ ਬੇਪਰਦ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ।

ਉਨ੍ਹਾਂ ਨੇ ਝਾਰਖੰਡ ਦੇ ਆਦਿਵਾਸੀਆਂ ਦੇ ਹੱਕਾਂ ਲਈ ਵਿਆਪਕ ਪੈਮਾਨੇ 'ਤੇ ਕੰਮ ਕੀਤਾ। ਉਨ੍ਹਾਂ ਨੇ ਵਿਕਾਸ ਪ੍ਰੋਜੈਕਟਾਂ ਦੇ ਨਾਮ ਹੇਠ ਆਦਿਵਾਸੀਆਂ ਦੀ ਜੰਗਲਾਂ, ਪਹਾੜਾਂ ਤੋਂ ਬੇਦਖਲੀ ਅਤੇ ਉਜਾੜੇ ਵਿਰੁੱਧ ਬਹੁਤ ਸਾਰੀਆਂ ਮੁਹਿੰਮਾਂ ਚਲਾਈਆਂ। ਉਹ 'ਵਿਸਥਾਪਨ ਵਿਰੋਧੀ ਜਨਵਿਕਾਸ ਅੰਦੋਲਨ' ਦੇ ਬਾਨੀਆਂ 'ਚੋਂ ਇਕ ਹਨ। ਇਹ ਮੰਚ ਆਦਿਵਾਸੀਆਂ, ਦਲਿਤਾਂ ਅਤੇ ਕਿਸਾਨਾਂ ਨੂੰ ਕਥਿਤ ਵਿਕਾਸ ਦੇ ਨਾਂ ਹੇਠ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜਨ ਦਾ ਇਕਜੁੱਟ ਹੋ ਕੇ ਵਿਰੋਧ ਕਰਨ ਦੇ ਮਨੋਰਥ ਨਾਲ ਵੱਖ-ਵੱਖ ਅੰਦੋਲਨਾਂ ਨੂੰ ਇਕ ਸਾਂਝੇ ਮੰਚ ਉਪਰ ਇਕਜੁੱਟ ਕਰਨ ਲਈ ਬਣਾਇਆ ਗਿਆ ਸੀ ਅਤੇ ਇਸ ਨੇ ਉਜਾੜੇ ਦਾ ਸਾਹਮਣਾ ਕਰ ਰਹੇ ਨਿਤਾਣੇ ਸਮੂਹਾਂ ਦੇ ਹੱਕਾਂ ਲਈ ਪ੍ਰਭਾਵਸ਼ਾਲੀ ਮੁਹਿੰਮਾਂ ਚਲਾਈਆਂ ਅਤੇ ਉਜਾੜਾ ਕਰਨ ਵਾਲੇ ਪ੍ਰੋਜੈਕਟਾਂ ਦੀ ਬਜਾਏ ਟਿਕਾਊ ਵਿਕਾਸ ਮਾਡਲ ਵੀ ਤਜਵੀਜ਼ ਕੀਤਾ।

ਇਸ ਦੌਰ 'ਚ, ਆਦਿਵਾਸੀਆਂ ਦੇ ਆਪਣੇ ਹੱਕਾਂ ਲਈ ਜੁਝਾਰੂ ਵਿਰੋਧ ਨੂੰ ਕੁਚਲਣ ਲਈ ਹਕੂਮਤੀ ਹਮਲੇ 'ਚ ਤੇਜ਼ੀ ਆਈ। ਬੇਕਸੂਰ ਲੋਕਾਂ ਦੀਆਂ ਝੂਠੇ ਕੇਸਾਂ 'ਚ ਗ੍ਰਿਫਤਾਰੀਆਂ ਅਤੇ ਉਨ੍ਹਾਂ ਨੂੰ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਤਹਿਤ ਜੇਲ੍ਹਾਂ 'ਚ ਸਾੜਨ ਦਾ ਸਿਲਸਿਲਾ ਹੋਰ ਵਿਆਪਕ ਪੈਮਾਨੇ 'ਤੇ ਚਲਾਇਆ। ਇਸ ਨਾਲ ਉਨ੍ਹਾਂ ਵੱਲੋਂ ਚਲਾਈ ਜਾ ਰਹੀ ਰਿਹਾਈ ਅਤੇ ਕਾਨੂੰਨੀ ਹੱਕਾਂ ਦੀ ਪੈਰਵੀ ਦੀ ਮੁਹਿੰਮ ਬਹੁਤ ਮਹੱਤਵਪੂਰਨ ਹੋ ਗਈ।

ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅਗਸਤ 2020 ਦੇ ਅੰਕੜੇ ਦੱਸਦੇ ਹਨ ਕਿ ਜੇਲ੍ਹਾਂ 'ਚ ਜ਼ਿਆਦਾਤਰ ਦਲਿਤ, ਆਦਿਵਾਸੀ ਅਤੇ ਮੁਸਲਮਾਨ ਬੰਦ ਹਨ ਅਤੇ ਉਨ੍ਹਾਂ ਦੀ ਗਿਣਤੀ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ 'ਚ ਬਹੁਤ ਜ਼ਿਆਦਾ ਹੈ। 2010 'ਚ ਉਨ੍ਹਾਂ ਨੇ 'ਜੇਲ੍ਹ ਮੇਂ ਬੰਦ ਕੈਦੀਓਂ ਕਾ ਸੱਚ' ਨਾਂ ਦਾ ਕਿਤਾਬਚਾ ਛਾਪਿਆ ਜਿਸ ਵਿਚ ਕਥਿਤ ਤੌਰ 'ਤੇ ਨਕਸਲੀ ਲਹਿਰ ਨਾਲ ਸਬੰਧਤ ਹੋਣ ਦੇ ਆਧਾਰ 'ਤੇ ਆਦਿਵਾਸੀ ਨੌਜਵਾਨਾਂ ਦੀਆਂ ਮਨਮਾਨੀਆਂ ਅਤੇ ਗੈਰਕਾਨੂੰਨੀ ਗ੍ਰਿਫਤਾਰੀਆਂ ਦਾ ਪਰਦਾਫਾਸ਼ ਕੀਤਾ ਗਿਆ ਸੀ। ਇਕ ਰਿਪੋਰਟ 'ਚ ਉਨ੍ਹਾਂ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ 3000 ਆਦਿਵਾਸੀਆਂ ਵਿਚੋਂ 98% ਨੂੰ ਝੂਠੇ ਕੇਸਾਂ 'ਚ ਫਸਾਇਆ ਗਿਆ ਹੈ ਅਤੇ ਉਨ੍ਹਾਂ ਦਾ ਨਕਸਲੀ ਲਹਿਰ ਨਾਲ ਕੋਈ ਸਬੰਧ ਨਹੀਂ ਸੀ। ਉਨ੍ਹਾਂ ਨੇ ਹੋਰ ਕਾਰਕੁਨਾਂ ਨਾਲ ਮਿਲ ਕੇ ਝਾਰਖੰਡ ਦੀਆਂ ਜੇਲ੍ਹਾਂ 'ਚ ਬੰਦ ਕੈਦੀਆਂ ਦਾ ਅਧਿਐਨ ਕਰਕੇ 2016 'ਚ ਯੂ.ਏ.ਪੀ.ਏ. ਤਹਿਤ ਬੰਦ 102 ਵਿਚਾਰ-ਅਧੀਨ ਕੈਦੀਆਂ ਬਾਰੇ ਰਿਪੋਰਟ ਜਾਰੀ ਕੀਤੀ। ਰਿਪੋਰਟ ਨੇ ਖੁਲਾਸਾ ਕੀਤਾ ਕਿ ਇਨ੍ਹਾਂ 97% ਪਰਿਵਾਰਾਂ ਦੀ ਮਾਸਿਕ ਆਮਦਨੀ 5000 ਰੁਪਏ ਤੋਂ ਘੱਟ ਅਤੇ 59% ਪਰਿਵਾਰਾਂ ਦੀ ਆਮਦਨੀ 3000 ਰੁਪਏ ਤੋਂ ਵੀ ਘੱਟ ਹੈ ਅਤੇ ਉਹ ਐਨੇ ਗਰੀਬ ਹਨ ਕਿ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਕਾਨੂੰਨੀ ਲੜਾਈ ਦੇ ਖਰਚੇ ਪੂਰੇ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਬੱਕਰੀਆਂ ਤੱਕ ਵੇਚਣੀਆਂ ਪੈਂਦੀਆਂ ਹਨ।

2017 'ਚ ਸਵਾਮੀ ਨੇ ਇਸ ਰਿਪੋਰਟ ਦੇ ਆਧਾਰ 'ਤੇ ਝਾਰਖੰਡ ਹਾਈਕੋਰਟ ਵਿਚ ਜਨਹਿਤ ਪਟੀਸ਼ਨ (ਪੀ.ਆਈ.ਐਲ.) ਪਾ ਕੇ ਜੇਲ੍ਹਾਂ ਵਿਚ ਸੜ ਰਹੇ ਸਭ ਤੋਂ ਗਰੀਬ ਲੋਕਾਂ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਐਡਵੋਕੇਟ ਸੁਧਾ ਭਾਰਦਵਾਜ ਨਾਲ ਮਿਲ ਕੇ 'ਜ਼ੁਲਮਾਂ ਦਾ ਸ਼ਿਕਾਰ ਕੈਦੀਆਂ ਨਾਲ ਇਕਮੁੱਠਤਾ ਕਮੇਟੀ' ਬਣਾਈ ਅਤੇ ਵਕੀਲਾਂ ਤੇ ਕਾਰਕੁਨਾਂ ਨੂੰ ਇਕਜੁੱਟ ਕਰਕੇ ਵਿਚਾਰ ਅਧੀਨ ਕੈਦੀਆਂ, ਇਕਾਂਤਵਾਸ ਕੈਦ ਅਤੇ ਆਦਿਵਾਸੀਆਂ ਦੇ ਹੱਕਾਂ ਲਈ ਲੜਨ ਵਾਲੇ ਕਾਰਕੁਨਾਂ ਨੂੰ ਝੂਠੇ ਕੇਸਾਂ 'ਚ ਫਸਾਉਣ ਦੇ ਮੁੱਦੇ ਚੁੱਕੇ। 2018 'ਚ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਝਾਰਖੰਡ ਹਾਈਕੋਰਟ ਨੇ ਸਰਕਾਰ ਤੋਂ ਐਸੇ ਕੈਦੀਆਂ ਦੀ ਵਿਸਤਾਰਤ ਰਿਪੋਰਟ ਮੰਗੀ। ਰਿਪੋਰਟ ਦੇਣ ਤੋਂ ਟਾਲਮਟੋਲ ਕਰ ਰਹੇ ਸਟੇਟ ਦੇ ਗ੍ਰਹਿ ਸਕੱਤਰ ਨੂੰ ਜੱਜ ਨੇ ਇਥੋਂ ਤੱਕ ਕਿਹਾ ਕਿ ਜੇ ਸਰਕਾਰ ਨੇ ਅਦਾਲਤ ਦੇ ਨੋਟਿਸਾਂ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ ਤਾਂ ਉਸ ਦੀ ਤਨਖਾਹ ਕੱਟ ਲਈ ਜਾਵੇਗੀ। ਵਿਚਾਰ ਅਧੀਨ ਬੰਦੀਆਂ ਦਾ ਮੁੱਦਾ ਉਠਾਉਣ ਵਾਲੇ ਸਵਾਮੀ ਹੁਣ ਪਿਛਲੇ ਸਾਲ 8 ਅਕਤੂਬਰ ਤੋਂ ਖੁਦ ਜੇਲ੍ਹ 'ਚ ਕੈਦ ਸਨ। ਪਿਛਲੇ ਸਾਲ ਅਦਾਲਤ ਨੇ ਭਾਵੇਂ ਜੇਲ੍ਹ ਸੁਧਾਰਾਂ ਬਾਰੇ ਤਿੰਨ ਹੋਰ ਪਟੀਸ਼ਨਾਂ ਉਨ੍ਹਾਂ ਦੀ ਪਟੀਸ਼ਨ 'ਚ ਮਿਲਾ ਤਾਂ ਲਈਆਂ ਪਰ ਅਕਤੂਬਰ 2019 ਤੋਂ ਲੈ ਕੇ ਉਨ੍ਹਾਂ ਉਪਰ ਕੋਈ ਸੁਣਵਾਈ ਨਹੀਂ ਹੋਈ।

ਆਦਿਵਾਸੀ ਅਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਹਿਤਾਂ ਲਈ ਸਵਾਮੀ ਜੀ ਦਾ ਇਹ ਅਣਥੱਕ ਕੰਮ ਹਕੂਮਤ ਨੂੰ ਬਹੁਤ ਚੁਭਦਾ ਸੀ। ਇਸੇ ਕਰਕੇ ਉਨ੍ਹਾਂ ਨੂੰ 'ਸ਼ਹਿਰੀ ਨਕਸਲੀ' ਅਤੇ ਸੀ.ਪੀ.ਆਈ. (ਮਾਓਵਾਦੀ) ਕਾਡਰ ਦਾ ਠੱਪਾ ਲਾ ਕੇ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ। 28 ਅਗਸਤ 2018 ਨੂੰ ਪੁਣੇ ਪੁਲਿਸ ਨੇ ਰਾਂਚੀ 'ਚ ਬਣਾਏ ਬਗਾਇਚਾ ਕੈਂਪ 'ਚ ਸਵਾਮੀ ਦੀ ਰਿਹਾਇਸ਼ ਉਪਰ ਛਾਪਾ ਮਾਰ ਕੇ ਉਨ੍ਹਾਂ ਦਾ ਲੈਪਟਾਪ, ਸੈੱਲ ਫੋਨ, ਕਿਤਾਬਾਂ ਅਤੇ ਕਲਾਸੀਕਲ ਮਿਊਜ਼ਿਕ ਦੀਆਂ ਸੀ.ਡੀ. ਕਬਜ਼ੇ 'ਚ ਲੈ ਲਈਆਂ। 12 ਜੂਨ 2019 ਨੂੰ ਉਨ੍ਹਾਂ ਦੇ ਘਰ ਦੁਬਾਰਾ ਛਾਪਾ ਮਾਰਿਆ ਗਿਆ। 8 ਅਕਤੂਬਰ 2020 ਦੀ ਰਾਤ ਨੂੰ ਕੌਮੀ ਜਾਂਚ ਏਜੰਸੀ ਨੇ ਸਵਾਮੀ ਨੂੰ ਗ੍ਰਿਫਤਾਰ ਕਰ ਲਿਆ, ਹੋਰ ਬੁੱਧੀਜੀਵੀਆਂ ਦੀ ਤਰ੍ਹਾਂ ਉਨ੍ਹਾਂ ਉਪਰ ਵੀ ਯੂ.ਏ.ਪੀ.ਏ. ਲਗਾਇਆ ਗਿਆ। ਸਵਾਮੀ ਦੀ ਗ੍ਰਿਫਤਾਰੀ ਦਾ ਵਿਆਪਕ ਵਿਰੋਧ ਹੋਇਆ। ਆਦਿਵਾਸੀ ਸਮੂਹਾਂ, ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ, ਉਘੀਆਂ ਸ਼ਖਸੀਅਤਾਂ ਤੋਂ ਇਲਾਵਾ ਝਾਰਖੰਡ ਦੇ ਮੁੱਖ ਮੰਤਰੀ, ਮੈਂਬਰ ਪਾਰਲੀਮੈਂਟ ਕੰਨੀਮੋਜ਼ੀ ਅਤੇ ਸ਼ਸ਼ੀ ਥਰੂਰ ਸਮੇਤ ਬਹੁਤ ਸਾਰੇ ਮੁੱਖਧਾਰਾ ਆਗੂਆਂ ਨੇ ਵੀ ਸਵਾਮੀ ਦੀ ਗ੍ਰਿਫਤਾਰੀ ਦਾ ਜ਼ੋਰਦਾਰ ਵਿਰੋਧ ਕੀਤਾ। ਪਾਰਕਿੰਨਸਨ ਰੋਗ ਕਾਰਨ ਉਨ੍ਹਾਂ ਦੇ ਹੱਥ ਕੰਬਦੇ ਸਨ ਅਤੇ ਉਹ ਚਾਹ ਜਾਂ ਪਾਣੀ ਵੀ ਆਪ ਨਹੀਂ ਪੀ ਸਕਦੇ। ਉਨ੍ਹਾਂ ਨੂੰ ਸਿਪਰ ਜਾਂ ਸਟ੍ਰਾਅ ਦੀ ਜ਼ਰੂਰਤ ਸੀ ਜੋ ਉਨ੍ਹਾਂ ਨੂੰ ਨਹੀਂ ਦਿੱਤਾ ਗਿਆ। ਇਨ੍ਹਾਂ ਮਾਮੂਲੀ ਚੀਜ਼ਾਂ ਲਈ ਵੀ ਉਨ੍ਹਾਂ ਨੂੰ ਕਾਨੂੰਨੀ ਲੜਾਈ ਲੜਨੀ ਪਈ। ਸਰਕਾਰੀ ਪੱਖ ਨੇ ਉਨ੍ਹਾਂ ਦੀ ਅਰਜ਼ੀ ਦਾ ਜਵਾਬ ਦੇਣ ਲਈ ਸਮਾਂ ਮੰਗਿਆ ਅਤੇ ਅਦਾਲਤ ਨੇ ਇਸ ਲਈ ਵੀਹ ਦਿਨ ਦੇ ਦਿੱਤੇ। ਇਸੇ ਤਰ੍ਹਾਂ ਉਨ੍ਹਾਂ ਦੀ ਇਲਾਜ ਲਈ ਜ਼ਮਾਨਤ ਦੀ ਅਰਜ਼ੀ ਅਦਾਲਤ ਵੱਲੋਂ ਚਾਰ ਮਹੀਨੇ ਬਾਅਦ ਰੱਦ ਕੀਤੀ ਗਈ। ਪੰਜ ਜੁਲਾਈ ਨੂੰ ਵੀ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਦੀ ਅਗਲੀ ਸੁਣਵਾਈ ਸੀ। ਇਹ ਲਮਕਾਊ ਅਮਲ ਇਸ ਦਾ ਸਬੂਤ ਹੈ ਕਿ ਸੱਤਾ ਦੇ ਦਬਾਓ ਹੇਠ ਨਿਆਂ ਪ੍ਰਣਾਲੀ ਕਿੰਨੀ ਬੇਰਹਿਮ ਬਣ ਚੁੱਕੀ ਹੈ।

ਕੌਮੀ ਜਾਂਚ ਏਜੰਸੀ ਨੇ ਚਾਰਜਸ਼ੀਟ 'ਚ ਦੋਸ਼ ਲਾਇਆ ਕਿ ਸਵਾਮੀ ਸੀ.ਪੀ.ਆਈ. (ਮਾਓਵਾਦੀ) ਦਾ ਮੈਂਬਰ ਹੈ, ਉਸ ਦਾ ਮਾਓਵਾਦੀ ਕਾਡਰ ਨਾਲ ਸੰਪਰਕ ਸੀ ਅਤੇ ਉਸ ਨੇ ਪਾਰਟੀ ਦੀਆਂ ਸਰਗਰਮੀਆਂ ਲਈ 8 ਲੱਖ ਰੁਪਏ ਪ੍ਰਾਪਤ ਕੀਤੇ ਪਰ ਏਜੰਸੀ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ। ਚਾਰਜਸ਼ੀਟ ਇਹ ਵੀ ਕਹਿੰਦੀ ਹੈ ਕਿ ਉਸ ਕੋਲੋਂ ਪ੍ਰੈੱਸ ਬਿਆਨ, ਮਾਓਵਾਦੀ ਪਾਰਟੀ ਦੀ ਹੋਰ ਪ੍ਰਚਾਰ ਸਮੱਗਰੀ, ਸਾਹਿਤ ਆਦਿ ਬਰਾਮਦ ਹੋਇਆ ਹੈ ਜੋ ਉਸ ਦੇ ਜੁਰਮ 'ਚ ਸ਼ਾਮਲ ਹੋਣ ਦਾ ਸਬੂਤ ਹੈ। ਉਹ 'ਜ਼ੁਲਮਾਂ ਦਾ ਸ਼ਿਕਾਰ ਕੈਦੀਆਂ ਨਾਲ ਇਕਮੁੱਠਤਾ ਕਮੇਟੀ' ਦਾ ਕਨਵੀਨਰ ਹੈ ਜੋ ਪਾਬੰਦੀਸ਼ੁਦਾ ਪਾਰਟੀ ਦੀ ਫਰੰਟ ਜਥੇਬੰਦੀ ਹੈ। ਜਦੋਂ ਕਿ ਸਚਾਈ ਇਹ ਸੀ ਕਿ ਉਪਰੋਕਤ ਪ੍ਰੈੱਸ ਬਿਆਨ ਦਰਅਸਲ ਪਥਲਗੜ੍ਹੀ ਅੰਦੋਲਨ ਬਾਰੇ ਡਬਲਯੂ.ਐਸ.ਐਸ. (ਵਿਮੈਨ ਅਗੇਂਸਟ ਸੈਕਸੂਅਲ ਵਾਇਲੈਂਸ ਐਂਡ ਸਟੇਟ ਰਿਪਰੈਸ਼ਨ) ਦਾ ਤਾਜ਼ਾ ਪ੍ਰੈੱਸ ਬਿਆਨ ਸੀ। ਇਹ ਜਥੇਬੰਦੀ ਨਾ ਤਾਂ ਪਾਬੰਦੀਸ਼ੁਦਾ ਹੈ ਅਤੇ ਨਾ ਇਸ ਦਾ ਕਿਸੇ ਤਰ੍ਹਾਂ ਦੀ ਹਿੰਸਾ ਨਾਲ ਕੋਈ ਲੈਣਾ ਦੇਣਾ ਹੈ।

ਚਾਰਜਸ਼ੀਟ ਇਥੋਂ ਤੱਕ ਕਹਿੰਦੀ ਹੈ ਕਿ ਉਨ੍ਹਾਂ ਨੇ "ਹਿੰਸਾ ਲਈ ਉਕਸਾਹਟ ਪੈਦਾ ਕੀਤੀ, ਨਫਰਤ ਫੈਲਾਈ ਅਤੇ ਕਾਨੂੰਨ ਦੁਆਰਾ ਸਥਾਪਤ ਸਰਕਾਰ ਪ੍ਰਤੀ ਅਸੰਤੋਖ ਫੈਲਾਇਆ ਅਤੇ ਧਰਮ, ਜਾਤ ਅਤੇ ਫਿਰਕੇ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਦਰਮਿਆਨ ਦੁਸ਼ਮਣੀ ਦਾ ਪ੍ਰਚਾਰ ਕੀਤਾ।" ਇਹ ਵੀ ਕਿ "ਸਾਜ਼ਿਸ਼ ਦਾ ਜਾਲ ਸਿਰਫ ਪੂਰੇ ਮੁਲਕ 'ਚ ਹੀ ਨਹੀਂ ਸਗੋਂ ਭਾਰਤ ਤੋਂ ਬਾਹਰ ਵੀ ਫੈਲਿਆ ਹੋਇਆ ਸੀ।" ਸਵਾਮੀ ਨੇ ਇਨ੍ਹਾਂ ਤਮਾਮ ਬੇਬੁਨਿਆਦ ਦੋਸ਼ਾਂ ਨੂੰ ਰੱਦ ਕੀਤਾ ਅਤੇ ਕੌਮੀ ਜਾਂਚ ਏਜੰਸੀ ਵੱਲੋਂ ਕੀਤੀ ਪੰਦਰਾਂ ਘੰਟੇ ਦੀ ਪੁੱਛਗਿੱਛ 'ਚ ਹਰ ਸਵਾਲ ਦਾ ਠੋਸ ਤੱਥਾਂ ਅਤੇ ਦਲੀਲਾਂ ਨਾਲ ਜਵਾਬ ਦਿੱਤਾ।

ਸਟੇਨ ਸਵਾਮੀ ਆਲੋਚਕ ਆਵਾਜ਼ਾਂ ਅਤੇ ਲੋਕ ਹੱਕਾਂ ਦੇ ਘੁਲਾਟੀਆਂ ਦੀ ਜ਼ੁਬਾਨਬੰਦੀ ਦੀ ਇਸ ਸਾਜ਼ਿਸ਼ ਨੂੰ ਬਾਖੂਬੀ ਸਮਝਦੇ ਸਨ। ਛਾਪੇ ਮਾਰੇ ਜਾਣ 'ਤੇ ਉਨ੍ਹਾਂ ਨੇ ਕਿਹਾ, "ਜੇ ਤੁਸੀਂ ਇਹ ਮੁੱਦੇ ਉਠਾਉਂਦੇ ਹੋ ਤਾਂ ਤੁਹਾਨੂੰ ਇਨ੍ਹਾਂ ਗੱਲਾਂ ਦਾ ਸਾਹਮਣਾ ਕਰਨਾ ਹੀ ਪੈਣਾ ਹੈ। ਮਾਹੌਲ ਇਹ ਹੈ ਕਿ ਜੇ ਤੁਸੀਂ ਸਵਾਲ ਉਠਾਉਂਦੇ ਹੋ ਅਤੇ ਤੱਥ ਖੋਜ ਕੇ ਸਾਹਮਣੇ ਲਿਆਉਂਦੇ ਹੋ ਤਾਂ ਤੁਸੀਂ ਵਿਕਾਸ ਵਿਰੋਧੀ ਹੋ। ਜੇ ਤੁਸੀਂ ਵਿਕਾਸ ਵਿਰੋਧੀ ਹੋ ਤਾਂ ਤੁਸੀਂ ਸਰਕਾਰ ਵਿਰੋਧੀ ਹੋ। ਜੇ ਤੁਸੀਂ ਸਰਕਾਰ ਵਿਰੋਧੀ ਹੋ ਤਾਂ ਤੁਸੀਂ ਰਾਸ਼ਟਰ ਵਿਰੋਧੀ ਹੋ। ਇੱਥੇ ਇਸ ਤਰਕ 'ਤੇ ਚੱਲਿਆ ਜਾ ਰਿਹਾ ਹੈ।" ਉਨ੍ਹਾਂ ਕਿਹਾ, "ਮੈਂ ਤਾਂ ਇਹੀ ਕਰ ਸਕਦਾ ਹਾਂ ਕਿ ਆਪਣੇ ਕੰਮਾਂ ਬਾਰੇ ਸਪਸ਼ਟ ਕਰਾਂ ਅਤੇ ਪੁਲਿਸ ਵੱਲੋਂ ਬਣਾਈਆਂ ਮਨਘੜਤ ਕਹਾਣੀਆਂ ਤੋਂ ਇਨਕਾਰ ਕਰਾਂ।" "ਮੈਂ ਇਸ ਅਮਲ ਦਾ ਹਿੱਸਾ ਹਾਂ... ਜੋ ਵੀ ਹੁੰਦਾ ਹੈ ਮੈਂ ਉਸ ਦਾ ਸਾਹਮਣਾ ਕਰਨ ਲਈ ਤਿਆਰ ਹਾਂ।"

ਸਭ ਜਾਣਦੇ ਹਨ ਕਿ ਪ੍ਰਧਾਨ ਮੰਤਰੀ ਦੇ ਕਤਲ ਦੀ ਕਥਿਤ ਸਾਜ਼ਿਸ਼ ਸਟੇਨ ਸਵਾਮੀ, ਵਰਾਵਰਾ ਰਾਓ, ਗੌਤਮ ਨਵਲੱਖਾ ਵਰਗੇ ਰੋਸ਼ਨ-ਖਿਆਲ ਕਾਰਕੁਨਾਂ ਨੂੰ ਖਾਮੋਸ਼ ਕਰਨ ਲਈ ਵਿਛਾਇਆ ਜਾਲ ਹੈ। ਉਹ ਖੁਦ ਭਾਰਤ ਉਪਰ ਐਸਾ ਪ੍ਰਬੰਧ ਥੋਪੇ ਜਾਣ ਦੀ ਸਾਜ਼ਿਸ਼ ਦਾ ਸ਼ਿਕਾਰ ਹੋਏ ਜਿਸ ਵਿਚ ਖਣਨ ਕੰਪਨੀਆਂ ਨੂੰ ਧਾੜਵੀ ਲੁੱਟਮਾਰ ਦੀ ਖੁੱਲ੍ਹੀ ਛੁੱਟੀ ਹੈ ਅਤੇ ਆਦਿਵਾਸੀਆਂ ਦੀ ਆਵਾਜ਼, ਜਾਂ ਆਦਿਵਾਸੀਆਂ ਦੇ ਹੱਕ 'ਚ ਉਠਣ ਵਾਲੀਆਂ ਆਵਾਜ਼ਾਂ ਲਈ ਝੂਠੇ ਕੇਸ ਅਤੇ ਜੇਲ੍ਹਾਂ ਹਨ। ਕਰੋਨਾ ਇਨਫੈਕਸ਼ਨ ਹੋਣ ਤੋਂ ਬਾਅਦ ਵੀ ਸਵਾਮੀ ਨੂੰ ਸਹੀ ਇਲਾਜ ਲਈ ਜ਼ਮਾਨਤ ਨਹੀਂ ਦਿੱਤੀ ਗਈ। ਇਲਾਜ ਲਈ ਸਿਰਫ ਪੰਦਰਾਂ ਦਿਨ ਦੀ ਜ਼ਮਾਨਤ ਦਿੱਤੀ ਗਈ ਜਿਸ ਤਹਿਤ ਉਨ੍ਹਾਂ ਨੂੰ ਜੇਲ੍ਹ ਤੋਂ ਇਕ ਪ੍ਰਾਈਵੇਟ ਹਸਪਤਾਲ 'ਚ ਭੇਜ ਦਿੱਤਾ ਗਿਆ ਜਿੱਥੇ 84 ਸਾਲ ਦੀ ਉਮਰ 'ਚ ਅਤੇ ਢੁਕਵੇਂ ਇਲਾਜ ਦੀ ਅਣਹੋਂਦ 'ਚ ਉਹ ਆਖਿਰਕਾਰ 5 ਜੁਲਾਈ ਨੂੰ ਸਦੀਵੀ ਵਿਛੋੜਾ ਦੇ ਗਏ। ਵੀਡੀਓ ਕਾਨਫਰੰਸਿੰਗ ਦੌਰਾਨ ਉਨ੍ਹਾਂ ਨੇ ਅਦਾਲਤ ਨੂੰ ਕਿਹਾ ਸੀ ਕਿ ਐਸੇ ਇਲਾਜ ਦੀ ਬਜਾਇ ਉਹ ਆਪਣੇ ਲੋਕਾਂ 'ਚ ਰਹਿ ਕੇ ਬਿਨਾ ਇਲਾਜ ਮਰਨਾ ਪਸੰਦ ਕਰੇਗਾ। ਉਨ੍ਹਾਂ ਦੇ ਕਤਲ ਲਈ ਸੱਤਾ, ਕੌਮੀ ਜਾਂਚ ਏਜੰਸੀ ਅਤੇ ਨਿਆਂ ਪ੍ਰਣਾਲੀ ਬਰਾਬਰ ਜ਼ਿੰਮੇਵਾਰ ਹਨ ਜਿਨ੍ਹਾਂ ਵੱਲੋਂ ਉਸ ਨੂੰ ਬਿਨਾ ਮੁਕੱਦਮਾ ਚਲਾਏ, ਬਿਨਾ ਦੋਸ਼ ਸਾਬਤ ਕੀਤੇ ਮੌਤ ਦੀ ਸਜ਼ਾ ਦਿੱਤੀ ਗਈ। ਸਟੇਟ ਦੇ ਹੱਥਾਂ ਨੂੰ ਲੱਗਿਆ ਲਹੂ ਸਭ ਨੂੰ ਸਾਫ ਨਜ਼ਰ ਆ ਰਿਹਾ ਹੈ।

ਉਨ੍ਹਾਂ ਦੀ ਸ਼ਹਾਦਤ ਨਾਲ ਦੱਬੇ-ਕੁਚਲੇ ਲੋਕ ਇਕ ਐਸੇ ਪਰਮ-ਗੁਣੀ ਇਨਸਾਨ ਤੋਂ ਵਾਂਝੇ ਹੋ ਗਏ ਜੋ ਉਨ੍ਹਾਂ ਨੂੰ ਹਮੇਸ਼ਾ ਆਪਣੇ 'ਚੋਂ ਇਕ ਜਾਪਦਾ ਸੀ, ਜੋ ਉਨ੍ਹਾਂ ਲਈ ਲੜਦਾ ਸੀ ਅਤੇ ਉਨ੍ਹਾਂ ਵੱਲੋਂ ਸੱਤਾ ਨੂੰ ਸਵਾਲ ਕਰਦਾ ਸੀ।



*ਸੰਘਰਸ਼ ਦੇ ਮੈਦਾਨ ਵਿਚ ਸਟੇਨ ਸਵਾਮੀ।*

# ਪੰਜਾਬ 'ਚ ਬਿਜਲੀ ਦੀ ਹਾਹਾਕਾਰ ਦੇ ਅਸਲ ਕਾਰਨ

ਕੜਕਦੀ ਗਰਮੀ ਅਤੇ ਉਤੋਂ ਬਿਜਲੀ ਦੇ ਲੰਮੇ ਪਾਵਰ ਕੱਟਾਂ ਨੇ ਪੰਜਾਬ ਦੇ ਲੋਕਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ। ਕਿਸਾਨ ਜਥੇਬੰਦੀਆਂ ਖੇਤੀਬਾੜੀ ਲਈ ਅੱਠ ਘੰਟੇ ਬਿਜਲੀ ਨਾ ਮਿਲਣ ਕਾਰਨ ਗਰਿੱਡਾਂ ਦਾ ਘਿਰਾਓ ਕਰਨ 'ਤੇ ਉਤਰ ਆਈਆਂ ਹਨ। ਘਰੇਲੂ ਅਤੇ ਵਪਾਰਕ ਖਪਤਕਾਰ ਵੀ 4-6 ਘੰਟੇ ਪਾਵਰ ਕੱਟ ਨਾਲ ਬੇਹੱਦ ਤੰਗ ਨੇ ਅਤੇ ਉਦਯੋਗਿਕ ਅਦਾਰਿਆਂ 'ਤੇ ਕਈ ਸਾਲਾਂ ਬਾਅਦ ਹੁਣ ਹਫਤਾਵਾਰੀ ਦੋ ਦਿਨ ਦਾ ਆਫ-ਡੇ ਐਲਾਨਿਆ ਗਿਆ ਹੈ ਜਿਸ ਨਾਲ ਉਨ੍ਹਾਂ ਦਾ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਇਹੋ ਜਿਹੇ ਹਾਲਾਤ ਪੰਜਾਬ ਵਿਚ ਕਈ ਸਾਲਾਂ ਤੋਂ ਬਾਅਦ ਦੇਖਣ ਵਿਚ ਆਏ ਨੇ ਅਤੇ ਬਿਜਲੀ ਦੀ ਅਚਾਨਕ ਇੰਨੀ ਵੱਡੀ ਘਾਟ ਚਿੰਤਾ ਅਤੇ ਹੈਰਾਨੀ ਵਾਲਾ ਵਿਸ਼ਾ ਹੈ। ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਉਤਰੀ

**ਇੰਜ. ਭੁਪਿੰਦਰ ਸਿੰਘ**
ਫੋਨ: +91-98558-77461

ਭਾਰਤ ਵਿਚ ਬਿਜਲੀ ਦੀ ਕਿੱਲਤ ਸਿਰਫ ਪੰਜਾਬ ਵਿਚ ਹੀ ਹੈ, ਗੁਆਂਢੀ ਰਾਜਾਂ ਵਿਚ ਲੋਕਾਂ ਨੂੰ ਪੂਰੀ ਬਿਜਲੀ ਮਿਲ ਰਹੀ ਹੈ।

ਪੰਜਾਬ ਵਿਚ ਬਿਜਲੀ ਦੇ ਐਸੇ ਹਾਲਾਤ ਕਿਉਂ ਬਣੇ? ਇਸ ਦੇ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ, ਕਿਉਂਕਿ ਜੇਕਰ ਇਸ ਦਾ ਸਹੀ ਵਿਸ਼ਲੇਸ਼ਣ ਨਾ ਕੀਤਾ ਗਿਆ ਤਾਂ ਇਹੋ ਜਿਹੇ ਹਾਲਾਤ ਆਉਣ ਵਾਲੇ ਸਾਲਾਂ ਵਿਚ ਵੀ ਦੁਬਾਰਾ ਪੈਦਾ ਹੋਣਗੇ।

ਪੰਜਾਬ ਵਿਚ ਬਿਜਲੀ ਦੇ ਮੌਜੂਦਾ ਹਾਲਾਤ ਅੱਠ-ਦਸ ਸਾਲ ਪਹਿਲੇ ਵੀ ਰਹੇ ਹਨ। ਕੇਂਦਰੀ ਬਿਜਲੀ ਅਥਾਰਟੀ (ਸੀ.ਈ.ਏ.) ਦੇ ਅੰਕੜਿਆਂ ਮੁਤਾਬਕ, 2011-12 ਵਿਚ ਪੰਜਾਬ ਦੀ ਚੋਟੀ ਦੀ ਮੰਗ (ਪੀਕ ਡਿਮਾਂਡ) 10471 ਮੈਗਾਵਾਟ ਸੀ ਪਰ ਬਿਜਲੀ ਦੀ ਘਾਟ ਕਾਰਨ ਸਿਰਫ 8701 ਮੈਗਾਵਾਟ ਹੀ ਸਪਲਾਈ ਕੀਤੀ ਜਾ ਸਕੀ ਜਿਸ ਨਾਲ ਤਕਰੀਬਨ 17 ਫੀਸਦੀ ਮੰਗ ਅਤੇ ਸਪਲਾਈ ਵਿਚ ਪਾੜਾ ਰਿਹਾ। ਇਸ ਪਾੜੇ ਦਾ ਮੁੱਖ ਕਾਰਨ ਸੀ ਕਿ ਪੰਜਾਬ ਦੀ ਸਾਰੇ ਸਰੋਤਾਂ ਨੂੰ ਮਿਲਾ ਕੇ ਬਿਜਲੀ ਪੈਦਾਵਾਰ ਦੀ ਕੁੱਲ ਸਮਰੱਥਾ ਸਿਰਫ 6918 ਮੈਗਾਵਾਟ ਸੀ। 2012-13 ਵਿਚ ਇਹ ਪਾੜਾ ਵਧ ਕੇ 24 ਫੀਸਦੀ ਹੋ ਗਿਆ, ਕਿਉਂਕਿ ਉਸ ਸਾਲ ਦੀ 11520 ਮੈਗਾਵਾਟ ਦੀ ਮੰਗ ਦੇ ਮੁਕਾਬਲੇ 8751 ਮੈਗਾਵਾਟ ਹੀ ਸਪਲਾਈ ਹੋ ਸਕੀ।

ਵਰਨਣਯੋਗ ਹੈ ਕਿ ਮੰਗ ਅਤੇ ਸਪਲਾਈ ਦਾ ਪਾੜਾ ਹੀ ਪਾਵਰ ਕੱਟ ਦਾ ਕਾਰਨ ਬਣਦਾ ਹੈ। ਆਉਣ ਵਾਲੇ ਸਾਲ 2013-14 ਅਤੇ 2014-15 ਵਿਚ ਵੀ ਤਕਰੀਬਨ 13 ਫੀਸਦੀ ਦੀ ਘਾਟ ਰਹੀ ਅਤੇ ਡਿਮਾਂਡ 11,534 ਮੈਗਾਵਾਟ ਹੋ ਗਈ। ਬਿਜਲੀ ਪੈਦਾਵਾਰ ਦੀ ਸਮਰੱਥਾ 10,562 ਮੈਗਾਵਾਟ ਹੋਣ ਦੇ ਬਾਵਜੂਦ ਪਾਵਰ ਕੱਟ ਲੱਗਣੇ ਲਾਜ਼ਮੀ ਸਨ। 2014-15 ਤੋਂ ਬਾਅਦ ਪੰਜਾਬ ਵਿਚ ਪ੍ਰਾਈਵੇਟ ਖੇਤਰ ਵਿਚ ਲਗਾਏ ਥਰਮਲ ਪਲਾਟਾਂ ਦੀਆਂ ਇਕਾਈਆਂ ਲੜੀਵਾਰ ਬਿਜਲੀ ਪੈਦਾ ਕਰਨ ਲੱਗ ਗਈਆਂ ਜਿਸ ਨਾਲ ਬਿਜਲੀ ਦੀ ਘਾਟ ਦੀ ਪੂਰਤੀ ਹੋਣੀ ਸ਼ੁਰੂ ਹੋ ਗਈ। 2015-16 ਤੋਂ 2020-21 ਤੱਕ ਪੰਜਾਬ ਵਿਚ ਕਿਸੇ ਵੀ ਵਰਗ 'ਤੇ ਪਾਵਰ ਕੱਟ ਲਾਗੂ ਨਹੀਂ ਸੀ ਅਤੇ ਖੇਤੀਬਾੜੀ ਦੀਆਂ ਮੋਟਰਾਂ ਨੂੰ ਵੀ ਤਕਰੀਬਨ 8 ਘੰਟੇ ਬਿਜਲੀ ਮਿਲਦੀ ਰਹੀ। ਪੰਜਾਬ ਦੀ ਮੰਗ ਵਧ ਕੇ ਪਿਛਲੇ ਸਾਲ 13,148 ਮੈਗਾਵਾਟ ਰਹੀ ਅਤੇ ਬਿਜਲੀ ਪੈਦਾਵਾਰ ਦੀ ਸਮਰੱਥਾ ਵੀ ਵਧ ਕੇ 14,388 ਮੈਗਾਵਾਟ ਹੋ ਗਈ। ਬਿਜਲੀ ਦੇ 58,4450 ਲੱਖ ਯੂਨਿਟ ਵੀ ਪੂਰੀ ਤਰ੍ਹਾਂ ਖਪਤਕਾਰਾਂ ਨੂੰ ਮਿਲੇ।

ਇਸ ਸਾਲ ਤਕਰੀਬਨ 15 ਜੂਨ ਤੋਂ ਬਾਅਦ ਬਿਜਲੀ ਦੇ ਹਾਲਾਤ ਖਰਾਬ ਹੋਣੇ ਸ਼ੁਰੂ ਹੋ ਗਏ ਅਤੇ ਜੂਨ ਦੇ ਅਖੀਰਲੇ ਹਫਤੇ ਤੋਂ ਇਹ ਬੇਕਾਬੂ ਦੀ ਹਾਲਤ ਵੱਲ ਪਹੁੰਚ ਗਏ। ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਮੰਗ 15000 ਮੈਗਾਵਾਟ ਤੱਕ ਪਹੁੰਚ ਗਈ ਅਤੇ 13000 ਮੈਗਾਵਾਟ ਸਪਲਾਈ ਦੇਣ ਦੇ ਬਾਵਜੂਦ ਕਿਸੇ ਵੀ ਵਰਗ ਨੂੰ ਪੂਰੀ ਬਿਜਲੀ ਨਹੀਂ ਮਿਲ ਰਹੀ। ਕਿਸਾਨਾਂ ਦੀ ਸ਼ਿਕਾਇਤ ਹੈ ਕਿ ਖੇਤੀਬਾੜੀ ਲਈ ਮੁਸ਼ਕਿਲ ਨਾਲ 5-6 ਘੰਟੇ ਬਿਜਲੀ ਮਿਲ ਰਹੀ ਹੈ ਅਤੇ ਸ਼ਹਿਰਾਂ ਵਿਚ ਵੀ 4-6 ਘੰਟੇ ਤੱਕ ਦੇ ਪਾਵਰ ਕੱਟ ਲੱਗ ਰਹੇ ਹਨ। ਉਦਯੋਗਿਕ ਅਦਾਰਿਆਂ ਨੂੰ ਹਫਤੇ ਵਿਚ ਦੋ ਦਿਨ ਬੰਦ ਕਰ ਦਿੱਤਾ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਮੰਗ ਵਿਚ ਹੋਰ ਵਾਧਾ ਵੀ ਹੋ ਸਕਦਾ ਹੈ।

ਡੈਮਾਂ ਵਿਚ ਪਾਣੀ ਘੱਟ ਹੋਣ ਕਾਰਨ ਪਣ-ਬਿਜਲੀ ਦੀ ਪੈਦਾਵਾਰ ਵੀ ਪਿਛਲੇ ਸਾਲਾਂ ਨਾਲੋਂ ਘੱਟ ਹੋਈ ਹੈ। ਸਰਕਾਰੀ ਖੇਤਰ ਦੇ ਬਠਿੰਡਾ ਥਰਮਲ ਪਲਾਂਟ ਅਤੇ ਰੋਪੜ ਦੀਆਂ ਦੋ ਯੂਨਿਟਾਂ ਬੰਦ ਕਰ ਲਈਆਂ ਪਰ ਉਸ ਦੇ ਬਦਲੇ ਹੋਰ ਪੈਦਾਵਾਰ ਬਾਰੇ ਸੋਚਿਆ ਨਹੀਂ ਗਿਆ। ਪੰਜਾਬ ਦੇ ਅੰਦਰ ਤਕਰੀਬਨ 6000 ਮੈਗਾਵਾਟ ਦੀ ਬਿਜਲੀ ਪੈਦਾਵਾਰ ਦੀ ਸਮਰੱਥਾ ਹੈ ਜਿਸ ਵਿਚ 1760



ਮੈਗਾਵਾਟ ਸਰਕਾਰੀ ਖੇਤਰ ਥਰਮਲ, 1162 ਮੈਗਾਵਾਟ ਪਣ-ਬਿਜਲੀ, 3920 ਮੈਗਾਵਾਟ ਪ੍ਰਾਈਵੇਟ ਥਰਮਲ ਅਤੇ ਤਕਰੀਬਨ 500 ਮੈਗਾਵਾਟ ਨਵਿਆਉਣ ਯੋਗ ਸਰੋਤ ਸ਼ਾਮਲ ਹਨ। ਬਾਹਰਲੇ ਸਰੋਤਾਂ ਤੋਂ 7400 ਮੈਗਾਵਾਟ ਦੀ ਖਰੀਦ ਨਾਲ ਤਕਰੀਬਨ 13000 ਮੈਗਾਵਾਟ ਸਪਲਾਈ ਸੰਭਵ ਹੋ ਰਹੀ ਹੈ ਅਤੇ ਤਕਰੀਬਨ 1500-2000 ਮੈਗਾਵਾਟ ਦਾ ਮੰਗ ਅਤੇ ਸਪਲਾਈ ਵਿਚ ਅੰਤਰ ਹੈ ਜੋ ਮੁਸ਼ਕਿਲਾਂ ਦਾ ਕਾਰਨ ਬਣਿਆ ਹੋਇਆ ਹੈ। ਬਾਹਰਲੇ ਸਰੋਤਾਂ ਤੋਂ ਬਿਜਲੀ ਖਰੀਦ ਹੁਣ ਤੱਕ 7400 ਮੈਗਾਵਾਟ ਤੱਕ ਦੀ ਸੀਮਾ ਨੂੰ ਵੀ 8500 ਮੈਗਾਵਾਟ ਤੱਕ ਵਧਾਇਆ ਜਾ ਸਕਦਾ ਸੀ, ਜੇ ਇਸ ਬਾਰੇ ਪਿਛਲੇ ਸਾਲਾਂ ਵਿਚ ਬਣਦੇ ਕਦਮ ਚੁੱਕੇ ਜਾਂਦੇ। ਇਸ ਵਿਚ 400 ਕੇ.ਵੀ. ਦੇ ਟ੍ਰਾਂਸਫਾਰਮਰ ਜਾਂ 400 ਕੇ.ਵੀ. ਦੇ ਹੋਰ ਗਰਿੱਡ ਬਣਾਉਣਾ ਸ਼ਾਮਲ ਹੈ। ਇਸ ਨਾਲ ਮੌਜੂਦਾ ਹਾਲਾਤ ਤੋਂ ਉਭਰਨ ਵਿਚ ਵੱਡੀ ਰਾਹਤ ਮਿਲ ਸਕਦੀ ਸੀ। ਦੂਸਰੇ ਪਾਸੇ, ਤਲਵੰਡੀ ਸਾਬੋ ਦਾ 660 ਮੈਗਾਵਾਟ ਦੀ ਸਮਰੱਥਾ ਵਾਲੇ ਯੂਨਿਟ ਦਾ ਬੰਦ ਹੋਣਾ ਵੀ ਮਹਿੰਗਾ ਸਾਬਤ ਹੋ ਰਿਹਾ ਹੈ। ਪੰਜਾਬ ਦੇ ਸਿਆਸਤਦਾਨਾਂ ਲਈ ਖਾਸ ਸਬਕ ਹੈ ਕਿ ਜੇ ਇਹ ਪਲਾਂਟ ਸਰਕਾਰੀ ਖੇਤਰ ਵਿਚ ਲਾਇਆ ਹੁੰਦਾ ਤਾਂ ਇਹ ਨੌਬਤ ਨਹੀਂ ਆਉਣੀ ਸੀ।

ਪਿਛਲੇ 3-4 ਸਾਲਾਂ ਤੋਂ ਬਿਜਲੀ ਚੋਰੀ ਵਿਚ ਵੀ ਵਾਧਾ ਹੋ ਰਿਹਾ ਹੈ। ਇਸ ਦਾ ਮੁੱਖ ਕਾਰਨ ਘਰਾਂ ਤੋਂ ਬਾਹਰ ਕੱਢ ਕੇ ਪਿੱਲਰ ਬਾਕਸਾਂ ਵਿਚ ਲਾਏ ਗਏ ਮੀਟਰਾਂ ਦੀ ਦੇਖ-ਰੇਖ ਵਿਚ ਢਿੱਲ ਪੈ ਗਈ ਹੈ। ਬਿਜਲੀ ਚੋਰੀ ਨਾਲ ਜਿੱਥੇ ਕਾਰਪੋਰੇਸ਼ਨ ਨੂੰ ਸਾਲਾਨਾ 1500 ਕਰੋੜ ਮਾਲੀਏ ਦਾ ਨੁਕਸਾਨ ਹੋ ਰਿਹਾ ਹੈ, ਇਸ ਨਾਲ ਲੋਡ ਵਿਚ ਵੀ ਵਾਧਾ ਹੁੰਦਾ ਹੈ। 2007-08 ਵਿਚ ਮੈਂ ਪਟਿਆਲਾ ਸ਼ਹਿਰ ਵਿਚ ਵੰਡ ਪ੍ਰਣਾਲੀ ਵਿਚ ਬਤੌਰ ਕਾਰਜਕਾਰੀ ਇੰਜਨੀਅਰ ਤਾਇਨਾਤ ਸੀ ਅਤੇ ਚੋਰੀ ਰੋਕਣ ਤੇ ਸਪਲਾਈ ਸੁਧਾਰਨ ਲਈ ਮਾਡਲ ਸਕੀਮਾਂ 'ਤੇ ਕੰਮ ਕੀਤਾ ਸੀ। ਪੇਂਡੂ ਖੇਤਰ ਦਾ ਡਕਾਲਾ ਫੀਡਰ ਜਿਸ ਦੇ ਘਾਟੇ 80 ਫੀਸਦੀ ਤੋਂ ਵੀ ਵਧ ਸਨ, ਪਿੱਲਰ ਬਾਕਸ ਸਕੀਮ ਤੋਂ ਬਾਅਦ ਘਟ ਕੇ 18 ਫੀਸਦੀ ਰਹਿ ਗਏ ਅਤੇ ਇਸ ਫੀਡਰ ਦਾ ਲੋਡ 100 ਐਮਪੀਅਰ ਤੋਂ ਘਟ ਕੇ 20 ਐਮਪੀਅਰ ਰਹਿ ਗਿਆ ਸੀ। ਚੋਰੀ ਰੋਕਣ ਨਾਲ ਲੋਡ ਵਿਚ ਵੀ ਵੱਡੀ ਗਿਰਾਵਟ ਆਉਂਦੀ ਹੈ ਅਤੇ ਇਸ ਦੇ ਉਲਟ ਚੋਰੀ ਵਧਣ ਨਾਲ ਲੋਡ ਵਿਚ ਬਹੁਤ ਵਾਧਾ ਹੁੰਦਾ ਹੈ। ਜਦੋਂ ਪੰਜਾਬ ਪੱਧਰ 'ਤੇ 2011-12 ਤੋਂ 2014-15 ਦੌਰਾਨ ਇਹ ਸਕੀਮ ਲਾਗੂ ਕੀਤੀ ਗਈ ਤਾਂ ਇਹੋ ਜਿਹੇ ਨਤੀਜੇ ਹੋਰ ਫੀਡਰਾਂ 'ਤੇ ਵੀ ਮਿਲੇ ਜਿਸ ਨਾਲ ਪੰਜਾਬ ਦਾ ਸਮੁੱਚਾ ਲੋਡ ਘਟਿਆ। ਇਨ੍ਹਾਂ ਸਕੀਮਾਂ 'ਤੇ ਲਗਭਗ 4000 ਕਰੋੜ ਖਰਚੇ ਗਏ ਜਿਸ ਨਾਲ ਪੰਜਾਬ ਦਾ ਘਾਟਾ 15 ਫੀਸਦੀ ਤੋਂ ਘੱਟ ਗਿਆ। ਬਿਜਲੀ ਚੋਰੀ ਬੇਕਾਬੂ ਹੋਣ ਨਾਲ ਸਿਸਟਮ 'ਤੇ ਵਾਧੂ 1000-1200 ਮੈਗਾਵਾਟ ਅਨੁਮਾਨਤ ਲੋਡ ਪਿਆ ਹੈ ਜਿਸ ਦੇ ਅਸਰ ਕਾਰਨ ਪਾਵਰ ਕੱਟ ਲੱਗ ਰਹੇ ਹਨ। ਇਸ ਤੋਂ ਇਲਾਵਾ ਜ਼ਮੀਨੀ ਪਾਣੀ ਦਾ ਪੱਧਰ ਘਟਣ ਨਾਲ ਵੱਡੀਆਂ ਮੋਟਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜਿਸ ਕਾਰਨ ਵੀ ਲੋਡ ਵਧ ਰਿਹਾ ਹੈ।

ਪਿਛਲੇ ਸਾਲਾਂ ਦੌਰਾਨ ਨਵੇਂ 66 ਕੇ.ਵੀ. ਗਰਿੱਡ ਸਬ ਸਟੇਸ਼ਨ ਬਣਾਉਣ ਦੀ ਰਫਤਾਰ ਵੀ ਘਟੀ ਹੈ। 2011-12 ਤੋਂ 2014-15 ਦੌਰਾਨ ਸਾਲਾਨਾ 35-40 ਨਵੇਂ 66 ਕੇ.ਵੀ. ਗਰਿੱਡਾਂ ਦੀ ਉਸਾਰੀ ਹੋਈ ਜੋ ਹੁਣ 8-10 ਗਰਿੱਡਾਂ ਤੱਕ ਹੀ ਸੀਮਤ ਰਹਿ ਗਈ ਹੈ। ਬਿਜਲੀ ਦਾ ਟ੍ਰਾਂਸਮਿਸ਼ਨ ਅਤੇ ਸਬ-ਟ੍ਰਾਂਸਮਿਸ਼ਨ/ਵੰਡ ਸਿਸਟਮ ਨੂੰ ਨਿਰਧਾਰਿਤ 80 ਫੀਸਦੀ ਲੋਡ 'ਤੇ ਚਲਾਉਣ ਨਾਲ ਹੀ ਸਿਖਰ ਲੋਡ ਦੌਰਾਨ ਨਿਰਵਿਘਨ ਸਪਲਾਈ ਮੁਹੱਈਆ ਕਰਵਾਈ ਜਾ ਸਕਦੀ ਹੈ। ਫੀਲਡ ਦੇ ਦਫਤਰਾਂ ਵਿਚ ਲੋੜੀਂਦੇ ਸਟਾਫ ਦੀ ਕਮੀ ਨੇ ਵੀ ਸੰਕਟ ਵਿਚ ਯੋਗਦਾਨ ਪਾਇਆ ਹੈ।

ਪੰਜਾਬ ਵਿਚ ਬਿਜਲੀ ਦੇ ਇਸ ਸੰਕਟ ਲਈ ਪ੍ਰਸ਼ਾਸਨਿਕ ਕਾਰਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਗੱਲ ਸਮਝਣ ਦੀ ਲੋੜ ਹੈ ਕਿ ਬਿਜਲੀ ਆਮ ਜੀਵਨ ਅਤੇ ਰਾਜ ਦੀ ਆਰਥਿਕ ਵਿਵਸਥਾ ਲਈ ਬੁਨਿਆਦੀ ਲੋੜ ਹੈ। ਬਿਜਲੀ ਨਾ ਹੋਣ ਨਾਲ ਸਭ ਕੁਝ ਠੱਪ ਹੋ ਜਾਂਦਾ ਹੈ। ਨਿਰਵਿਘਨ ਅਤੇ ਗੁਣਵੱਤਾ ਵਾਲੀ ਸਪਲਾਈ ਲਈ ਨਿਰੰਤਰ ਯੋਜਨਾ ਦੀ ਲੋੜ ਹੈ। ਇਹ ਕੰਮ ਬਿਜਲੀ ਦੀ ਮੈਨੇਜਮੈਂਟ ਦਾ ਪੂਰਾ ਤਾਲਮੇਲ ਅਤੇ ਭਰਪੂਰ ਸਮੇਂ ਦੀ ਮੰਗ ਭਾਲਦਾ ਹੈ। ਮੈਨੇਜਮੈਂਟ ਦੀ ਕਮਾਨ ਕਾਬਲ ਤਕਨੀਕੀ ਅਹੁਦੇਦਾਰ ਦੇ ਹਵਾਲੇ ਹੋਵੇ ਤਾਂ ਵਧੀਆ ਨਤੀਜੇ ਆ ਸਕਦੇ ਹਨ। ਪੰਜਾਬ ਵਿਚ ਸਿਆਸੀ ਅਸਥਿਰਤਾ ਦੇ ਕਾਰਨ ਜਵਾਬਦੇਹੀ ਵਿਚ ਵੀ ਢਿੱਲ ਮਹਿਸੂਸ ਹੋਈ।

ਇਸ ਸੰਕਟ ਵਿਚੋਂ ਕੁਝ ਅਹਿਮ ਸਬਕ ਸਿੱਖਣੇ ਚਾਹੀਦੇ ਹਨ। ਪੰਜਾਬ ਵਿਚ ਬਿਜਲੀ ਉਤਪਾਦਨ ਨੂੰ ਪ੍ਰਾਈਵੇਟ ਹੱਥਾਂ ਵਿਚ ਦੇ ਕੇ ਇਸ ਦੇ ਨਤੀਜੇ ਹੁਣ ਸਾਹਮਣੇ ਹਨ। ਬਿਜਲੀ ਢਾਂਚੇ ਨੂੰ ਜਨਤਕ ਖੇਤਰ ਵਿਚ ਰੱਖ ਕੇ ਹੀ ਸਮੁੱਚੇ ਵਰਗਾਂ ਦਾ ਕਲਿਆਣ ਹੋ ਸਕਦਾ ਹੈ। ਇਸ ਮੌਕੇ 'ਤੇ ਬਿਜਲੀ ਮੁਲਾਜ਼ਮਾਂ ਅਤੇ ਇੰਜਨੀਅਰਾਂ ਨੂੰ ਵੀ ਲੋਕਾਂ ਦੀ ਸੇਵਾ ਵਿਚ ਸਮਰਪਿਤ ਹੋਣਾ ਚਾਹੀਦਾ ਹੈ ਅਤੇ ਨਿੱਜੀਕਰਨ ਤੋਂ ਬਚਣ ਲਈ ਆਪਣੇ ਅੰਦਰ ਆਈਆਂ ਹੋਈਆਂ ਕੁਰੀਤੀਆਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਤਾਂ ਕਿ ਜਨਤਾ ਦਾ ਸਰਕਾਰੀ ਢਾਂਚੇ 'ਤੇ ਮੁੜ ਵਿਸ਼ਵਾਸ ਪੈਦਾ ਹੋਵੇ।

# ਆਰਥਿਕ ਨੀਤੀਆਂ ਦੇ ਤਿੰਨ ਦਹਾਕੇ

ਅੱਜ ਜਦੋਂ ਮੁਲਕ ਵਿਚ ਕਿਸਾਨ ਮਜ਼ਦੂਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੇ ਤਾਂ ਜੁਲਾਈ 2021 ਵਿਚ ਨਵੀਆਂ ਆਰਥਕ ਨੀਤੀਆਂ ਦੇ ਤਿੰਨ ਦਹਾਕੇ ਪੂਰੇ ਹੋਣ ਦੀ ਵੱਖ-ਵੱਖ ਪੱਧਰਾਂ ਤੇ ਸਮੀਖਿਆ ਹੋ ਰਹੀ ਹੈ। 550 ਤੋਂ ਵਧੇਰੇ ਲੋਕਾਂ ਦੀ ਕੁਰਬਾਨੀ ਲੈ ਚੁੱਕੇ ਕਿਸਾਨ ਅੰਦੋਲਨ ਦਾ ਪ੍ਰਸੰਗਿਕ ਸਵਾਲ ਇਹ ਹੈ: ਕੀ ਇਸ ਸੰਘਰਸ਼ ਦੀ ਉਪਜ ਦੇ ਬੀਜ 1991 ਵਾਲੀਆਂ ਆਰਥਕ ਨੀਤੀਆਂ ਵਿਚ ਹਨ? ਇਸ ਤੋਂ ਛੁਟ ਸਮਾਜ ਵਿਚ ਵਧ ਰਹੀ ਆਰਥਕ ਅਸਮਾਨਤਾ, ਅਥਾਹ ਬੇਰਜ਼ਗਾਰੀ, ਮਹਿੰਗਾਈ ਆਦਿ ਵੀ ਇਨ੍ਹਾਂ

**ਡਾ. ਸੁਖਦੇਵ ਸਿੰਘ**
ਫੋਨ: +91-94177-15730

ਨੀਤੀਆਂ ਤਹਿਤ ਸ਼ੁਰੂ ਕੀਤੇ ਨਿਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦਾ ਸਿੱਟਾ ਹੈ, ਜਾਂ ਕੋਈ ਹੋਰ ਕਾਰਨ ਹੈ? ਸਵਾਲ ਹੈ ਕਿ ਜੇ ਪੂੰਜੀਵਾਦ ਅਤੇ ਨਿਜੀਕਰਨ ਦੀ ਪਕੜ ਹੋਰ ਪੀਡੀ ਹੁੰਦੀ ਗਈ ਤਾਂ 1 ਅਰਬ 35 ਕਰੋੜ ਤੋਂ ਵਧੇਰੇ ਦੀ ਆਬਾਦੀ ਜਿਸ ਵਿਚ ਗਰੀਬਾਂ, ਛੋਟੇ ਕਿਸਾਨਾਂ ਆਦਿ ਦੀ ਭਰਮਾਰ ਹੈ, ਵਾਲੇ ਮੁਲਕ ਦੀ ਆਰਥਕ ਤੇ ਸਮਾਜਕ ਦਸ਼ਾ ਤੇ ਦਿਸ਼ਾ ਭਵਿਖ ਵਿਚ ਕਿਹੋ ਜਿਹੀ ਹੋ ਸਕਦੀ ਹੈ?

ਨਵੀਆਂ ਆਰਥਕ ਨੀਤੀਆਂ ਜੁਲਾਈ 1991 ਵਿਚ ਤੱਤਕਾਲੀਨ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਅਤੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਤਹਿਤ ਅਮਲ ਵਿਚ ਲਿਆਂਦੀਆਂ ਗਈਆਂ। 1980ਵਿਆਂ ਤੋਂ ਬਾਅਦ ਮੁਲਕ ਦੀ ਵਿੱਤੀ ਹਾਲਤ ਵੱਖ-ਵੱਖ ਕਾਰਨਾਂ ਕਰਕੇ ਨਿਘਾਰ ਵੱਲ ਜਾਂਦੀ ਗਈ; 1990 ਵੇਲੇ ਤਾਂ ਹਾਲਾਤ ਅਜਿਹੇ ਬਣ ਗਏ ਕਿ ਮੁਲਕ ਨੂੰ ਆਪਣੀਆਂ ਲੋੜੀਂਦੀਆਂ ਦੇਣਦਾਰੀਆਂ ਦੇ ਭੁਗਤਾਨ ਅਤੇ ਦਰਾਮਦ ਲਈ ਵਿਦੇਸ਼ੀ ਮੁਦਰਾ ਦੀ ਉਪਲਬਧੀ ਸਿਰਫ ਕੁਝ ਹਫਤਿਆਂ ਤੱਕ ਦੀ ਹੀ ਰਹਿ ਗਈ ਸੀ। ਮਨਸੂਬੇ ਅਧੀਨ ਮੁਲਕ ਨੇ 47 ਟਨ ਸੋਨਾ ਬੈਂਕ ਆਫ ਇੰਗਲੈਂਡ ਅਤੇ 20 ਟਨ ਸੋਨਾ ਯੂਨੀਅਨ ਬੈਂਕ ਆਫ ਸਵਿਟਜ਼ਰਲੈਂਡ ਭੇਜ ਕੇ 2.2 ਬਿਲੀਅਨ ਡਾਲਰ ਕਰਜ਼ਾ ਹਾਸਲ ਕੀਤਾ।

24 ਜੁਲਾਈ 1991 ਨੂੰ ਡਾ. ਮਨਮੋਹਨ ਸਿੰਘ ਨੇ ਬਜਟ ਪੇਸ਼ ਕਰਦਿਆਂ ਨਵੀਆਂ ਆਰਥਕ ਨੀਤੀਆਂ ਪੇਸ਼ ਕੀਤੀਆਂ। ਵਿੱਤੀ ਭੁਗਤਾਨ ਦੇ ਸੰਕਟ ਨਾਲ ਨਜਿੱਠਣ ਅਤੇ ਇਸ ਦਾ ਸੰਤੁਲਨ ਬਰਕਰਾਰ ਰੱਖਣ ਲਈ ਆਰਥਕ ਸੁਧਾਰਾਂ ਦੀ ਲੜੀ ਸ਼ੁਰੂ ਕੀਤੀ ਅਤੇ ਲੰਮੇ ਸਮੇਂ ਤੋਂ ਸੋਚੇ ਜਾ ਰਹੇ ਆਦਰਸ਼ ਜਿਵੇਂ ਵਿਕਾਸ ਤੇ ਨਿਆਂ, ਸਮਾਜਕ ਜ਼ਿੰਮੇਵਾਰੀ, ਜਵਾਬਦੇਹੀ, ਬਰਾਬਰੀ, ਸਵੈ-ਨਿਰਭਰਤਾ ਆਦਿ ਦੀ ਪੂਰਤੀ ਇਨ੍ਹਾਂ ਨੀਤੀਆਂ ਤਹਿਤ ਹੋਣਾ ਮੰਨਿਆ ਗਿਆ। ਸੰਸਾਰ ਵਪਾਰ ਸੰਸਥਾ ਦੇ ਪ੍ਰੋਗਰਾਮ ਅਧੀਨ ਭਾਰਤ ਨੇ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਤੋਂ ਕਰਜ਼ੇ ਹਾਸਲ ਕਰਨ ਲਈ ਹੋਰ ਮੁਲਕਾਂ ਵਾਂਗ ਕਠੋਰ ਸ਼ਰਤਾਂ ਮੰਨੀਆਂ।

ਤਿੰਨ ਦਹਾਕਿਆਂ 'ਚ ਨਵੇਂ ਆਰਥਕ ਪ੍ਰਬੰਧਾਂ ਨੇ ਸਮਾਜ ਵਿਚ ਕਈ ਤਰ੍ਹਾਂ ਦੀ ਤਬਦੀਲੀ ਲਿਆਂਦੀ ਜਿਨ੍ਹਾਂ ਵਿਚ ਕੁਝ ਸਕਾਰਾਤਮਕ ਅਤੇ ਵਧੇਰੇ ਨਕਾਰਾਤਮਕ ਹੈ। ਆਰਥਕ ਸੁਧਾਰਾਂ ਦਾ ਮੁੱਖ ਲਾਭ ਜਮ੍ਹਾਂ ਵਿਦੇਸ਼ੀ ਮੁਦਰਾ ਹੈ। 1991 ਵਿਚ 1.5 ਬਿਲੀਅਨ ਡਾਲਰ ਦੀ ਜਮ੍ਹਾਂ ਵਿਦੇਸ਼ੀ ਮੁਦਰਾ 2021 ਵਿਚ 457 ਬਿਲੀਅਨ ਡਾਲਰ ਹੋ ਗਈ। ਲਾਇਸੈਂਸ ਪ੍ਰਣਾਲੀ ਤੇ ਇੰਸਪੈਕਟਰੀ ਰਾਜ ਤੋਂ ਛੁਟਕਾਰਾ ਹੋਣ ਸਦਕਾ ਉਦਯੋਗਾਂ ਨੂੰ ਹੁਲਾਰਾ ਮਿਲਿਆ ਹੈ। ਉਦਯੋਗਕ ਉਤਪਾਦਨ ਵਿਚ ਵਾਧਾ ਦਰਜ ਹੋਇਆ ਹੈ। ਬਹੁਤ ਸਾਰੇ ਭਾਰਤੀ ਉਦਯੋਗਕ ਘਰਾਣਿਆਂ ਨੇ ਮੁਲਕ ਵਿਚ ਨਿਵੇਸ਼ ਕਰਨ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਉਦਯੋਗ ਲਾਏ ਹਨ, ਜਾਂ ਉਨ੍ਹਾਂ ਵਿਚ ਭਾਈਵਾਲੀ ਪਾਈ ਹੈ। ਭਾਰਤੀ ਤਿਆਰ ਮਾਲ ਵਿਦੇਸ਼ਾਂ ਵਿਚ ਆਪਣੀ ਹੋਂਦ ਦਿਖਾਉਣ ਲੱਗ ਪਿਆ ਹੈ। ਘਰੇਲੂ ਮਾਰਕੀਟ ਵਿਚ 'ਖਾਊਵਾਦੀ' ਵਸਤਾਂ ਦੀ ਭਰਮਾਰ ਹੈ। ਵੱਖ ਵੱਖ ਤਰ੍ਹਾਂ ਦੇ ਸਕੂਟਰ, ਕਾਰਾਂ, ਕੰਪਿਊਟਰ, ਟੀ.ਵੀ., ਮੋਬਾਈਲ ਅਤੇ ਖਾਣ ਵਸਤਾਂ ਸਮੇਤ ਹੋਰ ਘਰੇਲੂ ਸਾਜ਼ੋ-ਸਾਮਾਨ ਅਤੇ ਹਾਰ-ਸ਼ਿੰਗਾਰ ਦੀਆਂ ਵਸਤਾਂ ਦੀ ਬਹੁਲਤਾ ਹੈ। ਮਾਲ ਸਭਿਆਚਾਰ ਨੇ ਭਾਰਤੀ ਖਪਤਕਾਰਾਂ ਨੂੰ ਵੰਨ-ਸਵੰਨਤਾ ਮੁਹੱਈਆ ਕੀਤੀ ਹੈ।

ਨਵੀਆਂ ਆਰਥਕ ਨੀਤੀਆਂ ਦੇ ਆਰਥਕ, ਸਮਾਜਕ ਤੇ ਮਨੋਵਿਗਿਆਨਕ ਅਸਰਾਂ ਬਾਰੇ ਖੋਜੀ ਲਿਖਤਾਂ ਦੇਖੀਏ ਤਾਂ ਇਹ ਨੀਤੀਆਂ ਸਮਾਜ ਲਈ ਨਕਾਰਾਤਮਕ ਸਾਬਤ ਹੋਈਆਂ ਹਨ। ਭਾਰਤ ਦੇ ਵਿਕਾਸ ਦੀ ਗੱਲ ਪੇਂਡੂ ਖੇਤਰਾਂ ਅਤੇ ਲੋਕਾਂ ਤੋਂ ਬਿਨਾ ਅਧੂਰੀ ਹੈ। ਅੱਜ ਵੀ 68% ਲੋਕ ਦਿਹਾਤ ਵਿਚ ਵਸਦੇ ਹਨ ਅਤੇ ਖੇਤੀ ਆਧਾਰਿਤ ਹਨ। ਆਰਥਕ ਸੁਧਾਰਾਂ ਤਹਿਤ ਖੇਤੀ ਸਾਧਨਾਂ, ਖਾਦਾਂ, ਕੀਟ-ਨਾਸ਼ਕਾਂ, ਬੀਜਾਂ ਨੂੰ ਕੰਟਰੋਲ ਮੁਕਤ ਕਰਨ ਅਤੇ ਸਬਸਿਡੀਆਂ ਘਟਾਉਣ ਕਾਰਨ ਖੇਤੀ ਲਾਗਤਾਂ ਵਿਚ ਬਹੁਤ ਵਾਧਾ ਹੋਇਆ ਹੈ; ਨਤੀਜੇ ਵਜੋਂ ਕਿਸਾਨਾਂ, ਖਾਸ ਕਰਕੇ ਛੋਟਿਆਂ ਦੀ ਵਿੱਤੀ ਹਾਲਤ ਅਤਿ ਗੰਭੀਰ ਹੈ। ਇਨ੍ਹਾਂ ਮਾਰੂ ਨੀਤੀਆਂ ਦਾ ਸਭ ਤੋਂ ਮਾੜਾ ਪ੍ਰਭਾਵ ਨਵੇਂ ਖੇਤੀ ਕਾਨੂੰਨਾਂ ਵਿਚ ਜ਼ਾਹਿਰ ਹੋ ਰਿਹਾ ਹੈ। ਕਾਰਪੋਰੇਟਾਂ ਦੇ ਦਬਾਅ ਅਧੀਨ ਕੰਟਰੈਕਟ ਖੇਤੀ ਦਾ ਢੌਂਗ ਬਣਾ ਕੇ ਕਿਸਾਨਾਂ ਨੂੰ ਜ਼ਮੀਨ ਤੋਂ ਵਿਰਵੇ ਕਰਨ ਦੇ ਮਨਸੂਬੇ ਘੜੇ ਗਏ ਹਨ। ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਵਾਪਸ ਲੈਣ ਦੀ ਤਿਆਰੀ ਹੋ ਰਹੀ ਹੈ ਅਤੇ ਕਾਰਪੋਰੇਟਾਂ ਦੇ ਭੰਡਾਰਨ ਲਈ ਕਿਸਾਨਾਂ ਨੂੰ ਫਸਲਾਂ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੇ ਜ਼ਮੀਨ ਤੇ ਫਸਲ ਕਾਰਪੋਰੇਟਾਂ ਹੱਥ ਚਲੀ ਗਈ ਤਾਂ ਲੋਕਾਂ ਦੀਆਂ ਮੁਢਲੀਆਂ ਜੀਣ ਵਸਤਾਂ, ਭਾਵ ਕਣਕ, ਆਟਾ, ਮੱਕੀ, ਸਰੋਂ, ਤੇਲ, ਦੁੱਧ ਆਦਿ ਬਹੁਤ ਮਹਿੰਗੇ ਹੋ ਜਾਣਗੇ ਅਤੇ ਲੋਕਾਂ ਦੀ ਆਮਦਨ ਦਾ ਵੱਡਾ ਹਿੱਸਾ ਖੁਰਾਕ ਤੇ ਹੀ ਖਰਚ ਹੋਵੇਗਾ। ਕਰੋੜਾਂ ਪੇਂਡੂ ਕਿਸਾਨਾਂ ਅਤੇ ਖੇਤੀ 'ਤੇ ਨਿਰਭਰ ਮਜ਼ਦੂਰਾਂ ਨੂੰ ਜੇ ਪਿੰਡਾਂ ਵਿਚੋਂ ਬਾਹਰ ਜਾਣਾ ਪਿਆ ਤਾਂ ਸਮਾਜ ਅੰਦਰ ਵੱਡੀ ਸਮਾਜਕ ਆਰਥਕ ਉਥਲ-ਪੁਥਲ ਹੋ ਸਕਦੀ ਹੈ।

ਨਵੀਆਂ ਨੀਤੀਆਂ ਸਦਕਾ ਆਰਥਕ ਪਾੜੇ ਵਧ ਗਏ ਹਨ। 1990-91 ਤੋਂ ਪਹਿਲਾਂ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਕੁਝ ਸੈਂਕੜਿਆਂ ਵਿਚ ਸੀ, 2021 ਵਿਚ ਇਹ 2 ਲੱਖ ਤੋਂ ਵਧੇਰੇ ਮੰਨੀ ਗਈ ਹੈ। ਬਲੂਮਬਰਗ ਬਿਲੀਅਨੇਅਰ ਇੰਡੈਕਸ ਰਿਪੋਰਟ ਮੁਤਾਬਿਕ, 2020 ਦੇ ਪਹਿਲੇ ਦਸ ਮਹੀਨਿਆਂ ਦੌਰਾਨ ਭਾਰਤੀ ਸਨਅਤਕਾਰ ਗੌਤਮ ਅਡਾਨੀ ਤੇ ਮੁਕੇਸ਼ ਅੰਬਾਨੀ ਦੀ ਦੌਲਤ/ਜਾਇਦਾਦ ਵਿਚ ਰੋਜ਼ਾਨਾ ਕ੍ਰਮਵਾਰ 449 ਅਤੇ 385 ਕਰੋੜ ਦਾ ਵਾਧਾ ਹੋਇਆ ਜਦੋਂਕਿ ਮੁਲਕ ਦੀ ਵਧੇਰੇ ਜਨਸੰਖਿਆ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ। ਇਹ ਸਾਰਾ ਨਿਜੀਕਰਨ ਦਾ ਫਲ ਹੈ।

ਨਵੀਆਂ ਨੀਤੀਆਂ ਦਾ ਹੋਰ ਮਾਰੂ ਅਸਰ ਜਨਤਕ ਅਦਾਰਿਆਂ ਦਾ ਨਿਜੀਕਰਨ ਹੈ। ਹਵਾਈ ਅੱਡੇ, ਏਅਰਲਾਇਨਜ਼, ਬੰਦਰਗਾਹਾਂ, ਬੈਂਕਾਂ, ਬੀਮਾ ਕੰਪਨੀਆਂ, ਬਿਜਲੀ ਬੋਰਡ, ਹੋਟਲ, ਜਨਤਕ ਉਤਪਾਦਕ ਕੰਪਨੀਆਂ, ਸੈਨਿਕ ਸਾਜ਼ੋ-ਸਮਾਨ ਵਾਲੇ ਅਦਾਰੇ, ਰੇਲਵੇ, ਨਿਰਮਾਣ ਢਾਂਚੇ, ਖਾਣਾਂ ਦੀ ਖੁਦਾਈ, ਸੈਰ-ਸਪਾਟਾ, ਬੱਸ ਰੋਡਵੇਜ਼, ਖਾਦ ਭੰਡਾਰਨ ਆਦਿ ਜੋ ਜਨਤਾ ਦੀ ਭਲਾਈ ਹਿੱਤ ਕੰਮ ਕਰ ਰਹੇ ਅਤੇ ਰੁਜ਼ਗਾਰ ਪ੍ਰਾਪਤੀ ਦੇ ਸਾਧਨ ਵੀ ਹਨ, ਨੂੰ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਜਨਤਕ ਅਦਾਰਿਆਂ ਦਾ ਖਾਤਮਾ ਤੇ ਪ੍ਰਾਈਵੇਟ ਸੈਕਟਰ ਵਿਚ ਵਧੇਰੇ ਆਟੋਮੇਸ਼ਨ ਹੋਣ ਕਰਕੇ ਨਵੀਂ ਪਨੀਰੀ ਲਈ ਰੁਜ਼ਗਾਰ ਕਿੱਥੋਂ ਆਵੇਗਾ? ਕਈ ਘਰੇਲੂ ਉਦਯੋਗਕ ਇਕਾਈਆਂ ਬੰਦ ਹੋ ਗਈਆਂ ਹਨ। ਹੁਣ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ 14.5 ਹੈ ਜੋ ਆਜ਼ਾਦ ਭਾਰਤ ਵਿਚ ਰਿਕਾਰਡ ਹੈ। ਭਵਿਖ ਧੁੰਦਲਾ ਦੇਖ ਕੇ ਕੁਸ਼ਲ ਮਨੁੱਖੀ ਸ਼ਕਤੀ ਪਰਵਾਸ ਕਰ ਰਹੀ ਹੈ। ਕੋਵਿਡ ਨੇ ਹਾਲਾਤ ਹੋਰ ਗੰਭੀਰ ਕਰ ਦਿਤੇ ਹਨ। 10 ਕਰੋੜ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ ਹੈ। ਪੀਊ ਨਾਮੀ ਖੋਜ ਸੰਸਥਾ ਮੁਤਾਬਿਕ ਮੁਲਕ ਦੇ 32 ਮਿਲੀਅਨ ਮੱਧਵਰਗੀ ਲੋਕ ਗੁਰਬਤ ਵੱਲ ਧੱਕੇ ਗਏ ਹਨ। ਆਜ਼ਿਮ ਪ੍ਰੇਮਜੀ ਯੂਨੀਵਰਸਿਟੀ ਦੀ ਰਿਪੋਰਟ 'ਸਟੇਟ ਆਫ ਵਰਕਿੰਗ' ਅਨੁਸਾਰ, ਮਜ਼ਦੂਰਾਂ ਦਾ ਕੁਲ ਘਰੇਲੂ ਉਤਪਾਦਨ ਦਾ ਹਿੱਸਾ 2019-20 ਵਿਚ 32.5 % ਸੀ ਜੋ 2020-21 ਵਿਚ ਘਟ ਕੇ 27% ਰਹਿ ਗਿਆ ਹੈ। ਸੰਗਠਤ ਖੇਤਰਾਂ ਦੇ ਕਰੋੜਾਂ ਮੁਲਾਜ਼ਮ ਤੇ ਕਾਮੇ ਗੈਰ-ਸੰਗਠਤ ਸੈਕਟਰ ਵੱਲ ਆਉਣ ਲਈ ਮਜਬੂਰ ਹੋਏ ਹਨ। ਮਜ਼ਦੂਰਾਂ ਨਾਲ ਸਬੰਧਤ ਨਵੇਂ ਕੋਡ ਅਮਲ ਵਿਚ ਲਿਆਉਣ ਨਾਲ ਕਾਮਿਆਂ ਤੋਂ ਲੰਮੇ ਸਮੇਂ ਤਕ ਕੰਮ ਕਰਵਾਇਆ ਜਾ ਸਕੇਗਾ ਤੇ ਉਨ੍ਹਾਂ ਨੂੰ ਬਣਦੇ ਸਰਵਿਸ ਲਾਭਾਂ ਤੋਂ ਵਾਂਝੇ ਕੀਤਾ ਸਕਦਾ ਹੈ।

ਕਿਸੇ ਸ਼ਖ਼ਸ, ਪਰਿਵਾਰ, ਸਮੂਹ ਤੇ ਸਮਾਜ ਦਾ ਸਮੁੱਚਾ ਪ੍ਰਤਾਪ ਆਰਥਕ ਮੂਲ 'ਤੇ ਟਿਕਿਆ ਹੁੰਦਾ ਹੈ। ਜੇ ਆਉਣ ਵਾਲੇ ਸਮਿਆਂ ਵਿਚ ਆਰਥਕ ਵਸੀਲਿਆਂ ਅਤੇ ਤਕਨਾਲੋਜੀ ਉਪਰ ਕੁਝ ਕਾਰਪੋਰੇਟਾਂ/ਅਲਪਤੰਤਰਾਂ ਦੀ ਇਜਾਰੇਦਾਰੀ ਹੋ ਗਈ ਤਾਂ ਸਮਾਜਕ ਤੇ ਮਨੋਵਿਗਿਆਨਕ ਪੱਖ ਤੋਂ ਇਨਸਾਨ ਦੀ ਟੁੱਟ ਭੱਜ, ਸਰਕਾਰਾਂ ਪ੍ਰਤੀ ਬੇਭਰੋਸਗੀ ਨਿਸ਼ਚੇ ਹੀ ਸਮਝੀ ਜਾ ਸਕਦੀ ਹੈ। ਨਿੱਜੀਕਰਨ ਕਰਕੇ ਮਹਿੰਗੀਆਂ ਸਿਹਤ ਤੇ ਸਿੱਖਿਆ ਸੇਵਾਵਾਂ ਗਰੀਬ ਤੇ ਮੱਧ-ਵਰਗ ਤੋਂ ਅਪਹੁੰਚ ਹੋ ਰਹੀਆਂ ਹਨ। ਲੋੜ ਹੈ, ਸਮਾਜ ਵਿਚ ਲਾਗੂ ਕੀਤੀਆਂ ਆਰਥਕ ਨੀਤੀਆਂ 'ਤੇ ਵਿਚਾਰ ਕੀਤਾ ਜਾਵੇ। ਕੁਝ ਲੋਕਾਂ ਦੀ ਥਾਂ ਸਮੁੱਚੇ ਸਮਾਜ ਦੇ ਵਿਕਾਸ ਬਾਰੇ ਗੰਭੀਰ ਚਿੰਤਨ ਦੀ ਜ਼ਰੂਰਤ ਹੈ। ਟੈਕਸ ਪ੍ਰਣਾਲੀ ਦੀ ਦਰੁਸਤੀ ਬੇਹੱਦ ਜ਼ਰੂਰੀ ਹੈ।

ਜਨਤਕ ਅਦਾਰਿਆਂ ਦੀ ਰਖਵਾਲੀ, ਕਿਸਾਨਾਂ ਦੀ ਜ਼ਮੀਨ ਮਾਲਕੀ ਬਰਕਰਾਰ ਰੱਖਣਾ, ਮਾਰੂ ਕਾਨੂੰਨਾਂ ਤੋਂ ਬਚਾਓ, ਲੇਬਰ ਸੁਰੱਖਿਆ ਨਿਹਾਇਤ ਜਰੂਰੀ ਹਨ। ਯੂਰੋਪ ਵਿਚ ਕਈ ਮੁਲਕਾਂ ਨੇ ਰੇਲਵੇ ਸਮੇਤ ਕਈ ਅਦਾਰਿਆਂ ਦੀ ਨਿੱਜੀਕਰਨ ਤੋਂ ਕੌਮੀਕਰਨ ਵੱਲ ਸ਼ੁਰੂਆਤ ਕਰ ਦਿੱਤੀ ਹੈ। ਪ੍ਰਸਿੱਧ ਵਿਦਵਾਨ ਨੋਮ ਚੌਮਸਕੀ ਭਾਰਤ ਦੇ ਕਿਸਾਨ ਅੰਦੋਲਨ ਨੂੰ ਸੰਸਾਰ ਪੱਧਰ 'ਤੇ ਕਾਰਪੋਰੇਟ ਦੀ ਲੁੱਟ ਤੋਂ ਬਚਾਉਣ ਲਈ ਰਾਹ-ਦਸੇਰਾ ਦੱਸਦਾ ਹੈ। ਸਮਾਜ ਦੇ ਸੰਤੁਲਿਤ ਤੇ ਚਿਰ-ਸਥਾਈ ਵਿਕਾਸ ਹਿੱਤ ਨਿਰੋਲ ਨਿੱਜੀਕਰਨ ਦੀ ਥਾਂ ਮਿਸ਼ਰਤ ਆਰਥਕ ਮਾਡਲ ਵਧੇਰੇ ਸਹਾਈ ਹੈ।

# ਪੰਜਾਬ ਵਿਚ ਦਾਅ ਖੇਡਣ ਦੇ ਮੂਡ 'ਚ ਦਿੱਸ ਰਹੀ ਹੈ ਭਾਜਪਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਐਨ ਉਦੋਂ, ਜਦੋਂ ਇਹ ਸਮਝਿਆ ਜਾ ਰਿਹਾ ਹੈ ਕਿ ਅੱਜ ਦੀ ਤਰੀਕ ਵਿਚ ਪੰਜਾਬ ਦੇ ਲੋਕਾਂ ਵਿਚ ਬਾਕੀ ਸਾਰਿਆਂ ਤੋਂ ਵੱਧ ਅਣਚਾਹੀ ਪਾਰਟੀ ਭਾਜਪਾ ਹੈ, ਉਸ ਵਕਤ ਵੀ ਇਸ ਪਾਰਟੀ ਦੇ ਆਗੂ ਇਹ ਦਾਅਵਾ ਹਿੱਕ ਠੋਕ ਕੇ ਕਰੀ ਜਾ ਰਹੇ ਹਨ ਕਿ ਅਗਲੇ ਸਾਲ ਦੀਆਂ ਚੋਣਾਂ ਵਿਚ ਪੰਜਾਬ ਵਿਚ ਸਰਕਾਰ ਉਨ੍ਹਾਂ ਦੀ ਬਣਨੀ ਹੈ। ਏਦਾਂ ਦੇ ਕਿਸੇ ਵੀ ਧਿਰ ਵੱਲੋਂ ਕੀਤੇ ਗਏ ਦਾਅਵੇ ਨੂੰ ਚੋਣਾਂ ਕਾਫੀ ਦੂਰ ਹੋਣ ਕਾਰਨ ਵੇਲੇ ਤੋਂ ਪਹਿਲਾਂ ਦੀ ਗੱਲ ਕਹਿ ਕੇ ਅਤੇ ਭਾਜਪਾ ਆਗੂਆਂ ਦੇ ਕਹੇ ਗਏ ਸ਼ਬਦਾਂ ਨੂੰ ਮੁੰਗੇਰੀ ਲਾਲ ਦੇ ਹੁਸੀਨ ਸੁਫਨੇ ਕਹਿ ਕੇ ਛੱਡਿਆ ਜਾ ਸਕਦਾ ਹੈ, ਪਰ ਜਦੋਂ ਭਾਜਪਾ ਦੀ ਚੋਣ ਰਣਨੀਤੀ ਦੇ ਧੁਰੰਤਰਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਜਾਣ ਤਾਂ ਵਿਚੋਂ ਇੱਕ ਸਾਜ਼ਿਸ਼ੀ ਯੋਜਨਾਬੰਦੀ ਝਲਕ ਪੈਂਦੀ ਹੈ। ਉਨ੍ਹਾਂ ਦਾ ਸਿਰਫ ਦਾਅਵਾ ਨਹੀਂ, ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਅੰਦਰੋ-ਅੰਦਰ ਏਦਾਂ ਦਾ ਕੰਮ ਕਰ ਰਹੇ ਹਨ ਅਤੇ ਕਿਸੇ ਇੱਕ ਵੀ ਪਾਰਟੀ ਨੂੰ ਉਨ੍ਹਾਂ ਦੇ ਕੀਤੇ ਦੀ ਜਾਂ ਤਾਂ ਭਿਣਕ ਨਹੀਂ ਪਈ, ਜਾਂ ਫਿਰ ਅੰਦਰ ਦੀ ਕਾਣ ਦੇ ਕਾਰਨ ਸਿਆਸੀ ਆਗੂ ਭਾਜਪਾ ਸਾਹਮਣੇ ਸਿਰ ਚੁੱਕ ਕੇ ਬੋਲਣ ਦੀ ਜੁਰਅਤ ਨਹੀਂ ਕਰ ਸਕਦੇ। ਦੂਸਰੀ ਗੱਲ ਸਾਨੂੰ ਵੱਧ ਠੀਕ ਜਾਪਦੀ ਹੈ।

ਅਸਲ ਵਿਚ ਪੰਜਾਬ ਜਿੱਤਣ ਵਾਸਤੇ ਭਾਜਪਾ ਦੀ ਯੋਜਨਾਬੰਦੀ ਵਿਚ ਲੋੜੀਂਦੇ ਬੰਦਿਆਂ ਦਾ ਕਾਣੇ ਹੋਣਾ ਹੀ ਸਭ ਤੋਂ ਵੱਧ ਮਹੱਤਵ ਰੱਖਦਾ ਹੈ। ਕੋਈ ਵਕਤ ਸੀ ਕਿ ਇਹ ਫਾਰਮੂਲਾ ਪੰਜਾਬ ਦੇ ਅਕਾਲੀ ਤੇ ਕਾਂਗਰਸੀ ਵਰਤਦੇ ਸਨ। ਅਣਵੰਡੇ ਪੰਜਾਬ ਵਿਚ ਅਜੋਕੇ ਹਰਿਆਣਾ ਵੱਲ ਦੇ ਵਿਧਾਇਕ ਪਿਆਰਾ ਰਾਮ ਨੇ ਵਿਧਾਨ ਸਭਾ ਵਿਚ ਜਦੋਂ ਕੁਝ ਸਵਾਲ ਤਾਬੜਤੋੜ ਕਰ ਦਿੱਤੇ ਤਾਂ ਪ੍ਰਤਾਪ ਸਿੰਘ ਕੈਰੋਂ ਦਾ ਹਰ ਸਵਾਲ ਬਾਰੇ ਇੱਕੋ ਲਾਈਨ ਦਾ ਜਵਾਬ ਸੀ, 'ਅਜੇ ਇਸ ਦੀ ਜਾਣਕਾਰੀ ਨਹੀਂ, ਪਤਾ ਕਰ ਕੇ ਦੱਸ ਸਕਾਂਗਾ।' ਪਿਆਰਾ ਰਾਮ ਨੇ ਕਿਹਾ ਸੀ: 'ਪੁੱਤਰਾਂ ਦੇ ਸਿਨਮਿਆਂ ਦੀ ਜਾਣਕਾਰੀ ਤਾਂ ਹੋਵੇਗੀ।' ਇਸ ਤੋਂ ਹੰਗਾਮਾ ਹੋ ਗਿਆ, ਪਰ ਪਿਆਰਾ ਰਾਮ ਨੇ ਨਵੀਂ ਗੱਲ ਕਹਿ ਦਿੱਤੀ ਕਿ 'ਤੇਰੀ ਕੈਬਨਿਟ ਵਿਚ ਕੇਸਾਂ ਵਿਚ ਫਸੇ ਹੋਏ ਕਿੰਨੇ ਮੰਤਰੀ ਹਨ, ਇਸ ਦਾ ਵੀ ਤੈਨੂੰ ਪਤਾ ਹੋਊਗਾ, ਕਿਉਂਕਿ ਉਨ੍ਹਾਂ ਦੀ ਫਾਈਲਾਂ ਦਿਖਾ ਕੇ ਉਨ੍ਹਾਂ ਨੂੰ ਆਪਣੇ ਵੱਸ ਵਿਚ ਰੱਖਣ ਤੇ ਵਰਤਣ ਦਾ ਢੰਗ ਤੈਨੂੰ ਆਉਂਦਾ ਹੈ।' ਇਹ ਚੋਟ ਪ੍ਰਤਾਪ ਸਿੰਘ ਤੋਂ ਸਹਾਰੀ ਨਹੀਂ ਸੀ ਗਈ ਅਤੇ ਓਸੇ ਸ਼ਾਮ ਪਿਆਰਾ ਰਾਮ ਦੇ ਘਰ ਇੱਕ ਅਫਸਰ ਉਸ ਨੂੰ ਜੇਲ੍ਹ ਜਾਣ ਜਾਂ ਚੁੱਪ ਦਾ ਮੁੱਲ ਵੱਟਣ ਲਈ ਕਹਿਣ ਚਲਾ ਗਿਆ ਸੀ ਤੇ ਪਿਆਰਾ ਰਾਮ ਨੇ ਇਸ ਦਾ ਮੁੱਲ ਵੱਟਣ ਦੀ ਥਾਂ ਕੈਰੋਂ ਦੀ ਭੰਡੀ ਜਾਰੀ ਰੱਖਣ ਅਤੇ ਜੇਲ੍ਹ ਜਾਣ ਵਾਲਾ ਰਾਹ ਚੁਣ ਲਿਆ ਸੀ।

ਕੈਰੋਂ ਤੋਂ ਬਾਅਦ ਇਹ ਫਾਰਮੂਲਾ ਜੇ ਕਿਸੇ ਨੇ ਸਭ ਤੋਂ ਵੱਧ ਚੁਸਤੀ ਨਾਲ ਵਰਤਿਆ ਸੀ ਤਾਂ ਉਸ ਦਾ ਨਾਂ ਪ੍ਰਕਾਸ਼ ਸਿੰਘ ਬਾਦਲ ਹੈ। ਇਸ ਦੀਆਂ ਮਿਸਾਲਾਂ ਵਿਚੋਂ ਇੱਕੋ ਦੱਸ ਦੇਣੀ ਕਾਫੀ ਹੋਵੇਗੀ। ਇੱਕ ਪੁਰਾਣਾ ਘਾਗ ਅਕਾਲੀ ਮੰਤਰੀ



ਅਜੀਤ ਪਵਾਰ

ਤੇ ਇੱਕ ਯੂਥ ਆਗੂ ਪੇਚਾ ਪਾਈ ਰੱਖਦੇ ਸਨ। ਦੋਵੇਂ ਇੱਕੋ ਹਲਕੇ ਤੋਂ ਸਨ। ਉਸ ਮੰਤਰੀ ਦੇ ਪਰਿਵਾਰ ਦਾ ਇੱਕ ਜੀਅ ਪੰਜਾਬ ਸਰਕਾਰ ਦੇ ਅਫਸਰ ਵਜੋਂ ਜਿੱਥੇ ਲਾਇਆ ਸੀ, ਉਸ ਦਾ ਸੀਨੀਅਰ ਆਈ. ਏ. ਐੱਸ. ਅਫਸਰ ਉਸ ਦੇ ਕੰਮਾਂ ਤੋਂ ਖੁਸ਼ ਨਹੀਂ ਸੀ ਤੇ ਰੋਜ਼ ਜਵਾਬ ਤਲਬੀ ਕਰ ਲੈਂਦਾ ਸੀ। ਇੱਕ ਵਾਰੀ ਬੈਠਿਆਂ ਉਸ ਨੇ ਖੁਦ ਦੱਸਿਆ ਕਿ ਉਸ ਨੂੰ ਏਦਾਂ ਕਰਨ ਲਈ ਮੁੱਖ ਮੰਤਰੀ ਬਾਦਲ ਨੇ ਕਿਹਾ ਸੀ। ਮੈਂ ਹੱਸ ਕੇ ਕਿਹਾ, ਤੁਸੀਂ ਨੁਕਸਾਨ ਕਰਵਾ ਲਓਗੇ। ਉਸ ਨੇ ਕਿਹਾ, 'ਬਾਦਲ ਸਾਹਿਬ ਮੇਰਾ ਨੁਕਸਾਨ ਨਹੀਂ ਹੋਣ ਦੇਣਗੇ।' ਮੈਂ ਪੁੱਛਿਆ, ਤੁਹਾਡੇ ਕੋਲ ਕਿੰਨੀਆਂ ਵੋਟਾਂ ਹਨ? ਉਹ ਕੁਝ ਦੇਰ ਚੁੱਪ ਰਹਿ ਕੇ ਪੁੱਛਣ ਲੱਗਾ, 'ਇਸ ਦਾ ਕੀ ਮਤਲਬ?' ਮੈਂ ਦੱਸਿਆ ਕਿ ਬਾਦਲ ਸਾਹਿਬ ਉਸ ਮੰਤਰੀ ਨੂੰ ਤੰਗ ਕਰਵਾਉਣਗੇ ਤੇ ਜਦੋਂ ਉਹ ਝੁਕ ਗਿਆ ਤਾਂ ਉਸ ਨੂੰ ਖੁਸ਼ ਕਰਨ ਲਈ ਤੁਹਾਡਾ ਰਗੜਾ ਕੱਢ ਦੇਣਗੇ। ਉਹ ਸਹਿਮਤ ਨਹੀਂ ਸੀ। ਆਖਰ ਨੂੰ ਉਹੀ ਹੋਇਆ, ਜੋ ਮੈਂ ਉਸ ਨੂੰ ਕਿਹਾ ਸੀ। ਮੰਤਰੀ ਨੂੰ ਖੁਸ਼ ਕਰਨ ਲਈ ਉਸ ਅਫਸਰ ਨੂੰ ਨਾ ਸਿਰਫ ਬਦਲ ਦਿੱਤਾ ਗਿਆ, ਸਗੋਂ ਉਸ ਦੀ ਏਨੀ ਜ਼ਿਆਦਾ ਬੇਇੱਜ਼ਤੀ ਕਰਵਾਈ ਗਈ ਕਿ ਉਸ ਦੀ ਕਹਾਣੀ ਪਾਉਣਾ ਮੈਨੂੰ ਅੱਜ ਤੱਕ ਠੀਕ ਨਹੀਂ ਲੱਗਦਾ। ਮੰਤਰੀ ਦਾ ਕਾਣਾ ਹੋਣਾ ਉਸ ਬੰਦੇ ਦਾ ਉਹ ਗੁਣ ਸੀ, ਜਿਹੜਾ ਅੱਜ ਤੱਕ ਬਾਦਲ ਪਰਿਵਾਰ ਨੂੰ ਰਾਸ ਆਈ ਜਾ ਰਿਹਾ ਹੈ।

ਦੂਸਰੀ ਗੱਲ ਇਹ ਕਿ ਪਿਛਲੇਰੇ ਮਹੀਨੇ ਜਦੋਂ ਵਿਧਾਇਕ ਪਰਗਟ ਸਿੰਘ ਨੇ ਇਹ ਖਿਲਾਰਾ ਪਾਇਆ ਸੀ ਕਿ ਅੱਧੀ ਰਾਤ ਫੋਨ ਕਰ ਕੇ ਉਸ ਨੂੰ ਦਬਕਾ ਮਾਰਿਆ ਗਿਆ ਹੈ ਕਿ ਤੇਰੀਆਂ ਫਾਈਲਾਂ ਤਿਆਰ ਪਈਆਂ ਹਨ, ਉਸ ਦਾ ਪਰਗਟ ਨੂੰ ਕੋਈ ਫਰਕ ਨਹੀਂ ਸੀ ਪਿਆ, ਪਰ ਬਾਕੀਆਂ ਨੂੰ ਪਿਆ ਸੀ। ਪੰਜਾਬ ਦਾ ਹਰ ਹਾਕਮ ਆਪਣੇ ਕੋਲ ਵਿਰੋਧੀ ਲੀਡਰਾਂ ਨਾਲੋਂ ਵੱਧ ਆਪਣੇ ਬੰਦਿਆਂ ਦੀਆਂ ਫਾਈਲਾਂ ਰੱਖਦਾ ਹੈ ਤੇ ਜਿਨ੍ਹਾਂ ਵਿਚ ਕਾਣ ਹੋਵੇ, ਉਹ ਫਾਈਲਾਂ ਦਾ ਨਾਂ ਸੁਣ ਕੇ ਤ੍ਰਹਿਕ ਜਾਂਦੇ ਹਨ, ਪਰ ਜਿਸ ਨੇ ਕੋਈ ਗਲਤ ਨਹੀਂ ਕੀਤਾ, ਉਹ ਅੱਗੋਂ ਆਕੜ ਪਿਆ ਹੈ। ਜਿਹੜਾ ਜਵਾਬੀ ਦਾਅ ਪਰਗਟ ਸਿੰਘ ਨੇ ਵਰਤਿਆ, ਬਾਕੀ ਦੇ ਓਨਾ ਚਿਰ ਨਹੀਂ ਸਨ ਵਰਤ ਸਕੇ, ਜਿੰਨਾ ਚਿਰ ਏਦਾਂ ਦੀਆਂ ਫਾਈਲਾਂ ਦੀ ਚੱਬ ਹੇਠ ਆਏ ਹੋਏ ਕਾਣਿਆਂ ਦੀ ਗਿਣਤੀ ਚੋਖੀ ਨਹੀਂ ਸੀ ਹੋ ਗਈ। ਇਹੀ ਨਹੀਂ, ਕਾਣਿਆਂ ਨੂੰ ਧਮਕੀ ਦੇਣ ਵਾਲਿਆਂ ਦੀਆਂ ਫਾਈਲਾਂ ਵੀ ਕੁਝ ਅਫਸਰਾਂ ਨੇ ਉਨ੍ਹਾਂ ਨੂੰ ਪੁਚਾ ਦਿੱਤੀਆਂ ਸੁਣੀਦੀਆਂ ਹਨ, ਜਿਸ ਤੋਂ ਕਾਂਗਰਸ ਦਾ ਰੱਫੜ ਵਧਿਆ ਹੈ।

ਖੁਦ ਭਾਜਪਾ ਨੇ ਇਹ ਫਾਰਮੂਲਾ ਆਪਣੇ ਰਾਜਾਂ ਵਿਚ ਕਈ ਵਾਰ ਵਰਤਿਆ ਹੈ। ਗੁਜਰਾਤ ਨੂੰ ਰਾਜ ਬਣਾਉਣ ਵੇਲੇ ਤੋਂ ਉਥੇ ਸ਼ਰਾਬਬੰਦੀ ਲਾਗੂ ਸੁਣੀਂਦੀ ਹੈ ਅਤੇ ਅੱਜ ਵੀ ਲਾਗੂ ਹੈ। ਇਸ ਦੇ ਬਾਵਜੂਦ ਹਰ ਚਾਰ-ਪੰਜ ਸਾਲਾਂ ਬਾਅਦ ਕਿਤੇ ਨਾ ਕਿਤੇ ਨਾਜਾਇਜ਼ ਸ਼ਰਾਬ ਦੇ ਗੋਦਾਮ ਫੜੇ ਜਾਂਦੇ ਅਤੇ ਉਨ੍ਹਾਂ ਉੱਤੇ ਬੁਲਡੋਜ਼ਰ ਫੇਰਨ ਦਾ ਕੰਮ ਹੁੰਦਾ ਹੈ। ਹਰ ਵਾਰ ਇਸ ਧੰਦੇ ਵਿਚ ਕੋਈ ਨਾ ਕੋਈ ਭਾਜਪਾ ਵਿਧਾਇਕ ਜਾਂ ਹੋਰ ਆਗੂ ਸਰਗਨਾ ਨਿਕਲਦਾ ਹੈ। ਪਿਛਲੇ ਵੀਰਵਾਰ ਸ਼ਾਮੀਂ ਗੁਜਰਾਤ ਵਿਚ ਇੱਕ ਭਾਜਪਾ ਵਿਧਾਇਕ ਆਪਣੇ ਰਿਜ਼ਾਰਟ ਵਿਚ ਵਿਗੜੇ ਅਮੀਰਾਂ ਨਾਲ ਜੂਆ ਖੇਡਣ ਦੇ ਨਾਲ ਸ਼ਰਾਬ ਅਤੇ ਸ਼ਬਾਬ ਦੀ ਮਹਿਫਿਲ ਲਾਈ ਬੈਠਾ ਫੜਿਆ ਗਿਆ ਹੈ। ਉਸ ਕੋਲੋਂ ਨੇਪਾਲ ਤੋਂ ਲਿਆਂਦੀਆਂ ਲੜਕੀਆਂ ਵੀ ਮਿਲੀਆਂ ਹਨ। ਇਹ ਕੰਮ ਉਹ ਚਿਰਾਂ ਤੋਂ ਕਰਦਾ ਰਿਹਾ ਸੀ, ਕਦੀ ਛਾਪਾ ਨਹੀਂ ਪਿਆ। ਕਾਣਾ ਹੋਣ ਕਾਰਨ ਉਹ ਭਾਜਪਾ ਨੂੰ ਵੱਧ ਵਫਾਦਾਰ ਜਾਪਦਾ ਸੀ। ਪਿਛਲੇ ਸਾਲ ਰਾਜ ਸਭਾ ਚੋਣ ਵਿਚ ਉਹ ਕਰਾਸ ਵੋਟਿੰਗ ਕਰ ਕੇ ਕਾਂਗਰਸ ਉਮੀਦਵਾਰ ਨੂੰ ਵੋਟ ਪਾ ਬੈਠਾ ਦੱਸਿਆ ਜਾਂਦਾ ਹੈ। ਇਸ ਕਾਰਨ ਪਾਰਟੀ ਉਸ ਨਾਲ ਨਾਰਾਜ਼ ਹੋ ਗਈ। ਪਿਛਲੇ ਵੀਰਵਾਰ ਤੋਂ ਪਹਿਲਾਂ ਉਸ ਦੀਆਂ ਮਹਿਫਿਲਾਂ ਵਿਚ ਕਦੀ ਸਰਕਾਰ ਦੇ ਕਿਸੇ ਅਫਸਰ ਨੇ ਵਿਘਨ ਪਾਉਣ ਦੀ ਵੀ ਜੁਰਅਤ ਨਹੀਂ ਸੀ ਕੀਤੀ ਤੇ ਜਦੋਂ ਭਾਜਪਾ ਨਾਰਾਜ਼ ਹੋ ਗਈ ਤਾਂ ਉਸ ਦੇ ਆਗੂਆਂ ਨੇ ਸੋਚਿਆ ਕਿ ਜੇ ਬੇਵਫਾਈ ਕਰਦਾ ਇੱਕ ਕਾਣਾ ਸੁੱਕਾ ਛੱਡ ਦਿੱਤਾ ਤਾਂ ਏਸੇ ਵਾਂਗ ਬਾਕੀ ਦੇ ਕਾਣੇ ਵੀ ਵਿਗੜ ਸਕਦੇ ਹਨ, ਇਸ ਲਈ ਉਹ ਜੂਆ ਖੇਡਦਾ ਮੌਕੇ ਉੱਤੇ ਫੜ ਲਿਆ ਗਿਆ ਹੈ।

ਗੱਲ ਫਿਰ ਭਾਜਪਾ ਦੀ ਅਗਲੇ ਸਾਲ ਦੀ ਉਸ ਚੋਣ ਰਣਨੀਤੀ ਉੱਤੇ ਆਉਂਦੀ ਹੈ, ਜਿਹੜੀ ਅਕਾਲੀ ਅਤੇ ਕਾਂਗਰਸ ਆਗੂ ਬੜੀ ਵਾਰ ਵਰਤਦੇ ਰਹੇ ਸਨ ਤੇ ਇਸ ਵਾਰੀ ਭਾਜਪਾ ਵਰਤਣ ਬਾਰੇ ਸੋਚਦੀ ਪਈ ਹੈ। ਕਰਨਾਟਕਾ ਤੋਂ ਅਰੰਭ ਕਰ ਕੇ ਮੱਧ ਪ੍ਰਦੇਸ਼ ਵਿਚ ਕਾਂਗਰਸ ਦਾ ਇੱਕ ਗਰੁੱਪ ਏਸੇ ਫਾਰਮੂਲੇ ਨਾਲ ਤੋੜਨ ਪਿੱਛੋਂ ਭਾਜਪਾ ਨੇ ਰਾਜਸਥਾਨ ਵਿਚ ਕਾਂਗਰਸ ਦੀ ਸਰਕਾਰ ਤੋੜਨ ਦਾ ਚੱਕਰ ਚਲਾਇਆ, ਪਰ ਗੱਲ ਨਹੀਂ ਬਣੀ। ਫਿਰ ਪੁੱਡੂਚੇਰੀ ਵਿਚ ਕਾਂਗਰਸ ਦੇ ਕਈ ਵਿਧਾਇਕ ਅਗਲੀ ਅਸੈਂਬਲੀ ਚੋਣ ਤੋਂ ਪਹਿਲਾਂ ਅਸਤੀਫੇ ਦਿਵਾ ਕੇ ਆਪਣੇ ਵਿਚ ਇਸੇ ਫਾਰਮੂਲੇ ਨਾਲ ਸ਼ਾਮਲ ਕਰਾਏ ਸਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੰਗਾਲ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੇ ਕਈ ਆਗੂ ਵੀ ਇਸੇ ਫਾਰਮੂਲੇ ਨਾਲ ਭਾਜਪਾ ਨੇ ਆਪਣੇ ਨਾਲ ਮਿਲਾਏ ਸਨ। ਜਿਸ ਕਿਸੇ ਨੂੰ ਦੋ-ਤਿੰਨ ਦਿਨ ਇਨਫੋਰਸਮੈਂਟ ਡਾਇਰੈਕਟੋਰੇਟ ਜਾਂ ਸੀ. ਬੀ. ਆਈ. ਵਾਲੇ ਸੱਦਦੇ ਅਤੇ ਪੁੱਛਗਿੱਛ ਦੇ ਬਹਾਨੇ ਸਾਰਾ ਦਿਨ ਜ਼ਲੀਲ ਕਰਦੇ ਸਨ, ਉਹ ਅਗਲੇ ਦਿਨ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੰਦਾ ਸੀ।

ਮਹਾਰਾਸ਼ਟਰ ਵਿਚ ਇਸ ਵਕਤ ਸਾਰਾ ਜ਼ੋਰ ਇਸੇ ਦਾਅ ਨਾਲ ਸਾਂਝੀ ਸਰਕਾਰ ਤੋੜਨ ਤੇ ਭਾਜਪਾ ਸਰਕਾਰ ਬਣਾਉਣ ਲਈ ਲਾਇਆ ਪਿਆ ਹੈ। ਜਦੋਂ ਸ਼ਰਦ ਪਵਾਰ ਦਾ ਭਤੀਜਾ ਅਜੀਤ ਪਵਾਰ ਭਾਜਪਾ ਨਾਲ ਜੁੜ ਕੇ ਉਸ ਦੀ ਸਰਕਾਰ ਵਿਚ ਅੱਧੀ ਰਾਤ ਉੱਪ ਮੁੱਖ ਮੰਤਰੀ ਬਣ ਗਿਆ ਤਾਂ ਬਹੱਤਰ ਘੰਟਿਆਂ ਦੇ ਰਾਜ ਦੌਰਾਨ ਭਾਜਪਾ ਨੇ ਉਸ ਦੇ ਖਿਲਾਫ ਆਪਣੀ ਇਸ ਤੋਂ ਪਿਛਲੀ ਸਰਕਾਰ ਦੌਰਾਨ ਖੁਦ ਬਣਵਾਏ ਨੌਂ ਸੰਗੀਨ ਕੇਸ ਇੱਕੋ ਝਟਕੇ ਨਾਲ ਰੱਦ ਕਰ ਦਿੱਤੇ ਸਨ। ਅੱਜ ਕੱਲ੍ਹ ਊਧਵ ਠਾਕਰੇ ਦੀ ਸਰਕਾਰ ਵਿਚੋਂ ਮੱਛੀ ਵਾਂਗ ਕੁੰਡੀ ਪਾ ਕੇ ਖਿੱਚਣ ਲਈ ਓਸੇ ਅਜੀਤ ਪਵਾਰ ਉੱਤੇ ਫਿਰ ਉਹੋ ਜਿਹੇ ਕੇਸ ਬਣਾਏ ਜਾ ਰਹੇ ਹਨ ਅਤੇ ਇਸ ਵਾਰੀ ਉਸ ਦੀ ਪਤਨੀ ਨੂੰ ਵੀ ਉਲਝਾਇਆ ਜਾ ਰਿਹਾ ਹੈ।

ਭਾਜਪਾ ਲੀਡਰ ਮੂੰਹੋਂ ਨਹੀਂ ਕਹਿੰਦੇ, ਪਰ ਕਨਸੋਆਂ ਮਿਲ ਰਹੀਆਂ ਹਨ ਕਿ ਪੰਜਾਬ ਦੀ ਰਾਜਨੀਤੀ ਦੇ ਦੋਹਾਂ ਮੁੱਖ ਧੜਿਆਂ, ਕਾਂਗਰਸ ਤੇ ਅਕਾਲੀ ਦਲ ਦੇ ਜਿੰਨੇ ਕੁ ਲੀਡਰਾਂ ਨੂੰ ਉਨ੍ਹਾਂ ਦੀ ਕਾਣ ਦੇ ਕਾਰਨ ਉਨ੍ਹਾਂ ਪਾਰਟੀਆਂ ਦੇ ਨੇਤਾ ਵਰਤਦੇ ਰਹੇ ਸਨ, ਭਾਜਪਾ ਉਨ੍ਹਾਂ ਹੀ ਕਾਣਿਆਂ ਤੱਕ ਪਹੁੰਚ ਕਰਦੀ ਹੋ ਸਕਦੀ ਹੈ। ਸਾਂਝੇ ਪੰਜਾਬ ਦਾ ਉਹ ਹਰਿਆਣਵੀ ਵਿਧਾਇਕ ਪਿਆਰਾ ਰਾਮ ਤਾਂ ਅੱਜ ਦੀ ਰਾਜਨੀਤੀ ਵਿਚ ਕਿਸੇ ਨੂੰ ਯਾਦ ਨਹੀਂ, ਜਿਹੜਾ ਧਮਕੀ ਤੋਂ ਡਰਨ ਦੀ ਥਾਂ ਆਪਣੇ ਕੱਪੜਿਆਂ ਦਾ ਝੋਲਾ ਤੇ ਟਾਈਪਿੰਗ ਮਸ਼ੀਨ ਚੁੱਕ ਕੇ ਜੇਲ੍ਹ ਜਾਣ ਲਈ ਤੁਰ ਪਿਆ ਸੀ, ਅਜੋਕੀ ਰਾਜਨੀਤੀ ਦੇ ਧੁਰੰਤਰ ਇਸ ਕਾਣ ਦੇ ਦਬਾਅ ਹੇਠ ਅਗਲੇ ਸਾਲ ਦੀ ਰਾਜਨੀਤੀ ਦਾ ਹਿੱਸਾ ਬਣਨ ਨੂੰ ਤਿਆਰ ਹੁੰਦੇ ਸੁਣੀਂਦੇ ਹਨ। ਸਾਡੀ ਇਹ ਗੱਲ ਅੱਜ ਕਈ ਲੋਕਾਂ ਨੂੰ ਖਾਮ-ਖਿਆਲੀ ਲੱਗ ਸਕਦੀ ਹੈ, ਪਰ ਜਿਹੜੀਆਂ ਖਬਰਾਂ ਸਾਡੇ ਤੱਕ ਪਹੁੰਚ ਰਹੀਆਂ ਹਨ, ਉਨ੍ਹਾਂ ਦਾ ਸਾਰ ਇਹੋ ਹੈ ਕਿ ਭਾਜਪਾ ਅਗਲੇ ਸਾਲ ਕਾਣਿਆਂ ਨੂੰ ਵਰਤਣ ਦਾ ਉਹੋ ਦਾਅ ਵਰਤ ਸਕਦੀ ਹੈ, ਜਿਹੜਾ ਅਕਾਲੀ ਤੇ ਕਾਂਗਰਸੀ ਆਗੂ ਕੁਰਸੀ ਉੱਤੇ ਬਹਿਣ ਅਤੇ ਬੈਠ ਗਏ ਹੋਣ ਤਾਂ ਟਿਕੇ ਰਹਿਣ ਲਈ ਵਰਤਦੇ ਰਹੇ ਹਨ। ਅਸੀਂ ਅਜੇ ਇਹ ਗੱਲ ਨਹੀਂ ਕਹਿ ਸਕਦੇ ਕਿ ਇਹ ਦਾਅ ਯਕੀਨਨ ਚੱਲ ਵੀ ਜਾਵੇਗਾ, ਪਰ ਇਸ ਦੇ ਵਰਤਣ ਦੀਆਂ ਕਨਸੋਆਂ ਫੋਕੀਆਂ ਨਹੀਂ।

# ਅਫਸਰਾਂ ਦਾ ਸਿਆਸਤ ਵਿਚ ਆਉਣਾ ਜਾਇਜ਼ ਹੈ?

## -ਕੁੰਵਰ ਵਿਜੈ ਪ੍ਰਤਾਪ ਸਿੰਘ ਦੀ 'ਆਪ' ਵਿਚ ਸ਼ਮੂਲੀਅਤ ਦੇ ਸੰਦਰਭ ਵਿਚ-



ਉਜਾਗਰ ਸਿੰਘ*
ਫੋਨ: 91-94178-13072
ujagarsingh48@yahoo.com

ਸਿਆਸਤ ਨੂੰ ਸ਼ਤਰੰਜ ਦੀ ਖੇਡ ਕਿਹਾ ਜਾਂਦਾ ਹੈ, ਇਸ ਤੋਂ ਇਲਾਵਾ ਸਿਆਸਤ ਬਾਰੇ ਹੋਰ ਵੀ ਬਹੁਤ ਸਾਰੀਆਂ ਧਾਰਨਾਵਾਂ ਬਣੀਆਂ ਹੋਈਆਂ ਹਨ। ਸਿਆਸਤ ਖਾਸ ਤੌਰ 'ਤੇ ਭਾਰਤ ਵਿਚ ਬਹੁਤ ਬਦਨਾਮ ਹੋ ਚੁਕੀ ਹੈ, ਕਿਉਂਕਿ ਕੁਝ ਕੁ ਸਿਆਸਤਦਾਨਾਂ ਨੇ ਪਰਜਾਤੰਤਰ ਦੀ ਪਵਿਤਰਤਾ ਤੇ ਮਰਿਆਦਾ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਕਾਫੀ ਹੱਦ ਤੱਕ ਭ੍ਰਿਸ਼ਟਾਚਾਰ ਭਾਰੂ ਹੋ ਗਿਆ ਹੈ। ਕੁਝ ਕੁ ਗਿਣਵੀਆਂ-ਚੁਣਵੀਆਂ ਪਾਰਟੀਆਂ ਨੇ ਧਰਮ ਨੂੰ ਸਿਆਸਤ ਦਾ ਆਧਾਰ ਬਣਾ ਲਿਆ ਹੈ। ਹਾਲਾਂ ਕਿ ਧਰਮ ਤਾਂ ਅਤਿਅੰਤ ਪਵਿੱਤਰ ਅਤੇ ਮਾਨਵਤਾ ਨੂੰ ਸਿੱਧੇ ਰਸਤੇ ਪਾਉਣ ਦਾ ਸਾਧਨ ਬਣਦਾ ਹੈ। ਸਿਆਸਤ ਧਰਮ ਦੇ ਸਿਧਾਂਤਾਂ 'ਤੇ ਪਹਿਰਾ ਦੇਣ ਤੋਂ ਗੁਰੇਜ਼ ਕਰਦੀ ਹੈ। ਅਜਿਹੇ ਹਾਲਾਤ ਵਿਚ ਵਿਚਾਰਧਾਰਾ ਤੋਂ ਮੂੰਹ ਮੋੜ ਕੇ ਸਿਆਸਤ ਵਿਚ ਦੂਸ਼ਣਬਾਜ਼ੀ ਭਾਰੂ ਹੋਣ ਕਰਕੇ ਗੰਧਲੀ ਹੋ ਗਈ ਹੈ।

ਕੀ ਅਫਸਰਾਂ ਦਾ ਸਿਆਸਤ ਵਿਚ ਆਉਣਾ ਜਾਇਜ਼ ਹੈ? ਕੀ ਅਫਸਰਾਂ ਦੀ ਸਾਰੀ ਨੌਕਰੀ ਦੌਰਾਨ ਨਿਰਪੱਖਤਾ ਸ਼ੱਕ ਦੇ ਘੇਰੇ ਵਿਚ ਨਹੀਂ ਆ ਜਾਂਦੀ? ਜਦੋਂ ਇਨਸਾਫ ਦੀ ਤਰਾਜੂ ਉਨ੍ਹਾਂ ਦੇ ਹੱਥ ਵਿਚ ਹੁੰਦੀ ਸੀ, ਉਨ੍ਹਾਂ ਦੇ ਮਨਾਂ ਵਿਚ ਲੋਕਾਂ ਨੂੰ ਇਨਸਾਫ ਦੇਣ ਲੱਗਿਆਂ, ਜਿਸ ਪਾਰਟੀ ਵਲ ਉਨ੍ਹਾਂ ਦਾ ਝੁਕਾਅ ਹੁੰਦਾ ਸੀ, ਤਾਂ ਕੀ ਉਹ ਫੈਸਲੇ ਉਨ੍ਹਾਂ ਦੇ ਹੱਕ ਵਿਚ ਕਰਦੇ ਸਨ? ਫਿਰ ਨਿਰਪੱਖਤਾ ਕਿਥੇ ਗਈ? ਇਹ ਸੋਚਣ ਵਾਲੀ ਗੱਲ ਹੈ। ਵੈਸੇ ਉਨ੍ਹਾਂ ਕੋਲੋਂ ਨਿਰਪੱਖਤਾ ਸੰਭਵ ਨਹੀਂ ਹੋ ਸਕਦੀ। ਉਹ ਸਾਰੇ ਫੈਸਲੇ ਉਸ ਪਾਰਟੀ ਵੱਲ ਝੁਕਾਅ ਵਾਲੇ ਕਰਦੇ ਹੋਣਗੇ, ਫਿਰ ਉਨ੍ਹਾਂ ਕੋਲੋਂ ਸਿਆਸਤ 'ਚ ਆਉਣ 'ਤੇ ਇਨਸਾਫ ਕਿਵੇਂ ਮਿਲ ਸਕਦਾ ਹੈ?

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜਸਟਿਸ ਨਿਰਮਲ ਸਿੰਘ ਅਤੇ ਸੇਵਾ ਮੁਕਤ ਆਈ. ਏ. ਐਸ. ਅਫਸਰ ਦਰਬਾਰਾ ਸਿੰਘ ਗੁਰੂ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਕਿਸੇ ਨਾ ਕਿਸੇ ਪਾਰਟੀ ਵਲੋਂ ਲੜੇ ਹਨ। ਜਸਟਿਸ ਨਿਰਮਲ ਸਿੰਘ ਤਾਂ ਵਿਧਾਨਕਾਰ ਬਣ ਵੀ ਗਏ ਸਨ। ਇਨ੍ਹਾਂ ਤੋਂ ਇਲਾਵਾ ਮਨੋਹਰ ਸਿੰਘ ਗਿੱਲ ਵੀ ਆਈ. ਏ. ਐਸ. ਅਫਸਰ ਸਨ, ਜੋ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸਕੱਤਰ ਅਤੇ ਕੇਂਦਰ ਵਿਚ ਮੰਤਰੀ ਰਹੇ ਹਨ। ਅਰਵਿੰਦ ਕੇਜਰੀਵਾਲ ਵੀ ਅਫਸਰ ਰਹੇ ਹਨ। ਕੇਂਦਰ ਅਤੇ ਸਮੁੱਚੇ ਦੇਸ਼ ਵਿਚ ਤਾਂ ਅਣਗਿਣਤ ਅਫਸਰ ਸਿਆਸੀ ਪਾਰਟੀਆਂ ਦਾ ਸ਼ਿੰਗਾਰ ਬਣੇ ਹਨ। ਮੈਂ ਸੈਲੀਬਰੇਟੀਜ਼ ਦੀ ਗੱਲ ਨਹੀਂ ਕਰ ਰਿਹਾ, ਕਿਉਂਕਿ ਉਨ੍ਹਾਂ ਕੋਲ ਤਾਂ ਅਜਿਹਾ ਕੋਈ ਅਹੁਦਾ ਨਹੀਂ ਹੁੰਦਾ, ਜਿਸ ਨਾਲ ਉਹ ਲੋਕਾਂ



ਕੁੰਵਰ ਵਿਜੈ ਪ੍ਰਤਾਪ ਸਿੰਘ




ਨੂੰ ਇਨਸਾਫ ਦੇ ਸਕਣ।

ਹੁਣ ਤਾਜ਼ਾ ਘਟਨਾ ਦੀ ਗੱਲ ਕਰਦੇ ਹਾਂ, ਜਿਸ ਅਨੁਸਾਰ ਪੰਜਾਬ ਕੇਡਰ ਦੇ ਬਹੁਤ ਚਰਚਿਤ ਸੇਵਾ ਮੁਕਤ ਆਈ. ਪੀ. ਐਸ. ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ, ਜੋ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋਏ ਹਨ। ਅਰਵਿੰਦ ਕੇਜਰੀਵਾਲ ਵਿਸ਼ੇਸ਼ ਤੌਰ 'ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਅੰਮ੍ਰਿਤਸਰ ਆਏ। ਉਹ ਆਪਣੇ ਕੈਰੀਅਰ ਵਿਚ ਬਹੁਤ ਹੀ ਇਮਾਨਦਾਰ ਅਤੇ ਕੁਸ਼ਲ ਅਫਸਰ ਗਿਣੇ ਜਾਂਦੇ ਸਨ, ਪਰ ਉਨ੍ਹਾਂ ਐਸ. ਆਈ. ਟੀ. ਦੇ ਮੁਖੀ ਹੁੰਦਿਆਂ ਬਹਿਬਲ ਕਲਾਂ ਤੇ ਕੋਟਕਪੂਰਾ ਘਟਨਾਵਾਂ ਦੀ ਜਿਹੜੀ ਜਾਂਚ ਕੀਤੀ ਹੈ, ਉਸ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚੋਂ ਰੱਦ ਹੋ ਜਾਣ ਤੋਂ ਬਾਅਦ, ਉਨ੍ਹਾਂ ਦੀ ਪੜਤਾਲ 'ਤੇ ਕਿੰਤੂ-ਪ੍ਰੰਤੂ ਹੋਏ ਹਨ। ਸਿੱਖ ਭਾਵਨਾਵਾਂ ਵਿਚ ਜਲਦੀ ਵਹਿ ਜਾਂਦੇ ਹਨ, ਇਸ ਲਈ ਸਿੱਖ ਜਗਤ ਨੇ ਤਾਂ ਉਨ੍ਹਾਂ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਦਿਆਂ ਅਸਮਾਨ 'ਤੇ ਚੜ੍ਹਾ ਦਿੱਤਾ। ਇਸ ਪੜਤਾਲ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਅਕਸ ਉਚਾ ਕੀਤਾ, ਖਾਸ ਤੌਰ 'ਤੇ ਸਿੱਖਾਂ ਦੇ ਦਿਲਾਂ 'ਤੇ ਤਾਂ ਉਹ ਰਾਜ ਕਰਨ ਲੱਗ ਪਏ ਸਨ। ਇੰਨੀ ਪ੍ਰਸ਼ੰਸਾ ਆਮ ਇਨਸਾਨ ਨੂੰ ਪਚਾਉਣੀ ਔਖੀ ਹੋ ਜਾਂਦੀ ਹੈ। ਇਸ ਸ਼ਲਾਘਾ ਦਾ ਹੋ ਸਕਦਾ ਥੋੜ੍ਹਾ ਬਹੁਤਾ ਅਸਰ ਕੁੰਵਰ ਵਿਜੈ ਪ੍ਰਤਾਪ ਸਿੰਘ 'ਤੇ ਵੀ ਪਿਆ ਹੋਵੇ। ਸ਼ਾਇਦ ਇਸੇ ਕਰਕੇ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ।

(ਬਾਕੀ ਅਗਲੇ ਸਫੇ 'ਤੇ)

# ਲੋਕ-ਦਰਦ ਮਹਿਸੂਸ ਕਰਨ ਵਾਲਾ ਸਿਆਸਤਦਾਨ-ਨਵਜੋਤ ਸਿੰਘ ਸਿੱਧੂ

ਡਾ. ਮਨਮੋਹਨ ਸਿੰਘ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਹੋਏ ਹਨ, ਜਿਨ੍ਹਾਂ ਦੀ ਕਾਬਲੀਅਤ ਅਤੇ ਈਮਾਨਦਾਰੀ ਉਪਰ ਕੋਈ ਉਂਗਲ ਨਹੀਂ ਉਠਾ ਸਕਦਾ। ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਉਹ ਕੇਂਦਰ ਸਰਕਾਰ ਵਿਚ ਵਿੱਤ ਮੰਤਰੀ, ਰਿਜ਼ਰਵ ਬੈਂਕ ਆਫ ਇੰਡੀਆ ਦੇ ਗਵਰਨਰ, ਕਈ ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਅਤੇ ਸੰਯੁਕਤ ਰਾਸ਼ਟਰ ਸੰਘ ਦੀਆਂ ਉੱਚ-ਕੋਟੀ ਦੀਆਂ ਵਿੱਤੀ ਸੰਸਥਾਵਾਂ-ਆਈ. ਐੱਮ. ਐੱਫ ਅਤੇ ਵਰਲਡ ਬੈਂਕ ਵਿਚ ਅਹਿਮ ਅਹੁਦਿਆਂ 'ਤੇ ਰਹੇ ਹਨ। ਇਨ੍ਹਾਂ ਅਹੁਦਿਆਂ ਉਪਰ ਕੰਮ ਕਰਨ ਬਦਲੇ ਉਨ੍ਹਾਂ ਨੂੰ ਕਈ ਪੈਨਸ਼ਨਾਂ ਮਿਲਦੀਆਂ ਹਨ ਅਤੇ ਉਹ ਇਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਨ੍ਹਾਂ ਦੇ ਕਹਿਣ ਅਨੁਸਾਰ ਉਨ੍ਹਾਂ ਦੇ ਬੈਂਕ ਵਿਚ ਤਿੰਨ ਕਰੋੜ ਰੁਪਏ



**ਕੈਪਟਨ ਇਕਬਾਲ ਸਿੰਘ ਵਿਰਕ**
**ਫੋਨ: 1-647-631-9445**

ਜਮ੍ਹਾਂ ਹਨ ਅਤੇ ਉਹ ਇਨ੍ਹਾਂ ਦੇ ਵਿਆਜ ਨਾਲ ਆਪਣਾ ਜੀਵਨ ਵਧੀਆ ਬਸਰ ਕਰ ਰਹੇ ਹਨ। ਉਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਭਾਰਤ ਵਿਚ 10 ਸਾਲ 'ਖਿਚੜੀ ਸਰਕਾਰ' ਸਫਲਤਾ ਪੂਰਵਕ ਚਲਾਈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਹ ਜਿੰਨੀ ਵਾਰ ਵੀ ਪਾਰਲੀਮੈਂਟ ਵਿਚ ਐੱਮ. ਪੀ. ਬਣ ਕੇ ਆਏ, ਰਾਜ ਸਭਾ ਵੱਲੋਂ ਹੀ ਆਏ। ਮੈਂ ਨਹੀਂ ਸੁਣਿਆ ਕਿ ਕਿਸੇ ਵਿਅਕਤੀ ਨੇ ਉਨ੍ਹਾਂ ਬਾਰੇ ਕੋਈ ਮਾੜਾ ਜਾਂ ਗਲਤ ਸ਼ਬਦ ਬੋਲਿਆ ਹੋਵੇ। ਅਲਬੱਤਾ! ਉਨ੍ਹਾਂ ਦੇ ਘੱਟ ਬੋਲਣ ਬਾਰੇ ਕਈ ਲੋਕ ਵਿਅੰਗ ਨਾਲ ਉਨ੍ਹਾਂ ਨੂੰ 'ਮੌਨ-ਮੋਹਨ ਸਿੰਘ' ਜ਼ਰੂਰ ਕਹਿ ਦਿੰਦੇ ਸਨ।

ਮੈਨੂੰ ਯਾਦ ਹੈ, ਸਤਾਰਾਂ ਸਾਲ ਪਹਿਲਾਂ ਕਾਂਗਰਸ ਪਾਰਟੀ ਲੋਕ ਸਭਾ ਚੋਣਾਂ ਜਿੱਤ ਕੇ ਪਾਰਲੀਮੈਂਟ ਵਿਚ ਮੁੜ ਦਾਖਲ ਹੋਈ ਸੀ, ਪਰ ਉਸ ਕੋਲ ਲੋੜੀਂਦਾ ਬਹੁਮਤ ਨਾ ਹੋਣ ਕਾਰਨ ਸਰਕਾਰ ਬਣਾਉਣ ਦੇ ਸਮਰੱਥ ਨਹੀਂ ਸਨ। ਭਾਰਤੀ ਜਨਤਾ ਪਾਰਟੀ ਨੇ ਉਦੋਂ ਪੂਰਾ ਟਿੱਲ ਲਾਇਆ ਕਿ ਸੋਨੀਆ ਗਾਂਧੀ ਪ੍ਰਧਾਨ ਮੰਤਰੀ ਨਾ ਬਣ ਸਕੇ। ਉਸ ਨੂੰ 'ਵਿਦੇਸ਼ੀ' ਕਹਿ ਕੇ ਭੰਡਿਆ ਗਿਆ, ਹਾਲਾਂ ਕਿ ਉਹ ਉਸ ਸਮੇਂ ਭਾਰਤ ਦੀ ਨਾਗਰਿਕਤਾ ਲੈ ਚੁਕੀ ਸੀ। ਉਦੋਂ ਫਿਰ ਸੋਨੀਆ ਗਾਂਧੀ ਵੱਲੋਂ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ ਸੀ ਅਤੇ ਉਨ੍ਹਾਂ ਨੇ ਇਸ ਅਹੁਦੇ ਉਪਰ ਨੇਕ-ਨੀਅਤੀ ਨਾਲ ਕੰਮ ਕਰਦਿਆਂ ਪੂਰੇ 10 ਸਾਲ ਕਾਂਗਰਸ ਸਰਕਾਰ ਦੀ ਸੁਚੱਜੀ ਅਗਵਾਈ ਕੀਤੀ ਸੀ।

ਇਸ ਵੇਲੇ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿਚ ਵੀ ਪੂਰਾ ਇੱਜ਼ਤ ਮਾਣ ਕੀਤਾ ਜਾਂਦਾ ਹੈ। ਲੋਕ ਉਸ ਦੀ ਈਮਾਨਦਾਰੀ ਦੀ ਕਦਰ ਕਰਦੇ ਹਨ। ਰੇਡੀਓ ਅਤੇ ਟੀ. ਵੀ. ਦੇ 'ਟਾਕ-ਸ਼ੋਆਂ' ਵਿਚ ਕਈ ਲੋਕ ਉਸ ਦੀ ਆਲੋਚਨਾ ਵੀ ਕਰਦੇ ਹਨ, ਪਰ ਇਨ੍ਹਾਂ ਵਿਚ ਉਸ ਦੀ ਸਿਫਤ ਕਰਨ ਵਾਲੇ ਬਹੁਤੇ ਹੁੰਦੇ ਹਨ। ਮੇਰੇ ਖਿਆਲ ਵਿਚ ਸਿੱਧੂ ਹੀ ਇਕੱਲਾ ਇਨਸਾਨ ਹੈ, ਜੋ ਆਪਣੀ ਸਰਕਾਰ ਦੀਆਂ ਗਲਤੀਆਂ ਨੂੰ ਖੁੱਲ੍ਹ ਕੇ ਉਜਾਗਰ ਕਰਦਾ ਹੈ ਅਤੇ ਉਸ ਵੱਲੋਂ ਕੀਤੇ ਗਏ ਗਲਤ ਕੰਮਾਂ ਦੀ ਆਲੋਚਨਾ ਕਰਦਾ ਹੈ। ਜਦੋਂ ਸਿੱਧੂ ਨੂੰ ਨੀਵਾਂ ਵਿਖਾਉਣ ਲਈ ਸਥਾਨਕ ਸਰਕਾਰਾਂ ਦੇ ਮੰਤਰੀ ਤੋਂ ਹਟਾ ਕੇ ਬਿਜਲੀ ਮਹਿਕਮੇ ਦਾ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ ਗਈ ਸੀ ਤਾਂ ਉਹ ਇਸ ਨੂੰ ਠੁਕਰਾਅ ਕੇ ਮੰਤਰੀ ਦੇ ਅਹੁਦੇ ਦੀ ਕੁਰਬਾਨੀ ਦੇਣ ਤੋਂ ਪਿੱਛੇ ਨਹੀਂ ਹਟਿਆ ਸੀ। ਚਮਚਾਗਿਰੀ ਕਰਨੀ ਉਸ ਨੂੰ ਆਉਂਦੀ ਨਹੀ ਅਤੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਵਿਚੋਂ 'ਮਲਾਈ' ਖਾਣ ਦੀ ਉਸ ਦੀ ਆਦਤ ਨਹੀਂ ਹੈ। ਇਸ ਵੇਲੇ ਉਹ ਪੰਜਾਬ ਦੇ 18 ਅਹਿਮ ਮੁੱਦੇ ਕੰਧਾੜੇ ਚੁੱਕੀ ਫਿਰਦਾ ਹੈ ਅਤੇ ਲੋਕਾਂ ਨੂੰ ਦੱਸ ਰਿਹਾ ਹੈ ਕਿ ਤੁਹਾਡੇ ਨਾਲ 'ਆਹ-ਕੁਝ' ਹੋ ਰਿਹਾ ਹੈ। ਅੱਜ ਤੱਕ ਨਵਜੋਤ ਸਿੰਘ ਸਿੱਧੂ ਲੋਕਾਂ ਦੀ ਨਜ਼ਰਾਂ ਵਿਚ 'ਹੀਰੋ' ਹੈ ਅਤੇ ਉਸ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੀ ਉਸ ਤੋਂ ਕਿਸੇ ਤਰ੍ਹਾਂ ਪਿੱਛੇ ਨਹੀਂ ਹੈ।

ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਚੱਲ ਰਹੀ ਅਕਾਲੀ ਸਰਕਾਰ ਵਿਚ ਭਾਈਵਾਲ ਭਾਰਤੀ ਜਨਤਾ ਪਾਰਟੀ ਦੇ ਸੁਰਜੀਤ ਕੁਮਾਰ ਜਿਆਣੀ ਸਿਹਤ ਮੰਤਰੀ ਸਨ। ਡਾ. ਨਵਜੋਤ ਕੌਰ ਸਿੱਧੂ ਉਨ੍ਹਾਂ ਦੇ ਨਾਲ ਇਸ ਮਹਿਕਮੇ ਦੀ ਪਾਰਲੀਮੈਂਟ ਸੈਕਟਰੀ ਸੀ। ਸਰਕਾਰੀ ਹਸਪਤਾਲਾਂ ਵਿਚ ਨੌਕਰੀ ਕਰਦੇ ਕਈ ਡਾਕਟਰਾਂ ਨੇ ਪ੍ਰਾਈਵੇਟ ਹਸਪਤਾਲਾਂ ਵਿਚ ਜਾ ਕੇ ਕੰਮ ਕਰਨਾ ਆਪਣੀ ਕਮਾਈ ਦਾ ਵਾਧੂ ਸਾਧਨ ਬਣਾ ਰੱਖਿਆ ਸੀ। ਨਵਜੋਤ ਕੌਰ ਸਿੱਧੂ ਨੇ ਮਰੀਜ਼ ਦਾ ਭੇਸ ਬਣਾ ਕੇ ਉਨ੍ਹਾਂ ਵਿਚੋਂ ਦੋ ਡਾਕਟਰਾਂ ਨੂੰ ਰੰਗੇ ਹੱਥੀਂ ਜਾ ਪਕੜਿਆ। ਉਦੋਂ ਹੈਲਥ ਮਨਿਸਟਰ ਨੇ ਨਵਜੋਤ ਕੌਰ ਸਿੱਧੂ ਨੂੰ ਕਿਹਾ ਸੀ ਕਿ ਉਸ ਵੱਲੋਂ ਇਸ ਤਰ੍ਹਾਂ ਛਾਪਾ ਮਾਰਨਾ ਉਸ ਦੇ 'ਅਧਿਕਾਰ ਖੇਤਰ' ਵਿਚ ਨਹੀਂ ਹੈ। ਕਿਸੇ ਜ਼ਿੰਮੇਵਾਰ ਪੁਜ਼ੀਸ਼ਨ 'ਤੇ ਹੁੰਦਿਆਂ ਉਸ ਦਾ ਕੀ ਅਧਿਕਾਰ ਹੈ, ਕੀ ਭਲਾ ਡਾ. ਨਵਜੋਤ ਕੌਰ ਸਿੱਧੂ ਨਹੀਂ ਸੀ ਜਾਣਦੀ? ਸਿਹਤ ਮੰਤਰੀ ਵੱਲੋਂ ਇਹ ਸਾਰਾ 'ਡਰਾਮਾ' ਉਨ੍ਹਾਂ ਦੋ ਡਾਕਟਰਾਂ ਦੇ ਬਚਾਅ ਲਈ ਹੀ ਕੀਤਾ ਗਿਆ ਸੀ, ਕਿਉਂਕਿ ਉਹ ਦੋਵੇਂ ਡਾਕਟਰ ਸਿਹਤ ਮੰਤਰੀ ਦੇ ਖਾਸ ਬੰਦੇ ਸਨ। ਫਿਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਜੋੜੀ ਦੇ ਬੇਟੇ ਨੂੰ ਸਰਕਾਰੀ ਵਕੀਲ ਦੀ ਨੌਕਰੀ ਦਿੱਤੀ। ਇਸ 'ਤੇ ਭਾਜਪਾ ਨੇ ਪੂਰਾ ਹੋ-ਹੱਲਾ ਮਚਾ ਦਿੱਤਾ। ਸਿੱਧੂ ਜੋੜੀ ਨੇ ਉਸੇ ਵੇਲੇ ਨੌਕਰੀ ਤਿਆਗਣ ਦਾ ਫੈਸਲਾ ਲੈ ਲਿਆ ਸੀ।

ਉਹ ਕਿਹੜਾ ਸਿਆਸੀ ਲੀਡਰ ਹੈ, ਜਿਸ ਨੇ ਆਪਣੇ ਸਿਆਸੀ ਜੀਵਨ ਵਿਚ ਪਾਰਟੀ ਨਾ ਬਦਲੀ ਹੋਵੇ? ਸਿਆਸਤ ਵਿਚ ਤਾਂ ਇਹ ਆਮ ਜਿਹੀ ਗੱਲ ਸਮਝੀ ਜਾਂਦੀ ਹੈ। ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਦੋ ਸਾਲ ਪਹਿਲਾਂ ਜਦੋਂ ਦੁਸਹਿਰੇ ਵਾਲੇ ਦਿਨ ਰੇਲ ਗੱਡੀ ਹੇਠ ਆ ਕੇ ਕੁਝ ਲੋਕ ਮਰ ਗਏ ਸਨ ਤਾਂ ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਉਂਦਿਆਂ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ। ਉਸ ਨੇ ਅੰਮ੍ਰਿਤਸਰ ਸ਼ਹਿਰ ਵਿਚ ਰੁੱਖ ਲਾਉਣ ਲਈ ਨਗਰ



ਨਿਗਮ ਅੰਮ੍ਰਿਤਸਰ ਨੂੰ ਦੋ ਵਾਰੀ 50-50 ਲੱਖ ਕਰਕੇ ਇਕ ਕਰੋੜ ਰੁਪਏ ਦਿੱਤੇ ਸਨ ਅਤੇ ਇਹ ਰੁੱਖ ਕਾਫੀ ਗਿਣਤੀ ਵਿਚ ਲੱਗੇ ਵੀ ਸਨ। ਇਹ ਵੱਖਰੀ ਗੱਲ ਹੈ ਕਿ ਪਿੱਛੋਂ ਪੂਰੀ ਸਾਂਭ-ਸੰਭਾਲ ਨਾ ਹੋਣ ਕਾਰਨ ਉਨ੍ਹਾਂ ਵਿਚੋਂ ਕਈ ਸੜ ਸੁੱਕ ਗਏ ਸਨ। ਰੁੱਖਾਂ ਦੀ ਸਾਂਭ-ਸੰਭਾਲ ਸਿੱਧੂ ਨੇ ਥੋੜ੍ਹੀ ਕਰਨੀ ਸੀ? ਇਹ ਤਾਂ ਨਗਰ ਨਿਗਮ ਦੀ ਹੀ ਜ਼ਿੰਮੇਵਾਰੀ ਬਣਦੀ ਸੀ। ਰੁੱਖਾਂ ਲਈ ਇਹ ਰਕਮ ਉਸ ਨੇ ਆਪਣੀ ਨੇਕ ਕਮਾਈ ਵਿਚੋਂ ਦਿੱਤੀ ਸੀ। ਸਿੱਧੂ ਦੀ ਕਿਹੜੀ ਪੰਜਾਬ ਵਿਚ ਕੋਈ ਟਰਾਂਸਪੋਰਟ ਚੱਲਦੀ ਹੈ ਜਾਂ ਕਿਸੇ ਹੋਰ ਕੰਮ ਵਿਚ ਉਸ ਦੀ 'ਹਿੱਸਾ-ਪੱਤੀ' ਹੈ।

ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕਰਨ ਵਾਲੇ ਕਈ ਇਹ ਕਹਿੰਦੇ ਹਨ ਕਿ ਉਹ ਕਿਸਾਨਾਂ ਦੇ ਸੰਘਰਸ਼ ਵਿਚ ਦਿੱਲੀ ਨਹੀਂ ਗਿਆ। ਇਹ ਠੀਕ ਹੈ ਕਿ ਉਹ ਉੱਥੇ ਨਹੀਂ ਗਿਆ, ਪਰ ਉਸ ਨੇ ਕਿਸਾਨਾਂ ਦੇ ਇਸ ਸੰਘਰਸ਼ ਦੀ ਹਮਾਇਤ ਜ਼ਰੂਰ ਕੀਤੀ ਹੈ। ਕਿਸੇ ਹੋਰ ਸਿਆਸੀ ਪਾਰਟੀ ਦਾ ਕਿਹੜਾ ਨੇਤਾ ਉੱਥੇ ਪਹੁੰਚਿਆ ਹੈ? ਇੱਥੇ ਇਹ ਦੱਸਣਾ ਬਣਦਾ ਹੈ ਕਿ ਕਿਸਾਨ ਆਗੂਆਂ ਨੇ ਸੰਘਰਸ਼ ਦੇ ਸ਼ੁਰੂ ਵਿਚ ਹੀ ਇਹ ਸਾਫ ਕਰ ਦਿੱਤਾ ਸੀ ਕਿ ਇਹ ਨਿਰੋਲ ਕਿਸਾਨੀ ਮੰਗਾਂ ਲਈ ਸੰਘਰਸ਼ ਹੈ, ਉਹ ਕਿਸੇ ਵੀ ਸਿਆਸੀ ਨੇਤਾ ਨੂੰ ਇਸ ਵਿਚ ਆਪਣੀ ਸਟੇਜ ਤੋਂ ਨਹੀਂ ਬੋਲਣ ਦੇਣਗੇ। ਵੇਖਿਆ ਜਾਏ ਤਾਂ ਸਿੱਧੂ ਹੀ ਸਿਰਫ ਅਜਿਹਾ ਐੱਮ. ਐੱਲ. ਏ. ਹੈ, ਜਿਸ ਨੇ ਪੀੜਤ ਕਿਸਾਨਾਂ ਦੀ 30 ਲੱਖ ਰੁਪਏ ਦੀ ਮਦਦ ਕੀਤੀ ਹੈ, ਜਿਨ੍ਹਾਂ ਦੀ ਕਣਕ ਦੀ ਫਸਲ ਸੜ ਕੇ ਸੁਆਹ ਹੋ ਗਈ ਸੀ ਅਤੇ ਇਹ ਮਦਦ ਉਸ ਨੇ ਉਨ੍ਹਾਂ ਕਿਸਾਨਾਂ ਦੀ ਵੀ ਕੀਤੀ, ਜੋ ਕਿਸੇ ਦੂਸਰੇ ਐੱਮ. ਐੱਲ. ਏ. ਦੇ ਹਲਕੇ ਵਿਚ ਪੈਂਦੇ ਸਨ। ਇਸ ਨੂੰ ਕਹਿੰਦੇ ਹਨ, ਫਰਾਖ-ਦਿਲੀ। ਪੰਜ ਲੱਖ ਰੁਪਏ ਉਸ ਨੇ ਇਕ ਸਕੂਲ ਨੂੰ ਵੀ ਦਿੱਤੇ। ਸਿੱਧੂ ਹੀ ਇਕ ਅਜਿਹਾ ਲੀਡਰ ਹੈ, ਜੋ ਸਿਆਸਤ ਵਿਚ ਕਮਾਈ ਕਰਨ ਲਈ ਨਹੀਂ ਆਇਆ। ਉਹ ਤਾਂ ਲੋਕਾਂ ਦੀ ਸੇਵਾ ਕਰਨ ਆਇਆ ਹੈ ਅਤੇ ਉਹ ਇਹ ਆਪਣੀ ਵਿੱਤ ਮੁਤਾਬਿਕ ਕਰੀ ਜਾ ਰਿਹਾ ਹੈ। ਕਪਿਲ ਸ਼ਰਮਾ ਦੇ ਟੀ. ਵੀ. ਸ਼ੋਅ ਵਿਚ ਸ਼ਾਮਲ ਹੋਣ ਲਈ ਉਹ ਹਫਤੇ ਵਿਚ ਇਕ ਵਾਰੀ ਮੁੰਬਈ ਜਾਂਦਾ ਸੀ ਅਤੇ 43 ਕਰੋੜ ਸਾਲ ਦੇ ਕਮਾਉਂਦਾ ਸੀ। ਕੰਮ ਵੀ ਉਸ ਦਾ ਕਿੰਨਾ ਕੁ ਮੁਸ਼ਕਿਲ ਹੁੰਦਾ ਸੀ! ਬੱਸ ਸੋਫੇ 'ਤੇ ਬੈਠਣਾ, ਤਾੜੀਆਂ ਮਾਰਨੀਆਂ, ਠਹਾਕੇ ਮਾਰ-ਮਾਰ ਕੇ ਹੱਸਣਾ ਤੇ ਲੋਕਾਂ ਨੂੰ ਹਸਾਉਣਾ; ਪਰ ਇਹ ਕੰਮ ਵੀ ਤਾਂ ਕੋਈ ਸਿੱਧੂ ਵਰਗਾ ਹੀ ਕਰ ਸਕਦਾ ਹੈ।

ਸਿੱਧੂ ਨੇ ਕ੍ਰਿਕਟ ਵਿਚ ਭਾਰਤ ਦਾ ਨਾਂ ਉੱਚਾ ਕੀਤਾ ਅਤੇ ਕਮਾਈ ਵੀ ਕੀਤੀ। ਕ੍ਰਿਕਟ ਖੇਡਦਿਆਂ ਉਸ ਨੂੰ ਕਈ ਇਨਾਮ ਵੀ ਮਿਲੇ। ਉਸ ਨੇ ਕ੍ਰਿਕਟ ਮੈਚਾਂ ਦੀ ਕੁਮੈਂਟਰੀ ਕੀਤੀ ਅਤੇ ਇਸ ਵਿਚ ਵੀ ਚੋਖੀ ਕਮਾਈ ਕੀਤੀ। ਕ੍ਰਿਕਟ ਵਿਚ ਪੈਸਾ ਬਹੁਤ ਹੈ ਅਤੇ ਸਿੱਧੂ ਕੋਲ ਵੀ ਪੈਸੇ ਦੀ ਕੋਈ ਕਮੀ ਨਹੀਂ ਹੈ। ਉਸ ਦੀ ਨੀਅਤ ਰੱਜੀ ਹੋਈ ਹੈ। ਗਵਾਂਢੀ ਦੇਸ਼ ਪਾਕਿਸਤਾਨ ਨਾਲ ਕਰਤਾਰਪੁਰ ਦਾ 'ਲਾਂਘਾ' ਖੁੱਲ੍ਹਵਾਉਣ ਵਿਚ ਵੀ ਨਵਜੋਤ ਸਿੰਘ ਸਿੱਧੂ ਦੀ ਮੁੱਖ ਭੂਮਿਕਾ ਹੈ। ਇਸ ਲਈ ਕਿਸੇ ਨੇ ਉਸ ਦਾ ਸਨਮਾਨ ਤਾਂ ਕੀ ਕਰਨਾ ਸੀ, ਪਾਰਲੀਮੈਂਟ ਵਿਚ ਇਕ ਐੱਮ. ਪੀ. ਬੀਬੀ ਸਿੱਧੂ ਦੇ ਖਿਲਾਫ ਬੋਲ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੀ ਰਹੀ। ਭਾਜਪਾ ਆਗੂ ਤਰੁਣ ਚੁੱਘ ਰੇਡੀਓ 'ਤੇ ਸਿੱਧੂ ਵਿਰੁੱਧ ਜ਼ਹਿਰ ਘੋਲਦਾ ਰਿਹਾ। ਅਖੇ, ਸਿੱਧੂ ਨੇ ਪਾਕਿਸਤਾਨ ਦੇ ਜਨਰਲ ਬਾਜਵਾ ਨਾਲ ਜੱਫੀ ਕਿਉਂ ਪਾਈ। ਚੁੱਘ ਨੂੰ ਕੋਈ ਪੁੱਛਣ ਵਾਲਾ ਹੋਵੇ, ਪਈ ਜਦੋਂ ਪ੍ਰਧਾਨ ਮੰਤਰੀ ਮੋਦੀ ਅਚਾਨਕ ਪਾਕਿਸਤਾਨ ਚਲੇ ਗਏ ਸਨ ਅਤੇ ਨਵਾਜ਼ ਸ਼ਰੀਫ ਦੀ ਦੋਹਤਰੀ ਦੇ ਨਿਕਾਹ ਸਮੇਂ ਉਸ ਨੂੰ 'ਸ਼ਗਨ' ਦੇ ਕੇ ਆਏ ਸਨ ਤਾਂ ਉਦੋਂ ਉਸ ਨੇ ਕਿਉਂ ਆਪਣੇ ਮੂੰਹ ਵਿਚ ਘੁੰਗਣੀਆਂ ਪਾ ਲਈਆਂ ਸਨ?

ਬੀਬੀ ਨਵਜੋਤ ਕੌਰ ਖੁਦ ਡਾਕਟਰ ਹੈ। ਉਹ ਜਦੋਂ ਐੱਮ. ਐੱਲ. ਏ. ਜਾਂ ਕਿਸੇ ਹੋਰ ਅਹੁਦੇ ਦੀ ਚੋਣ ਲਈ ਕਾਗਜ਼ ਦਾਖਲ ਕਰਦੀ ਹੈ ਤਾਂ ਉਸ ਨੇ ਇਨ੍ਹਾਂ ਵਿਚ ਇਹ ਕਦੇ ਨਹੀਂ ਦੱਸਿਆ ਕਿ ਉਸ ਕੋਲ ਕਿੰਨੇ ਕਿਲੋ ਸੋਨਾ ਹੈ। ਇਕ ਹੋਰ ਬੀਬੀ ਹੈ, ਜਿਹੜੀ ਆਪਣੇ ਨਾਮਜ਼ਦਗੀ ਫਾਰਮਾਂ ਵਿਚ ਪਹਿਲੀ ਵਾਰ ਤਾਂ ਇਨ੍ਹਾਂ ਫਾਰਮਾਂ ਵਿਚ ਸੱਤ ਕਿਲੋ ਸੋਨਾ ਭਰਦੀ ਹੈ ਅਤੇ ਪੰਜਾਂ ਸਾਲਾਂ ਬਾਅਦ ਮੁੜ ਕਾਗਜ਼ ਦਾਖਲ ਕਰਨ ਸਮੇਂ ਉਸ ਦਾ ਬੈਂਕ ਦੇ ਵੱਡੇ-ਵੱਡੇ ਲਾਕਰਾਂ ਵਿਚ ਰੱਖਿਆ ਹੋਇਆ ਇਹ ਸੋਨਾ ਵੀਹ ਕਿਲੋ ਤੀਕ ਪਹੁੰਚ ਜਾਂਦਾ ਹੈ। ਅਸੀਂ ਇਹ ਤਾਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਬੈਂਕਾਂ ਵਿਚ ਜਮ੍ਹਾਂ ਪੈਸਾ ਵਿਆਜ ਲੱਗ ਕੇ ਕੁਝ ਵੱਧ ਜਾਂਦਾ ਹੈ, ਪਰ ਸੋਨਾ ਇਸ ਤਰ੍ਹਾਂ ਵਧਦਾ ਕਦੇ ਨਹੀਂ ਵੇਖਿਆ।

ਅੰਮ੍ਰਿਤਸਰ ਵਿਚ ਦੁਸਹਿਰੇ ਸਮੇਂ ਹੋਏ ਰੇਲ-ਹਾਦਸੇ ਵਿਚ ਬੀਬੀ ਨਵਜੋਤ ਕੌਰ ਦੀ ਤਾਂ ਕੋਈ ਗਲਤੀ ਨਹੀਂ ਸੀ। ਉਸ ਨੇ ਕਿਹੜਾ ਕਿਸੇ ਨੂੰ ਰੇਲ ਪਟੜੀ 'ਤੇ ਫੜ੍ਹ ਕੇ ਬੈਠਾਇਆ ਸੀ! ਹਾਰ ਚੁੱਕੇ ਲੀਡਰ ਜਿਨ੍ਹਾਂ ਕੋਲ ਸਿਰਫ 15 ਸੀਟਾਂ ਰਹਿ ਗਈਆਂ ਸਨ, ਗੁੱਸਾ ਤਾਂ ਉਨ੍ਹਾਂ ਨੂੰ ਆਪਣੀ ਸ਼ਰਮਨਾਕ ਹਾਰ ਦਾ ਸੀ, ਪਰ ਉਨ੍ਹਾਂ ਨੇ ਨਵਜੋਤ ਕੌਰ ਸਿੱਧੂ ਨੂੰ ਇਸ ਹਾਦਸੇ ਦੀ ਜ਼ਿੰਮੇਦਾਰ ਠਹਿਰਾਉਣ ਵਿਚ ਕੋਈ ਕਸਰ ਨਹੀਂ ਛੱਡੀ। ਉਂਜ ਪੱਲੇ ਉਨ੍ਹਾਂ ਦੇ ਵੀ ਕੁਝ ਨਹੀਂ ਪਿਆ। ਬਾਹਰਲੇ ਮੁਲਕਾਂ ਵਿਚ ਬੈਠੇ ਹੋਏ ਕਈ ਮੇਰੇ ਵਰਗੇ ਐਵੇਂ ਈ ਕਚੀਚੀਆਂ ਵੱਟੀ ਜਾਂਦੇ ਹਨ ਕਿ ਸਿੱਧੂ ਪਰਿਵਾਰ ਇਸ ਕੇਸ ਵਿਚ ਅਜੇ ਤੱਕ ਫਸਿਆ ਕਿਉਂ ਨਹੀਂ? ਪਰ ਸਿਆਣੇ ਠੀਕ ਹੀ ਕਹਿੰਦੇ ਹਨ, "ਕਾਂਵਾਂ ਦੇ ਆਖਿਆਂ ਢੱਗੇ ਨਹੀਂ ਮਰਦੇ।" ਕਿਸੇ ਦੇ ਵੱਲੋਂ ਰੌਲਾ ਪਾਇਆਂ ਇਹ ਕੇਸ ਸਿੱਧੂ ਪਰਿਵਾਰ ਉੱਪਰ ਕਿਵੇਂ ਪਾਇਆ ਜਾ ਸਕਦਾ ਸੀ!

ਗਲਤ ਪ੍ਰਾਪੇਗੰਡਾ ਕਰਨਾ ਸਿੱਧੂ ਨੂੰ ਆਉਂਦਾ ਨਹੀਂ। ਨਾ ਹੀ ਉਸ ਨੂੰ ਕਿਸੇ ਅਹੁਦੇ ਦੀ ਭੁੱਖ ਹੈ ਅਤੇ ਨਾ ਹੀ ਉਹ ਕੈਪਟਨ ਅਮਰਿੰਦਰ ਸਿੰਘ ਦੇ ਥੱਲੇ ਲੱਗ ਕੇ ਕੰਮ ਕਰ ਸਕਦਾ ਹੈ। ਸਥਾਨਕ ਸਰਕਾਰਾਂ ਦੇ ਮੰਤਰੀ ਦਾ ਚਾਰਜ ਲੈਂਦਿਆਂ ਹੀ ਉਸ ਨੇ ਪੰਜਾਬ ਵਿਚ ਹੋਏ ਕੇਬਲ ਮਾਫੀਏ ਘੁਟਾਲੇ ਕਾਰਨ ਉਸ ਕੋਲੋਂ 600 ਕਰੋੜ ਵਸੂਲਣ ਲਈ ਕਿਹਾ ਸੀ, ਪਰ ਸਾਰੇ ਹੀ ਜਾਣਦੇ ਹਨ ਕਿ ਮੁੱਖ ਮੰਤਰੀ ਕੈਪਟਨ ਨਹੀਂ ਸਨ ਮੰਨੇ। ਸਿੱਧੂ ਲੋਕਾਂ ਦੀ ਸੇਵਾ ਕਰਨੀ ਚਾਹੁੰਦਾ ਹੈ, ਪਰ ਪੰਜਾਬ ਸਰਕਾਰ ਉਸ ਦੀਆਂ ਸੇਵਾਵਾਂ ਲੈਣ ਲਈ ਤਿਆਰ ਨਹੀਂ। ਉਸ ਨੇ ਰਾਜ ਸਭਾ ਦੀ ਸੀਟ ਛੱਡੀ ਸੀ ਅਤੇ ਫਿਰ ਮੰਤਰੀ ਦਾ ਅਹੁਦਾ ਛੱਡਿਆ। ਮੰਤਰੀ ਦੀ ਕੋਠੀ ਛੱਡ ਕੇ ਉਸ ਨੇ 'ਗੁਰੂ ਕੀ ਨਗਰੀ' ਅੰਮ੍ਰਿਤਸਰ ਆ ਡੇਰਾ ਲਾਇਆ। ਮੇਰਾ ਨਹੀਂ ਖਿਆਲ ਕਿ ਕਿਸੇ ਹੋਰ ਲੀਡਰ ਨੇ ਸਵੈਮਾਣ ਦੀ ਖਾਤਰ ਇਸ ਤਰ੍ਹਾਂ ਏਡੇ ਵੱਡੇ ਅਹੁਦਿਆਂ ਨੂੰ ਲੱਤ ਮਾਰੀ ਹੋਵੇ।

ਸਿੱਧੂ ਜੋੜੀ ਪੰਜਾਬ ਦੀ ਬਿਹਤਰੀ ਲਈ ਸੁਹਿਰਦ ਹੈ। ਉਹ ਪੰਜਾਬ ਲਈ ਕੁਝ ਕਰਨਾ ਚਾਹੁੰਦੀ ਹੈ। ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਅਤੇ ਪੰਜਾਬ ਦੀ ਵਾਗਡੋਰ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਵੀ ਦੋ ਵਾਰ ਆਈ ਹੈ, ਪਰ ਇਹ ਦੋਵੇਂ ਹੀ ਪੰਜਾਬ ਦਾ ਕੁਝ ਨਹੀਂ ਸੰਵਾਰ ਸਕੇ। ਉਹ ਜੇ ਚਾਹੁੰਦੇ ਤਾਂ ਪੰਜਾਬ ਲਈ ਬਹੁਤ ਕੁਝ ਕਰ ਸਕਦੇ ਸਨ। ਇੰਜ ਲੱਗਦਾ ਹੈ ਕਿ ਕਾਂਗਰਸ ਪਾਰਟੀ ਨੇ ਥੋੜ੍ਹੀ ਕੀੜਿਆਂ ਪੰਜਾਬ ਦੀ ਵਾਗਡੋਰ ਸਿੱਧੂ ਨੂੰ ਸੌਂਪਣੀ ਨਹੀਂ ਅਤੇ ਨਾ ਹੀ ਇਨ੍ਹਾਂ ਹਾਲਤਾਂ ਵਿਚ ਸਿੱਧੂ ਕੋਈ ਹੋਰ ਅਹੁਦਾ ਲੈ ਕੇ ਆਪਣੀ ਬੇਇੱਜ਼ਤੀ ਕਰਵਾਏਗਾ, ਕਿਉਂਕਿ ਪੰਜਾਬ ਵਿਚ ਚੱਲ ਰਹੇ 'ਮਾਫੀਏ' ਨੇ ਵੀ ਥੋੜ੍ਹੇ ਕੀਤਿਆਂ ਉਸ ਦੇ ਪੈਰ ਨਹੀਂ ਲੱਗਣ ਦੇਣੇ। 2022 ਦੀਆਂ ਪੰਜਾਬ ਅਸੈਂਬਲੀ ਚੋਣਾਂ ਵਿਚ ਅਜੇ ਕੁਝ ਮਹੀਨੇ ਬਾਕੀ ਹਨ। ਨਵਜੋਤ ਸਿੰਘ ਸਿੱਧੂ ਭਵਿੱਖ ਵਿਚ ਕੀ ਫੈਸਲਾ ਲੈਂਦਾ ਹੈ, ਇਹ ਤਾਂ ਉਹੀ ਦੱਸ ਸਕਦਾ ਹੈ। ਕਾਂਗਰਸ ਹਾਈ ਕਮਾਂਡ ਵੱਲੋਂ ਨਿਰਾਸ਼ ਹੋ ਜਾਣ 'ਤੇ ਕਈ ਸਿਆਸੀ ਪੰਡਿਤ ਉਸ ਦੇ ਆਮ ਆਦਮੀ ਪਾਰਟੀ ਵਿਚ ਜਾਣ ਦੀਆਂ ਕਿਆਸਅਰਾਈਆਂ ਵੀ ਲਾ ਰਹੇ ਹਨ। ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ।

ਵੇਖੋ! ਊਠ ਕਿਸ ਕਰਵਟ ਬੈਠਦਾ ਹੈ!

---

*(ਤਰਤੀਬ ਤੇ ਸਹਿਯੋਗ: ਡਾ. ਸੁਖਦੇਵ ਸਿੰਘ ਝੰਡ, ਫੋਨ: 647-567-9128)*

# ਅਫਸਰਾਂ ਦਾ ਸਿਆਸਤ ਵਿਚ ਆਉਣਾ ਜਾਇਜ਼ ਹੈ?

*(ਪਿਛਲੇ ਸਫੇ ਦੀ ਬਾਕੀ)*

ਸਿਆਸਤ ਅਤੇ ਅਫਸਰੀ ਕਰਨੀ-ਇਹ ਦੋਵੇਂ ਇਕ ਦੂਜੇ ਦੀ ਕਾਰਜਸ਼ੈਲੀ ਦੇ ਉਲਟ ਹਨ। ਸਿਆਸਤ ਵਿਚ ਲੋਕਾਂ ਅੱਗੇ ਹੱਥ ਅੱਡਣੇ ਪੈਂਦੇ ਹਨ। ਅਫਸਰਾਂ ਕੋਲ ਲੋਕ ਹੱਥ ਅੱਡਦੇ ਹਨ। ਸਾਰੀ ਉਮਰ ਸੀਨੀਅਰ ਅਫਸਰ, ਉਹ ਵੀ ਪੁਲਿਸ ਵਿਭਾਗ ਵਿਚ, ਕੀ ਇਹ ਸੰਭਵ ਹੈ ਕਿ ਉਹ ਲੋਕਾਂ ਅੱਗੇ ਵੋਟਾਂ ਲਈ ਹੱਥ ਅੱਡਣਗੇ? ਹੁਣ ਵੇਖਣ ਵਾਲੀ ਗੱਲ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਲੋਕਾਂ ਦੀਆਂ ਇੱਛਾਵਾਂ 'ਤੇ ਖਰੇ ਉਤਰ ਸਕਣਗੇ! ਇਸ ਪੜਤਾਲ ਵਿਚ ਕਥਿਤ ਦੋਸ਼ੀਆਂ ਨੇ ਨਿੰਦਾ ਵੀ ਕੀਤੀ। ਪੜਤਾਲ ਵਿਚ ਖਾਮੀਆਂ ਅਤੇ ਨਿਰਪੱਖ ਨਾ ਹੋਣ ਦੇ ਦੋਸ਼ ਵੀ ਲਾਏ, ਪ੍ਰੰਤੂ ਜਦੋਂ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਤਾਂ ਉਨ੍ਹਾਂ ਦੀ ਪੜਤਾਲ ਜ਼ਰੂਰ ਸ਼ੱਕ ਦੇ ਘੇਰੇ ਵਿਚ ਆ ਗਈ, ਕਿਉਂਕਿ ਐਸ. ਆਈ. ਟੀ. ਦੇ ਕਿਸੇ ਵੀ ਮੈਂਬਰ ਨੇ ਉਸ ਪੜਤਾਲ 'ਤੇ ਦਸਤਖਤ ਨਹੀਂ ਕੀਤੇ। ਇਸ ਬਾਰੇ ਕੁੰਵਰ ਵਿਜੈ ਪ੍ਰਤਾਪ ਕਹਿੰਦੇ ਹਨ ਕਿ ਚਲਾਨ 'ਤੇ ਇਕ ਅਫਸਰ ਦੇ ਹੀ ਦਸਤਖਤ ਹੁੰਦੇ ਹਨ, ਇਹ ਬਿਲਕੁਲ ਦਰੁਸਤ ਹੈ, ਪਰ ਪੜਤਾਲ ਵਾਲੀ ਫਾਈਲ 'ਤੇ ਤਾਂ ਸਾਰੇ ਮੈਂਬਰਾਂ ਦੇ ਦਸਤਖਤ ਹੋਣੇ ਚਾਹੀਦੇ ਸਨ। ਉਸ ਪੜਤਾਲ 'ਤੇ ਵੀ ਕਿਸੇ ਅਫਸਰ ਨੇ ਦਸਤਖਤ ਨਹੀਂ ਕੀਤੇ। ਸਰਕਾਰ ਨੂੰ ਵੀ ਉਦੋਂ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਬਣਦਾ ਸੀ। ਇਕ ਗੱਲ ਉਹ ਇਹ ਕਹਿੰਦੇ ਹਨ ਕਿ ਐਡਵੋਕੇਟ ਜਨਰਲ ਦੇ ਦਫਤਰ ਨੇ ਸਹਿਯੋਗ ਨਹੀਂ ਦਿੱਤਾ। ਆਪ ਹੀ ਕਹਿੰਦੇ ਹਨ ਕਿ ਸਰਕਾਰ ਨੇ ਮਹਿੰਗੇ ਤੋਂ ਮਹਿੰਗੇ ਵਕੀਲ ਲਿਆਂਦੇ ਹਨ। ਫਿਰ ਸਰਕਾਰ ਜਾਂ ਐਡਵੋਕੇਟ ਜਨਰਲ ਦਾ ਕੀ ਕਸੂਰ ਹੈ? ਕੋਈ ਵੀ ਸੀਨੀਅਰ ਵਕੀਲ ਆਪਣਾ ਕੇਸ ਹਾਰਨਾ ਨਹੀਂ ਚਾਹੁੰਦਾ, ਕਿਉਂਕਿ ਉਸ ਦੀ ਵੀ ਬਦਨਾਮੀ ਹੁੰਦੀ ਹੈ।

ਚਲੋ ਇਨ੍ਹਾਂ ਗੱਲਾਂ ਨੂੰ ਛੱਡੋ! ਕੁੰਵਰ ਵਿਜੈ ਪ੍ਰਤਾਪ ਸਿੰਘ ਜਦੋਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਤਾਂ ਕਹਿੰਦੇ ਹਨ ਕਿ ਉਹ ਦਿੱਲੀ ਦੀ ਤਰ੍ਹਾਂ ਪ੍ਰਣਾਲੀ ਬਦਲ ਦੇਣਗੇ। ਬਹੁਤ ਵਧੀਆ ਗੱਲ ਹੈ। ਪੰਜਾਬ ਦੇ ਲੋਕ ਇਹੋ ਚਾਹੁੰਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜੇ ਆਮ ਆਦਮੀ ਪਾਰਟੀ ਚੋਣ ਜਿੱਤੇਗੀ ਤਾਂ ਹੀ ਪ੍ਰਣਾਲੀ ਬਦਲੀ ਜਾ ਸਕਦੀ ਹੈ? ਦੂਜੀ ਗੱਲ, ਅਰਵਿੰਦ ਕੇਜਰੀਵਾਲ ਉਨ੍ਹਾਂ ਦੇ ਸਾਹਮਣੇ ਹੀ ਕਹਿ ਗਏ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਚਿਹਰਾ ਸਿੱਖ ਹੋਵੇਗਾ। ਫਿਰ ਕੁੰਵਰ ਵਿਜੈ ਪ੍ਰਤਾਪ ਸਿੰਘ ਪ੍ਰਣਾਲੀ ਕਿਵੇਂ ਬਦਲ ਦੇਣਗੇ? ਸਾਰਾ ਕੁਝ ਮੁੱਖ ਮੰਤਰੀ ਦੀ ਮਰਜੀ ਅਨੁਸਾਰ ਹੋਵੇਗਾ। ਪੰਜਾਬ ਵਿਚ ਉਨ੍ਹਾਂ ਨੇ ਵੇਖ ਹੀ ਲਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਨਵਜੋਤ ਸਿੰਘ ਸਿੱਧੂ ਮੰਤਰੀ ਸਨ। ਉਨ੍ਹਾਂ ਨੇ ਤਜਵੀਜਾਂ ਲਿਆਂਦੀਆਂ, ਕੀ ਉਹ ਸਿਰੇ ਚੜ੍ਹ ਗਈਆਂ?

ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਵੇਖਿਆ ਹੀ ਹੈ ਕਿ ਜਦੋਂ ਉਹ ਅੰਮ੍ਰਿਤਸਰ ਨਿਯੁਕਤ ਸਨ ਤਾਂ ਉਨ੍ਹਾਂ ਵਿਰੁਧ ਭਾਰਤੀ ਜਨਤਾ ਪਾਰਟੀ ਦੇ ਮੰਤਰੀ ਅਨਿਲ ਜੋਸ਼ੀ ਨੇ ਧਰਨਾ ਮਾਰਿਆ ਸੀ। ਮੁੱਖ ਮੰਤਰੀ ਨੇ ਉਸ ਦੀ ਸੁਣੀ ਹੀ ਨਹੀਂ ਸੀ। ਕੀ ਵਿਸ਼ਵਾਸ ਹੈ ਕਿ ਮੁੱਖ ਮੰਤਰੀ, ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਸੁਣਨਗੇ! ਸਿਆਸਤਦਾਨ ਤਾਂ ਇਕ ਦੂਜੇ ਨੂੰ ਠਿੱਬੀ ਲਾਉਂਦੇ ਹਨ। ਪ੍ਰਣਾਲੀ ਬਦਲਣ ਦੇ ਝਾਂਸੇ ਵਿਚ ਲੋਕ ਨਹੀਂ ਆਉਣਗੇ। ਨਾਲੇ ਸਿਆਸੀ ਪਾਰਟੀਆਂ ਤਾਂ ਵਰਤ ਕੇ ਮੱਖਣ ਵਿਚੋਂ ਵਾਲ ਕੱਢਣ ਦੀ ਤਰ੍ਹਾਂ ਸੁੱਟ ਦਿੰਦੀਆਂ ਹਨ। ਨਵਜੋਤ ਸਿੱਧੂ ਦੀ ਮਿਸਾਲ ਹੀ ਲੈ ਲਵੋ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ-ਦੋਹਾਂ ਨੇ ਵਰਤ ਲਿਆ। ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਇਹ ਦਾਅ ਕਿੰਨਾ ਕੁ ਸਫਲ ਹੋਵੇਗਾ, ਸਮਾਂ ਹੀ ਦੱਸੇਗਾ।

ਪੰਜਾਬ ਅਤੇ ਹਰਿਆਣਾ ਦੇ ਹਿੱਤ ਇੱਕ ਦੂਜੇ ਦੇ ਵਿਰੁੱਧ ਹਨ। ਅਰਵਿੰਦ ਕੇਜਰੀਵਾਲ ਹਰਿਆਣਾ ਦੇ ਵਿਰੁੱਧ ਜਾ ਹੀ ਨਹੀਂ ਸਕਦਾ। ਹਾਂ, ਉਹ ਉਨ੍ਹਾਂ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਵਿਰੁੱਧ ਜਾ ਸਕਦਾ ਹੈ, ਜੋ ਉਸ ਲਈ ਵੰਗਾਰ ਬਣ ਸਕਦੇ ਹਨ। ਆਮ ਆਦਮੀ ਪਾਰਟੀ ਨੇ ਹੁਣ ਤੱਕ ਸੁੱਚਾ ਸਿੰਘ ਛੋਟੇਪੁਰ, ਜਰਨੈਲ ਸਿੰਘ ਦਿੱਲੀ (ਮਰਹੂਮ), ਹਰਵਿੰਦਰ ਸਿੰਘ ਫੂਲਕਾ, ਗੁਰਪ੍ਰੀਤ ਸਿੰਘ ਘੁੱਗੀ, ਸੁਖਪਾਲ ਸਿੰਘ ਖਹਿਰਾ, ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ ਅਤੇ ਹੋਰ ਅਨੇਕਾਂ ਨੇਤਾਵਾਂ ਦੀ ਬਲੀ ਦੇ ਦਿੱਤੀ ਹੈ, ਕਿਉਂਕਿ ਉਹ (ਕੇਜਰੀਵਾਲ) ਆਪਣੇ ਤੋਂ ਵੱਡਾ ਕਿਸੇ ਨੂੰ ਵੀ ਲੀਡਰ ਨਹੀਂ ਬਣਨ ਦੇਣਾ ਚਾਹੁੰਦੇ। ਇਹ ਮੈਂ ਸਿਰਫ ਪੰਜਾਬ ਦੇ ਨੇਤਾਵਾਂ ਦੀ ਗੱਲ ਕੀਤੀ ਹੈ, ਦੇਸ਼ ਦੇ ਤਾਂ ਕਿੰਨੇ ਵੱਡੇ ਲੀਡਰ, ਜਿਨ੍ਹਾਂ ਦਾ ਆਮ ਆਦਮੀ ਪਾਰਟੀ ਦੇ ਉਭਾਰ ਅਤੇ ਪਾਰਟੀ ਦੀ ਜਿੱਤ ਵਿਚ ਅਹਿਮ ਯੋਗਦਾਨ ਸੀ, ਉਨ੍ਹਾਂ ਸਾਰਿਆਂ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਕੁੰਵਰ ਵਿਜੈ ਪ੍ਰਤਾਪ ਸਿੰਘ ਕਿਹੜੇ ਬਾਗ ਦੀ ਮੂਲੀ ਹੈ! ਕਾਹਲੀ ਵਿਚ ਲਿਆ ਫੈਸਲਾ ਹਮੇਸ਼ਾ ਗਲਤ ਹੁੰਦਾ ਹੈ। ਅਫਸਰਾਂ ਦੇ ਸਿਆਸਤ ਵਿਚ ਆਉਣ ਲਈ ਭਾਰਤੀ ਚੋਣ ਕਮਿਸ਼ਨ ਨੂੰ ਕੋਈ ਸਾਰਥਿਕ ਨਿਯਮ ਬਣਾਉਣੇ ਚਾਹੀਦੇ ਹਨ। ਵੇਖੋ ਆਮ ਆਦਮੀ ਪਾਰਟੀ ਅਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਊਠ ਕਿਸ ਕਰਵਟ ਵਿਚ ਬੈਠਦਾ ਹੈ!

---

*ਸਾਬਕਾ ਜ਼ਿਲਾ ਲੋਕ ਸੰਪਰਕ ਅਧਿਕਾਰੀ।

# ਵਿਸ਼ਵ ਪੱਧਰ ‘ਤੇ ਕੋਵਿਡ-19 ਦੇ ਵੈਕਸੀਨ ਤੱਕ ਪਹੁੰਚ ਵਿਚ ਨਾ-ਬਰਾਬਰੀ

ਪੱਛਮ ਦੇ ਅਮੀਰ ਦੇਸ਼ਾਂ ਦੇ ਮੁੱਖ ਧਾਰਾ ਮੀਡੀਏ ਵਿਚ ਇਨ੍ਹਾਂ ਦੇਸ਼ਾਂ ਵਿਚ ਲੋਕਾਂ ਦੇ ਵੈਕਸੀਨ ਲੱਗਣ ਦੀ ਵਧ ਰਹੀ ਗਿਣਤੀ ਅਤੇ ਆਰਥਿਕ ਤੇ ਸਮਾਜਕ ਸਰਗਰਮੀਆਂ ਨੂੰ ਦੁਬਾਰਾ ਸ਼ੁਰੂ ਕਰਨ ਦੀਆਂ ਯੋਜਨਾਵਾਂ ਬਾਰੇ ਖਬਰਾਂ ਬੜੇ ਉਤਸ਼ਾਹ ਨਾਲ ਦੱਸੀਆਂ ਜਾ ਰਹੀਆਂ ਹਨ। ਭਵਿੱਖਵਾਣੀਆਂ ਕੀਤੀਆਂ ਜਾ ਰਹੀਆਂ ਹਨ ਕਿ ਜੇ ਕੁਝ ਅਣਕਿਆਸਿਆ ਨਾ ਵਾਪਰਿਆ ਤਾਂ ਸਤੰਬਰ 2021 ਤੱਕ ਇਨ੍ਹਾਂ ਦੇਸ਼ਾਂ ਵਿਚ ਜ਼ਿੰਦਗੀ ਆਮ ਵਰਗੀ ਹੋ ਜਾਵੇਗੀ। ਪਿਛਲੇ ਸਾਲ ਡੇਢ ਸਾਲ ਤੋਂ ਕੋਵਿਡ ਕਾਰਨ ਲਾਈਆਂ ਗਈਆਂ ਵੱਖ ਵੱਖ ਬੰਦਿਸ਼ਾਂ ਦੇ ਝੰਬੇ ਲੋਕ ਇਨ੍ਹਾਂ ਖਬਰਾਂ ਦਾ ਖੁਸ਼ੀ ਨਾਲ ਸਵਾਗਤ ਕਰ ਰਹੇ ਹਨ। ਇਸ ਤਰ੍ਹਾਂ ਦਾ ਸਵਾਗਤ ਕਰਨਾ ਵੀ ਚਾਹੀਦਾ ਹੈ, ਕਿਉਂਕਿ ਇਨ੍ਹਾਂ ਖਬਰਾਂ ਕਾਰਨ ਲੋਕਾਂ ਨੂੰ ਹਨੇਰੀ ਸੁਰੰਗ ਦੇ ਅਖੀਰ ‘ਤੇ ਰੌਸ਼ਨੀ ਦੀ ਇਕ ਕਿਰਨ ਦਿਖਾਈ ਦੇ ਰਹੀ

ਸੁਖਵੰਤ ਹੁੰਦਲ
sukhwanthundal123@gmail.com

ਹੈ, ਪਰ ਖੁਸ਼ੀ ਦੇ ਇਨ੍ਹਾਂ ਪਲਾਂ ਸਮੇਂ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਰੌਸ਼ਨੀ ਦੀ ਇਹ ਕਿਰਨ ਦੁਨੀਆਂ ਦੀ ਕੁੱਲ ਆਬਾਦੀ ਦੀ ਇਕ ਬਹੁਤ ਛੋਟੀ ਜਿਹੀ ਗਿਣਤੀ ਨੂੰ ਹੀ ਦਿਖਾਈ ਦੇ ਰਹੀ ਹੈ, ਕਿਉਂਕਿ ਦੁਨੀਆਂ ਦੀ ਕੁੱਲ ਆਬਾਦੀ ਦਾ ਵੱਡਾ ਹਿੱਸਾ ਪੱਛਮ ਦੇ ਮੁੱਠੀ ਭਰ ਅਮੀਰ ਦੇਸ਼ਾਂ ਤੋਂ ਬਾਹਰ ਵਸਦਾ ਹੈ, ਜਿਨ੍ਹਾਂ ਤੱਕ ਵੈਕਸੀਨ ਪਹੁੰਚਣ ਲਈ ਅਜੇ ਵਕਤ ਲੱਗੇਗਾ।

ਵਿਸ਼ਵ ਪੱਧਰ ‘ਤੇ ਕੋਵਿਡ-19 ਦੇ ਵੈਕਸੀਨਾਂ ਦੀ ਵੰਡ ਬਾਰੇ ਮਿਲਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਇਨ੍ਹਾਂ ਵਿਚੋਂ ਬਹੁਗਿਣਤੀ ਲੋਕਾਂ ਨੂੰ ਵੈਕਸੀਨ ਲਵਾਉਣ ਲਈ 2023 ਤੱਕ ਉਡੀਕ ਕਰਨੀ ਪਵੇਗੀ ਅਤੇ ਹੋ ਸਕਦਾ ਹੈ ਕਿ ਕੁਝ ਲੋਕਾਂ ਨੂੰ ਵੈਕਸੀਨ ਲਵਾਉਣ ਲਈ ਸ਼ਾਇਦ 2024 ਤੱਕ ਉਡੀਕਣਾ ਪਵੇ। ਬੇਸ਼ੱਕ ਵੈਕਸੀਨ ਤੱਕ ਇਸ ਨਾ-ਬਰਾਬਰ ਪਹੁੰਚ ਦੀਆਂ ਖਬਰਾਂ ਪੱਛਮ ਦੇ ਮੁੱਖ ਧਾਰਾ ਮੀਡੀਏ ਦੀਆਂ ਖਬਰਾਂ ਦਾ ਹਿੱਸਾ ਨਹੀਂ ਬਣ ਰਹੀਆਂ, ਪਰ ਵਿਸ਼ਵ ਪੱਧਰ ‘ਤੇ ਸਮਾਜਕ ਇਨਸਾਫ ਲਈ ਕੰਮ ਕਰ ਰਹੀਆਂ ਬਹੁਤ ਸਾਰੀਆਂ ਜਥੇਬੰਦੀਆਂ ਇਸ ਨਾ-ਬਰਾਬਰੀ ਵੱਲ ਧਿਆਨ ਦਿਵਾ ਰਹੀਆਂ ਹਨ ਅਤੇ ਵੈਕਸੀਨਾਂ ਦੀ ਵੰਡ ਦੀ ਇਸ ਨਾ-ਬਰਾਬਰੀ ਨੂੰ ‘ਵੈਕਸੀਨ ਜਮ੍ਹਾਂਖੋਰੀ”, “ਵੈਕਸੀਨ ਅਪਾਰਥਾਈਡ” ਅਤੇ “ਵੈਕਸੀਨ ਸਮਰਾਜਵਾਦ” ਦਾ ਨਾਂ ਦੇ ਰਹੀਆਂ ਹਨ।

ਵੈਕਸੀਨਾਂ ਤੱਕ ਪਹੁੰਚ ਦੀ ਇਸ ਨਾ-ਬਰਾਬਰੀ ਦਾ ਪਹਿਲਾ ਕਾਰਨ ਇਹ ਹੈ ਕਿ ਪੱਛਮ ਦੇ ਅਮੀਰ ਦੇਸ਼ਾਂ ਨੇ ਸੰਸਾਰ ਵਿਚ ਆਪਣੀ ਸਿਆਸੀ ਅਤੇ ਆਰਥਿਕ ਸਰਦਾਰੀ ਦੇ ਜ਼ੋਰ ਨਾਲ ਵੈਕਸੀਨਾਂ ਦੇ ਉਤਪਾਦਨ ਦਾ ਵੱਡਾ ਹਿੱਸਾ ਆਪਣੇ ਲਈ ਪ੍ਰਾਪਤ ਕਰ ਲਿਆ ਹੈ ਜਾਂ ਅਜਿਹਾ ਕਰਨ ਦੇ ਇਕਰਾਰਨਾਮੇ ਕਰ ਲਏ ਹਨ। ਇਨ੍ਹਾਂ ਵਿਚੋਂ ਬਹੁਤੇ ਦੇਸ਼ਾਂ ਨੇ ਆਪਣੀਆਂ ਲੋੜਾਂ ਤੋਂ ਦੋ ਜਾਂ ਤਿੰਨ ਗੁਣਾਂ ਵੱਧ ਵੈਕਸੀਨ ਹਾਸਲ ਕਰਨ ਦੇ ਪ੍ਰਬੰਧ ਕੀਤੇ ਹੋਏ ਹਨ। ਇਸ ਸਬੰਧ ਵਿਚ ਪੇਸ਼ ਕੁਝ ਅੰਕੜਿਆਂ ਨੂੰ ਪੜ੍ਹਦਿਆਂ ਪਾਠਕਾਂ ਨੂੰ ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਇਹ ਅੰਕੜੇ ਪਿਛਲੇ ਦੋ ਤਿੰਨ ਮਹੀਨਿਆਂ ਦੌਰਾਨ ਵੱਖ ਵੱਖ ਸਮੇਂ ਛਪੀਆਂ ਰਿਪੋਰਟਾਂ ਵਿਚ ਲਏ ਗਏ ਹਨ। ਇਸ ਲਈ ਹੋ ਸਕਦਾ ਹੈ ਕਿ ਵੱਖ ਵੱਖ ਅੰਕੜਿਆਂ ਵਿਚ ਕੁਝ ਵਿਰੋਧ ਜਾਪੇ; ਪਰ ਜੇ ਤੁਸੀਂ ਇਨ੍ਹਾਂ ਅੰਕੜਿਆਂ ਨੂੰ ਸਮੁੱਚੇ ਰੂਪ ਵਿਚ ਦੇਖੋਗੇ ਤਾਂ ਵੈਕਸੀਨਾਂ ਤੱਕ ਪਹੁੰਚ ਦੀ ਨਾ-ਬਰਾਬਰੀ ਸਪਸ਼ਟ ਰੂਪ ਵਿਚ ਦਿਖਾਈ ਦੇਵੇਗੀ।

*ਨਿਊ ਇੰਟਰਨੈਸ਼ਨਲਿਸਟ ਮੈਗਜ਼ੀਨ ਦੇ ਮਈ/ਜੂਨ 2021 ਅੰਕ ਵਿਚ ਛਪੀ ਇਕ ਰਿਪੋਰਟ ਅਨੁਸਾਰ ਦੁਨੀਆਂ ਦੀ ਕੁੱਲ ਆਬਾਦੀ ਦੀ 16% ਵਸੋਂ ਵਾਲੇ ਅਮੀਰ ਦੇਸ਼ਾਂ ਨੇ ਮੁੱਖ (ਲੀਡਿੰਗ) ਵੈਕਸੀਨਾਂ ਦਾ 60% ਹਿੱਸਾ ਆਪਣੇ ਲਈ ਸੁਰੱਖਿਅਤ ਕਰ ਲਿਆ ਹੈ। ਇਹ ਉਨ੍ਹਾਂ ਦੀ ਸਾਰੀ ਵਸੋਂ ਨੂੰ ਤਿੰਨ ਵਾਰੀ ਵੈਕਸੀਨ ਲਾਉਣ ਲਈ ਕਾਫੀ ਹੈ। ਜਦੋਂ ਕਿ ਗਰੀਬ ਦੇਸ਼ਾਂ ਵਿਚੋਂ ਬਹੁਗਿਣਤੀ ਦੇਸ਼ ਸੰਨ 2021 ਵਿਚ ਆਪਣੀ ਵਸੋਂ ਦੇ ਸਿਰਫ ਦਸਵੇਂ ਹਿੱਸੇ ਨੂੰ ਹੀ ਵੈਕਸੀਨ ਲਾ ਸਕਣਗੇ ਅਤੇ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਬਹੁਤ ਸਾਰੇ ਦੇਸ਼ਾਂ ਨੂੰ ਆਪਣੀ ਵਸੋਂ ਦੇ ਵੱਡੀ ਪੱਧਰ ‘ਤੇ ਵੈਕਸੀਨ ਲਾਉਣ ਲਈ 2024 ਤੱਕ ਉਡੀਕਣਾ ਪਵੇਗਾ।

*ਫਰਵਰੀ 2021 ਦੇ ਅੱਧ ਵਿਚ ਉਸ ਸਮੇਂ ਉਪਲਬਧ ਵੈਕਸੀਨਾਂ ਵਿਚੋਂ 75 ਫੀਸਦੀ ਵੈਕਸੀਨ ਦੁਨੀਆਂ ਦੇ 10 ਅਮੀਰ ਦੇਸ਼ਾਂ ਨੇ ਹਾਸਲ ਕਰ ਲਏ ਸਨ, ਜਦੋਂ ਕਿ ਉਸ ਸਮੇਂ ਤੱਕ 130 ਮੁਲਕਾਂ ਕੋਲ ਵੈਕਸੀਨਾਂ ਦੀ ਇਕ ਵੀ ਖੁਰਾਕ ਨਹੀਂ ਪਹੁੰਚੀ ਸੀ।

*ਵੱਖ ਵੱਖ ਅਨੁਮਾਨਾਂ ਅਨੁਸਾਰ ਕੋਵਿਡ-19 ਵੈਕਸੀਨ ਬਣਾਉਣ ਵਾਲੇ 12 ਉਤਪਾਦਕ ਸੰਨ 2021 ਦੇ ਅਖੀਰ ਤੱਕ ਵੈਕਸੀਨਾਂ ਦੀਆਂ 10 ਅਰਬ (ਬਿਲੀਅਨ) ਖੁਰਾਕਾਂ ਤਿਆਰ ਕਰ ਲੈਣਗੇ। ਸੰਨ 2020 ਦੇ ਅਖੀਰ ਤੱਕ ਵੈਕਸੀਨ ਖਰੀਦਣ ਦੇ ਕੀਤੇ ਇਕਰਾਰਨਾਮਿਆਂ ਮੁਤਾਬਕ ਇਨ੍ਹਾਂ ਖੁਰਾਕਾਂ ਵਿਚ 50% ਤੋਂ ਵੱਧ ਖੁਰਾਕਾਂ ਦੁਨੀਆਂ ਦੀ ਕੁੱਲ ਆਬਾਦੀ ਦੀ 16% ਫੀਸਦੀ ਵਸੋਂ ਵਾਲੇ ਅਮੀਰ ਦੇਸ਼ਾਂ ਨੂੰ ਮਿਲਣਗੀਆਂ।

*ਵੈਕਸੀਨਾਂ ਦੀ ਜਮ੍ਹਾਂਖੋਰੀ ਕਰਨ ਵਾਲਿਆਂ ਵਿਚੋਂ ਕੈਨੇਡਾ ਦਾ ਨਾਂ ਸਿਖਰ ‘ਤੇ ਆਉਂਦਾ ਹੈ।




ਕੈਨੇਡਾ ਨੇ ਜੀਅ ਪ੍ਰਤੀ 8.9 ਵੈਕਸੀਨ ਖਰੀਦਣ ਦੇ ਪ੍ਰਬੰਧ ਕੀਤੇ ਹੋਏ ਹਨ।

*ਅੱਧ ਅਪਰੈਲ ਤੱਕ ਅਮਰੀਕਾ ਨੇ ਇੰਨੇ ਵੈਕਸੀਨ ਹਾਸਲ ਕਰ ਲਏ ਸਨ, ਜੋ ਇਸ ਦੀ ਸਾਰੀ ਵਸੋਂ ਤੋਂ ਤਿੰਨ ਗੁਣਾਂ ਜ਼ਿਆਦਾ ਵਸੋਂ ਲਈ ਕਾਫੀ ਸਨ।

*ਫਰਵਰੀ 2021 ਤੱਕ ਤੱਕ ਯੂਰਪੀਅਨ ਯੂਨੀਅਨ ਨੇ ਆਪਣੀ 37.5 ਕਰੋੜ (375 ਮਿਲੀਅਨ) ਦੇ ਕਰੀਬ ਵਸੋਂ ਲਈ 16 ਅਰਬ (1.6 ਬਿਲੀਅਨ) ਵੈਕਸੀਨਾਂ ਦਾ ਆਰਡਰ ਕੀਤਾ ਸੀ। ਯੂ. ਕੇ. ਨੇ ਆਪਣੀ 5.4 ਕਰੋੜ (54 ਮਿਲੀਅਨ) ਦੀ ਬਾਲਗ ਵਸੋਂ ਲਈ ਵੈਕਸੀਨਾਂ ਦੀਆਂ 21.9 ਕਰੋੜ (219 ਮਿਲੀਅਨ) ਪੂਰੀਆਂ ਖੁਰਾਕਾਂ ਦਾ ਆਰਡਰ ਕੀਤਾ ਹੋਇਆ ਸੀ।

*9 ਅਪਰੈਲ 2021 ਨੂੰ ਪ੍ਰੈੱਸ ਨੂੰ ਦਿੱਤੇ ਇਕ ਬਿਆਨ ਵਿਚ ਵਿਸ਼ਵ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜੇਸ਼ਨ) ਦੇ ਡਾਇਰੈਕਟਰ ਜਨਰਲ ਨੇ ਦੱਸਿਆ ਸੀ, “ਹੁਣ ਤੱਕ ਦੁਨੀਆਂ ਭਰ ਵਿਚ 70 ਕਰੋੜ (700 ਮਿਲੀਅਨ) ਵੈਕਸੀਨ ਲਾਏ ਜਾ ਚੁਕੇ ਹਨ; ਪਰ ਇਨ੍ਹਾਂ ਵਿਚੋਂ 87 ਫੀਸਦੀ ਵੈਕਸੀਨ ਆਮਦਨ ਦੀ ਉੱਚੀ ਪੱਧਰ ਜਾਂ ਆਮਦਨ ਦੀ ਉੱਚੀ-ਦਰਮਿਆਨੀ ਪੱਧਰ ਵਾਲੇ ਦੇਸ਼ਾਂ ਵਿਚ ਲਾਏ ਗਏ ਹਨ, ਜਦੋਂ ਕਿ ਘੱਟ ਆਮਦਨ ਵਾਲੇ ਦੇਸ਼ਾਂ ਤੱਕ ਸਿਰਫ 0.2 ਫੀਸਦੀ ਵੈਕਸੀਨ ਹੀ ਪਹੁੰਚੇ ਹਨ। ਔਸਤ ਰੂਪ ਵਿਚ ਆਮਦਨ ਦੀ ਉੱਚੀ ਪੱਧਰ ਵਾਲੇ ਦੇਸ਼ਾਂ ਵਿਚ ਤਕਰੀਬਨ ਚਾਰ ਲੋਕਾਂ ਵਿਚੋਂ ਇਕ ਦੇ ਵੈਕਸੀਨ ਲੱਗ ਚੁੱਕਾ ਹੈ, ਜਦੋਂ ਕਿ ਘੱਟ ਆਮਦਨ ਵਾਲੇ ਦੇਸ਼ਾਂ ਵਿਚ 500 ਤੋਂ ਜ਼ਿਆਦਾ ਲੋਕਾਂ ਵਿਚੋਂ 1 ਦੇ ਵੈਕਸੀਨ ਲੱਗਾ ਹੈ। ਮੈਨੂੰ ਇਹ ਤੱਥ ਇਕ ਵਾਰ ਫਿਰ ਦੁਹਰਾਉਣ ਦਿਉ: 4 ਵਿਚੋਂ 1 ਦੇ ਮੁਕਾਬਲੇ 500 ਵਿਚੋਂ ਇਕ।”

ਵੈਕਸੀਨਾਂ ਦੀ ਇਸ ਤਰ੍ਹਾਂ ਦੀ ਕਾਣੀ ਵੰਡ ਦੇ ਆਲੋਚਕਾਂ ਅਨੁਸਾਰ ਵੈਕਸੀਨਾਂ ਦੀ ਕਮੀ ਦਾ ਅਗਲਾ ਕਾਰਨ ਹੈ: ਵੈਕਸੀਨਾਂ ਦੇ ਉਤਪਾਦਨ ਉੱਤੇ ਕੁਝ ਕੁ ਕਾਰਪੋਰੇਸ਼ਨਾਂ ਦੀ ਅਜਾਰੇਦਾਰੀ। ਵੈਕਸੀਨਾਂ ਦੇ ਪੇਟੈਂਟ ਦੇ ਹੱਕਾਂ ਅਨੁਸਾਰ ਦੁਨੀਆਂ ਦੀਆਂ ਕੁਝ ਕੁ ਕਾਰਪੋਰੇਸ਼ਨਾਂ ਹੀ ਅਗਲੇ 20 ਸਾਲਾਂ ਦੌਰਾਨ ਵੈਕਸੀਨ ਬਣਾ ਤੇ ਵੇਚ ਸਕਦੀਆਂ ਹਨ ਅਤੇ ਉਹ ਵੈਕਸੀਨ ਬਣਾਉਣ ਦਾ ਗਿਆਨ ਤੇ ਤਰੀਕਾ ਆਪਣੇ ਤੱਕ ਸੀਮਤ ਰੱਖ ਸਕਦੀਆਂ ਹਨ। ਇਸ ਦੇ ਨਤੀਜੇ ਵੱਜੋਂ ਇਸ ਗੱਲ ਦਾ ਫੈਸਲਾ ਇਹ ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਕਰਦੀਆਂ ਹਨ ਕਿ ਕਿੰਨੇ ਵੈਕਸੀਨ ਬਣਾਉਣੇ ਹਨ, ਇਹ ਵੈਕਸੀਨ ਕਿਨ੍ਹਾਂ ਨੂੰ ਵੇਚਣੇ ਹਨ ਅਤੇ ਕਿੰਨੇ ਦੇ ਵੇਚਣੇ ਹਨ।

ਵਿਸ਼ਵ ਪੱਧਰ ‘ਤੇ ਵੈਕਸੀਨਾਂ ਦੀ ਇਸ ਨਾ-ਬਰਾਬਰ ਵੰਡ ਕਾਰਨ ਮਨੁੱਖਤਾ ਨੂੰ ਕਈ ਤਰ੍ਹਾਂ ਦੇ ਭਿਆਨਕ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇ ਵਿਸ਼ਵ ਪੱਧਰ ‘ਤੇ ਵੈਕਸੀਨਾਂ ਦੀ ਨਿਆਂਈ ਵੰਡ ਹੋਵੇ ਤਾਂ ਦੁਨੀਆਂ ਵਿਚ ਕੋਵਿਡ-19 ਕਾਰਨ ਹੋਣ ਵਾਲੀਆਂ ਮੌਤਾਂ ਵਿਚੋਂ 61% ਮੌਤਾਂ ਨੂੰ ਰੋਕਿਆ ਜਾ ਸਕਦਾ ਹੈ, ਪਰ ਜੇ ਅਮੀਰ ਮੁਲਕ ਵੈਕਸੀਨਾਂ ਦੀ ਜਮ੍ਹਾਂਖੋਰੀ ਜਾਰੀ ਰੱਖਣ ਤਾਂ ਇਨ੍ਹਾਂ ਮੌਤਾਂ ਵਿਚ ਸਿਰਫ 33% ਨੂੰ ਹੀ ਰੋਕਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜੇ ਦੁਨੀਆਂ ਦੀ ਬਹੁਗਿਣਤੀ ਵਸੋਂ ਦੇ ਵੈਕਸੀਨ ਲਾਉਣ ਵਿਚ ਦੇਰੀ ਹੋ ਗਈ ਤਾਂ ਇਸ ਕਾਰਨ ਵਾਇਰਸ ਦਾ ਫੈਲਣਾ ਜਾਰੀ ਰਹੇਗਾ ਅਤੇ ਵਾਇਰਸ ਦੀਆਂ ਨਵੀਆਂ ਕਿਸਮਾਂ ਦੇ ਪੈਦਾ ਹੋਣ ਦਾ ਖਤਰਾ ਬਣਿਆ ਰਹੇਗਾ, ਜਿਸ ਨਾਲ ਮੌਜੂਦਾ ਵੈਕਸੀਨਾਂ ਦੀ ਕਾਰਗਰਤਾ ਖਤਮ ਹੋਣ ਦੀ ਸੰਭਾਵਨਾ ਬਣ ਜਾਵੇਗੀ। ਇਸ ਲਈ “ਨੋ ਵੰਨ ਇਜ਼ ਸੇਫ ਅਨਟਿਲ ਐਵਰੀਵਨ ਇਜ਼ ਸੇਫ” ਭਾਵ ਜਿੰਨਾ ਚਿਰ ਤੱਕ ਸਾਰੇ ਲੋਕਾਂ ਦੇ ਵੈਕਸੀਨ ਨਹੀਂ ਲਗਦੇ, ਉਨੀ ਦੇਰ ਤੱਕ ਕੋਈ ਵੀ ਸੁਰੱਖਿਅਤ ਨਹੀਂ ਹੈ। ਇਸ ਦੇ ਨਾਲ ਹੀ ਜੇ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਦੇ ਵੈਕਸੀਨ ਨਾ ਲੱਗੇ ਤਾਂ ਇਸ ਸਾਲ ਵਿਚ ਅਮੀਰ ਦੇਸ਼ਾਂ ਨੂੰ ਆਰਥਿਕ ਤੌਰ ‘ਤੇ 45 ਖਰਬ (4.5 ਟ੍ਰਿਲੀਅਨ) ਡਾਲਰ ਦਾ ਘਾਟਾ ਪਵੇਗਾ।

ਵੈਕਸੀਨਾਂ ਦੀ ਨਾ-ਬਰਾਬਰ ਵੰਡ ਦੀ ਇਸ ਸਮੱਸਿਆ ਨੂੰ ਸੁਲਝਾਉਣ ਲਈ ਤਿੰਨ ਸੁਝਾਅ ਪੇਸ਼ ਕੀਤੇ ਜਾ ਰਹੇ ਹਨ। ਸਭ ਤੋਂ ਪਹਿਲਾ ਸੁਝਾਅ ਵਿਸ਼ਵ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜੇਸ਼ਨ) ਵੱਲੋਂ ਸੁਝਾਇਆ ਗਿਆ ਕੋਵਿਡ-19 ਤਕਨਾਲੋਜੀ ਐਕਸੈੱਸ ਪੂਲ ਹੈ। ਇਸ ਸੁਝਾਅ ਵਿਚ ਕੋਵਿਡ-19 ਵੈਕਸੀਨ ਬਾਰੇ ਤਕਨਾਲੋਜੀ ਅਤੇ ਗਿਆਨ ਨੂੰ ਦੂਸਰੀਆਂ ਕੰਪਨੀਆਂ ਤੇ ਸਰਕਾਰਾਂ ਨਾਲ ਸਾਂਝਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ ਤਾਂ ਕਿ ਵਿਸ਼ਵ ਪੱਧਰ ‘ਤੇ ਵੈਕਸੀਨਾਂ ਦੇ ਉਤਪਾਦਨ ਤੇ ਸਪਲਾਈ ਵਿਚ ਵਾਧਾ ਕੀਤਾ ਜਾ ਸਕੇ ਤੇ ਵੈਕਸੀਨਾਂ ਦੀ ਕੀਮਤ ਘਟਾਉਣ ਵਿਚ ਮਦਦ ਕੀਤੀ ਜਾ ਸਕੇ। ਦੂਸਰਾ ਸੁਝਾਅ ਗਰੀਬ ਦੇਸ਼ਾਂ ਵੱਲੋਂ ਪੇਸ਼ ਕੀਤਾ ਗਿਆ ਹੈ। ਇਸ ਸੁਝਾਅ ਵਿਚ ਕੋਵਿਡ-19 ਦੀ ਮਹਾਮਾਰੀ ਦੌਰਾਨ ਇਨ੍ਹਾਂ ਵੈਕਸੀਨਾਂ ਦੇ ਪੇਟੈਂਟਾਂ ਨੂੰ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਹੈ, ਤਾਂ ਕਿ ਦੁਨੀਆਂ ਵਿਚ ਦਵਾਈਆਂ ਬਣਾਉਣ ਵਾਲੀ ਕੋਈ ਵੀ ਕੰਪਨੀ, ਜਿਸ ਕੋਲ ਇਹ ਵੈਕਸੀਨ ਬਣਾਉਣ ਦੀ ਸਮਰੱਥਾ ਹੋਵੇ, ਵੈਕਸੀਨਾਂ ਦਾ ਉਤਪਾਦਨ ਕਰ ਸਕੇ। ਵੈਕਸੀਨ ਦੀ ਨਾ-ਬਰਾਬਰ ਵੰਡ ਦੀ ਆਲੋਚਨਾ ਕਰਨ ਵਾਲੇ ਲੋਕਾਂ ਦਾ ਦਾਅਵਾ ਹੈ ਕਿ ਇਹ ਸੁਝਾਅ ਕੋਵਿਡ-19 ਦੇ ਵੈਕਸੀਨ ਅਤੇ ਇਸ ਨਾਲ ਸਬੰਧਿਤ ਹੋਰ ਦਵਾਈਆਂ ਅਤੇ ਤਕਨਾਲੋਜੀਆਂ ਤੇ ਸਮੱਗਰੀਆਂ ਉੱਤੇ ਕੁਝ ਕੁ ਕੰਪਨੀਆਂ ਦੀ ਅਜਾਰੇਦਾਰੀ ਨੂੰ ਖਤਮ ਕਰਕੇ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰਨ ਦੀ ਸੰਭਾਵਨਾ ਰੱਖਦਾ ਹੈ। ਤੀਸਰਾ ਸੁਝਾਅ ਗਾਵੀ ਦੀ ਵੈਕਸੀਨ ਅਲਾਇੰਸ, ਕੋਆਲੀਸ਼ਨ ਫਾਰ ਐਪੀਡੈਮਿਕ ਪ੍ਰੀਪੇਅਰਡਨੈੱਸ ਅਤੇ ਵਿਸ਼ਵ ਸਿਹਤ ਸੰਸਥਾ ਦੀ ਅਗਵਾਈ ਵਿਚ ਚੱਲ ਰਿਹਾ ਕੋਵੇਕਸ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਵੱਖ ਵੱਖ ਦੇਸ਼ ਮਿਲ ਕੇ ਵੈਕਸੀਨ ਦੀਆਂ ਖੁਰਾਕਾਂ ਖਰੀਦਦੇ ਹਨ ਅਤੇ ਫਿਰ ਇਨ੍ਹਾਂ ਖੁਰਾਕਾਂ ਨੂੰ ਇਕ ਨਿਆਂਈ/ਉਚਿਤ ਪ੍ਰਬੰਧ ਅਧੀਨ ਵੱਖ ਵੱਖ ਦੇਸ਼ਾਂ ਵਿਚਕਾਰ ਵੰਡਦੇ ਹਨ।

ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਅਤੇ ਉਨ੍ਹਾਂ ਦੇ ਹਮਾਇਤੀ ਕੁਝ ਅਮੀਰ ਮੁਲਕਾਂ ਦੀਆਂ ਸਰਕਾਰਾਂ ਇਨ੍ਹਾਂ ਸੁਝਾਵਾਂ ਵਿਚੋਂ ਪਹਿਲੇ ਦੋ ਸੁਝਾਵਾਂ ਦਾ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਵਿਸ਼ਵ ਪੱਧਰ ‘ਤੇ ਇਨਟਲੈਕਚੁਅਲ ਪ੍ਰਾਪਰਟੀ ਰਾਈਟਸ (ਬੌਧਿਕ ਜਾਇਦਾਦ ਦੇ ਹੱਕਾਂ) ਦੇ ਪ੍ਰਬੰਧ ਵਿਚ ਕੋਈ ਵਿਘਨ ਨਹੀਂ ਪਾਉਣਾ ਚਾਹੁੰਦੇ। ਇਸ ਦੇ ਨਾਲ ਹੀ ਉਹ ਕਹਿ ਰਹੇ ਹਨ ਕਿ ਪੇਟੈਂਟ ਦੇ ਹੱਕ ਕੰਪਨੀਆਂ ਵੱਲੋਂ ਵੈਕਸੀਨ ਵਿਕਸਿਤ ਕਰਨ ਲਈ ਲਾਈ ਗਈ ਪੂੰਜੀ ਦੀ ਸੁਰੱਖਿਆ ਕਰਨ ਲਈ ਜ਼ਰੂਰੀ ਹਨ। ਜੇ ਤੁਸੀਂ ਇਹ ਸੁਰੱਖਿਆ ਪ੍ਰਦਾਨ ਨਹੀਂ ਕਰੋਗੇ ਤਾਂ ਨਵੀਆਂ ਕਾਢਾਂ ਕੱਢਣ ਲਈ ਕੋਈ ਪ੍ਰੇਰਨਾ ਨਹੀਂ ਰਹੇਗੀ; ਪਰ ਵੈਕਸੀਨਾਂ ਦੀ ਖੋਜ ਅਤੇ ਇਨ੍ਹਾਂ ਨੂੰ ਵਿਕਸਿਤ ਕਰਨ ‘ਤੇ ਲਾਈ ਗਈ ਪੂੰਜੀ ਬਾਰੇ ਛਪੀਆਂ ਕੁਝ ਰਿਪੋਰਟਾਂ ਦੱਸਦੀਆਂ ਹਨ ਕਿ ਇਹ ਪੂੰਜੀ ਦੁਨੀਆਂ ਦੀਆਂ ਸਰਕਾਰਾਂ ਵੱਲੋਂ ਲਾਈ ਗਈ ਹੈ। ਮਿਸਾਲ ਵਜੋਂ ਜਨਵਰੀ 2021 ਵਿਚ ਛਪੀ ਇਕ ਰਿਪੋਰਟ ਅਨੁਸਾਰ ਕੋਵਿਡ-19 ਦੇ ਵੈਕਸੀਨਾਂ ਬਾਰੇ ਖੋਜ ਕਰਨ ਅਤੇ ਇਹ ਵੈਕਸੀਨ ਤਿਆਰ ਕਰਨ ਵਿਚ ਦੁਨੀਆਂ ਦੀਆਂ ਵੱਖ ਵੱਖ ਸਰਕਾਰਾਂ ਨੇ ਕੁੱਲ ਮਿਲਾ ਕੇ 1 ਖਰਬ (100 ਬਿਲੀਅਨ) ਡਾਲਰ ਲਾਏ ਹਨ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ ‘ਤੇ ਕੰਮ ਕਰਦੇ ਕੁਝ ਸਾਇੰਸਦਾਨਾਂ ਨੇ ਬਿਨਾ ਕਿਸੇ ਮਾਇਕ ਲਾਭ ਦੇ ਇਸ ਸਬੰਧੀ ਆਪਣੀ ਖੋਜ ਵਿਗਿਆਨਕ ਭਾਈਚਾਰੇ ਨਾਲ ਸਾਂਝੀ ਕੀਤੀ ਹੈ। ਮਿਸਾਲ ਵਜੋਂ 11 ਜਨਵਰੀ 2020 ਨੂੰ ਸ਼ੰਘਾਈ ਸਥਿਤੀ ਵਾਇਰੋਲੋਜਿਸਟ (ਵਾਇਰਸਾਂ ਬਾਰੇ ਖੋਜ ਕਰਨ ਵਾਲੇ ਵਿਗਿਆਨੀ) ਜ਼ੈਂਗ ਯੌਂਗਜ਼ੈਨ ਨੇ ਸਾਰਜ਼-ਕੋਵ-2 ਬਾਰੇ ਮੁਕੰਮਲ ਜੀਨੋਮ ਸੀਕੁਐਂਸ ਜਾਰੀ ਕੀਤੀ ਸੀ। ਉਸ ਵੱਲੋਂ ਜਾਰੀ ਕੀਤੀ ਇਹ ਸੀਕੁਐਂਸ ਯੌਂਗਜ਼ੈਨ ਦੇ ਦੋਸਤ ਸਿਡਨੀ ਦੀ ਯੂਨੀਵਰਸਿਟੀ ਦੇ ਪ੍ਰੋਫੈਸਰ ਐਡਵਰਡ ਹੋਲਮਜ਼ ਨੇ ਵਾਇਰੋਲੌਜੀਕਲ ਡਾਟ ਆਰਗ ਨਾਮੀ ਵੈੱਬਸਾਈਟ ‘ਤੇ ਪਾ ਦਿੱਤੀ ਸੀ। ਇਸ ਜੀਨੋਮ ਸੀਕੁਐਂਸ ਨੇ ਕੋਵਿਡ-19 ਦੇ ਵੈਕਸੀਨ ਨੂੰ ਵਿਕਸਿਤ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਤਰ੍ਹਾਂ ਇਕ ਚੀਨੀ ਖੋਜੀ ਨਿਆਂਸ਼ੁਆਂਗ ਵਾਂਗ ਅਤੇ ਯੂਨੀਵਰਸਿਟੀ ਆਫ ਟੈਕਸਸ ਵਿਚਲੇ ਮੌਲੀਕੁਲਰ ਬਾਇਓਲੋਜਿਸਟ ਜੇਸਨ ਮਕਲੈਲਨ ਵਲੋਂ ਰਲ ਕੇ ਕੀਤੀ ਖੋਜ ਨੇ ਫਾਈਜ਼ਰ ਅਤੇ ਮੌਡਰਨਾ ਵੈਕਸੀਨ ਦੀ ਕਾਮਯਾਬੀ ਵਿਚ ਮਦਦਗਾਰ ਭੂਮਿਕਾ ਨਿਭਾਈ ਸੀ। ਜੌਹਨਸਨ ਐਂਡ ਜੌਹਨਸਨ, ਨੋਵਾਵੈਕਸ, ਕਿਊਰਵੈਕ ਅਤੇ ਟ੍ਰਾਂਸਲੇਟ ਬਾਇਓ ਵਰਗੀਆਂ ਕੰਪਨੀਆਂ ਨੇ ਵੀ ਇਨ੍ਹਾਂ ਦੀ ਖੋਜ ਕਾਰਨ ਤਿਆਰ ਹੋਈ ਤਕਨਾਲੌਜੀ ਦੀ ਵਰਤੋਂ ਕੀਤੀ ਸੀ। ਇਨ੍ਹਾਂ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਵੈਕਸੀਨਾਂ ਤੱਕ ਸਾਰੇ ਲੋਕਾਂ ਦੀ ਬਰਾਬਰ ਦੀ ਪਹੁੰਚ ਦੀ ਵਕਾਲਤ ਕਰਨ ਵਾਲੇ ਲੋਕ ਵੈਕਸੀਨਾਂ ਉੱਤੇ ਦਵਾਈਆਂ ਬਣਾਉਣ ਵਾਲੀਆਂ ਕੁਝ ਕੰਪਨੀਆਂ ਦੇ ਪੇਟੈਂਟ ਹੱਕਾਂ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰੀ ਪੈਸੇ ਦੇ ਨਿਵੇਸ਼ ਨਾਲ ਤਿਆਰ ਕੀਤੇ ਵੈਕਸੀਨਾਂ ਉੱਤੇ ਕੁਝ ਕੁ ਕੰਪਨੀਆਂ ਦੀ ਅਜਾਰੇਦਾਰੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਵੈਕਸੀਨਾਂ ਤੋਂ ਮੁਨਾਫਾ ਕਮਾਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਪਰ ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਇਨ੍ਹਾਂ ਮੰਗਾਂ ਦਾ ਵਿਰੋਧ ਕਰ ਰਹੀਆਂ ਹਨ। ਅਮੀਰ ਮੁਲਕਾਂ ਦੀਆਂ ਸਰਕਾਰਾਂ ਦੇ ਨਾਲ ਨਾਲ ਬਿੱਲ ਐਂਡ ਮਿਲਿੰਡਾ ਗੇਟਸ ਫਾਊਂਡੇਸ਼ਨ ਵਰਗੇ ਅਦਾਰੇ ਵੀ ਇਨ੍ਹਾਂ ਕਾਰਪੋਰੇਸ਼ਨਾਂ ਦੀ ਮਦਦ ਕਰ ਰਹੇ ਹਨ। ਮਿਸਾਲ ਵਜੋਂ ਅਪਰੈਲ 2020 ਵਿਚ ਆਕਸਫੋਰਡ ਯੂਨੀਵਰਸਿਟੀ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੇ ਵਲੋਂ ਤਿਆਰ ਕੀਤੇ ਜਾ ਰਹੇ ਵੈਕਸੀਨ ਦੇ ਬੌਧਿਕ (ਇੰਟਲੈਕਚੁਅਲ) ਹੱਕ ਦਾਨ ਕਰ ਦੇਵੇਗੀ ਤਾਂ ਕਿ ਦੁਨੀਆਂ ਵਿਚ ਇਹ ਵੈਕਸੀਨ ਤਿਆਰ ਕਰਨ ਦੀ ਸਮਰੱਥਾ ਰੱਖਣ ਵਾਲੀ ਕੋਈ ਵੀ ਕੰਪਨੀ ਇਸ ਵੈਕਸੀਨ ਨੂੰ ਤਿਆਰ ਕਰ ਸਕੇ। ਯੂਨੀਵਰਸਿਟੀ ਦੇ ਇਸ ਵਾਅਦੇ ਪਿੱਛੇ ਜੋ ਭਾਵਨਾ ਕੰਮ ਕਰਦੀ ਸੀ, ਉਹ ਇਹ ਸੀ ਕਿ ਕੋਵਿਡ-19 ਦਾ ਵੈਕਸੀਨ ਦੁਨੀਆਂ ਭਰ ਦੇ ਲੋਕਾਂ ਨੂੰ ਮੁਫਤ ਵਿਚ ਜਾਂ ਸਸਤੀ ਕੀਮਤ ‘ਤੇ ਮਿਲ ਸਕੇ, ਪਰ ਬਾਅਦ ਵਿਚ ਮਿਲਿੰਡਾ ਅਤੇ ਬਿੱਲ ਗੇਟਸ ਫਾਊਂਡੇਸ਼ਨ ਅਤੇ ਹੋਰ ਲੋਕਾਂ ਦੀ ਸਲਾਹ ‘ਤੇ ਆਕਸਫੋਰਡ ਯੂਨੀਵਰਸਿਟੀ ਨੇ ਬਰਤਾਨੀਆ ਤੇ ਸਵੀਡਨ ਦੀ ਕੰਪਨੀ ਐਸਟਰਾਜ਼ੈਨਕਾ ਨਾਲ ਇਕਰਾਰਨਾਮਾ ਕਰਕੇ ਇਸ ਵੈਕਸੀਨ ਦੇ ਸਾਰੇ ਹੱਕ ਇਸ ਕੰਪਨੀ ਨੂੰ ਦੇ ਦਿੱਤੇ।

ਅਮੀਰ ਦੇਸ਼ਾਂ ਦੀਆਂ ਸਰਕਾਰਾਂ ਅਤੇ ਵੈਕਸੀਨਾਂ ‘ਤੇ ਅਜਾਰੇਦਾਰੀ ਰੱਖਣ ਵਾਲੀਆਂ ਕਾਰਪੋਰੇਸ਼ਨਾਂ ਵੱਲੋਂ ਤੀਜੇ ਸੁਝਾਅ ਕੋਵੇਕਸ ਪ੍ਰਬੰਧ ਅਧੀਨ ਵੈਕਸੀਨਾਂ ਦੀ ਵੰਡ ਕਰਨ ਦਾ ਸਮਰਥਨ ਕੀਤਾ ਜਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਪ੍ਰਬੰਧ ਕਾਰਨ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਅਰਬਾਂ ਡਾਲਰ ਦੀ ਕਮਾਈ ਹੋਵੇਗੀ, ਪਰ ਇਸ ਕਾਰਨ ਇਨ੍ਹਾਂ ਕੰਪਨੀਆਂ ਨੂੰ ਆਪਣੇ ਬੌਧਿਕ ਹੱਕ ਕਿਸੇ ਹੋਰ ਨਾਲ ਸਾਂਝੇ ਕਰਨ ਦੀ ਲੋੜ ਨਹੀਂ ਹੋਵੇਗੀ; ਪਰ ਇਸ ਪ੍ਰਬੰਧ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਕੋਵੇਕਸ ਕੋਲ ਬਹੁਤ ਘੱਟ ਫੰਡ ਹਨ ਅਤੇ ਇਹ 2021 ਦੇ ਅਖੀਰ ਤੱਕ ਵੈਕਸੀਨਾਂ ਦੀਆਂ ਸਿਰਫ 2 ਅਰਬ (ਬਿਲੀਅਨ) ਖੁਰਾਕਾਂ ਹੀ ਵੰਡ ਸਕੇਗਾ, ਜੋ ਇਸ ਦੇ ਮੈਂਬਰ ਹਰ ਦੇਸ਼ ਵਿਚ ਸਿਰਫ 20% ਵਸੋਂ ਦੇ ਵੈਕਸੀਨ ਲਾਉਣ ਲਈ ਹੀ ਕਾਫੀ ਹੋਣਗੀਆਂ। ਇਨ੍ਹਾਂ ਦੇਸ਼ਾਂ ਦੀ ਇੰਨੀ ਘੱਟ ਵਸੋਂ ਦੇ ਲੱਗੇ ਵੈਕਸੀਨ ਉਨ੍ਹਾਂ ਦੇਸ਼ਾਂ ਵਿਚ ‘ਹਰਡ ਇਮਿਊਨਿਟੀ’ ਪੈਦਾ ਕਰ ਸਕਣ ਦੇ ਯੋਗ ਨਹੀਂ ਹੋਣਗੇ। ਇੱਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ‘ਹਰਡ ਇਮਿਊਨਿਟੀ’ ਉਦੋਂ ਪੈਦਾ ਹੁੰਦੀ ਹੈ, ਜਦੋਂ ਕਿਸੇ ਦੇਸ਼ ਦੀ ਵਸੋਂ ਦਾ ਵੱਡਾ ਹਿੱਸਾ ਕਿਸੇ ਬੀਮਾਰੀ ਤੋਂ ਸੁਰੱਖਿਅਤ ਹੋ ਜਾਂਦਾ ਹੈ, ਜਿਸ ਕਾਰਨ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਬੀਮਾਰੀ ਫੈਲਣ ਦਾ ਖਤਰਾ ਖਤਮ ਹੋ ਜਾਂਦਾ ਹੈ। ਇਸ ਆਲੋਚਨਾ ਦੇ ਬਾਵਜੂਦ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਇਸ ਪ੍ਰੋਗਰਾਮ ਦਾ ਸਮਰਥਨ ਕਰ ਰਹੀਆਂ ਹਨ ਅਤੇ ਇਸ ਪ੍ਰੋਗਰਾਮ ਲਈ ਵੈਕਸੀਨ ਦਾਨ ਕਰਨ ਦਾ ਐਲਾਨ ਕਰ ਰਹੀਆਂ ਹਨ। ਮਿਸਾਲ ਵਜੋਂ 11-13 ਜੂਨ ਵਿਚਕਾਰ ਯੂ. ਕੇ. ਦੇ ਸ਼ਹਿਰ ਕੋਰਨਵਾਲ ਵਿਚ ਜੀ-7 ਦੇਸ਼ਾਂ ਦੇ ਹੋਏ ਸਿਖਰ ਸੰਮੇਲਨ ਵਿਚ ਕਈ ਦੇਸ਼ਾਂ ਨੇ ਕੋਵੇਕਸ ਲਈ ਵੈਕਸੀਨਾਂ ਦੀਆਂ ਖੁਰਾਕਾਂ ਦਾਨ ਕਰਨ ਦਾ ਐਲਾਨ ਕੀਤਾ ਹੈ। ਯੂ. ਕੇ. ਨੇ 10 ਕਰੋੜ (100 ਮਿਲੀਅਨ), ਅਮਰੀਕਾ ਨੇ 50 ਕਰੋੜ (500 ਮਿਲੀਅਨ), ਕੈਨੇਡਾ ਨੇ 10 ਕਰੋੜ (100 ਮਿਲੀਅਨ) ਅਤੇ ਹੋਰ ਕਈ ਦੇਸ਼ਾਂ ਨੇ ਵੱਖ ਵੱਖ ਗਿਣਤੀ ਵਿਚ ਵੈਕਸੀਨ ਦਾਨ ਕਰਨ ਦਾ ਵਾਅਦਾ ਕੀਤਾ ਹੈ। ਕੁੱਲ ਮਿਲਾ ਕੇ ਇਸ ਸਿਖਰ ਸੰਮੇਲਨ ਸਮੇਂ ਜੀ-7 ਦੇਸ਼ਾਂ ਨੇ ਵੈਕਸੀਨਾਂ ਦੀਆਂ 1 ਅਰਬ (1 ਬਿਲੀਅਨ) ਦੇ ਕਰੀਬ ਖੁਰਾਕਾਂ ਦੇਣ ਦਾ ਵਚਨ ਦਿੱਤਾ ਹੈ। ਇਨ੍ਹਾਂ ਵੈਕਸੀਨਾਂ ਵਿਚੋਂ ਅੱਧੇ ਵੈਕਸੀਨ ਹੀ 2021 ਦੇ ਅਖੀਰ ਤੱਕ ਦਿੱਤੇ ਜਾਣਗੇ ਅਤੇ ਬਾਕੀ ਦੇ ਬਾਅਦ ਵਿਚ।

ਜੀ-7 ਦੇਸ਼ਾਂ ਵੱਲੋਂ ਕੀਤੇ ਇਸ ਐਲਾਨ ਬਾਰੇ ਵੱਖ ਵੱਖ ਪ੍ਰਤੀਕਰਮ ਆਏ ਹਨ। ਗਾਵੀ ਦੀ ਵੈਕਸੀਨ ਅਲਾਇੰਸ, ਕੋਆਲੀਸ਼ਨ ਫਾਰ ਐਪੀਡੈਮਿਕ ਪ੍ਰੀਪੇਅਰਡਨੈੱਸ, ਯੂਨੀਸੈਫ ਵਰਗੀਆਂ ਸੰਸਥਾਵਾਂ ਨੇ ਜੀ-7 ਦੇਸ਼ਾਂ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਸਹੀ ਦਿਸ਼ਾ ਵਿਚ ਪੁੱਟਿਆ ਕਦਮ ਕਿਹਾ ਹੈ। ਵਿਸ਼ਵ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਨੇ ਇਸ ਕਦਮ ਦਾ ਸਵਾਗਤ ਕਰਨ ਦੇ ਨਾਲ ਨਾਲ ਇਸ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਇਹ ਕਾਫੀ ਨਹੀਂ ਹੈ। ਉਸ ਅਨੁਸਾਰ, “ਹੋਰ ਬਹੁਤ ਸਾਰੇ ਦੇਸ਼ਾਂ ਵਿਚ ਕੇਸਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਉਹ ਵੈਕਸੀਨਾਂ ਤੋਂ ਬਿਨਾ ਇਸ ਦਾ ਸਾਹਮਣਾ ਕਰ ਰਹੇ ਹਨ। ਅਸੀਂ ਆਪਣੀ ਜ਼ਿੰਦਗੀਆਂ ਦੀ ਦੌੜ ਵਿਚ ਸ਼ਾਮਲ ਹਾਂ, ਪਰ ਇਹ ਦੌੜ ਨਿਆਂਕਾਰੀ ਨਹੀਂ ਹੈ ਅਤੇ ਬਹੁਤੇ ਦੇਸ਼ ਦੌੜ ਸ਼ੁਰੂ ਹੋਣ ਵਾਲੀ ਲਾਈਨ ਤੋਂ ਅਜੇ ਮਸਾਂ ਤੁਰੇ ਹੀ ਹਨ। ਅਸੀਂ ਦਾਨ ਦੇ ਉਦਾਰ ਐਲਾਨਾਂ ਦਾ ਸਵਾਗਤ ਕਰਦੇ ਹਾਂ ਅਤੇ ਲੀਡਰਾਂ ਦਾ ਧੰਨਵਾਦ ਕਰਦੇ ਹਨ, ਪਰ ਸਾਨੂੰ ਹੋਰ ਜ਼ਿਆਦਾ (ਵੈਕਸੀਨਾਂ) ਦੀ ਲੋੜ ਹੈ ਤੇ ਉਹ ਸਾਨੂੰ ਜਲਦੀ ਤੋਂ ਜਲਦੀ ਮਿਲਣੇ ਚਾਹੀਦੇ ਹਨ।”

ਵਿਸ਼ਵ ਪੱਧਰ ‘ਤੇ ਸਮਾਜਕ ਇਨਸਾਫ ਲਈ ਕੰਮ ਕਰਦੀ ਸੰਸਥਾ ਔਕਸਫੈਮ ਦੀ ਹੈਲਥ ਪਾਲਿਸੀ ਮੈਨੇਜਰ ਐਨਾ ਮੈਰੀਓਟ ਦਾ ਮੱਤ ਹੈ ਕਿ ਜੀ-7 ਦੇਸ਼ਾਂ ਵੱਲੋਂ ਵੈਕਸੀਨਾਂ ਦਾ ਕੀਤਾ ਇਹ ਦਾਨ ਬਹੁਤ ਹੀ ਨਿਗੂਣਾ ਹੈ। ਉਸ ਅਨੁਸਾਰ, “ਜੇ ਜੀ-7 ਲੀਡਰ ਵੈਕਸੀਨਾਂ ਦੀਆਂ ਸਿਰਫ 1 ਅਰਬ (ਬਿਲੀਅਨ) ਖੁਰਾਕਾਂ ਹੀ ਦਾਨ ਕਰ ਸਕਦੇ ਹਨ ਤਾਂ ਇਹ ਸਿਖਰ ਸੰਮੇਲਨ ਦੀ ਅਸਫਲਤਾ ਹੈ। ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਮਹਾਮਾਰੀ ਦੇ ਖਾਤਮੇ ਲਈ ਦੁਨੀਆਂ ਨੂੰ 11 ਅਰਬ (ਬਿਲੀਅਨ) ਵੈਕਸੀਨਾਂ ਦੀ ਲੋੜ ਹੈ। ਵੈਕਸੀਨ ਖੁਰਾਕਾਂ ਦਾ ਦਾਨ ਮਸਲੇ ਦਾ ਹੱਲ ਹੋ ਸਕਦਾ ਹੈ, ਜੇ ਵੈਕਸੀਨ ਇਕਦਮ ਦਿੱਤੇ ਜਾਣ, ਪਰ ਦਾਨ

*(ਬਾਕੀ ਅਗਲੇ ਸਫੇ ’ਤੇ)*

ਮਸਲੇ

# ਗਰਮੀ ਦੇ ਕਹਿਰ ਤੋਂ ਕਿਵੇਂ ਬਚਿਆ ਜਾਵੇ?




**ਡਾ. ਗੁਰਿੰਦਰ ਕੌਰ***

ਕੈਨੇਡਾ ਵਿਚ ਅਤਿ ਦੀ ਗਰਮੀ (ਹੀਟ ਵੇਵ) ਪੈਣ ਕਾਰਨ ਜੂਨ ਦੇ ਅਖੀਰਲੇ ਹਫਤੇ ਵਿਚ 600 ਵਿਅਕਤੀਆਂ ਦੀ ਮੌਤ ਹੋ ਗਈ ਹੈ। ਮਰਨ ਵਾਲਿਆਂ ਵਿਚੋਂ 486 ਵਿਅਕਤੀ ਤਾਂ ਇਕੱਲੇ ਬ੍ਰਿਟਿਸ਼ ਕੋਲੰਬੀਆ ਸੂਬੇ ਨਾਲ ਸਬੰਧਿਤ ਸਨ। ਮ੍ਰਿਤਕਾਂ ਵਿਚ ਜ਼ਿਆਦਾਤਰ ਬਜ਼ੁਰਗ ਸਨ, ਜੋ ਇਕੱਲੇ ਰਹਿੰਦੇ ਸਨ। ਬ੍ਰਿਟਿਸ਼ ਕੋਲੰਬੀਆ ਦਾ ਮੌਸਮ ਗਰਮੀ ਦੇ ਮਹੀਨਿਆਂ ਵਿਚ ਜ਼ਿਆਦਾ ਗਰਮ ਨਹੀਂ ਹੁੰਦਾ। ਇੱਥੋਂ ਦਾ ਔਸਤ ਤਾਪਮਾਨ ਲਗਭਗ 20 ਤੋਂ 25 ਡਿਗਰੀ ਸੈਲਸੀਅਸ ਦੇ ਨੇੜੇ ਹੀ ਰਹਿੰਦਾ ਹੈ, ਜਿਸ ਕਾਰਨ ਲੋਕ ਗਰਮੀ ਬਰਦਾਸ਼ਤ ਨਹੀਂ ਕਰ ਰਹੇ ਹਨ। ਸਾਲ ਦਾ ਜ਼ਿਆਦਾ ਸਮਾਂ ਮੌਸਮ ਠੰਡਾ ਹੀ ਰਹਿੰਦਾ ਹੈ, ਜਿਸ ਕਰਕੇ ਲੋਕਾਂ ਦੇ ਘਰਾਂ ਵਿਚ ਨਾ ਤਾਂ ਏਅਰਕੰਡੀਸ਼ਨ ਦੀ ਸੁਵਿਧਾ ਹੈ ਅਤੇ ਨਾ ਹੀ ਉਹ ਹਵਾਦਾਰ ਹਨ। ਇਸ ਕਰਕੇ ਬਹੁਤੇ ਲੋਕਾਂ ਦੀ ਮੌਤ ਜ਼ਿਆਦਾ ਗਰਮੀ ਵਿਚ ਸਾਹ ਘੁਟਣ ਨਾਲ ਹੋਈ ਹੈ। ਕੈਨੇਡਾ ਦੇ ਬਾਕੀ ਰਾਜ ਓਨਟਾਰੀਓ, ਸਸਕੈਚਵਾਨ, ਮਿਨੀਟੋਬਾ, ਅਤੇ ਕਿਊਬਕ ਵਿਚ ਵੀ ਗਰਮੀ ਨਾਲ ਸੌ ਤੋਂ ਉੱਪਰ ਲੋਕਾਂ ਦੀ ਮੌਤ ਹੋ ਗਈ ਹੈ। ਮੌਤਾਂ ਦੀ ਸਹੀ ਗਿਣਤੀ ਦਾ ਹਾਲੇ ਪਤਾ ਨਹੀਂ ਹੈ।

ਕੈਨੇਡਾ ਵਿਚ ਤਾਪਮਾਨ ਵਿਚ ਇਕਦਮ ਹੋਏ ਵਾਧੇ ਨੇ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਚੌਕੰਨਾ ਕਰ ਦਿੱਤਾ ਹੈ ਕਿ ਮੌਸਮੀ ਤਬਦੀਲੀਆਂ ਹੁਣ ਭਵਿੱਖ ਵਿਚ ਨਹੀਂ ਆਉਣਗੀਆਂ, ਸਗੋਂ ਵਰਤਮਾਨ ਵਿਚ ਹੀ ਉਹ ਸਾਨੂੰ ਕੁਦਰਤੀ ਆਫਤਾਂ ਦੇ ਰੂਪ ਵਿਚ ਹਰ ਰੋਜ਼ ਵੰਗਾਰ ਰਹੀਆਂ ਹਨ। 29 ਜੂਨ ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਰਾਜ ਦੇ ਇਕ ਛੋਟੇ ਜਿਹੇ ਕਸਬੇ ਲਿਟਨ ਦਾ ਤਾਪਮਾਨ 49.6 ਡਿਗਰੀ ਸੈਲਸੀਅਸ ਹੋ ਗਿਆ ਸੀ। ਇਹ ਕਸਬਾ ਭੂਮੱਧ ਰੇਖਾ ਤੋਂ ਉੱਤਰ ਵੱਲ 50 ਡਿਗਰੀ ਅਕਸ਼ਾਸ ਰੇਖਾ ਉੱਤੇ ਸਥਿਤ ਹੈ, ਜਦੋਂਕਿ ਇਸੇ ਦਿਨ ਭਾਰਤ ਦੀ ਰਾਜਧਾਨੀ ਦਿੱਲੀ ਦਾ ਤਾਪਮਾਨ 43 ਡਿਗਰੀ ਸੈਲਸੀਅਸ ਸੀ, ਜਿਹੜਾ 28º ਅਕਸ਼ਾਸ ਉੱਤੇ ਸਥਿਤ ਹੈ। ਇਸ ਤੋਂ ਇਲਾਵਾ ਲਿਟਨ ਦਾ ਤਾਪਮਾਨ ਅਮਰੀਕਾ ਦੇ ਦੱਖਣ-ਪੱਛਮੀ ਮਾਰੂਥਲੀ ਰਾਜਾ ਨਾਲੋਂ ਵੀ ਜ਼ਿਆਦਾ ਰਿਹਾ ਹੈ। ਲਿਟਨ ਕਸਬੇ ਦਾ ਜੂਨ ਦਾ ਵੱਧ ਤੋਂ ਵੱਧ ਔਸਤ ਤਾਪਮਾਨ 24-25 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿੰਦਾ ਹੈ, ਪਰ 29 ਜੂਨ 2021 ਨੂੰ ਇਹ ਦੋਗੁਣਾ ਹੋ ਗਿਆ, ਜਿਸ ਨਾਲ ਲੋਕਾਂ ਦੀ ਮੌਤ ਹੋਣੀ ਸੁਭਾਵਿਕ ਸੀ।

ਕੈਨੇਡਾ ਦੇ ਨਾਲ ਨਾਲ ਅਮਰੀਕਾ ਦੇ ਉੱਤਰ-ਪੱਛਮੀ ਸ਼ਹਿਰ ਵੀ ਇਨ੍ਹਾਂ ਦਿਨਾਂ ਵਿਚ ਹੀਟ ਵੇਵ ਦੀ ਲਪੇਟ ਆਏ ਰਹੇ ਹਨ। ਪੋਰਟਲੈਂਡ ਸ਼ਹਿਰ ਵਿਚ 46 ਡਿਗਰੀ ਸੈਲਸੀਅਸ ਅਤੇ ਸਿਆਟਲ ਵਿਚ 42 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ। ਕੈਨੇਡਾ ਅਤੇ ਅਮਰੀਕਾ ਦੇ ਉੱਤਰ-ਪੱਛਮੀ ਖੇਤਰ ਵਿਚ ਵੱਸੇ ਵੈਨਕੂਵਰ, ਸਰੀ, ਸਿਆਟਲ ਅਤੇ ਪੋਰਟਲੈਂਡ ਵਰਗੇ ਸ਼ਹਿਰਾਂ ਵਿਚ ਆਮ ਤੌਰ ਉੱਤੇ ਗਰਮੀਆਂ ਵਿਚ ਤਾਪਮਾਨ 11 ਤੋਂ 22 ਡਿਗਰੀ ਸੈਲਸੀਅਸ ਤੱਕ ਹੀ ਰਹਿੰਦਾ ਹੈ, ਜਿਸ ਕਰਕੇ ਇਨ੍ਹਾਂ ਸ਼ਹਿਰਾਂ ਵਿਚ ਵੱਸੇ ਲੋਕਾਂ ਨੂੰ ਤਾਂ ਪੱਖਿਆਂ ਦੀ ਵੀ ਲੋੜ ਨਹੀਂ ਪੈਂਦੀ ਹੈ। ਇਹ ਸਾਰੇ ਸ਼ਹਿਰ ਖੁਸ਼ਗਵਾਰ ਮੌਸਮ ਕਰਕੇ ਜਾਣੇ ਜਾਂਦੇ ਹਨ। ਘੱਟ ਮੀਂਹ ਪੈਣ ਅਤੇ ਤਾਪਮਾਨ ਦੇ ਵਾਧੇ ਕਾਰਨ ਅਮਰੀਕਾ ਦੇ ਉੱਤਰ-ਪੱਛਮੀ ਖੇਤਰ ਦੇ 11 ਰਾਜ ਸੋਕੇ ਦੀ ਲਪੇਟ ਵਿਚ ਆਏ ਹੋਏ ਹਨ। ਜਲ-ਭੰਡਾਰ (ਰੈਜ਼ਵਾਇਰਜ਼) ਵਿਚ ਤੇਜ਼ੀ ਨਾਲ ਪਾਣੀ ਘਟ ਰਿਹਾ ਹੈ ਅਤੇ ਸੋਕੇ ਕਾਰਨ ਜੰਗਲੀ ਅੱਗਾਂ ਲੱਗਣ ਦਾ ਖਤਰਾ ਵੀ ਵਧ ਰਿਹਾ ਹੈ। ਧਰਤੀ ਦੇ ਤਾਪਮਾਨ ਵਿਚ ਵਾਧੇ ਨਾਲ ਤਰ੍ਹਾਂ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।



ਆਰਕਟਿਕ ਖੇਤਰ ਵਿਚ ਵੀ ਤਾਪਮਾਨ ਜੂਨ ਦੇ ਪਿਛਲੇ ਹਫਤੇ ਵਿਚ 48 ਡਿਗਰੀ ਸੈਲਸੀਅਸ ਆਂਕਿਆ ਗਿਆ ਸੀ। ਇਸ ਤਰ੍ਹਾਂ ਉੱਤਰੀ ਖੇਤਰੀ ਵਿਚ ਔਸਤ ਨਾਲੋਂ ਵਧਦਾ ਤਾਪਮਾਨ 'ਹੀਟ ਵੇਵਜ਼' ਦੀ ਵਧਦੀ ਆਮਦ ਨੂੰ ਦਰਸਾ ਰਿਹਾ ਹੈ। 'ਹੀਟ ਵੇਵ' ਕੀ ਹੁੰਦੀ ਹੈ? ਮੈਦਾਨੀ ਖੇਤਰਾਂ ਵਿਚ ਜਦੋਂ ਤਾਪਮਾਨ ਔਸਤ ਤਾਪਮਾਨ ਨਾਲੋਂ 5 ਜਾਂ 6 ਡਿਗਰੀ ਸੈਲਸੀਅਸ ਜਾਂ 40 ਡਿਗਰੀ ਸੈਲਸੀਅਸ ਤੋਂ ਉੱਪਰ ਟੱਪ ਜਾਵੇ ਤਾਂ ਉੱਥੇ ਚੱਲਣ ਵਾਲੀਆਂ ਹਵਾਵਾਂ ਨੂੰ 'ਹੀਟ ਵੇਵ' ਕਿਹਾ ਜਾਂਦਾ ਹੈ ਅਤੇ ਜੇ 6 ਜਾਂ 7 ਡਿਗਰੀ ਸੈਲਸੀਅਸ ਤੋਂ ਉੱਪਰ ਹੋ ਜਾਵੇ ਤਾਂ ਉਨ੍ਹਾਂ ਨੂੰ 'ਸਵੀਅਰ ਹੀਟ ਵੇਵ' ਕਿਹਾ ਜਾਂਦਾ ਹੈ। ਜਦੋਂ ਤੱਟਵਰਤੀ ਖੇਤਰਾਂ ਵਿਚ ਔਸਤ ਤਾਪਮਾਨ 37 ਡਿਗਰੀ ਅਤੇ ਪਹਾੜੀ ਖੇਤਰਾਂ ਵਿਚ 30 ਡਿਗਰੀ ਸੈਲਸੀਅਸ ਤੋਂ 5 ਡਿਗਰੀ ਸੈਲਸੀਅਸ ਵਧ ਜਾਵੇ ਤਾਂ ਉਹ ਖੇਤਰ 'ਹੀਟ ਵੇਵਜ਼' ਦੇ ਪ੍ਰਭਾਵ ਥੱਲੇ ਆਏ ਮੰਨੇ ਜਾਂਦੇ ਹਨ। ਅਮਰੀਕਾ ਦੀ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਅਮਰੀਕਾ ਦੇ ਵੱਡੇ ਸ਼ਹਿਰਾਂ ਵਿਚ 1960 ਤੋਂ 'ਹੀਟ ਵੇਵਜ਼' ਦੀ ਆਮਦ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

1960 ਵਿਚ ਹਰ ਸਾਲ ਦੋ 'ਹੀਟ ਵੇਵਜ਼' ਆਉਂਦੀਆਂ ਸਨ, ਪਰ 2010 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ ਛੇ ਹੋ ਗਈ ਸੀ। ਇਸ ਖੋਜ ਕਾਰਜ ਵਿਚ ਅਮਰੀਕਾ ਦੇ 50 ਵੱਡੇ ਸ਼ਹਿਰਾਂ ਤੋਂ 1960 ਤੋਂ 2010 ਤੱਕ ਦੇ ਅਰਸੇ ਦੇ ਅੰਕੜੇ ਇਕੱਠੇ ਕੀਤੇ ਗਏ ਹਨ। ਇਸ ਅਰਸੇ ਦੌਰਾਨ 'ਹੀਟ ਵੇਵਜ਼' ਦਾ ਸਮਾਂ 1960 ਦੇ ਦਹਾਕੇ ਦੇ ਮੁਕਾਬਲੇ 47 ਦਿਨ ਲੰਬਾ ਹੋ ਗਿਆ ਹੈ ਅਤੇ ਹੁਣ ਦੇ ਸਮੇਂ ਵਾਲੀ 'ਹੀਟ ਵੇਵ' ਚਾਰ ਦਿਨ ਲੰਬੀ ਰਹੀ ਹੈ, ਜੋ 1960 ਦੇ ਦਹਾਕੇ ਨਾਲੋਂ ਲਗਭਗ ਇਕ ਦਿਨ ਲੰਬੀ ਹੈ। 'ਹੀਟ ਵੇਵਜ਼' ਵਿਚ ਤਾਪਮਾਨ ਦਾ ਵਾਧਾ ਵੀ 1960 ਦੇ ਮੁਕਾਬਲੇ ਬਹੁਤ ਜ਼ਿਆਦਾ ਹੋ ਗਿਆ। 1960 ਦੇ ਦਹਾਕੇ ਵਿਚ ਇਹ ਵਾਧਾ 2 ਡਿਗਰੀ ਫਾਰਨਹੀਟ ਸੀ, ਪਰ 2010 ਤੱਕ 2.5 ਡਿਗਰੀ ਫਾਰਨਹੀਟ ਤੋਂ ਵੱਧ ਰਿਕਾਰਡ ਕੀਤਾ ਗਿਆ। ਜੂਨ 2021 ਦੀ 'ਹੀਟ ਵੇਵ' ਨੇ ਤਾਂ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਕਈ ਥਾਂਵਾਂ ਉੱਤੇ 'ਹੀਟ ਵੇਵ' ਸਮੇਂ ਤਾਪਮਾਨ ਔਸਤ ਤਾਪਮਾਨ ਤੋਂ 10 ਤੋਂ 20 ਡਿਗਰੀ ਸੈਲਸੀਅਸ ਵੱਧ ਰਿਹਾ ਹੈ।

ਨੈਸ਼ਨਲ ਵੈਦਰ ਸਰਵਿਸ ਅਤੇ ਪਰਡਿਕਸ਼ਨ ਸੈਂਟਰ, ਕੈਨੇਡਾ ਅਨੁਸਾਰ ਕੈਨੇਡਾ ਅਤੇ ਅਮਰੀਕਾ ਦੇ ਪੱਛਮੀ ਖੇਤਰ ਵਿਚ 'ਹੀਟ ਵੇਵ' ਅਲਾਸਕਾ ਦੇ ਅਲੇਸ਼ੁਆਈ ਟਾਪੂ ਅਤੇ ਦੂਜਾ ਕੈਨੇਡਾ ਦੀ ਜੇਮਜ਼ ਬੇਅ ਤੇ ਹਡਸਨ ਬੇਅ ਦੇ ਉਪਰ ਦਬਾਅ ਬਣਨ ਕਾਰਨ ਆਈ ਹੈ। ਪਿਛਲੇ ਕੁਝ ਦਹਾਕਿਆਂ ਤੋਂ ਸ਼ਾਂਤ ਮਹਾਸਾਗਰ ਦੇ ਪੱਛਮੀ ਖੇਤਰ ਦੇ ਤਾਪਮਾਨ ਵਿਚ ਪੂਰਬੀ ਖੇਤਰ ਦੇ ਤਾਪਮਾਨ ਨਾਲੋਂ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਸ ਨਾਲ ਸਮੁੰਦਰ ਵੱਲੋਂ ਧਰਤੀ ਵੱਲ ਠੰਡੀ ਹਵਾ ਆਉਣ ਦੀ ਥਾਂ ਉੱਤੇ ਗਰਮ ਹਵਾ ਆਉਣੀ ਸ਼ੁਰੂ ਹੋ ਗਈ ਅਤੇ ਉਸ ਨੇ ਇਸ ਖੇਤਰ ਨੂੰ 'ਹੀਟ ਡੂਮ' ਬਣਾ ਦਿੱਤਾ ਹੈ। ਇਸ ਸੰਸਥਾ ਅਨੁਸਾਰ ਇਹੋ ਜਿਹੀ ਸਥਿਤੀ ਅਕਸਰ ਪੈਦਾ ਨਹੀਂ ਹੁੰਦੀ, ਇਹ ਦੋ-ਤਿੰਨ ਦਹਾਕਿਆਂ ਵਿਚ ਇਕ ਵਾਰ ਹੀ ਪੈਦਾ ਹੁੰਦੀ ਹੈ।

ਆਈ. ਪੀ. ਸੀ. ਸੀ. ਦੀ 2014 ਵਿਚ ਆਈ ਰਿਪੋਰਟ ਨੇ ਇਹ ਸਾਫ ਤੌਰ ਉੱਤੇ ਖੁਲਾਸਾ ਕੀਤਾ ਸੀ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿਚ ਦੁਨੀਆਂ ਦਾ ਕੋਈ ਵੀ ਦੇਸ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚ ਨਹੀਂ ਸਕੇਗਾ ਅਤੇ ਮੌਸਮੀ ਤਬਦੀਲੀਆਂ ਹੌਲੀ ਹੌਲੀ ਵੱਡੇ ਮਹਾਦੀਪਾਂ ਤੋਂ ਲੈ ਕੇ ਛੋਟੇ ਛੋਟੇ ਟਾਪੂਆਂ ਤੱਕ ਅਤੇ ਅਮੀਰ ਤੋਂ ਲੈ ਕੇ ਗਰੀਬ ਦੇਸ਼ਾਂ ਤੱਕ ਨੂੰ ਆਪਣੀ ਲਪੇਟ ਵਿਚ ਲੈ ਲੈਣਗੀਆਂ। ਧਰਤੀ ਦਾ ਔਸਤ ਤਾਪਮਾਨ ਹੁਣ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1 ਡਿਗਰੀ ਸੈਲਸੀਅਸ ਵਧ ਚੁਕਾ ਹੈ। 2014 ਤੋਂ ਬਾਅਦ ਹੁਣ ਤੱਕ ਦੇ ਸਾਲ ਸਭ ਤੋਂ ਗਰਮ ਸਾਲ ਰਹੇ ਹਨ। 2020 ਦਾ ਸਾਲ ਕਰੋਨਾ ਮਹਾਮਾਰੀ ਅਤੇ ਲਾ-ਨੀਨਾ ਪ੍ਰਕਿਰਿਆ ਹੋਣ ਦੇ ਬਾਵਜੂਦ ਹੁਣ ਤੱਕ ਦਾ ਦੂਜਾ ਗਰਮ ਸਾਲ ਰਿਹਾ ਹੈ, ਕਿਉਂਕਿ ਵਾਤਾਵਰਨ ਵਿਚ ਪਹਿਲਾਂ ਤੋਂ ਛੱਡੀਆਂ ਹੋਈਆਂ ਗਰੀਨ ਹਾਊਸ ਗੈਸਾਂ ਇਸ ਨੂੰ ਲਗਾਤਾਰ ਗਰਮ ਕਰ ਰਹੀਆਂ ਹਨ।

ਨੈਸ਼ਨਲ ਸੈਂਟਰ ਫਾਰ ਐਟਮੋਸਫਿਰਿਕ ਰਿਸਰਚ (ਐੱਨ. ਸੀ. ਏ. ਆਰ.) ਅਨੁਸਾਰ 2020 ਵਿਚ ਸਮੁੰਦਰ ਦੇ ਉੱਪਰਲੇ 2000 ਮੀਟਰ ਤੱਕ ਦੀ ਡੂੰਘਾਈ ਦੇ ਪਾਣੀ ਦਾ ਤਾਪਮਾਨ ਸਭ ਸਾਲਾਂ ਤੋਂ ਜ਼ਿਆਦਾ ਰਿਹਾ ਹੈ ਅਤੇ 2015 ਤੋਂ 2020 ਤੱਕ ਦੇ ਸਾਲਾਂ ਦੌਰਾਨ ਸਮੁੰਦਰ ਦੇ ਉੱਪਰਲੀ ਸਤਹਿ ਦੇ ਪਾਣੀ ਦਾ ਤਾਪਮਾਨ ਵੀ ਪਿਛਲੇ ਸਾਲਾਂ ਨਾਲੋਂ ਉੱਚਾ ਰਿਹਾ ਹੈ। ਮਨੁੱਖੀ ਗਤੀਵਿਧੀਆਂ ਦੁਆਰਾ ਪੈਦਾ ਕੀਤੀ ਗਈ 90 ਫੀਸਦ ਗਰਮੀ ਸਮੁੰਦਰ ਨੇ ਸੋਖ ਲਈ ਹੈ, ਜਿਸ ਨਾਲ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧਾ ਹੋ ਰਿਹਾ ਹੈ। ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧਾ ਹੋਣ ਨਾਲ ਕਈ ਤਰ੍ਹਾਂ ਦੀਆਂ ਕੁਦਰਤੀ ਮੌਸਮੀ ਪ੍ਰਕਿਰਿਆਵਾਂ ਪ੍ਰਭਾਵਿਤ ਹੋ ਰਹੀਆਂ ਹਨ, ਜਿਵੇਂ ਐਲ-ਨੀਨੋ, ਲਾ-ਨੀਨਾ ਅਤੇ ਸਮੁੰਦਰੀ ਧਰਾਵਾਂ। ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧਾ ਹੋਣ ਨਾਲ ਸਮੁੰਦਰੀ ਤੂਫਾਨਾਂ (ਚੱਕਰਵਾਤਾਂ, ਹਰੀਕੇਨਜ਼) ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਵੀ ਵਾਧਾ ਹੋ ਰਿਹਾ ਹੈ। ਤਾਪਮਾਨ ਵਿਚ ਵਾਧੇ ਕਾਰਨ ਸਮੁੰਦਰੀ ਖਾਧ ਪ੍ਰਣਾਲੀਆਂ ਉੱਤੇ ਵੀ ਅਸਰ ਪੈ ਰਿਹਾ ਹੈ, ਜਿਸ ਨਾਲ ਸਮੁੰਦਰੀ ਜਾਨਵਰਾਂ ਨੂੰ ਖੁਰਾਕੀ ਤੱਤਾਂ ਦੀ ਘਾਟ ਹੋ ਰਹੀ ਹੈ। ਇਸ ਕਾਰਨ ਸਮੁੰਦਰੀ ਤੱਟਾਂ ਨਾਲ ਲੱਗਦੇ ਖੇਤਰ ਬਦਲਦੇ ਮੌਸਮ ਦੇ ਨਾਲ ਨਾਲ ਸਮੁੰਦਰ ਨਾਲ ਸਬੰਧਿਤ ਕੁਦਰਤੀ ਆਫਤਾਂ ਦੇ ਵੀ ਵੱਧ ਸਨਮੁੱਖ ਹੋ ਰਹੇ ਹਨ, ਤਾਪਮਾਨ ਦੇ ਵਾਧੇ ਨਾਲ ਸਮੁੰਦਰ ਦੀ ਸਤਹ ਤੇਜ਼ੀ ਨਾਲ ਉੱਚੀ ਹੋ ਰਹੀ ਹੈ। ਏਸ਼ੀਆ ਮਹਾਦੀਪ ਦੇ ਛੇ ਦੇਸ-ਚੀਨ, ਬੰਗਲਾਦੇਸ਼, ਵੀਤਨਾਮ, ਥਾਈਲੈਂਡ, ਇੰਡੋਨੇਸ਼ੀਆ ਅਤੇ ਭਾਰਤ ਦੇ 237 ਮਿਲੀਅਨ ਲੋਕ 2030 ਤੱਕ ਹਰ ਸਾਲ ਸਮੁੰਦਰੀ ਹੜ੍ਹਾਂ ਦੀ ਮਾਰ ਝੱਲਣਗੇ, ਕਿਉਂਕਿ ਇਨ੍ਹਾਂ ਦੇਸ਼ਾਂ ਦੀ ਕਾਫੀ ਗਿਣਤੀ ਵਿਚ ਆਬਾਦੀ ਸਮੁੰਦਰੀ ਤੱਟਵਰਤੀ ਖੇਤਰਾਂ ਵਿਚ ਵੱਸੀ ਹੈ। ਸਟੀਫਨ ਲੇਹ ਦੀ ਇਕ ਖੋਜ ਅਨੁਸਾਰ ਆਉਣ ਵਾਲੇ 20 ਸਾਲਾਂ ਵਿਚ ਅਮਰੀਕਾ ਵਿਚ ਵੱਸੇ ਲੱਖਾਂ ਲੋਕਾਂ ਨੂੰ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਗਰਮੀ ਤੋਂ ਬਚਣ ਦਾ ਉਪਾਅ ਕਰਦੇ ਹੋਏ ਲੋਕ

ਧਰਤੀ ਉੱਤੇ ਵਧ ਰਹੇ ਤਾਪਮਾਨ ਦਾ ਮੁੱਦਾ ਭਾਵੇਂ ਲੰਮੇ ਸਮੇਂ ਤੋਂ ਵੱਖ ਵੱਖ ਕਾਨਫਰੰਸਾਂ ਵਿਚ ਚਰਚਾ ਦਾ ਵਿਸ਼ਾ ਰਿਹਾ ਹੈ, ਪਰ ਵਿਕਸਿਤ ਦੇਸ਼ਾਂ ਨੇ ਇਸ ਉੱਤੇ ਸੰਜੀਦਗੀ ਨਾਲ ਕੰਮ ਕਰਨ ਵਿਚ ਬਹੁਤ ਹੀ ਦੇਰ ਲਾ ਦਿੱਤੀ ਹੈ, ਕਿਉਂਕਿ ਇਨ੍ਹਾਂ ਦੇਸ਼ਾਂ ਨੂੰ ਲੱਗਦਾ ਸੀ ਕਿ ਉਹ ਪੈਸੇ ਨਾਲ ਕੁਦਰਤੀ ਆਫਤਾਂ ਦੀਆਂ ਕਰੋਪੀਆਂ ਤੋਂ ਆਪਣੇ ਦੇਸ਼ਾਂ ਅਤੇ ਲੋਕਾਂ ਨੂੰ ਬਚਾ ਲੈਣਗੇ, ਪਰ ਹੁਣ ਉਨ੍ਹਾਂ ਨੂੰ ਵੀ ਸਾਫ ਨਜ਼ਰ ਆਉਣ ਲੱਗ ਪਿਆ ਹੈ ਕਿ ਇਸ ਤੋਂ ਬਚਾਓ ਲਈ ਉਪਰਾਲੇ ਕਰਨੇ ਪੈਣਗੇ।

ਕੈਨੇਡਾ ਅਤੇ ਅਮਰੀਕਾ ਵਿਚ 'ਹੀਟ ਵੇਵ' ਆਉਣ ਉੱਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਨੇ ਇਸ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਬਚਾਓ ਦੇ ਉਪਰਾਲੇ ਕਰਨ ਲਈ ਕਿਹਾ ਹੈ। ਤਾਪਮਾਨ ਵਿਚ ਵਾਧਾ ਗਰੀਨਹਾਊਸ ਗੈਸਾਂ ਦੀ ਨਿਕਾਸੀ ਕਾਰਨ ਹੋ ਰਿਹਾ ਹੈ, ਜੋ ਕਿ ਮੁੱਖ ਤੌਰ ਉੱਤੇ ਕੋਲੇ ਅਤੇ ਤੇਲ ਨਾਲ ਊਰਜਾ ਪੈਦਾ ਕਰਨ ਨਾਲ ਹੁੰਦੀਆਂ ਹਨ। ਇਸ ਲਈ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਚਾਹੀਦਾ ਹੈ ਕਿ ਸਮਾਂ ਗੁਆਏ ਬਿਨਾ ਊਰਜਾ ਕੁਦਰਤੀ ਸਰੋਤਾਂ-ਹਵਾ, ਪਾਣੀ ਅਤੇ ਸੂਰਜੀ ਕਿਰਨਾਂ ਆਦਿ ਤੋਂ ਪੈਦਾ ਕੀਤੀ ਜਾਵੇ ਤਾਂ ਕਿ ਗਰੀਨਹਾਊਸ ਗੈਸਾਂ ਦੀ ਨਿਕਾਸੀ ਤੇਜ਼ੀ ਨਾਲ ਘਟ ਸਕੇ। ਜਨਤਕ ਆਵਾਜਾਈ ਪ੍ਰਣਾਲੀ ਨੂੰ ਯੂਰਪੀਅਨ ਦੇਸ਼ਾਂ ਵਾਂਗ ਚੁਸਤ-ਦਰੁਸਤ ਬਣਾਇਆ ਜਾਵੇ। ਨਵੇਂ ਨਵੇਂ ਬਰੈਂਡਾਂ ਦੀਆਂ ਕਾਰਾਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ (ਰੇਲ ਗੱਡੀਆਂ, ਟਰਾਮਾਂ ਅਤੇ ਬੱਸਾਂ) ਨੂੰ ਤਰਜੀਹ ਦੇਣੀ ਚਾਹੀਦੀ ਹੈ। ਜੰਗਲਾਂ ਦੇ ਰਕਬੇ ਵਿਚ ਤੇਜ਼ੀ ਨਾਲ ਵਾਧਾ ਕਰਨਾ ਚਾਹੀਦਾ ਹੈ। ਕਿਸੇ ਵੀ ਦੇਸ ਨੂੰ ਆਰਥਿਕ ਵਿਕਾਸ ਦੇ ਨਾਂ ਉੱਤੇ ਘਣੇ ਜੰਗਲਾਂ ਨੂੰ ਵੱਢ ਕੇ ਵਪਾਰਕ ਫਸਲਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਕ ਤਾਂ ਵਪਾਰਕ ਫਸਲਾਂ ਕਈ ਵਾਰ ਉਸ ਖੇਤਰ ਦੇ ਪੌਣਪਾਣੀ ਨਾਲ ਮੇਲ ਨਹੀਂ ਖਾਂਦੀਆਂ ਹੁੰਦੀਆਂ। ਦੂਜਾ ਉਹ ਉਨੀਆਂ ਗਰੀਨ ਗੈਸਾਂ ਸੋਖ ਵੀ ਨਹੀਂ ਸਕਦੀਆਂ, ਜਿੰਨੀਆਂ ਨੂੰ ਦਰਖਤ ਸੋਖਦੇ ਹਨ। ਜੰਗਲ ਜਾਂ ਦਰਖਤ ਲਾਉਣ ਵੇਲੇ ਵੀ ਉਸ ਖੇਤਰ ਦੇ ਸਥਾਨਕ ਦਰਖਤ ਹੀ ਲਾਉਣ ਚਾਹੀਦੇ ਹਨ, ਕਿਉਂਕਿ ਉਹ ਉਸ ਖੇਤਰ ਦੇ ਕੁਦਰਤੀ ਸਰੋਤਾਂ ਨੂੰ ਸਾਂਭਣ ਲਈ ਉਪਯੁਕਤ ਹੁੰਦੇ ਹਨ, ਨਾ ਕਿ ਕਿਸੇ ਵੀ ਤਰ੍ਹਾਂ ਦੀਆਂ ਵਪਾਰਕ ਗਿਣਤੀਆਂ-ਮਿਣਤੀਆਂ ਤਹਿਤ ਕੋਈ ਵੀ ਦਰਖਤ ਲਾ ਦਿੱਤਾ ਜਾਵੇ। ਕੈਲੀਫੋਰਨੀਆ ਸਟੇਟ ਵਿਚ ਸਫੈਦੇ ਦੇ ਦਰਖਤ ਥਾਂ ਥਾਂ ਉੱਤੇ ਲੱਗੇ ਹਨ, ਜੋ ਇਕ ਦਲਦਲੀ ਇਲਾਕੇ ਦੇ ਦਰਖਤ ਹਨ। ਸਫੈਦੇ ਦਾ ਦਰਖਤ ਇੱਥੋਂ ਦੇ ਸਥਾਨਕ ਦਰਖਤ ਓਕ ਨਾਲੋਂ ਵੱਧ ਪਾਣੀ ਧਰਤੀ ਵਿਚੋਂ ਸੋਖ ਕੇ ਕੈਲੀਫੋਰਨੀਆ ਦੇ ਸੋਕੇ ਨੂੰ ਹੋਰ ਵਧਾ ਰਿਹਾ ਹੈ।

ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਲਈ ਸਾਨੂੰ ਆਪਣੀਆਂ ਰਹਿਣ-ਸਹਿਣ ਅਤੇ ਖਾਣ-ਪੀਣ ਦੀਆਂ ਆਦਤਾਂ ਵੀ ਬਦਲਣੀਆਂ ਚਾਹੀਦੀਆਂ ਹਨ। ਮਾਸ ਖਾਣ ਲਈ ਅਸੀਂ ਜਿਹੜੇ ਪਸ਼ੂ ਪਾਲਦੇ ਹਾਂ, ਉਹ ਕਾਰਬਨ ਡਾਇਆਕਸਾਈਡ ਦੇ ਨਾਲ ਨਾਲ ਮਿਥੇਨ ਵਰਗੀਆਂ ਗਰੀਨਹਾਊਸ ਗੈਸਾਂ ਛੱਡ ਕੇ ਵਾਤਾਵਰਨ ਨੂੰ ਹੋਰ ਵਧੇਰੇ ਗਰਮ ਕਰ ਰਹੇ ਹਨ। ਅੱਜ ਕੱਲ੍ਹ ਲੋਕਾਂ ਵਿਚ ਪਾਲਤੂ ਜਾਨਵਰ (ਕੁੱਤੇ, ਬਿੱਲੀਆਂ) ਰੱਖਣ ਦਾ ਰੁਝਾਨ ਵੀ ਵਧ ਰਿਹਾ ਹੈ, ਜੋ ਕਿ ਇਕ ਗੈਰ-ਕੁਦਰਤੀ ਵਰਤਾਰਾ ਹੈ। ਇਹ ਪਾਲਤੂ ਜਾਨਵਰ ਕਾਰਬਨ ਡਾਇਆਕਸਾਈਡ ਅਤੇ ਮਿਥੇਨ ਗੈਸਾਂ ਛੱਡਣ ਦੇ ਨਾਲ ਕੁਦਰਤੀ ਖਾਧ-ਪ੍ਰਣਾਲੀ ਅਤੇ ਵਾਤਾਵਰਣਿਕ ਪ੍ਰਬੰਧਨ ਨੂੰ ਵੀ ਅਸੰਤੁਲਿਤ ਕਰ ਰਹੇ ਹਨ। 'ਹੀਟ ਵੇਵਜ਼' ਦੀ ਮਾਰ ਤੋਂ ਬਚਣ ਲਈ ਸਾਨੂੰ ਘਰ ਅਤੇ ਕੰਮਕਾਰ ਵਾਲੀਆਂ ਇਮਾਰਤਾਂ ਇਹੋ ਜਿਹੀਆਂ ਬਣਾਉਣੀਆਂ ਚਾਹੀਦੀਆਂ ਹਨ ਕਿ ਉਨ੍ਹਾਂ ਨੂੰ ਠੰਡਾ ਅਤੇ ਗਰਮ ਰੱਖਣ ਲਈ ਘੱਟ ਤੋਂ ਘੱਟ ਊਰਜਾ ਦੀ ਲੋੜ ਪਵੇ। ਨਵੀਆਂ ਬਣੀਆਂ ਵੱਡੀਆਂ ਵੱਡੀਆਂ ਇਮਾਰਤਾਂ, ਜਿਨ੍ਹਾਂ ਦੀਆਂ ਬਾਹਰਲੀਆਂ ਦੀਵਾਰਾਂ ਕੱਚ ਦੀਆਂ ਬਣੀਆਂ ਹਨ ਉਨ੍ਹਾਂ ਨੂੰ ਗਰਮ ਅਤੇ ਠੰਡਾ ਰੱਖਣ ਲਈ ਏਅਰਕੰਡੀਸ਼ਨ ਅਤੇ ਗਰਮ ਹਵਾ ਦੀ ਲੋੜ ਪੈਂਦੀ ਹੈ, ਜੋ ਤਾਪਮਾਨ ਨੂੰ ਵਧਾਉਣ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ।

ਕੈਨੇਡਾ ਅਤੇ ਅਮਰੀਕਾ ਵਿਚ ਆਈ ਇਸ 'ਹੀਟ ਵੇਵ' ਅਤੇ ਇਸ 'ਹੀਟ ਵੇਵ' ਨਾਲ ਅਚਾਨਕ ਹੋਈਆਂ ਮੌਤਾਂ, ਜਿਨ੍ਹਾਂ ਵਿਚ ਜ਼ਿਆਦਾ ਬਜ਼ੁਰਗ ਸਨ, ਤੋਂ ਸਾਰੇ ਦੇਸ਼ਾਂ ਦੇ ਨੇਤਾਵਾਂ ਅਤੇ ਨਵੀਂ ਪੀੜ੍ਹੀ ਦੇ ਨੌਜੁਆਨਾਂ ਨੂੰ ਸੇਧ ਲੈਣ ਦੀ ਲੋੜ ਹੈ। ਸਾਰੇ ਦੇਸ਼ਾਂ ਦੇ ਨੇਤਾਵਾਂ ਨੂੰ ਚਾਹੀਦਾ ਹੈ ਕਿ ਗਲਾਸਗੋ ਵਿਚ ਪਾਰਟੀਜ਼ ਆਫ ਕਾਨਫਰੰਸ-26 ਵਿਚ ਗਰੀਨਹਾਊਸ ਗੈਸਾਂ ਦੀ ਕਟੌਤੀ ਲਈ ਇਹੋ ਜਿਹੀਆਂ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਇੰਨੀ ਸੰਜੀਦਗੀ ਨਾਲ ਲਾਗੂ ਕਰਨ ਤਾਂ ਕਿ ਸੱਚਮੁੱਚ ਹੀ ਵਧਦੇ ਤਾਪਮਾਨ ਉੱਤੇ ਕਾਬੂ ਪਾਇਆ ਜਾ ਸਕੇ। ਪਿਛਲੇ ਸਾਲਾਂ ਵਿਚ ਹੋਈਆਂ ਕਾਨਫਰੰਸਾਂ ਵਾਂਗ ਗੱਲੀਂ-ਬਾਤੀਂ ਸਾਰ ਕੇ ਲੋਕਾਂ ਨੂੰ ਮੌਤ ਦੇ ਮੂੰਹ ਨਾ ਧੱਕਣ। ਨੌਜੁਆਨਾਂ ਨੂੰ ਵੀ ਚਾਹੀਦਾ ਹੈ ਕਿ ਪੈਸੇ ਦੀ ਅੰਨ੍ਹੀ ਦੌੜ ਅਤੇ ਨਿੱਜੀ ਸੁਆਰਥ ਤੋਂ ਥੋੜ੍ਹਾ ਉੱਪਰ ਉੱਠ ਕੇ ਬੁੱਢੇ ਮਾਂ-ਬਾਪ ਨੂੰ ਕੁਦਰਤ ਦੇ ਰਹਿਮੋ-ਕਰਮ ਉੱਤੇ ਨਾ ਛੱਡਣ।

---

***ਪ੍ਰੋਫੈਸਰ, ਜਿਓਗਰਾਫੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਵਿਸ਼ਵ ਪੱਧਰ 'ਤੇ ਕੋਵਿਡ-19 ਦੇ ਵੈਕਸੀਨਾਂ ਤੱਕ ਪਹੁੰਚ ਵਿਚ ਨਾ-ਬਰਾਬਰੀ

*(ਪਿਛਲੇ ਸਫੇ ਦੀ ਬਾਕੀ)*

ਵੈਕਸੀਨਾਂ ਦੀ ਸਪਲਾਈ ਦੇ ਵੱਡੇ ਸੰਕਟ ਨੂੰ ਹੱਲ ਨਹੀਂ ਕਰ ਸਕੇਗਾ। ਵੈਕਸੀਨਾਂ ਦਾ ਉਤਪਾਦਨ ਵਧਾਉਣ ਲਈ ਜੀ-7 ਦੇਸ਼ਾਂ ਨੂੰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਅਜਾਰੇਦਾਰੀ ਖਤਮ ਕਰਨੀ ਚਾਹੀਦੀ ਹੈ ਅਤੇ ਇਹ ਜ਼ੋਰ ਪਾਉਣਾ ਚਾਹੀਦਾ ਹੈ ਕਿ ਵੈਕਸੀਨਾਂ ਬਾਰੇ ਵਿਗਿਆਨ ਤੇ ਗਿਆਨ ਦੁਨੀਆਂ ਭਰ ਦੇ ਯੋਗ ਉਤਪਾਦਕਾਂ ਨਾਲ ਸਾਂਝਾ ਕੀਤਾ ਜਾਵੇ।...ਵਿਕਾਸਸ਼ੀਲ ਮੁਲਕਾਂ ਦੇ ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਕਦੇ ਵੀ ਅਮੀਰ ਮੁਲਕਾਂ ਅਤੇ ਦਵਾਈਆਂ ਬਣਾਉਣ ਵਾਲੀਆਂ ਮੁਨਾਫੇ ਦੀਆਂ ਭੁੱਖੀਆਂ ਕਾਰਪੋਰੇਸ਼ਨਾਂ ਦੀ ਸਦਭਾਵਨਾ 'ਤੇ ਨਿਰਭਰ ਨਹੀਂ ਹੋਣੀਆਂ ਚਾਹੀਦੀਆਂ।"

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਅਮੀਰ ਦੇਸ਼ਾਂ ਵਲੋਂ ਵੈਕਸੀਨਾਂ ਦੀ ਜਮ੍ਹਾਂਖੋਰੀ ਅਤੇ ਕੁਝ ਕੁ ਕਾਰਪੋਰੇਸ਼ਨਾਂ ਦੀ ਅਜਾਰੇਦਾਰੀ ਅਧੀਨ ਕੋਵਿਡ-19 ਦੇ ਵੈਕਸੀਨਾਂ ਦਾ ਉਤਪਾਦਨ ਦੁਨੀਆਂ ਭਰ ਵਿਚ ਵੈਕਸੀਨਾਂ ਤੱਕ ਨਾ-ਬਰਾਬਰ ਪਹੁੰਚ ਦਾ ਕਾਰਨ ਹੈ। ਵੈਕਸੀਨਾਂ ਤੱਕ ਇਹ ਨਾ-ਬਰਾਬਰ ਪਹੁੰਚ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਦਾ ਕਾਰਨ ਜਾਂ ਉਨ੍ਹਾਂ ਦੀ ਸਿਹਤ ਲਈ ਵੱਡਾ ਖਤਰਾ ਬਣ ਸਕਦੀ ਹੈ। ਅਮੀਰ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਆਪਣੀਆਂ ਆਬਾਦੀਆਂ ਦੀਆਂ ਲੋੜਾਂ ਤੋਂ 2-3 ਗੁਣਾਂ ਵੱਧ ਗਿਣਤੀ ਵਿਚ ਵੈਕਸੀਨਾਂ ਦੀ ਜਮ੍ਹਾਂਖੋਰੀ ਇਹ ਦਰਸਾਉਂਦੀ ਹੈ ਕਿ ਗਰੀਬ ਅਤੇ ਵਿਕਾਸਸ਼ੀਲ ਲੋਕਾਂ ਦੀਆਂ ਜ਼ਿੰਦਗੀਆਂ ਦੀ ਕੀਮਤ ਦੇ ਮੁਕਾਬਲੇ ਅਮੀਰ ਦੇਸ਼ਾਂ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀ ਕੀਮਤ ਵੱਧ ਹੈ। ਇਸ ਲਈ ਵਿਸ਼ਵ ਪੱਧਰ 'ਤੇ ਸਮਾਜਕ ਨਿਆਂ ਅਤੇ ਬਰਾਬਰੀ ਦੇ ਚਾਹਵਾਨ ਲੋਕ ਇਹ ਮੰਗ ਕਰ ਰਹੇ ਹਨ ਕਿ ਇਨਸਾਨਾਂ ਦੀਆਂ ਜ਼ਿੰਦਗੀਆਂ ਦਾ ਵੱਖ-ਵੱਖ ਮੁੱਲ ਪਾਉਣ ਵਾਲਾ ਅਜੋਕਾ ਵੈਕਸੀਨ ਉਤਪਾਦਨ ਪ੍ਰਬੰਧ ਕਾਇਮ ਰਹਿਣ ਦਾ ਹੱਕਦਾਰ ਨਹੀਂ ਹੈ। ਸਾਨੂੰ ਸਾਰਿਆਂ ਨੂੰ ਵੀ ਇਸ ਮੰਗ 'ਚ ਉਠਾਈ ਉਨ੍ਹਾਂ ਦੀ ਆਵਾਜ਼ 'ਚ ਆਪਣੀ ਆਵਾਜ਼ ਸ਼ਾਮਲ ਕਰਨੀ ਚਾਹੀਦੀ ਹੈ।

# ਧਾਰਮਿਕ ਮਖੌਟੇ ਅਤੇ ਸ਼ੈਤਾਨ ਦੀ ਗਾਥਾ 'ਕੁਫਰ'

ਕਲਾ ਪਰਿਕਰਮਾ

ਨਾਵਲ 'ਕੁਫਰ' (ਲੇਖਕ: ਤਹਿਮੀਨਾ ਦੁਰਾਨੀ; ਅਨੁਵਾਦ: ਰਾਬਿੰਦਰ ਸਿੰਘ ਬਾਠ) ਖਤਮ ਕਰਕੇ ਮੈਂ ਕੁਝ ਸਮਾਂ ਸੁੰਨ ਹੋਇਆ ਬੈਠਾ ਰਿਹਾ। ਇਹ ਮੇਰੇ ਜ਼ਿਹਨ ਵਿਚ ਇਹ ਸਵਾਲ ਜਵਾਰਭਾਟੇ ਵਾਂਗ ਖੌਰੂ ਪਾਉਂਦਾ ਰਿਹਾ- 'ਕੀ ਇਹ ਜੋ ਕੁਝ ਨਾਵਲੀ ਬਿਰਤਾਂਤ ਵਿਚ ਵਾਪਰਿਆ ਹੈ- ਸੰਭਵ ਹੈ?' ਪਰ ਜਿਸ ਤਰ੍ਹਾਂ ਤਹਿਮੀਨਾ ਦੁਰਾਨੀ ਨੇ ਸਹਿਜ ਢੰਗ ਨਾਲ ਅਤੇ ਜਿਸ ਜੁਅਰਤ ਨਾਲ ਪੰਦਰਾਂ ਕੁ ਸਾਲਾਂ ਦੀ ਖੂਬਸੂਰਤ ਕੁੜੀ ਹੀਰ ਦੀ ਕਹਾਣੀ ਬਿਆਨ ਕੀਤੀ ਹੈ, ਪਾਠਕ ਉਸ ਦੇ ਦੁਖਾਂਤ ਵਿਚ ਗ੍ਰਸਦਾ ਪੜ੍ਹਦਾ ਜਾਂਦਾ ਹੈ।

ਇਹ ਇਸਲਾਮੀ ਭਾਈਚਾਰੇ ਦੀ ਕਹਾਣੀ ਹੈ। ਸ਼ਕਤੀਸ਼ਾਲੀ ਦਰਗਾਹਾਂ ਦੇ ਮੌਲਾਣੇ ਅਤੇ ਪੀਰ ਕਿਸ ਤਰ੍ਹਾਂ ਦੇ ਘਿਨਾਉਣੇ ਕੁਕਰਮ ਕਰਕੇ ਇਨ੍ਹਾਂ ਦਰਗਾਹਾਂ ਦੀ ਦੁਰਵਰਤੋਂ ਕਰਦੇ ਹਨ, 'ਕੁਫਰ' ਨਾਵਲ ਪੜ੍ਹ ਕੇ ਹੀ ਪਤਾ ਲੱਗਦਾ ਹੈ। ਅਜਿਹੇ ਵਿਸ਼ੇ ਨੂੰ ਹੱਥ ਪਾ, ਜਿਹੜਾ ਇਨ੍ਹਾਂ



ਬਲਦੇਵ ਸਿੰਘ
ਫੋਨ: +91-98147-8306


ਦਰਗਾਹਾਂ ਉਪਰ ਸਿੱਧੀ ਸੱਟ ਮਾਰਦਾ ਹੈ, ਲੇਖਕਾ ਨੇ ਬਹੁਤ ਵੱਡਾ ਸਾਹਸ ਕੀਤਾ ਹੈ। ਅਜਿਹੇ ਸਨਸਨੀਖੇਜ਼ ਪ੍ਰਗਟਾਵੇ ਹਨ ਜੋ ਪੜ੍ਹਦਿਆਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

ਨਾਵਲ ਦੀ ਕਾਂਡ ਵੰਡ ਹੀ ਦੇਖਣ ਵਾਲੀ ਹੈ- ਨਿਜਾਤ, ਜਹੰਨਮ, ਘੁੰਮਣਘੇਰੀ, ਕਾਤਲ ਲਹਿਰਾਂ, ਅੱਲ੍ਹਾ ਦੇ ਨਾਂ 'ਤੇ, ਪਰਦਾਫਾਸ਼, ਤਿੜਕਦੀ ਮਿੱਥ...।

ਨਾਵਲ ਦੀ ਕਥਾ ਭਾਵੇਂ ਦਰਗਾਹ ਦੇ ਸਾਈਂ ਪੀਰ ਦੇ ਮਰਨ ਤੋਂ ਆਰੰਭ ਹੁੰਦੀ ਹੈ ਪਰ ਅਗਲੇ ਕਾਂਡਾਂ ਵਿਚ ਪਿਛਲਝਾਤ ਰਾਹੀਂ ਨਾਵਲ ਦੀ ਨਾਇਕਾ ਹੀਰ ਆਪਣੇ ਅਤੀਤ ਵਿਚ ਉਤਰਦੀ ਹੈ, ਜਦੋਂ ਉਹ ਸਕੂਲ ਦੀ ਵਿਦਿਆਰਥਣ ਸੀ, ਸਿਰਫ 15 ਸਾਲਾਂ ਦੀ ਉਮਰ। ਉਸ ਦੀ ਸਹੇਲੀ ਦਾ ਇਕ ਭਰਾ ਰਾਂਝਾ ਉਸ ਦੀ ਖੂਬਸੂਰਤੀ ਉਪਰ ਫਿਦਾ ਹੈ ਤੇ ਵਿਆਹ ਕਰਵਾਉਣ ਦਾ ਇੱਛੁਕ ਹੈ। ਹੀਰ ਸੁਪਨੇ ਬੁਣਨ ਲੱਗੀ। ਮਾਂ ਦਰਗਾਹ ਦੇ ਪੀਰ ਸਾਈਂ ਦੀ ਸ਼ਰਧਾਲੂ। ਇਕ ਵਾਰ ਦਰਗਾਹ 'ਤੇ ਆਪਣੀਆਂ ਤਿੰਨੋਂ ਧੀਆਂ ਨੂੰ ਲੈ ਕੇ ਜਾਂਦੀ ਹੈ ਤਾਂ ਪੀਰ ਸਾਈਂ ਦੀ ਨਿਗਾਹ ਹੀਰ ਉਪਰ ਪੈਂਦੀ ਹੈ। ਇਨਾ ਹੀ ਬਹੁਤ ਸੀ, ਸੁਨੇਹਾ ਭੇਜਿਆ ਜਾਂਦਾ ਹੈ, ਪੀਰ ਸਾਈਂ ਹੀਰ ਨਾਲ ਨਿਕਾਹ ਕਰਨਾ ਚਾਹੁੰਦਾ ਹੈ। ਉਮਰ ਵਿਚ 18-20 ਸਾਲ ਵੱਡਾ। ਪਹਿਲਾਂ ਦੋ ਬੀਵੀਆਂ ਦੀ ਮੌਤ ਹੋ ਚੁੱਕੀ ਹੈ। ਇਲਾਕੇ ਵਿਚ ਸਾਈਂ ਪੀਰ ਦਾ ਪ੍ਰਭਾਵ ਹੀ ਅਜਿਹਾ ਹੈ, ਉਸ ਨੂੰ ਨਾਂਹ ਕਰਨੀ, ਅੱਲ੍ਹਾ ਨੂੰ ਨਾਂਹ ਕਰਨ ਦੇ ਤੁੱਲ ਹੈ। ਸਾਰੇ ਸੁਪਨਿਆਂ ਦੀ ਸੰਘੀ ਘੁੱਟ ਕੇ ਹੀਰ, ਪੀਰ ਸਾਈਂ ਨਾਲ ਵਿਆਹ ਦਿੱਤੀ ਜਾਂਦੀ ਹੈ ਤੇ ਇਲਾਕੇ ਦੀ ਅੰਮਾ ਸਾਈਂ ਬਣ ਜਾਂਦੀ ਹੈ। ਬਿਰਧ ਔਰਤਾਂ ਵੀ ਉਸ ਦੇ ਪੈਰ ਛੂੰਹਦੀਆਂ ਹਨ। ਸਾਈਂ ਪੀਰ ਆਮ ਲੋਕਾਂ ਲਈ ਅੱਲ੍ਹਾ ਦਾ ਭੇਜਿਆ ਫਰਿਸ਼ਤਾ ਹੈ ਪਰ ਦਰਗਾਹ ਤੋਂ ਪਰ੍ਹੇ ਹੁੰਦਿਆਂ ਹਵੇਲੀ ਅੰਦਰ ਵੜਦਿਆਂ ਹੀ ਉਹ ਕਾਮੀ, ਜ਼ਾਲਮ ਅਤੇ ਪਸ਼ੂ ਬਿਰਤੀ ਵਾਲਾ ਦਰਿੰਦਾ ਬਣ ਜਾਂਦਾ ਹੈ ਜਿਸ ਨੂੰ 15 ਸਾਲਾਂ ਦੀ ਬਾਲੜੀ ਹਰ ਰਾਤ ਬਰਦਾਸ਼ਤ ਕਰਦੀ ਹੈ:

'ਮੈਂ ਹਨੇਰੇ ਅਤੇ ਮੌਤ ਵਰਗੇ ਸਰਦ ਕਮਰੇ ਵਿਚ ਚਾਰੇ ਪਾਸੇ ਦੇਖਿਆ ਅਤੇ ਗੌਰ ਕੀਤਾ ਕਿ ਪਲੰਘ ਕਿਸੇ ਵੱਡੀ ਕਬਰ ਵਾਂਗ ਲੱਗ ਰਿਹਾ ਸੀ। ਸਿਰ ਵਾਲੇ ਪਾਸੇ ਦਾ ਤਖਤਾ ਮਕਬਰੇ ਦੇ ਪੱਥਰ ਵਾਂਗ ਉਚਾ ਸੀ।'


ਹੀਰ ਸੋਚਦੀ ਹੈ, ਪਿਆਰ ਦਾ ਤਸੱਵੁਰ ਕਿੰਨਾ ਗਲਤ ਸੀ। ਉਸ ਨੂੰ ਚਾਰਦੀਵਾਰੀ ਅੰਦਰ ਰਹਿਣ ਦਾ ਹੁਕਮ ਹੈ। ਸਾਈਂ ਪੀਰ ਦੀ ਮਰਜ਼ੀ ਵਿਰੁੱਧ ਕੁਝ ਆਖਣਾ ਅੱਲ੍ਹਾ ਨੂੰ ਨਾਂਹ ਕਰਨ ਬਰਾਬਰ ਸੀ। ਆਪਣੀ ਮਰਜ਼ੀ ਨਾਲ ਹੀਰ ਨੇ ਜੋ ਚੂੜੀਆਂ ਚੜ੍ਹਾ ਲਈਆਂ ਤਾਂ ਉਨ੍ਹਾਂ ਨੂੰ ਵੀਣੀਆਂ ਵਿਚ ਹੀ ਭੰਨ ਦਿੱਤਾ ਗਿਆ। ਹੀਰ ਦੇਖਦੀ ਹੈ,




ਨਾਵਲ 'ਕੁਫਰ' ਦਾ ਮੁਖੜਾ।



ਨਾਵਲ 'ਕੁਫਰ' ਦੀ ਲੇਖਕ ਤਹਿਮੀਨਾ ਦੁਰਾਨੀ




ਤਹਿਮੀਨਾ ਦੁਰਾਨੀ ਦੇ ਇਕ ਬਹੁ-ਚਰਚਿਤ ਨਾਲ 'ਮਾਈ ਫਿਊਡਲ ਲਾਰਡ' ਦਾ ਮੁਖੜਾ।

ਨੌਕਰਾਣੀਆਂ ਖੁੱਲ੍ਹਾਂ ਮਾਣ ਰਹੀਆਂ ਹਨ ਤੇ ਉਹ ਹਰ ਸਮੇਂ ਬੰਦਿਸ਼ਾਂ ਵਿਚ ਘਿਰੀ ਹੋਈ ਹੈ। ਕਿਸੇ ਵੀ ਤਰ੍ਹਾਂ ਦੀ ਗਲਤੀ ਕੋੜਿਆਂ ਜਾਂ ਨੂੜਿਆਂ ਦੀ ਸਜ਼ਾ। ਬਾਲੜੀ ਹੀਰ ਹੈਰਾਨ ਹੁੰਦੀ ਹੈ, ਉਹ ਅਮੀਰ ਹੋ ਕੇ ਵੀ ਗਰੀਬ ਹੈ ਤੇ ਗਰੀਬ ਨੌਕਰਾਣੀਆਂ ਉਸ ਨਾਲੋਂ ਮਾਲਦਾਰ ਹਨ। ਹੀਰ ਨਾ ਆਪਣੀ ਮਾਂ ਨੂੰ ਮਿਲ ਸਕਦੀ ਹੈ, ਨਾ ਭੈਣਾਂ ਨੂੰ ਤੇ ਨਾ ਭਰਾ ਨੂੰ। ਉਸ ਨੂੰ ਇਕੋ ਹੁਕਮ ਸੀ, ਆਪਣੇ ਸ਼ੌਹਰ ਪੀਰ ਸਾਈਂ ਦੀਆਂ ਜ਼ਰੂਰਤਾਂ ਕਿਸੇ ਪੇਸ਼ੇਵਰ ਤਵਾਇਫ ਵਾਂਗ ਪੂਰੀਆਂ ਕਰੇ।

ਇਸੇ ਤਰ੍ਹਾਂ ਹੀ ਹੀਰ ਤਿੰਨ ਧੀਆਂ ਅਤੇ ਦੋ ਪੁੱਤਰਾਂ ਦੀ ਮਾਂ ਬਣ ਜਾਂਦੀ ਹੈ ਪਰ ਪੀਰ ਸਾਈਂ ਦਾ ਡਰ ਏਨਾ ਭਾਰੂ ਹੈ, ਉਹ ਘਰ ਵਿਚ ਖੁੱਲ੍ਹ ਕੇ ਸਾਹ ਵੀ ਨਹੀਂ ਲੈ ਸਕਦੀ। ਪੀਰ ਸਾਈਂ ਏਨਾ ਜ਼ਾਲਮ ਸੀ, ਉਹ ਆਪਣੇ ਵੱਡੇ ਪੁੱਤਰ ਦੀ ਕੋਈ ਗਲਤੀ ਵੀ ਨਹੀਂ ਸੀ ਮੁਆਫ ਕਰ ਸਕਦਾ। ਆਪ ਉਹ ਛੋਟੀਆਂ ਬੱਚੀਆਂ ਦਾ, ਨੌਕਰਾਣੀਆਂ ਦੀਆਂ ਬੱਚੀਆਂ ਦਾ ਸੋਸ਼ਣ ਕਰਦਾ ਸੀ ਤੇ ਉਸ ਦਾ ਜ਼ੁਲਮ ਨਾ ਸਹਾਰਦੀਆਂ ਕਈ ਬੱਚੀਆਂ ਬਿਸਤਰੇ 'ਚ ਹੀ ਮਰ ਜਾਂਦੀਆਂ। ਇਸ ਦੀ ਸਜ਼ਾ ਵੀ ਹੀਰ ਨੂੰ ਮਿਲਦੀ। ਇਕ ਵਾਰ ਸਾਈਂ ਪੀਰ ਨੇ ਆਪਣੇ ਪੁੱਤਰ ਨੂੰ ਕੋੜਿਆਂ ਨਾਲ ਏਨਾ ਮਾਰਿਆ, ਉਹ ਕੁਝ ਦਿਨ ਹਸਪਤਾਲ ਰਹਿ ਕੇ ਮਰ ਗਿਆ। ਪੀਰ ਸਾਈਂ ਏਨਾ ਹਵਸੀ ਸੀ ਕਿ ਇਕ ਵਾਰ ਹੀਰ ਦੇ ਸਾਹਮਣੇ ਉਸ ਨੇ ਆਪਣੀ ਵੱਡੀ ਧੀ ਨਾਲ ਅਸ਼ਲੀਲ ਹਰਕਤਾਂ ਕੀਤੀਆਂ।

ਤਹਿਮੀਨਾ ਦੁਰਾਨੀ ਨੇ ਹਰ ਉਹ ਘਟਨਾ ਬਿਆਨ ਕੀਤੀ ਹੈ ਜਿਸ ਨੂੰ ਪੜ੍ਹਦਿਆਂ ਯਕੀਨ ਨਹੀਂ ਆਉਂਦਾ ਕਿ ਇੰਨੀ ਵੱਡੀ ਮਾਨਤਾ ਵਾਲੀ ਦਰਗਾਹ ਦਾ ਪੀਰ ਸਾਈਂ ਏਨੀਆਂ ਕਮੀਨੀਆਂ ਹਰਕਤਾਂ ਕਰ ਸਕਦਾ ਹੈ। ਉਹ ਅਸ਼ਲੀਲ ਫਿਲਮਾਂ ਦੇਖਦਾ ਵੀ ਹੈ ਤੇ ਆਪਣੀ ਬੀਵੀ ਹੀਰ ਦੀਆਂ ਪਰਾਏ ਮਰਦਾਂ ਨਾਲ ਫਿਲਮਾਂ ਬਣਾਉਂਦਾ ਵੀ ਹੈ।

ਆਖਰ ਇਹੋ ਜਿਹੇ ਘਿਨਾਉਣੇ ਜੀਵਨ ਤੋਂ ਛੁਟਕਾਰਾ ਪਾਉਣ ਲਈ ਹੀਰ ਪੀਰ ਸਾਈਂ ਨੂੰ ਮਾਰਨ ਬਾਰੇ ਸੋਚਦੀ ਹੈ। ਕਿੰਗ ਬਰੂਸ ਵਾਂਗ ਉਹ ਵੀ ਮੱਕੜੀ ਤੋਂ ਪ੍ਰੇਰਨਾ ਲੈਂਦੀ ਹੈ ਜੋ ਧੱਕਾ ਕਰ ਰਹੇ ਮੱਕੜੇ ਨੂੰ ਮਾਰਦੀ ਹੈ। ਪੀਰ ਸਾਈਂ ਦੀ ਮੌਤ ਤੋਂ ਬਾਅਦ ਉਹ ਦਰਗਾਹ ਦੇ ਰੂਹਾਨੀ ਪ੍ਰਭਾਵ ਨੂੰ ਖਤਮ ਕਰਨ ਲਈ ਤੇ ਉਸ ਨੂੰ ਬਦਨਾਮ ਕਰਨ ਲਈ ਆਪਣੇ ਆਪ ਨੂੰ ਹੀ ਦਾਅ 'ਤੇ ਲਾਉਂਦੀ ਹੈ।

ਤਹਿਮੀਨਾ ਦੁਰਾਨੀ ਦਾ ਇਹ ਹੱਲ ਮੈਨੂੰ ਜਚਿਆ ਨਹੀਂ। ਇਸ ਨਾਲ ਉਸ ਉਪਰ ਹੀ ਜ਼ੁਲਮ ਹੁੰਦਾ ਹੈ ਤੇ ਮਰਦਾਂ ਦੀ ਧੌਂਸ ਬਰਕਰਾਰ ਹੈ। ਸਹੀ ਹੈ ਕਿ ਇਹ ਵੇਲੇ ਦਾ ਯਥਾਰਥ ਹੈ। ਇੱਥੇ ਲੇਖਕ ਦਾ ਵੀ ਫਰਜ਼ ਹੈ, ਉਹ ਇਸ ਮਿੱਥ ਨੂੰ ਤੋੜੇ। ਉਂਜ ਇਹ ਨਾਵਲ ਅਜਿਹੀਆਂ ਦਰਗਾਹਾਂ ਉਪਰ ਹੁੰਦੇ ਕੁਕਰਮਾਂ ਦਾ ਪਰਦਾਫਾਸ਼ ਕਰਦਾ ਹੈ। ਲੇਖਕ ਨੇ ਵਰਜਿਤ ਖੇਤਰ ਵਿਚ ਪ੍ਰਵੇਸ਼ ਕਰਨ ਦੀ ਜੁਰਅਤ ਕੀਤੀ ਹੈ। ਉਸ ਦੀ ਬੇਬਾਕੀ ਨੂੰ ਸਲਾਮ।

ਘਟਨਾਵਾਂ ਇੰਨੀਆਂ ਸਨਸਨੀਖੇਜ਼ ਹਨ, ਪਾਠਕ ਨੂੰ ਝਟਕੇ 'ਤੇ ਝਟਕਾ ਲਗਦਾ ਹੈ। ਕਈ ਵਾਰ ਤਾਂ ਪਾਠਕ ਮੱਥਾ ਫੜ ਕੇ ਬੈਠ ਜਾਂਦਾ ਹੈ। ਰਾਬਿੰਦਰ ਸਿੰਘ ਬਾਠ ਨੇ ਅਨੁਵਾਦ ਬੜੀ ਮਿਹਨਤ ਨਾਲ ਕੀਤਾ ਹੈ। ਇਸਲਾਮ ਦੇ ਦਰਗਾਹੀ ਕਲਚਰ ਨੂੰ ਜਾਣਨ ਲਈ ਪਾਠਕਾਂ ਨੂੰ ਇਹ ਨਾਵਲ ਜ਼ਰੂਰ ਪੜ੍ਹਨਾ ਚਾਹੀਦਾ ਹੈ।

ਤਹਿਮੀਨਾ ਦਾ ਜਨਮ 18 ਫਰਵਰੀ 1953 ਨੂੰ ਹੋਇਆ। ਉਸ ਦੀ ਪਹਿਲੀ ਕਿਤਾਬ 'ਮਾਈ ਫਿਊਡਲ ਲਾਰਡ' 1991 ਵਿਚ ਛਪੀ ਸੀ ਜਿਸ ਨੇ ਪਾਕਿਸਤਾਨੀ ਸਮਾਜ ਵਿਚ ਵੱਡਾ ਧਮਾਕਾ ਕੀਤਾ। ਇਸ ਤੋਂ ਇਲਾਵਾ ਉਸ ਨੇ 'ਏ ਮਿਰਰ ਟੂ ਦਿ ਬਲਾਈਂਡ' (1996), 'ਬਲਾਸਫੇਮੀ' (1998 ਜਿਸ ਦਾ ਪੰਜਾਬੀ ਅਨੁਵਾਦ 'ਕੁਫਰ' ਹੈ) ਅਤੇ 'ਹੈਪੀ ਥਿੰਗਜ਼ ਇਨ ਸੌਰੋਅ ਟਾਈਮਜ਼' ਕਿਤਾਬਾਂ ਛਪਵਾਈਆਂ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜੁਲਾਈ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-490



*ਸਾਨੂੰ ਲੱਖ ਨਹੀਂ ਚਾਹੀਦਾ, ਤੂੰ ਆਨਾ ਮੋੜ ਦੇਹ।
ਪਹਿਲਾਂ ਵਾਲਾ ਰੱਬਾ ਤੂੰ ਜ਼ਮਾਨਾ ਮੋੜ ਦੇਹ।
ਜੋੜ ਬਲਦਾਂ ਨੂੰ ਗੱਡੇ ਜਾਈਏ ਸੱਜ ਕੇ ਲਾਹੌਰ,
ਬਾਬੇ ਨਾਨਕ ਦਾ ਪਿੰਡ ਨਨਕਾਣਾ ਮੋੜ ਦੇਹ।*

### ਕੈਪਸ਼ਨ ਮੁਕਾਬਲਾ-488



ਰੱਬ ਵੀ ਓਹੀ, ਅੱਲ੍ਹਾ ਵੀ ਓਹੀ
ਰਾਮ ਵੀ ਓਹੀ, ਵਾਹਿਗੁਰੂ ਵੀ ਓਹੀ
ਕੁਦਰਤ ਦਾ ਕਰਤਾ ਰਹੀਮ ਵੀ ਓਹੀ
ਵੱਖੋ ਵੱਖਰੇ ਧਰਮਾਂ ਦਾ ਰਸਤਾ ਵੀ ਓਹੀ
ਉਹਦੇ ਕੋਲ ਪੁੱਜਣ ਦਾ ਰਸਤਾ ਵੀ ਓਹੀ
ਦੂਰੋਂ ਨੇੜਿਓਂ ਦੇਖੋ ਤਾਂ ਲਗਦਾ ਵੀ ਓਹੀ
ਸੱਚੇ ਦਿਲੋਂ ਧਿਆਓ ਤਾਂ ਹੈਗਾ ਵੀ ਓਹੀ
ਫਿਰ ਨਾਂਵਾਂ ਦੇ ਨਾਂ 'ਤੇ ਝੇੜੇ ਕਿਉਂ ਹੋਈ?
*-ਕਲਵੰਤ ਸਿੰਘ ਸਹੋਤਾ
ਫੋਨ: 604-589-5919*
---
ਬੜੇ ਚਿਰਾਂ ਤੋਂ ਸ਼ੈਤਾਨ ਤਾਂ
ਸਾਨੂੰ ਰਹੇ ਪਾੜਦੇ,
ਕਦੇ ਧਰਮ ਦੇ ਨਾਂ 'ਤੇ
ਕਦੇ ਜਾਤ ਦੇ ਨਾਂ 'ਤੇ।
ਕਦੇ ਬੋਲੀ ਦੇ ਨਾਂ 'ਤੇ
ਕਦੇ ਪ੍ਰਾਂਤ ਦੇ ਨਾਂ 'ਤੇ।
ਪਰ ਗੱਲ ਸੱਚੀ ਹੁਣ
ਸਾਡੇ ਖਾਨੇ ਪੈ ਗਈ,
ਸਾਡੀ ਤਾਂ ਇਬਾਦਤ ਵੀ
ਹੁਣ ਇੱਕੋ ਥਾਂ 'ਤੇ।
*-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222*
---
ਲੰਬੇ ਸਮੇਂ ਤੋਂ ਧਰਮ ਦੇ ਨਾਂ 'ਤੇ
ਲੀਡਰ ਵੰਡੀਆਂ ਪਾਉਂਦੇ ਰਹੇ।
ਥਾਂ ਥਾਂ 'ਤੇ ਦੰਗੇ ਕਰਵਾ ਕੇ
ਕੁਰਸੀ ਦੀ ਉਮਰ ਵਧਾਉਂਦੇ ਰਹੇ।
ਮਾਰਾਂ ਧਾੜਾਂ ਦੇ ਵਿਚੋਂ ਲੰਘਦਿਆਂ
ਲੋਕਾਂ ਨੂੰ ਗੱਲ ਸਮਝ 'ਚ ਆਈ।
ਹੁਣ ਨਹੀਂ ਲੜਨਾ, ਰਲ ਕੇ ਰਹਿਣਾ,
ਬਣ ਕੇ ਰਹਾਂਗੇ ਧਰਮ ਦੇ ਭਾਈ।
*-ਗੁਰਦੇਵ ਸਿੰਘ ਢਪਾਲੀ
ਗੁਰੂ ਤੇਗ ਬਹਾਦਰ ਨਗਰ, ਬਠਿੰਡਾ।
ਫੋਨ: 91-94176-49275*
---
ਅੱਲ੍ਹਾ, ਈਸ਼ਵਰ, ਜੀਸੂ, ਰਾਮ,
ਰੱਬ, ਵਾਹਿਗੁਰੂ ਨੇ ਤੇਰੇ ਨਾਮ।
ਤੂੰ ਹੀ ਕਰੀਮ ਰਹੀਮ, ਤੂੰ ਖੁਦਾ,
ਪਰ ਬੰਦੇ ਨੇ ਵੰਡ ਲਏ ਜੁਦਾ।
*-ਸੇਵਾ ਸਿੰਘ ਨੂਰਪੁਰੀ*
---
ਸੱਚੀ ਅਰਦਾਸ ਇਬਾਦਤ
ਕਬੂਲ ਹੋਣ ਉਦੋਂ,
ਜਦੋਂ ਅੰਦਰਲਾ-ਬਾਹਰਲਾ
ਇਕ-ਮਿਕ ਹੁੰਦਾ ਪ੍ਰਵਾਨ।
ਜੋ ਦੁਜਿਆਂ ਲਈ ਕੁਰਬਾਨ ਹੋ ਜਾਵੇ
ਨਿਮਰਤਾ ਤੇ ਪਰਉਪਕਾਰ
ਹੁੰਦੇ ਨੇ ਉਸ ਦੀ ਸ਼ਾਨ।
ਕਦਮ ਵੀ ਕੁਦਰਤ ਵੱਲ ਪੁੱਟੋ
ਉਹ ਵੀ ਦਸ ਕਦਮ
ਵਧ ਕੇ ਮਿਲਦੀ ਆਣ।
ਹਰ ਸ਼ੈਅ ਅੰਦਰ ਉਹ ਵੱਸੇ
ਬੰਦਿਆ ਆਪਣਾ ਮੂਲ ਪਛਾਣ।
*-ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾ, ਪਟਿਆਲਾ।
ਫੋਨ: 91-98784-69639*
---
ਰੱਬ ਸਬੱਬੀਂ ਮੇਲੇ ਹੋਏ
ਵਿੱਸਰੀਆਂ ਯਾਦਾਂ ਹੋਈਆਂ ਤਾਜ਼ਾ।
ਸਾਂਝੀਵਾਲਤਾ ਬਣਾਈ ਰੱਖੀਂ,
ਕਰਨ ਅਰਦਾਸ, ਪੜ੍ਹਨ ਨਮਾਜ਼ਾਂ।
*-ਦਵਿੰਦਰ ਕੌਰ*
---
ਅੰਧ ਵਿਸ਼ਵਾਸੀ ਛੱਡ
ਕਰ ਸੇਵਾ ਜਨਤਾ ਦੀ,
ਲੋੜ ਹੈ ਭਰਮ-ਰਹਿਤ ਮਰਿਆਦਾ
ਨਾ ਕਿ ਬੀਬੀ ਦਾੜ੍ਹੀ ਪਾਵੇ ਭਗਵਾਂ ਚੋਲਾ
ਕਹਿਣ ਮਾਨਵਤਾ ਦਾ ਹਿਤੈਸ਼ੀ
ਪਰ ਅੰਦਰੋਂ ਲਾਲਸਾ,
ਛਲ, ਕਪਟ, ਨਫਰਤ
ਸੱਚਾ ਇਨਸਾਨ ਬਣੋ
ਬਾਹਰੋਂ ਅੰਦਰੋਂ ਜੋ ਇੱਕ ਹੀ ਹੋਵੇ।
*-ਦਰਸ਼ਨਪਾਲ ਦੋਸਾਂਝ*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਪਿਘਲਣ ਤੋਂ ਪ੍ਰੇਮ-ਪਾਹੁਲ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੰਵੇਦਨਾ ਦੀ ਸੁਰ-ਬੰਧਨਾ ਕੀਤੀ ਸੀ, "ਸੰਵੇਦਨਸ਼ੀਲਤਾ, ਖੁਸ਼ੀ ਦਾ ਖਜਾਨਾ, ਬਰਕਤਾਂ ਦੀ ਬਹਿਸ਼ਤ, ਨਿਆਮਤਾਂ ਦੀ ਨਗਰੀ। ਪ੍ਰਾਪਤੀਆਂ ਦਾ ਸਿਰਲੇਖ ਅਤੇ ਭਰੇ-ਭਕੂਨੇ ਹੋਣ ਦਾ ਅਹਿਸਾਸ।...ਸੰਵੇਦਨਾ ਨੂੰ ਮਰਨ ਨਾ ਦਿਓ। ਆਪਣਾ ਹਾਸਲ ਬਣਾਓ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਹੈ, "ਪਿਘਲਣਾ, ਰੁੱਖੇਪਣ ਤੋਂ ਨਰਮਾਈ ਨੂੰ ਜਾਣ ਦਾ ਮਾਰਗ ਹੈ, ਕਿਉਂਕਿ ਮਨ ਤੋਂ ਪਿਘਲ ਕੇ ਕਿਸੇ ਮਨੁੱਖ ਵਿਚੋਂ ਮਾਨਵਤਾ ਪਨਪਦੀ। ਪਿਘਲਣ ਨਾਲ ਹੀ ਜ਼ਿੰਦਗੀ ਦੀ ਸੁੱਚਮਤਾ ਨਜ਼ਰ ਆਉਂਦੀ। ਪਿਘਲਣ ਨਾਲ ਹੀ ਹੱਠ ਤੋਂ ਹਲੀਮੀ, ਹਾਉਕੇ ਤੋਂ ਹਾਸਾ, ਹੰਝੂ ਤੋਂ ਹੁਲਾਸ, ਹੈਂਕੜ ਤੋਂ ਹੇਕ, ਹਾਕ ਤੋਂ ਹੁੰਗਾਰਾ, ਹੰਕਾਰ ਤੋਂ ਹਮਦਰਦੀ ਅਤੇ ਹੋਛੇਪਣ ਤੋਂ ਹਰਜ਼ਾਈ ਤੀਕ ਦਾ ਸਫਰਨਾਮਾ ਲਿਖਿਆ ਜਾ ਸਕਦਾ।" ਉਨ੍ਹਾਂ ਅਨੁਸਾਰ ਪਿਘਲਣਾ ਕਮਜ਼ੋਰੀ ਨਹੀਂ, ਸਗੋਂ ਮਜ਼ਬੂਤੀ। ਸਭ ਤੋਂ ਪ੍ਰਮੁੱਖ ਹੁੰਦਾ ਏ ਰੂਹ ਦਾ ਰੂਹ ਵਿਚ ਪਿਘਲਣਾ। ਫਿਰ ਦੁਨੀਆਂ ਹੋਰ ਵੀ ਹੁਸੀਨ ਅਤੇ ਸੁੰਦਰ ਹੋ ਜਾਂਦੀ। ਜ਼ਿੰਦਗੀ ਜਿਊਣ ਅਤੇ ਇਸ ਦੀ ਰੂਹਦਾਰੀ ਨੂੰ ਮਾਣਨ ਦੀ ਤਮੰਨਾ ਮਨ ਵਿਚ ਤਾਰੀ ਹੁੰਦੀ। ਇਸ ਪਿਘਲਾਅ ਵਿਚੋਂ ਹੀ ਅਸੀਂ ਆਪਣੇ ਰਿਸ਼ਤਿਆਂ, ਸਬੰਧਾਂ ਸਕੀਰੀਆਂ, ਸਾਥੀਆਂ ਨੂੰ ਨਵੇਂ ਸੰਦਰਭ ਵਿਚ ਪਛਾਣ ਸਕਦੇ ਹਾਂ।***

ਪਿਘਲਣਾ, ਠੋਸ ਤੋਂ ਤਰਲ ਹੋ ਜਾਣ ਦੀ ਕਿਰਿਆ। ਸ਼ਕਲ-ਸੂਰਤ, ਰੰਗ-ਰੂਪ, ਤਾਸੀਰ ਅਤੇ ਤਸਵੀਰ ਵਿਚ ਤਬਦੀਲੀ। ਇਹ ਪਰਿਵਰਤਨ, ਪ੍ਰਾਪਤ ਕੀਤੀ ਊਰਜਾ ਕਾਰਨ ਹੁੰਦਾ, ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਮਿਲਦੀ।

ਪਿਘਲਣਾ, ਤਦਬੀਲੀ ਦਾ ਸੂਚਕ। ਚੰਗੇਰੀਆਂ ਹਾਲਤਾਂ ਦਾ ਆਵੇਸ਼। ਅੰਦਰ ਵਿਚ ਬੈਠਾ ਦਰਵੇਸ਼, ਜਿਸ ਤੋਂ ਓਹਲੇ ਹੁੰਦੇ ਹਾਂ ਅਸੀਂ ਹਮੇਸ਼; ਪਰ ਇਸ ਦੀ ਦਮਨਕਾਰੀ ਕਾਰਨ ਹੁੰਦੀਆਂ ਨੇ ਔਕੜਾਂ ਤੇ ਮੁਸੀਬਤਾਂ ਦਰਪੇਸ਼।

ਪਿਘਲਣਾ, ਰੁੱਖੇਪਣ ਤੋਂ ਨਰਮਾਈ ਨੂੰ ਜਾਣ ਦਾ ਮਾਰਗ। ਮਾਸੂਮ ਭਾਵਨਾਵਾਂ ਦੇ ਪੁੰਗਰਣ ਦੀ ਪ੍ਰਕਿਰਿਆ। ਆਪਣੀ ਤਾਸੀਰ ਤੇ ਤਹਿਜ਼ੀਬ ਨੂੰ ਨਰੋਏ ਮਾਰਗ ਵੱਲ ਪ੍ਰੇਰਿਤ ਕਰਨ ਦਾ ਉਦਮ।

ਪਿਘਲਣਾ, ਮਨੁੱਖੀ ਫਿਤਰਤ ਲਈ ਸਭ ਤੋਂ ਅਹਿਮ, ਕਿਉਂਕਿ ਮਨ ਤੋਂ ਪਿਘਲ ਕੇ ਕਿਸੇ ਮਨੁੱਖ ਵਿਚੋਂ ਮਾਨਵਤਾ ਪਨਪਦੀ। ਉਸ ਦੇ ਅੰਤਰੀਵ ਵਿਚ ਬੈਠੀ ਅਗੰਮੀ ਲੋਚਾ ਨੂੰ ਪਰਵਾਜ਼ ਮਿਲਦੀ। ਉਸ ਦੀ ਜੀਵਨ-ਸ਼ੈਲੀ, ਸੋਚਣ ਤੇ ਸਮਝਣ ਦੀ ਆਦਤ ਅਤੇ ਆਪਣੀਆਂ ਪਹਿਲਾਂ ਨੂੰ ਨਿਰਧਾਰਤ ਕਰਨ ਦਾ ਮੌਕਾ ਮਿਲਦਾ।

ਪਿਘਲਣ ਕਾਰਨ ਹੀ ਪਾਕੀਜ਼ ਭਾਵਨਾਵਾਂ ਜਨਮ ਲੈਂਦੀਆਂ। ਮਸਤਕ ਵਿਚੋਂ ਸੁਪਨਿਆਂ ਦੇ ਪਰ ਨਿਲਕਦੇ। ਸੁਪਨਿਆਂ ਵਿਚ ਸੁਹਜ, ਸਹਿਜ, ਸੁੰਦਰਤਾ, ਸੰਤੋਖ, ਸੁਖਨ ਅਤੇ ਸਕੂਨ ਨੂੰ ਸਥਾਨ ਮਿਲਦਾ। ਅਜਿਹੇ ਸੁਪਨਸ਼ੀਲ ਲੋਕਾਂ ਦੇ ਬਲਿਹਾਰੇ ਜਾਣ ਨੂੰ ਜੀਅ ਕਰਦਾ।

ਪਿਘਲਣ ਕਾਰਨ ਹੀ ਰੰਗ ਇਕ ਦੂਜੇ ਵਿਚ ਘੁਲਦੇ। ਇਕਮਿਕਤਾ ਨੂੰ ਨਵਾਂ ਹੁਲਾਰ ਮਿਲਦਾ। ਇਕਜੁੱਟਤਾ ਨੂੰ ਨਵਾਂ ਵਿਸਥਾਰ ਅਤੇ ਇਕਸਾਰਤਾ ਵਿਚੋਂ ਅੰਤਰੀਵਤਾ ਨੂੰ ਰਾਹਤ ਮਿਲਦੀ।

ਪਿਘਲਣ ਤੋਂ ਆਕੀ ਲੋਕ ਕਠੋਰ, ਜ਼ਿੱਦੀ, ਜਾਲਮ, ਕਰੂਰ, ਕਮੀਨੇ, ਅਕ੍ਰਿਘਣ ਅਤੇ ਹੱਠੀ ਹੁੰਦੇ। ਇਸ ਕਮੀਨੇ ਹੱਠ ਕਾਰਨ ਕਤਲ ਹੋ ਜਾਂਦੀ ਮਾਸੂਮੀਅਤ, ਕੋਮਲ ਕਲੀਆਂ ਵਰਗੇ ਜਜ਼ਬਾਤ ਜਿਬਾਹ ਹੋ ਜਾਂਦੇ ਅਤੇ ਤਿਤਲੀਆਂ ਨੂੰ ਕੱਟੇ ਹੋਏ ਪਰਾਂ ਦੀ ਸਜ਼ਾ ਦਿੱਤੀ ਜਾਂਦੀ। ਅਜਿਹੇ ਹਾਕਮ ਆਪਣੀਆਂ ਹੋਛੀਆਂ ਕਮੀਨਗੀਆਂ ਤੇ ਹੱਠ-ਧਰਮੀਆਂ ਕਾਰਨ ਹਿਟਲਰ, ਔਰੰਗਜ਼ੇਬ, ਅਬਦਾਲੀ ਜਾਂ ਬਾਬਰ ਦਾ ਜਾਮਾ ਪਹਿਨ ਕੇ ਇਤਿਹਾਸ ਨੂੰ ਸ਼ਰਮਸ਼ਾਰ ਕਰਦੇ। ਪੱਥਰ-ਦਿਲ ਲੋਕਾਂ ਕੋਲੋਂ ਕੀ ਆਸ ਰੱਖ ਸਕਦੇ ਹੋ? ਅੱਜ ਕੱਲ ਤਾਂ ਪੱਥਰਾਂ ਦੇ ਸ਼ਹਿਰ ਨੇ। ਕੰਕਰੀਟ ਦੇ ਜੰਗਲ ਉਗ ਆਏ ਨੇ। ਸ਼ਹਿਰਾਂ ਤੇ ਕਸਬਿਆਂ ਵਿਚ, ਇੱਟਾਂ-ਪੱਥਰਾਂ ਦੇ ਜੰਗਲਾਂ ਵਿਚ ਰਹਿਣ ਵਾਲੇ ਲੋਕਾਂ ਤੋਂ ਕੀ ਉਮੀਦ ਰੱਖੋਗੇ? ਸਮੇਂ ਦੀ ਕੇਹੀ ਤ੍ਰਾਸਦੀ ਹੈ ਕਿ ਵੱਡੇ-ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ ਅਤੇ ਵੱਡੀਆਂ ਵੱਡੀਆਂ ਕਾਰਾਂ ਦੀ ਸਵਾਰੀ ਨੀਚ ਲੋਕ ਕਰਦੇ। ਉਚੀਆਂ ਕੁਰਸੀਆਂ ਵਿਚ ਰਸਾਤਲੀ ਲੋਕ ਨੇ ਬਿਰਾਜਮਨ। ਕੁਰਸੀਆਂ ਦੇ ਪਾਵੇ ਬਣ ਗਏ ਨੇ ਵਿਕੀਆਂ ਜ਼ਮੀਰਾਂ ਵਾਲੇ ਕਾਮੀ, ਕਬਾਬੀ, ਕਾਤਲ, ਕੱਬੇ ਅਤੇ ਕੁਰਹਿਤੀ ਲੋਕ।

ਪਿਘਲਣਾ, ਧਰਮ ਦਾ ਸਭ ਤੋਂ ਮਹੱਤਵਪੂਰਨ ਅੰਸ਼। ਧਾਰਮਿਕਤਾ ਵਿਚ ਰੰਗੇ ਲੋਕਾਂ ਦੀਆਂ ਅੱਖਾਂ ਵਿਚੋਂ ਸਮੁੰਦਰ ਵਗਦਾ, ਜਦ ਉਹ ਕਿਸੇ ਲਾਚਾਰ, ਹੀਣੇ, ਲੋੜਵੰਦ, ਭੁੱਖੇ, ਅਧਨੰਗੇ ਨੂੰ ਅੰਬਰ ਦੀ ਛੱਤ ਹੇਠ ਤਾਰੇ ਗਿਣਦਿਆਂ, ਰਾਤਾਂ ਕੱਟਦਿਆਂ ਤੱਕਦੇ; ਪਰ ਅਜੋਕੀ ਧਾਰਮਿਕਤਾ ਤਾਂ ਬੇਦੋਸ਼ਿਆਂ ਦੇ ਖੂਨ ਵਿਚ ਰੰਗੀ, ਨਿਹੱਥਿਆਂ ਦੀਆਂ ਲਾਸ਼ਾਂ 'ਤੇ ਧਰਮ ਦੀ ਅੰਬਰਦਾਰੀ ਉਸਾਰਦੀ ਏ। ਸਾਂਝੀਵਾਲਤਾ, ਸ਼ਹਿਨਸ਼ੀਲਤਾ ਅਤੇ ਹਮਦਰਦੀ ਤੋਂ ਕੋਰੇ ਅਜਿਹੇ ਲੋਕਾਂ ਦੀ ਮਾਨਸਿਕਤਾ ਵਿਚ ਮਜ਼ਬੀ ਜਨੂਨ, ਜਾਤੀ ਉਚਤਮਤਾ ਅਤੇ ਬਰਾਦਰੀ ਭਾਵ ਨੇ ਮਨੁੱਖਤਾ ਦੇ ਚਿਹਰੇ 'ਤੇ ਕਾਲਖ ਮਲ ਦਿੱਤੀ ਏ। ਦਰਅਸਲ ਜਦ ਧਰਮ 'ਤੇ ਰਾਜਨੀਤੀ ਹਾਵੀ ਹੋ ਜਾਵੇ ਤਾਂ ਧਰਮ, ਧਰਮ ਹੀ ਨਹੀਂ ਰਹਿੰਦਾ। ਫਿਰ ਉਹ ਤਾਂ ਅਧਰਮ ਹੁੰਦਾ। ਅਜਿਹਾ ਤਾਂ ਅਜੋਕੇ ਸਮਿਆਂ ਵਿਚ ਸਾਰੇ ਧਰਮਾਂ ਵਿਚ ਹੋ ਰਿਹਾ। ਫਿਰ ਕਿਵੇਂ ਸੋਚਿਆ ਜਾ ਸਕਦਾ ਕਿ ਧਰਮੀ ਲੋਕ ਕਿਸੇ ਦੇ ਦਰਦ ਵਿਚ ਪਸੀਜਣਗੇ?

ਪਿਘਲਣਾ, ਮਨੁੱਖੀ ਮਾਨਸਿਕਤਾ ਵਿਚ ਵਸੀ ਸੂਖਮ ਧਾਰਨਾ, ਜਿਸ ਕਾਰਨ ਉਨ੍ਹਾਂ ਦੇ ਕਰਮ-ਧਰਮ ਅਤੇ ਜੀਵਨ-ਜਾਚ ਵਿਚ ਮਨੁੱਖੀ ਭਾਵਨਾਵਾਂ ਹੁੰਦੀਆਂ। ਉਨ੍ਹਾਂ ਦੀ ਕਦਰ ਕਰਦੇ ਅਤੇ ਉਨ੍ਹਾਂ ਦੀ ਕਰਮ-ਸ਼ੈਲੀ ਵਿਚ ਪਿਘਲਣਾ, ਪਸੀਜਣਾ ਅਤੇ ਕਿਸੇ ਦੀ ਪੀੜਾ ਵਿਚ ਪੀੜ-ਪੀੜ ਹੋਣਾ ਸਾਖਸ਼ਾਤ ਪ੍ਰਗਟਦਾ।

ਪਿਘਲਣਾ, ਬਹੁਤ ਜਰੂਰੀ ਹੁੰਦਾ ਏ ਸ਼ਬਦਾਂ ਵਿਚ, ਤਾਂ ਹੀ ਇਬਾਰਤ ਵਿਚ ਫੁੱਲਾਂ ਦੀ ਫਸਲ ਮੌਲਦੀ। ਇਨ੍ਹਾਂ ਦੇ ਅਰਥਾਂ ਵਿਚ ਸੂਰਜਾਂ ਦੀ ਤਪਸ਼ ਅਤੇ ਰੌਸ਼ਨੀ। ਵਰਕਿਆਂ ਵਿਚ ਨਵੀਂ ਤਵਾਰੀਖ ਦੀ ਸਿਰਜਣਾ। ਅਜਿਹੀਆਂ ਕਿਰਤਾਂ ਵਿਚ ਜੀਵਨ ਦੀਆਂ ਨਰੋਈਆਂ ਕਦਰਾਂ-ਕੀਮਤਾਂ ਦੀ, ਵਾਕ-ਬ-ਵਾਕ ਪ੍ਰਦਖਣਾ ਹੁੰਦੀ।

ਪਿਘਲਣਾ, ਪਸੀਜਣਾ, ਬਦਲਨਾ, ਕਿਸੇ ਦੇ ਦਰਦ ਨੂੰ ਖੁਦ ਮਹਿਸੂਸਣਾ ਜਾਂ ਕਿਸੇ ਦੀਆਂ ਤੰਗੀ-ਤੁਰਸ਼ੀਆਂ ਨੂੰ ਆਪਣੀ ਪਿੰਡੇ 'ਤੇ ਹੰਢਾਉਣ ਦਾ ਕਿਆਸਣਾ ਹੀ ਦਰਅਸਲ ਮਾਨਸਿਕ ਪਿਘਲਾਅ ਦਾ ਰੂਪ ਹੁੰਦਾ।

ਮਮਤਾ ਦੇ ਪਿਘਲਾਅ ਨੂੰ ਦੇਖਣਾ ਹੋਵੇ ਤਾਂ ਕਦੇ ਬੱਚੇ ਨੂੰ ਲਾਡ ਲਡਾਉਂਦੀ ਮਾਂ ਵੱਲ ਦੇਖਣਾ। ਉਸ ਦੀਆਂ ਬਲਾਵਾਂ ਉਤਾਰਦੀ, ਗਿੱਲਾ ਪੋਤੜਾ ਬਦਲਦੀ, ਸੁੱਕੇ ਥਾਂ 'ਤੇ ਪਾਉਂਦੀ ਅਤੇ ਰੋਂਦੇ ਬੱਚੇ ਦੇ ਹੰਝੂਆਂ ਵਿਚ ਨੀਰ ਨੀਰ ਹੁੰਦੀ ਮਾਂ। ਕਦੇ ਬਿਮਾਰ ਬੱਚੇ ਦੇ ਸਿਰਹਾਣੇ ਬੈਠੀ ਮਾਂ ਦੀਆਂ ਅੱਖਾਂ ਵਿਚ ਉਤਰੀ ਉਦਾਸੀ ਦੇ ਬਾਵਜੂਦ, ਬੱਚੇ ਨੂੰ ਹੱਲਾਸ਼ੇਰੀ ਦਿੰਦੀ ਤੇ ਆਸ ਬੰਨਾਉਂਦੀ ਮਾਂ ਦੀਆਂ ਅਸੀਮ ਦੁਆਵਾਂ ਅਤੇ ਮੰਗੀਆਂ ਮੰਨਤਾਂ ਦੀ ਗਿਣਤੀ ਕਰਨਾ, ਤੁਹਾਡਾ ਹਿਸਾਬ-ਕਿਤਾਬ ਤੁਹਾਥੋਂ ਮੁੱਨਕਰ ਹੋ ਜਾਵੇਗਾ। ਮਾਂ ਸਿਰਫ ਆਪਣੇ ਬੱਚੇ ਲਈ ਹੀ ਨਹੀਂ, ਸਗੋਂ ਉਹ ਆਪਣੇ ਪਤੀ, ਪਰਿਵਾਰ, ਪੇਕਿਆਂ ਅਤੇ ਸਹੁਰਿਆਂ ਦੇ ਹਰ ਦੁੱਖ-ਸੁੱਖ ਵਿਚ ਪਸੀਜਦੀ। ਆਪਣੇ ਅੰਤਰੀਵ ਨੂੰ ਪਰੋਸਣ ਲਈ ਸਾਹਾਂ ਨੂੰ ਸਮਰਪਿਤ ਕਰਦੀ। ਮਮਤਾ ਦੇ ਪਿਘਲਣ ਨੂੰ ਸੀਮਤ ਜਿਹੇ ਸ਼ਬਦਾਂ ਵਿਚ ਬਿਆਨਿਆ ਨਹੀਂ ਜਾ ਸਕਦਾ, ਕਿਉਂਕਿ ਇਸ ਦੀ ਮਹਾਨਤਾ ਹੀ ਅਸੀਮ ਏ।

ਬੁਰਸ਼ ਜਦ ਪਿਘਲਦਾ ਤਾਂ ਇਹ ਕੈਨਵਸ 'ਤੇ ਇਕ ਕਲਾ-ਕਿਰਤੀ ਨੂੰ ਜਨਮ ਦਿੰਦਾ। ਬੁਰਸ਼ ਨਾਲ ਹੱਥਾਂ ਵਿਚ ਪੈਦਾ ਹੋਈ ਸੁਪਨਸਾਜ਼ੀ ਦੀਆਂ ਭਾਵਨਾਵਾਂ ਨੂੰ ਸਾਕਾਰ ਕਰਨ ਅਤੇ ਇਨ੍ਹਾਂ ਨੂੰ ਕੈਨਵਸ 'ਤੇ ਪ੍ਰਗਟਾਉਣ ਦਾ ਹੁਨਰ ਤੇ ਹਾਸਲ ਹੁੰਦਾ, ਤਾਂ ਹੀ ਕਿਸੇ ਵੀ ਕੈਨਵਸ ਦੀਆਂ ਬਾਰੀਕ ਛੂਹਾਂ ਵਿਚੋਂ ਕਲਾਕਾਰ ਅਤੇ ਬੁਰਸ਼ ਦੀਆਂ ਤਰਜ਼ੀਹੀ ਤਰੰਗਾਂ ਨੂੰ ਪਕੜਿਆ ਤੇ ਪੜ੍ਹਿਆ ਜਾ ਸਕਦਾ। ਕਈ ਵਾਰ ਤਾਂ ਕੈਨਵਸ ਦੀਆਂ ਲਕੀਰਾਂ, ਮੁਖੜੇ 'ਤੇ ਪਈਆਂ ਘਰਾਲਾਂ ਹੁੰਦੀਆਂ, ਜਿਨ੍ਹਾਂ ਵਿਚੋਂ ਦੁੱਖਾਂ-ਦਰਦਾਂ ਨੂੰ ਤਸ਼ਬੀਹ ਦਿੱਤੀ ਜਾ ਸਕਦੀ।

ਬਜੁਰਗਾਂ ਦੀਆਂ ਝੁਰੜੀਆਂ ਅਸਲ ਵਿਚ ਉਮਰ ਭਰ ਦਾ ਅੰਤਰੀਵੀ ਪਿਘਲਣਾ ਹੀ ਪ੍ਰਗਟਾਉਂਦਾ ਕਿ ਕਿਵੇਂ ਉਨ੍ਹਾਂ ਨੇ ਜੀਵਨ ਦੀਆਂ ਦੁਸ਼ਵਾਰੀਆਂ ਵਿਚੋਂ ਜੀਵਨ ਦਾ ਮੁਖੜਾ ਰੁਸ਼ਨਾਇਆ? ਇਸ ਦੀ ਤੋਰ ਨੂੰ ਕਦੇ ਮੱਠਾ ਨਹੀਂ ਪੈਣ ਦਿੱਤਾ। ਝੁਰੜੀਆਂ ਤਾਂ ਉਮਰ ਦੇ ਪਿਘਲਾਅ ਦਾ ਮੱਥੇ 'ਤੇ ਜੰਮ ਜਾਣਾ ਵੀ ਹੁੰਦਾ, ਜਿਸ ਵਿਚੋਂ ਉਮਰ ਦੀਆਂ ਉਦਾਸੀਆਂ, ਉਮੀਦਾਂ, ਉਮੰਗਾਂ ਦੀ ਪੂਰਤੀ/ਅਪੂਰਤੀ, ਉਦਰੇਵਿਆਂ, ਉਲਾਹਮਿਆਂ ਜਾਂ ਉਲੰਘਣਾਵਾਂ ਦੀਆਂ ਪਰਤਾਂ ਨੂੰ ਫਰੋਲਿਆ ਜਾ ਸਕਦਾ।

ਅਤਿਅੰਤ ਲੋੜੀਂਦਾ ਹੈ ਮਨੁੱਖ ਦਾ ਪਿਘਲਣਾ, ਕਿਉਂਕਿ ਪਿਘਲਣ ਨਾਲ ਹੀ ਹੱਠ ਤੋਂ ਹਲੀਮੀ, ਹਾਉਕੇ ਤੋਂ ਹਾਸਾ, ਹੰਝੂ ਤੋਂ ਹੁਲਾਸ, ਹੈਂਕੜ ਤੋਂ ਹੇਕ, ਹਾਕ ਤੋਂ ਹੁੰਗਾਰਾ, ਹੰਕਾਰ ਤੋਂ ਹਮਦਰਦੀ ਅਤੇ ਹੋਛੇਪਣ ਤੋਂ ਹਰਜ਼ਾਈ ਤੀਕ ਦਾ ਸਫਰਨਾਮਾ ਲਿਖਿਆ ਜਾ ਸਕਦਾ।

ਪਿਘਲਣ ਨਾਲ ਹੀ ਅਸੀਂ ਇਕ ਦੂਜੇ ਵਿਚ ਅਭੇਦ ਹੁੰਦੇ। ਇਕ ਦੂਜੇ ਦੇ ਅੰਤਰੀਵ ਵਿਚ ਵੱਸਦੇ। ਰੂਹਾਂ ਦੀਆਂ ਜਾਣਦੇ। ਇਕ ਦੀ ਪੀੜ ਵਿਚ ਦੂਜਾ ਸਿਸਕਦਾ। ਇਕ ਦੀ ਹਾਕ, ਦੂਜੇ ਲਈ ਹੁੰਗਾਰਾ। ਇਕ ਦਾ ਸੁਪਨਾ, ਦੂਜੇ ਲਈ ਪਰਵਾਜ਼। ਇਕ ਦਾ ਸਾਹ-ਸੰਗੀਤ ਤੇ ਦੂਜੇ ਦਾ ਰਿਆਜ਼। ਇਕ ਦਾ ਕਰਮ ਤੇ ਦੂਜੇ ਦਾ ਅੰਦਾਜ਼।

ਪਿਘਲਣ ਲਈ ਜਰੂਰੀ ਹੁੰਦਾ ਏ ਪ੍ਰੇਮ, ਪਾਕੀਜ਼ਤਾ, ਪਵਿੱਤਰਤਾ, ਪਾਹੁਲ ਤੇ ਪਾਬੰਦੀ ਦੀ ਪਹਿਰਦੇਾਰੀ, ਕਿਉਂਕਿ ਪਿਘਲਣ ਨਾਲ ਹੀ ਜ਼ਿੰਦਗੀ ਦੀ ਸੁੱਚਮਤਾ ਨਜ਼ਰ ਆਉਂਦੀ। ਸੱਤ ਰੰਗ ਮਿਲ ਕੇ ਰੌਸ਼ਨੀ ਬਣਦੇ, ਕਿਉਂਕਿ ਸਾਰੇ ਰੰਗਾਂ ਦੀ ਅਭੇਦਤਾ ਵਿਚੋਂ ਹੀ ਚਾਨਣ ਦੀ ਲੀਕ ਉਪਜਦੀ।

ਪਿਘਲਣ ਨਾਲ ਹੀ ਆਸ ਵਿਚੋਂ ਧਰਵਾਸ, ਬੇਆਸਰਿਆਂ ਦੀ ਆਸ, ਥਿੜਕਿਆਂ ਲਈ ਵਿਸ਼ਵਾਸ ਅਤੇ ਨਿਥਾਵਿਆਂ ਲਈ ਅਰਦਾਸ ਬਣਿਆ ਜਾ ਸਕਦਾ।

ਪਿਘਲਣਾ ਕਮਜ਼ੋਰੀ ਨਹੀਂ, ਸਗੋਂ ਮਜ਼ਬੂਤੀ। ਮਾਨਸਿਕਤਾ ਦਾ ਹੁਲਾਰ, ਅੰਤਰੀਵੀ ਖੁਸ਼ੀ ਨੂੰ ਮਾਣਨ ਦਾ ਸਬੱਬ ਅਤੇ ਅੰਦਰਲੀ ਖੁਦਾਈ ਨੂੰ ਮਿਲਣ ਦਾ ਰੱਜ। ਦਿਲਾਂ ਵਾਲੇ ਹੀ ਪਿਘਲਦੇ ਨੇ, ਕਿਉਂਕਿ ਉਨ੍ਹਾਂ ਦੇ ਦਿਲ ਧੜਕਦੇ। ਆਲੇ-ਦੁਆਲੇ ਦੇ ਦੁੱਖਾਂ ਨੂੰ ਮਹਿਸੂਸ ਕਰਦੇ ਅਤੇ ਬੇਗੁਨਾਹਾਂ ਤੇ ਅਨਾਥਾਂ ਲਈ ਹਾਅ ਦਾ ਨਾਅਰਾ ਮਾਰਦੇ।

ਸਰਹਿੰਦ ਦੀ ਕਚਹਿਰੀ ਵਿਚ ਜਿਥੇ ਸੁੱਚਾ ਨੰਦ ਦੀ ਕਠੋਰਤਾ ਜੱਗ-ਜਾਹਰ ਸੀ, ਉਥੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਦਾ ਪਿਘਲਣਾ ਹੀ ਸੀ ਕਿ ਉਸ ਨੇ ਸਾਹਿਬਜ਼ਾਦਿਆਂ 'ਤੇ ਢਾਹੇ ਜਾ ਰਹੇ ਤਸ਼ੱਦਦ ਲਈ ਹਾਅ ਦਾ ਨਾਅਰਾ ਮਾਰਿਆ। ਸਾਰੇ ਦਰਬਾਰ ਵਿਚ ਸਿਰਫ ਇਕ ਹੀ ਵਿਅਕਤੀ ਸੀ, ਜਿਸ ਦਾ ਮਨ ਕੋਮਲ ਸੀ ਅਤੇ ਉਸ ਦੇ ਅੰਦਰ ਖੁਦਾ ਵੱਸਦਾ ਸੀ।

ਧਾਤ ਪਿੱਘਲ ਕੇ ਹੀ ਸੰਦ, ਬਰਤਨ, ਖੇਤੀ ਦੇ ਔਜ਼ਾਰ, ਖਾਣ ਪੀਣ ਲਈ ਵਰਤੇ ਜਾ ਰਹੇ ਭਾਂਡੇ, ਕਲਾ-ਕਿਰਤਾਂ ਅਤੇ ਜੀਵਨ ਵਿਚ ਵਰਤੋਂ ਦੀਆਂ ਲੋੜਾਂ ਦੀ ਪੂਰਤੀ ਹੁੰਦੀ। ਪਿੱਘਲਣ ਤੋਂ ਢਾਂਚੇ ਵਿਚ ਜਾਣਾ, ਹਥੌੜੇ ਨਾਲ ਵੱਜੀਆਂ ਸੱਟਾਂ ਅਤੇ ਇਸ ਵਿਚੋਂ ਉਘੜਦੇ ਵੱਖੋ-ਵੱਖਰੀਆਂ ਸ਼ਕਲਾਂ ਅਖਤਿਆਰ ਕਰਨਾ ਹੀ ਪਿਘਲਣ ਤੋਂ ਅਕਾਰ ਗ੍ਰਹਿਣ ਤੀਕ ਦਾ ਸਫਰ ਹੁੰਦਾ।

ਬਰਫ ਪਿਘਲਦੀ ਤਾਂ ਚੋਅ ਬਣਦੇ। ਝਰਨੇ ਪੈਦਾ ਹੁੰਦੇ ਅਤੇ ਇਹ ਝਰਨੇ ਮਿਲ ਕੇ ਨਦੀ ਬਣਦੇ। ਇਨ੍ਹਾਂ ਨਿੱਕੀਆਂ ਨਿੱਕੀਆਂ ਨਦੀਆਂ ਵਿਚੋਂ ਵੱਡੇ ਵੱਡੇ ਦਰਿਆ ਨਿਕਲਦੇ। ਇਹ ਦਰਿਆ ਹੀ ਸਮੁੱਚੀ ਸਭਿਅਤਾ ਦੇ ਵਿਸਥਾਰ ਦਾ ਸਬੱਬ ਹੁੰਦੇ। ਇਹ ਹੀ ਦਰਿਆ, ਸਮੁੰਦਰ ਵਿਚ ਜਾ ਕੇ ਸਮੁੰਦਰ ਹੀ ਬਣ ਜਾਂਦੇ। ਇਸ ਲਈ ਬਰਫ ਦੇ ਪਿਘਲਣ ਤੋਂ ਦਰਿਆ ਬਣਨ ਨੂੰ ਕਿੰਨਾ ਵੱਡਾ ਵਿਸਥਾਰ ਮਿਲਦਾ।

ਪਿਘਲਣਾ ਕਿੰਨਾ ਪ੍ਰਤੱਖ ਹੁੰਦਾ, ਜਦ ਕੋਈ ਬਾਪ ਆਪਣੇ ਬੱਚੇ ਨੂੰ ਬੁੱਕਲ ਵਿਚ ਲੈਂਦਾ। ਮਾਂ ਆਪਣੀਆਂ ਧੀਆਂ ਨੂੰ ਘਰ ਦੀਆਂ ਬਰੂਹਾਂ ਟੱਪਣ ਵੇਲੇ ਅਸੀਸਾਂ ਨਾਲ ਦੁਲਾਰਦੀ। ਵੱਡਾ ਭਰਾ, ਛੋਟੇ ਭਰਾ ਦੀਆਂ ਪ੍ਰਾਪਤੀਆਂ ਵਿਚ ਉਚੀ ਛਲਾਂਘ ਲਾਉਂਦਾ। ਭੈਣ, ਭਰਾ ਦੀਆਂ ਬਲਾਵਾਂ ਉਤਾਰਦੀ, ਰੀਝਾਂ ਨਾਲ ਰੱਖੜੀ ਬੰਨਦੀ। ਮਾਂ ਆਪਣੇ ਨੂੰਹ-ਪੁੱਤ ਤੋਂ ਪਾਣੀ ਵਾਰਦੀ, ਘਰ ਦੀਆਂ ਚਾਬੀਆਂ ਨਵੀਂ ਪੀਹੜੀ ਦੇ ਨਾਮ ਕਰਦੀ। ਦਾਦੀ ਆਪਣੇ ਪੋਤੇ ਨੂੰ ਗੋਦੀ ਵਿਚ ਬਿਠਾ ਕੇ ਪਲੋਸਦੀ ਜਾਂ ਕੋਈ ਨਾਨੀ ਆਪਣੇ ਦੋਹਤੇ ਦੇ ਸੋਹਣੇ ਮੁੱਖ 'ਤੇ ਕਾਲਾ ਟਿੱਕਾ ਲਾਉਂਦੀ। ਇਸ ਪਿਘਲਾਅ ਵਿਚੋਂ ਹੀ ਅਸੀਂ ਆਪਣੇ ਰਿਸ਼ਤਿਆਂ, ਸਬੰਧਾਂ ਸਕੀਰੀਆਂ, ਸਾਥੀਆਂ ਨੂੰ ਨਵੇਂ ਸੰਦਰਭ ਵਿਚ ਪਛਾਣ ਸਕਦੇ ਹਾਂ।



***ਪਿਘਲਣਾ, ਮਨੁੱਖੀ ਫਿਤਰਤ ਲਈ ਸਭ ਤੋਂ ਅਹਿਮ, ਪਿਘਲਣ ਤੋਂ ਆਕੀ ਲੋਕ ਕਠੋਰ, ਜ਼ਿੱਦੀ, ਜਾਲਮ, ਕਰੂਰ, ਕਮੀਨੇ, ਅਕ੍ਰਿਘਣ ਅਤੇ ਹੱਠੀ ਹੁੰਦੇ।...ਪਿਘਲਣ ਨਾਲ ਹੀ ਭਰ ਜਾਂਦੀਆਂ ਨੇ ਜ਼ਿੰਦਗੀ ਦੀਆਂ ਖਾਲੀ ਥਾਂਵਾਂ, ਜੋ ਆਪਣਿਆਂ ਦੀ ਬੇਰੁਖੀ, ਬੇਗਾਨਗੀ, ਬੇਰਹਿਮੀ, ਬਦਨੀਤੀ, ਬੁਖਲਾਹਟ, ਬੇਹੂਦਗੀ, ਬੇਪ੍ਰਤੀਤੀ ਜਾਂ ਬਦਲਾਖੋਰੀ ਕਾਰਨ ਮਨਾਂ ਵਿਚ ਪੈਦਾ ਹੁੰਦੀਆਂ। ਜਰੂਰੀ ਹੈ ਕਿ ਪਿਘਲਦੇ ਰਹੀਏ ਤਾਂ ਕਿ ਤਰੇੜਾਂ ਭਰਦੀਆਂ ਰਹਿਣ ਅਤੇ ਮਨ ਵਿਚ ਸੰਪੂਰਨਤਾ ਤੇ ਭਰਪੂਰਤਾ ਦਾ ਅਹਿਸਾਸ ਪੈਦਾ ਹੁੰਦਾ ਰਹੇ।***

ਪਿਘਲਣਾ ਬਹੁਤ ਹੀ ਸੰਭਾਵਤ, ਜਦ ਅਸੀਂ ਚਿਰ ਵਿਛੁੰਨੇ ਬਚਪਨੀ ਦੋਸਤ ਨੂੰ ਮੁੱਦਤਾਂ ਬਾਅਦ ਮਿਲਦੇ। ਬਚਪਨ ਦੇ ਪਿਆਰੇ ਪਲਾਂ ਨੂੰ ਸਾਂਝੇ ਕਰਦੇ ਹਾਂ। ਜਿਗਰੀ ਯਾਰ ਨੂੰ ਮਿਲਦੇ ਹਾਂ ਜਾਂ ਸਾਹਾਂ ਦੇ ਸਾਥੀ ਦੀ ਸੰਗਤ ਮਾਣਦੇ ਹਾਂ।

ਕਦੇ-ਕਦਾਈ ਨਵੇਂ ਵਿਆਹੇ ਜੋੜੇ ਨੂੰ ਇਕ ਦੂਜੇ ਵਿਚ ਪੰਘਰਦਿਆਂ ਤੱਕਣਾ। ਬਜੁਰਗ ਜੋੜੇ ਨੂੰ ਹੱਥਾਂ ਵਿਚ ਹੱਥ ਪਾਈ ਸੈਰ ਕਰਦਿਆਂ ਦੇਖਣਾ ਜਾਂ ਇਕ ਦੂਜੇ ਨਾਲ ਸਿਮਟੇ ਪ੍ਰੇਮੀਆਂ ਨੂੰ ਪੂਰਨ ਰੂਪ ਵਿਚ ਪਿਘਲਦਿਆਂ ਅਤੇ ਪੂਰਨ ਰੂਪ ਪਿਘਲ ਚੁੱਕਿਆਂ ਨੂੰ ਵਾਚਣਾ। ਪਤਾ ਲੱਗੇਗਾ ਕਿ ਪਿਘਲਣ ਦੇ ਕੀ ਅਰਥ ਹੁੰਦੇ? ਇਸ ਦੇ ਅਰਥਾਂ 'ਚੋਂ ਕਿਵੇਂ ਅੰਤਰੀਵੀ ਤੇ ਅਗੰਮੀ ਤਵਾਰੀਖ ਸਿਰਜੀ ਜਾ ਸਕਦੀ?

ਜਦ ਕਿਸੇ ਕਲਮ ਦੀ ਨੋਕ ਵਿਚ ਮਜ਼ਲੂਮਾਂ ਦੀਆਂ ਹੂਕਾਂ, ਹਿੱਚਕੀਆਂ, ਹੇਕਾਂ, ਹੰਝੂ, ਹਾਵੇ ਅਤੇ ਹੌਕੇ ਪਿਘਲਦੇ ਨੇ ਤਾਂ ਇਸ ਵਿਚੋਂ ਉਗਣ ਵਾਲੀ ਲਿਖਤ ਨੇ ਆਉਣ ਵਾਲੀਆਂ ਨਸਲਾਂ ਦੀਆਂ ਅੱਖਾਂ ਵਿਚ ਬੀਤੇ ਸਮੇਂ ਨੂੰ ਉਕਰਨਾ ਹੁੰਦਾ ਅਤੇ ਇਸ ਵਿਚੋਂ ਹੀ ਨਵੀਆਂ ਰਾਹਾਂ, ਤਦਬੀਰਾਂ ਅਤੇ ਤਕਦੀਰਾਂ ਜਨਮ ਲੈਂਦੀਆਂ।

ਜਦੋਂ ਸੋਚ ਵਿਚ ਸੰਵੇਦਨਾ, ਸੁਚੇਤਨਾ, ਸੁਹਿਰਦਤਾ ਅਤੇ ਸੰਜੀਦਗੀ ਪਿਘਲਦੀ ਤਾਂ ਇਨਸਾਨੀਅਤ ਦੀ ਕੁੱਖ ਗਰਭਦੀ। ਇਸ ਵਿਚੋਂ ਹੀ ਉਨ੍ਹਾਂ ਨਾਂਵਾਂ, ਥਾਂਵਾਂ, ਗਰਾਵਾਂ ਨੂੰ ਨਵੀਂ ਪਛਾਣ ਤੇ ਪ੍ਰਤੀਤ ਮਿਲਦੀ।

ਪਿਘਲਣਾ ਲਈ ਤਾਂ ਜਰੂਰੀ ਹੁੰਦੀ ਏ ਰੂਹਾਂ ਦੀ ਇਕਮਿਕਤਾ। ਆਪਣੀ ਰੂਹ-ਰੇਜ਼ਤਾ ਵਿਚੋਂ ਦੂਸਰੀ ਦੀ ਰੂਹ-ਰਾਗਣੀ ਨੂੰ ਸੁਣਨਾ। ਰੂਹ ਦੇ ਰੰਗਾਂ ਵਿਚ ਰੰਗੇ ਜਾਣਾ ਅਤੇ ਰੂਹ ਤੋਂ ਰੂਹ ਤੀਕ ਦੇ ਸਫਰ 'ਚੋਂ ਉਨ੍ਹਾਂ ਰਾਹਾਂ 'ਤੇ ਪੈਰ ਚਿੰਨ ਉਕਰਨੇ, ਜਿਨ੍ਹਾਂ ਨੇ ਸੁੰਦਰਤਾ ਅਤੇ ਸਹੁੱਪਣ ਵਿਚੋਂ ਸਭਿਅਤਾ ਤੇ ਸਭਿਆਚਾਰ ਨੂੰ ਪਰਿਭਾਸ਼ਤ ਕਰਨਾ ਹੁੰਦਾ।

ਮਹਾਨ ਲੋਕ ਸਿਰਫ ਇਸ ਲਈ ਹੀ ਮਹਾਨ ਹੁੰਦੇ, ਕਿਉਂਕਿ ਉਹ ਕੋਮਲ-ਭਾਵੀ ਅਤੇ ਨਰਮ-ਦਿਲ ਹੁੰਦੇ। ਬਹੁਤ ਜਲਦੀ ਪਿਘਲ ਜਾਂਦੇ, ਜਦ ਉਹ ਕਿਸੇ ਕਿਤਾਬ ਦਾ ਸੂਖਮਤਾ ਭਰਪੂਰ ਕਾਂਡ ਪੜ੍ਹਦੇ। ਫਿਲਮ ਦਾ ਭਾਵੁਕ ਸੀਨ ਦੇਖਦੇ ਜਾਂ ਕੋਈ ਦੁਰਘਟਨਾ ਗ੍ਰਸਤ ਵਿਅਕਤੀ ਨਜ਼ਰ ਆਉਂਦਾ। ਉਨ੍ਹਾਂ ਦੀ ਪਿਘਲਣ ਵਿਚੋਂ ਹੀ ਉਨ੍ਹਾਂ ਦੀ ਮਹਾਨਤਾ ਪ੍ਰਤੱਖ ਨਜ਼ਰ ਆਉਂਦੀ। ਮਸ਼ਹੂਰ ਲੋਕ ਬਹੁਤ ਘੱਟ ਪਸੀਜਦੇ। ਦਾਨੀ ਤੇ ਹਮਦਰਦ ਲੋਕ, ਮਨ ਦੇ ਪਿਘਲਣ ਕਾਰਨ ਹੀ ਲੋਕ-ਸੇਵਾ ਨੂੰ ਸਮਰਪਿਤ। ਮਦਰ ਟਰੇਸਾ ਜਾਂ ਪੂਰਨ ਸਿੰਘ ਪਿੰਗਲਵਾੜਾ ਤਾਂ ਪਿਘਲੇ ਹੋਏ ਮਨਾਂ ਦੀ ਤੱਪਤੇਜ਼ੀ ਤਵਾਰੀਖ।

ਪਿਘਲਣਾ ਬਹੁਤ ਜਰੂਰੀ ਹੁੰਦਾ ਹੈ
ਕਿਉਂਕਿ ਜਦ ਜਜ਼ਬਾਤ ਯੱਖ ਹੁੰਦੇ ਤਾਂ
ਜੀਵਨ-ਗਤੀ ਦੇ ਰੁਕਣ ਦਾ ਖਦਸ਼ਾ
ਤੇ ਪਲ ਹੋ ਜਾਂਦੇ ਬਰਫ
ਸਾਹ-ਸੰਗੀਤ ਬਣ ਜਾਂਦਾ ਮਾਤਮੀ-ਧੁੰਨ।
ਇਸ ਲਈ ਪਿਘਲਣਾ ਬਹੁਤ ਜਰੂਰੀ ਹੈ
ਸਾਹਾਂ 'ਚ, ਸੁਗੰਧੀ 'ਚ
ਸਬੰਧਾਂ 'ਚ, ਸਲਾਹਾਂ 'ਚ,
ਸੁਪਨਿਆਂ 'ਚ ਤੇ ਸਾਥ 'ਚ।
ਪਿਘਲਣ ਨਾਲ ਇਕਸੁਰ ਹੋ ਜਾਂਦੀ ਹੈ
ਸਾਹ-ਸੰਗੀਤਕਤਾ
ਕਦਮਾਂ ਵਿਚ ਉਪਜਦਾ ਤਾਲ
ਮਸਤਕ ਵਿਚ ਉਗਦਾ ਖਿਆਲ
ਦਿਸਹੱਦਿਆਂ ਵਿਚ ਉਘੜਦਾ ਜਲਾਲ
ਤੇ ਜੀਵਨ ਤੋਰ ਨੂੰ ਮਿਲਦਾ ਹੈ ਮਲਾਲ
ਪਿਘਲਣਾ ਬਹੁਤ ਹੀ ਜਰੂਰੀ ਹੈ
ਆਪਣਿਆਂ ਵਿਚ
ਅਰਦਾਸ ਵਿਚ
ਅਗੰਮਤਾ ਵਿਚ
ਅਲਹਾਮਤਾ ਵਿਚ
ਅਤੇ ਅੰਤਰੀਵਤਾ ਵਿਚ
ਪਿਘਲਣ ਤੋਂ ਬਗੈਰ ਲੋਕ
ਹੱਠਧਰਮੀ, ਹੋਛੇ,
ਹਰਾਮੀ ਤੇ ਹੰਕਾਰੀ ਹੁੰਦੇ।
ਇਸ ਲਈ ਪਿਘਲਣਾ ਬਹੁਤ ਜਰੂਰੀ ਹੈ
ਪਿਆਰ ਵਿਚ, ਪਹਿਲ ਵਿਚ
ਪ੍ਰਗਤੀ ਵਿਚ ਅਤੇ ਪ੍ਰਸੰਨਤਾ ਵਿਚ
ਪਿਘਲਣਾ ਬਹੁਤ ਹੀ ਜਰੂਰੀ ਹੈ।

ਜਦ ਇਕ ਅੱਥਰੂ ਪਿਘਲਦਾ ਤਾਂ ਇਹ ਸਮੁੰਦਰ ਹੋ ਜਾਂਦਾ। ਇਹ ਸਮੁੰਦਰ ਤਹਿਸ਼-ਨਹਿਸ਼ ਕਰ ਦਿੰਦਾ ਕੂੜ-ਕੁਸੱਤ, ਕਪਟ, ਕਮੀਨਗੀ ਅਤੇ ਕਰਤੂਤਾਂ ਨੂੰ। ਅੱਥਰੂ ਨੂੰ ਕਦੇ ਵੀ ਪਿਘਲਣ ਦੇ ਰਾਹ ਨਾ ਤੋਰੋ।

ਪਿਘਲਣ ਨਾਲ ਹੀ ਭਰ ਜਾਂਦੀਆਂ ਨੇ ਜ਼ਿੰਦਗੀ ਦੀਆਂ ਖਾਲੀ ਥਾਂਵਾਂ, ਜੋ ਆਪਣਿਆਂ ਦੀ ਬੇਰੁਖੀ, ਬੇਗਾਨਗੀ, ਬੇਰਹਿਮੀ, ਬਦਨੀਤੀ, ਬੁਖਲਾਹਟ, ਬੇਹੂਦਗੀ, ਬੇਪ੍ਰਤੀਤੀ ਜਾਂ ਬਦਲਾਖੋਰੀ ਕਾਰਨ ਮਨਾਂ ਵਿਚ ਪੈਦਾ ਹੁੰਦੀਆਂ। ਜਰੂਰੀ ਹੈ ਕਿ ਪਿਘਲਦੇ ਰਹੀਏ ਤਾਂ ਕਿ ਤਰੇੜਾਂ ਭਰਦੀਆਂ ਰਹਿਣ ਅਤੇ ਮਨ ਵਿਚ ਸੰਪੂਰਨਤਾ ਤੇ ਭਰਪੂਰਤਾ ਦਾ ਅਹਿਸਾਸ ਪੈਦਾ ਹੁੰਦਾ ਰਹੇ।

ਜਦ ਕੋਈ ਕਿਸੇ ਦੇ ਨੈਣਾਂ ਵਿਚ ਪਿਘਲਦਾ, ਉਸ ਦੇ ਬੋਲਾਂ ਵਿਚ ਘੁਲ ਜਾਂਦਾ, ਉਸ ਦੀਆਂ ਸੋਚਾਂ ਵਿਚ ਪਸੀਜ ਜਾਂਦਾ, ਉਸ ਦੇ ਸੁਪਨਿਆਂ ਵਿਚ ਸੁਪਨਾ ਬਣ ਜਾਂਦਾ, ਕਿਸੇ ਦੀਆਂ ਭਾਵਨਾਵਾਂ

*(ਬਾਕੀ ਅਗਲੇ ਸਫੇ 'ਤੇ)*

# ਮਿਲਾਪੜਾ ਤੇ ਸੁਹਿਰਦ ਇਨਸਾਨ ਪ੍ਰਿੰਸੀਪਲ ਮਲੂਕ ਚੰਦ ਕਲੇਰ

ਮਲੂਕ ਚੰਦ ਕਲੇਰ ਨਾਲ ਮੇਰੀ ਜਾਣ-ਪਛਾਣ ਕਰੋਨਾ ਕਾਲ ਦੌਰਾਨ ਸਾਲ 2020 ਦੇ ਸਤੰਬਰ ਮਹੀਨੇ ਸਾਂਝੇ ਦੋਸਤ ਬਖਸ਼ੀਸ਼ ਸਿੰਘ ਰਾਹੀਂ ਹੋਈ। ਉਹ ਵੀ ਮੇਰੇ ਵਾਂਗ ਕਰੋਨਾ ਕਰਕੇ ਹਵਾਈ ਉਡਾਣਾਂ ਕੈਂਸਲ ਹੋ ਜਾਣ ਕਾਰਨ ਆਪਣੀ ਨਿਰਧਾਰਤ ਪੰਜਾਬ ਫੇਰੀ ਤੋਂ ਤਿੰਨ-ਚਾਰ ਮਹੀਨੇ ਵੱਧ ਪੰਜਾਬ ਵਿਚ ਫਸੇ ਰਹਿਣ ਤੋਂ ਬਾਅਦ ਸਤੰਬਰ ਵਿਚ ਸਰੀ ਵਾਪਸ ਆ ਸਕਿਆ ਸੀ। ਇੱਥੇ ਆ ਕੇ ਉਸ ਨੇ ਮੇਰੀ ਵਾਕਫੀਅਤ ਮਲੂਕ ਕਲੇਰ ਨਾਲ ਕਿਵੇਂ ਕਰਵਾਈ, ਇਸ ਬਾਰੇ ਮੈਂ ਅੱਗੇ ਜਾ ਕੇ ਜ਼ਿਕਰ ਕਰਾਂਗਾ, ਪਰ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸਾਡੀ ਇਹ 'ਮੁਲਾਕਾਤ' ਅਜੇ ਫੋਨ ਅਤੇ ਹੋਰ ਬਿਜਲੀ-ਉਪਕਰਣਾਂ ਤੱਕ ਹੀ ਸੀਮਤ ਹੈ। ਨਿੱਜੀ ਤੌਰ 'ਤੇ ਇਕ-ਦੂਜੇ ਨੂੰ ਮਿਲਣ ਦਾ




**ਡਾ. ਸੁਖਦੇਵ ਸਿੰਘ ਝੰਡ**
ਫੋਨ: 647-567-9128

ਅਜੇ ਸਾਨੂੰ ਸੁਭਾਗ ਪ੍ਰਾਪਤ ਨਹੀਂ ਹੋਇਆ, ਪਰ ਫੋਨ-ਕਾਲਾਂ ਰਾਹੀਂ ਹੋਈਆਂ ਸੰਖੇਪ ਗੱਲਾਂ-ਬਾਤਾਂ ਅਤੇ ਬਿਜਲਈ-ਸੁਨੇਹਿਆਂ ਤੋਂ ਮਲੂਕ ਕਲੇਰ ਮੈਨੂੰ ਕਾਫੀ ਮਿਲਾਪੜਾ ਅਤੇ ਸੁਹਿਰਦ ਇਨਸਾਨ ਜਾਪਿਆ ਹੈ। ਅਸੀਂ ਦੋਵੇਂ ਇਸ ਸਮੇਂ ਭਾਵੇਂ ਕੈਨੇਡਾ ਦੇ ਵਾਸੀ ਹਾਂ, ਪਰ ਇਸ ਦੇ ਪੂਰਬ ਤੇ ਪੱਛਮੀ ਭਾਗਾਂ 'ਚ ਵੱਸੇ ਹੋਏ ਦੋ ਵੱਖ-ਵੱਖ ਸ਼ਹਿਰਾਂ ਬਰੈਂਪਟਨ ਅਤੇ ਸਰੀ ਵਿਚ ਵਿਚਰ ਰਹੇ ਹਾਂ, ਜੋ ਇਕ-ਦੂਜੇ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਹਨ ਤੇ ਇਨ੍ਹਾਂ ਵਿਚਾਲੇ ਹਵਾਈ ਸਫਰ ਪੰਜ-ਛੇ ਘੰਟਿਆਂ ਦਾ ਹੈ। ਖੈਰ! ਇਹ ਕੋਈ ਏਡੀ ਵੱਡੀ ਗੱਲ ਨਹੀਂ ਹੈ, ਕਿਉਂਕਿ ਜੇ ਦਿਲ ਵਿਚ ਮਿਲਣ ਦੀ ਚਾਹਤ ਹੋਵੇ ਤਾਂ ਏਨੀ ਕੁ ਦੂਰੀ ਇਨ੍ਹਾਂ ਦੇਸ਼ਾਂ ਵਿਚ ਆਮ ਜਿਹੀ ਗੱਲ ਹੈ। ਅਲਬੱਤਾ! ਮਹਾਮਾਰੀ ਕਰੋਨਾ ਨੇ ਇਹ ਆਪਸੀ ਦੂਰੀ ਅਜੇ ਤੱਕ ਕਾਫੀ ਵਧਾਈ ਰੱਖੀ ਹੈ, ਪਰ ਸਾਨੂੰ ਦੋਹਾਂ ਨੂੰ ਨੇੜ-ਭਵਿੱਖ ਵਿਚ 'ਅੱਛੇ ਦਿਨਾਂ' ਦੀ ਉਮੀਦ ਜ਼ਰੂਰ ਹੈ ਅਤੇ ਇਹ ਕੋਈ 'ਸਿਆਸੀ ਜੁਮਲਾ' ਨਹੀਂ ਹੈ।

'ਕਰੋਨਾ-ਮਹਾਮਾਰੀ' ਦੇ ਸਾਰੀ ਦੁਨੀਆਂ ਵਿਚ ਫੈਲ ਜਾਣ ਕਾਰਨ ਮਾਰਚ 2020 ਵਿਚ ਹੋਰਨਾਂ ਦੇਸ਼ਾਂ ਵਾਂਗ ਭਾਰਤ ਤੋਂ ਦੂਸਰੇ ਦੇਸ਼ਾਂ ਨੂੰ ਆਉਣ-ਜਾਣ ਵਾਲੀਆਂ ਹਵਾਈ-ਉਡਾਣਾਂ ਵੀ ਰੱਦ ਕਰ ਦਿੱਤੀਆਂ ਗਈਆਂ ਸਨ। ਉਨ੍ਹੀਂ ਦਿਨੀਂ ਮੈਂ ਆਪਣੀ ਪਤਨੀ ਨਾਲ ਆਪਣੇ ਅੰਮ੍ਰਿਤਸਰ ਵਾਲੇ ਘਰ ਵਿਚ ਸਾਂ। ਅਸੀਂ ਜਨਵਰੀ ਦੇ ਸ਼ੁਰੂ ਵਿਚ ਹੀ ਪੰਜਾਬ ਗਏ ਸਾਂ ਅਤੇ ਸਾਡੀ ਟੋਰਾਂਟੋ ਦੀ 11 ਅਪਰੈਲ ਦੀ ਵਾਪਸੀ ਫਲਾਈਟ ਵੀ ਹੋਰਨਾਂ ਵਾਂਗ ਰੱਦ ਹੋ ਚੁਕੀ ਸੀ। ਅਸੀਂ ਕਰੋਨਾ ਦੇ ਘੱਟ ਜਾਣ ਅਤੇ ਫਲਾਈਟਾਂ ਦੇ ਮੁੜ ਚਾਲੂ ਹੋਣ ਦੀ ਉਡੀਕ ਕਰ ਰਹੇ ਸਾਂ ਕਿ ਇਕ ਦਿਨ ਮੇਰੇ ਦੋਸਤ ਬਖਸ਼ੀਸ਼ ਸਿੰਘ ਦਾ ਪਟਿਆਲੇ ਤੋਂ ਫੋਨ ਆਇਆ। ਉਹ ਵੀ ਮੇਰੇ ਵਾਂਗ ਆਪਣੀ ਪਤਨੀ ਨਾਲ ਸਰੀ ਤੋਂ ਪੰਜਾਬ ਫੇਰੀ 'ਤੇ ਏਅਰ-ਇੰਡੀਆ ਦੀ ਫਲਾਈਟ ਰਾਹੀਂ ਹੀ ਆਇਆ ਹੋਇਆ ਸੀ। ਆਮ ਸੁੱਖ-ਸਾਂਦ ਤੇ ਹਾਲ-ਚਾਲ ਪੁੱਛਣ ਪਿਛੋਂ ਏਅਰ-ਇੰਡੀਆ ਦੀਆਂ ਕੈਨੇਡਾ ਵਾਪਸੀ ਦੀਆਂ ਫਲਾਈਟਾਂ ਦੀ ਗੱਲ ਚੱਲ ਪਈ, ਜਿਨ੍ਹਾਂ ਦੀ ਉਦੋਂ ਨੇੜ-ਭਵਿੱਖ ਵਿਚ ਕੋਈ ਉਮੀਦ ਨਹੀਂ ਸੀ। ਇਸ ਦੇ ਨਾਲ ਹੀ ਉਸ ਨੇ ਮਾਰਚ 2019 ਵਿਚ ਛਪੀ ਮੇਰੀ ਸਵੈ-ਜੀਵਨੀ "ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ" ਦੇ ਲਈ ਆਪਣੀ ਚਾਹਤ ਦਰਸਾਈ, ਜਿਸ ਦਾ ਰੀਵਿਊ ਉਸ ਨੇ ਕਿਸੇ ਅਖਬਾਰ ਵਿਚ ਪੜ੍ਹਿਆ ਸੀ। ਉਸ ਦੀ ਇਸ ਹੱਕੀ ਮੰਗ ਨੂੰ ਪੂਰਾ ਕਰਨ ਲਈ ਮੈਂ ਉਸ ਨੂੰ ਅੰਮ੍ਰਿਤਸਰ ਘਰ ਆਉਣ ਲਈ ਕਿਹਾ, ਪਰ ਸਮੇਂ ਦੀ ਮਜਬੂਰੀ ਕਾਰਨ ਉਹ ਅੰਮ੍ਰਿਤਸਰ ਨਾ ਆ ਸਕਿਆ ਅਤੇ 17 ਜੁਲਾਈ ਨੂੰ 'ਕਤਰ ਏਅਰ ਲਾਈਨਜ਼' ਦੀ ਸਪੈਸ਼ਲ ਫਲਾਈਟ ਰਾਹੀਂ ਸਾਡੀ ਟੋਰਾਂਟੋ ਵਾਪਸੀ ਤੋਂ ਬਾਅਦ ਮੇਰੇ ਪਿੰਡ ਚੌਹਾਨ ਤੋਂ ਛੋਟੇ ਭਰਾ ਗੁਰਭੇਜ ਕੋਲੋਂ ਇਹ ਪੁਸਤਕ ਲੈ ਗਿਆ।

ਸਤੰਬਰ ਵਿਚ ਸਰੀ ਵਾਪਸ ਆਉਣ 'ਤੇ ਜਦੋਂ ਉਸ ਨੇ ਪੰਜਾਬ ਤੋਂ ਲਿਆਂਦੀਆਂ ਹੋਈਆਂ ਤਿੰਨ ਹੋਰ ਪੁਸਤਕਾਂ ਦੇ ਨਾਲ ਮੇਰੀ ਸਵੈ-ਜੀਵਨੀ ਵੀ ਮਲੂਕ ਚੰਦ ਕਲੇਰ ਨੂੰ ਪੜ੍ਹਨ ਲਈ ਦਿੱਤੀ ਤਾਂ ਇਹ ਸਾਡੇ ਦੋਹਾਂ ਵਿਚ ਜਾਣ-ਪਛਾਣ ਅਤੇ ਆਪਸੀ ਸਾਂਝ ਦਾ ਕਾਰਨ ਬਣੀ। ਬਖਸ਼ੀਸ਼ ਵਾਂਗ ਮਲੂਕ ਕਲੇਰ ਨੂੰ ਵੀ ਪੁਸਤਕਾਂ ਪੜ੍ਹਨ ਦਾ ਕਾਫੀ ਸ਼ੌਕ ਹੈ। ਇਕ ਸਫਲ ਅਧਿਆਪਕ ਅਤੇ ਸਕੂਲ ਦੇ ਪ੍ਰਿੰਸੀਪਲ ਹੋਣ ਦੇ ਨਾਤੇ ਸੁਯੋਗ ਪ੍ਰਬੰਧਕ ਹੋਣ ਦੇ ਨਾਲ ਨਾਲ ਉਸ ਨੂੰ ਲਿਖਣ ਦੀ ਮੱਸ ਵੀ ਹੈ। ਸਾਡੇ ਵਿਚ ਨੇੜਤਾ ਹੋ ਜਾਣ ਦਾ ਇਕ ਵੱਡਾ ਕਾਰਨ ਇਹ ਵੀ ਹੈ।

ਇਸ ਨੇੜਤਾ ਦੌਰਾਨ ਹੀ ਮੈਨੂੰ ਪਤਾ ਲੱਗਾ ਕਿ ਹੁਣ ਤੀਕ ਉਹ ਆਪਣੀ ਸਵੈ-ਜੀਵਨੀ 'ਕੋਰੇ ਘੜੇ ਦਾ ਪਾਣੀ' (2009) ਅਤੇ ਤਿੰਨ ਨਾਵਲ 'ਸੂਰਜ ਉੱਗ ਪਿਆ' (2012), 'ਜੰਗਲ ਵਿਚ ਚੋਣ' (2014) ਅਤੇ 'ਤਲਾਸ਼ ਜਾਰੀ ਹੈ' (2018) ਪੰਜਾਬੀ ਪਾਠਕਾਂ ਦੀ ਨਜ਼ਰ ਕਰਕੇ ਪੰਜਾਬੀ ਦੇ ਗਲਪ-ਸੰਸਾਰ ਵਿਚ ਆਪਣਾ ਨਾਂ ਬਾਖੂਬੀ ਦਰਜ ਕਰਵਾ ਚੁਕਾ ਹੈ। ਇਨ੍ਹਾਂ ਵਿਚੋਂ 'ਜੰਗਲ ਵਿਚ ਚੋਣ' ਬਾਲ-ਨਾਵਲ ਹੈ, ਜਿਸ ਵਿਚ ਉਸ ਨੇ ਜਾਨਵਰਾਂ ਦੇ ਮੂੰਹੋਂ ਸੰਵਾਦ ਕਢਵਾ ਕੇ



ਪ੍ਰਿੰਸੀਪਲ ਮਲੂਕ ਚੰਦ ਕਲੇਰ

ਬਹੁਤ ਵਧੀਆ ਉਸਾਰੂ ਗੱਲਾਂ ਕੀਤੀਆਂ ਹਨ। ਯਕੀਨਨ ਉਸ ਦੇ ਬੋਲ-ਚਾਲ ਦੇ ਵਧੀਆ ਲਹਿਜ਼ੇ ਵਾਂਗ ਵਿਸ਼ੇ ਤੇ ਰੂਪਕ-ਦੋਹਾਂ ਪੱਖਾਂ ਤੋਂ ਹੀ ਇਹ ਜ਼ਰੂਰ ਦਿਲਚਸਪ ਹੋਣਗੀਆਂ। ਇਸ ਦੇ ਨਾਲ ਹੀ ਅਖਬਾਰਾਂ ਵਿਚ ਵੱਖ-ਵੱਖ ਸਮੇਂ ਪੜ੍ਹੇ ਹੋਏ ਉਸ ਦੇ ਆਰਟੀਕਲ ਉਸ ਦੀ ਮਨੁੱਖਤਾ ਪ੍ਰਤੀ ਉਸਾਰੂ ਸੋਚ ਤੇ ਸਹੀ ਪਹੁੰਚ ਨੂੰ ਬਾਖੂਬੀ ਦਰਸਾਉਂਦੇ ਹਨ।

ਜਦੋਂ ਸ਼ੌਕ ਅਤੇ ਖਿਆਲ ਰਲਦੇ-ਮਿਲਦੇ ਹੋਣ ਤਾਂ ਫਿਰ ਸੁਭਾਅ ਦੀ ਸਾਂਝ ਵੀ ਬਣਨੀ ਸੁਭਾਵਿਕ ਹੈ। ਬਖਸ਼ੀਸ਼ ਸਿੰਘ ਵੱਲੋਂ ਲਿਆਂਦੀਆਂ ਗਈਆਂ ਤਿੰਨੇ ਪੁਸਤਕਾਂ ਅਤੇ ਮੇਰੀ ਸਵੈ-ਜੀਵਨੀ ਪੜ੍ਹਨ ਤੋਂ ਬਾਅਦ ਇਕ ਦਿਨ ਮੈਨੂੰ ਮਲੂਕ ਕਲੇਰ ਦਾ ਫੋਨ ਆਇਆ ਤੇ ਉਸ ਨੇ ਇਸ ਬਾਰੇ ਆਪਣੀ ਪ੍ਰਤੀਕਿਰਿਆ ਫੋਨ ਕਾਲ ਅਤੇ ਆਪਣੇ ਇਕ ਆਰਟੀਕਲ 'ਮਨੁੱਖੀ ਰਿਸ਼ਤੇ' ਰਾਹੀਂ ਇਨ੍ਹਾਂ ਸ਼ਬਦਾਂ ਨਾਲ ਦਰਸਾਈ:

"ਇਸ ਲੜੀ ਵਿਚ ਮੇਰੇ ਵੱਲੋਂ ਪੜ੍ਹੀ ਗਈ ਤੀਸਰੀ ਪੁਸਤਕ ਡਾ. ਸੁਖਦੇਵ ਸਿੰਘ ਝੰਡ ਦੀ ਸਵੈ-ਜੀਵਨੀ 'ਪੱਤੇ ਤੇ ਪਰਛਾਵੇਂ' (2019) ਹੈ। ਲੇਖਕ ਆਪਣੇ 'ਹਾਈ ਸਕੂਲ ਵਿਚ ਪੜ੍ਹਾਈ' ਵਾਲੇ ਅਧਿਆਇ ਵਿਚ ਸਕੂਲ ਦੇ ਇਕ ਮਾਸਟਰ ਸ਼ਰਮਾ ਜੀ ਦੇ ਮੂੰਹੋਂ ਉਚਾਰੇ ਗਏ ਸ਼ਬਦਾਂ ਬਾਰੇ ਬਾਖੂਬੀ ਲਿਖਦਾ ਹੈ, "...ਸਕੂਲ ਵਿਚ 'ਸਾਹਿਬ' ਤਾਂ ਦੋ ਹੀ ਹੁੰਦੇ ਹਨ, ਇਕ ਹੈੱਡਮਾਸਟਰ ਸਾਹਿਬ ਤੇ ਦੂਸਰੇ ਪੀ. ਟੀ. ਸਾਹਿਬ। ਬਾਕੀ ਤਾਂ 'ਮਾਸਟਰ' ਹੀ ਹੁੰਦੇ ਹਨ, ਸਾਡੇ ਵਰਗੇ।" ...ਸਕੂਲ ਦੇ ਇਕ ਹੋਰ ਅਧਿਆਪਕ ਬਾਰੇ ਉਸ ਦਾ ਕਹਿਣਾ ਹੈ, "ਇਕ ਪੰਜਾਬੀ ਦੇ ਅਧਿਆਪਕ ਸਨ, ਗਿਆਨੀ ਚਾਨਣ ਸਿੰਘ ਜੀ। ਉਹ ਕਵਿਤਾ ਵੀ ਲਿਖਦੇ ਹੁੰਦੇ ਸਨ ਅਤੇ ਆਪਣੇ ਨਾਂ ਨਾਲ ਤਖੱਲਸ 'ਦਿਲਗੀਰ' ਲਗਾਇਆ ਕਰਦੇ ਸਨ। ਸਵੇਰੇ ਪ੍ਰਾਰਥਨਾ ਤੋਂ ਬਾਅਦ ਅਕਸਰ ਉਹ ਥੋੜ੍ਹਾ ਜਿਹਾ ਲੈਕਚਰ ਦਿਆ ਕਰਦੇ ਸਨ ਅਤੇ ਬੜੀਆਂ ਵਧੀਆ ਗੱਲਾਂ ਦੱਸਿਆ ਕਰਦੇ ਸਨ, ਪਰ ਉਦੋਂ ਉਨ੍ਹਾਂ ਦੀਆਂ ਉਹ ਗੱਲਾਂ ਸਾਨੂੰ ਸਮਝ ਨਹੀਂ ਸਨ ਪੈਂਦੀਆਂ, ਜਿੰਨੀਆਂ ਹੁਣ ਯਾਦ ਆਉਂਦੀਆਂ ਹਨ। ਕਲਾਸ ਵਿਚ ਮੈਨੂੰ ਕਈ ਵਾਰ ਕਹਿੰਦੇ, 'ਸੁਖਦੇਵ! ਤੂੰ ਪੜ੍ਹਨ ਵਿਚ ਚੰਗਾ ਏਂ, ਪਰ ਤੇਰੀ ਪੰਜਾਬੀ ਦੀ ਲਿਖਾਈ ਏਨੀ ਚੰਗੀ ਨਹੀਂ ਏ। ਤੂੰ ਅੱਖਰ ਗੋਲ-ਗੋਲ ਪਾਉਂਦਾ ਏਂ, ਜ਼ਰਾ ਨੁੱਕਰਾਂ ਕੱਢ ਕੇ ਲਿਖਿਆ ਕਰ।' ਮੈਂ ਉਨ੍ਹਾਂ ਨੂੰ 'ਚੰਗਾ ਜੀ' ਕਹਿ ਦਿੰਦਾ, ਪਰ ਮੇਰੇ ਪੰਜਾਬੀ ਦੇ ਅੱਖਰ ਗੋਲ-ਗੋਲ ਹੀ ਰਹੇ। ਉਨ੍ਹਾਂ ਦਾ ਬੇਟਾ ਪ੍ਰਿਤਪਾਲ ਮੇਰਾ ਜਮਾਤੀ ਸੀ। ਉਸ ਦੀ ਪੰਜਾਬੀ ਦੀ ਲਿਖਾਈ ਬਹੁਤ ਹੀ ਖੂਬਸੂਰਤ ਹੁੰਦੀ ਸੀ। ਉਹ ਕਾਫੀ ਹੁਸ਼ਿਆਰ ਸੀ ਅਤੇ ਪੰਜਾਬੀ ਵਿਚ ਉਸ ਦੇ ਨੰਬਰ ਮੇਰੇ ਨਾਲੋਂ ਵੱਧ ਆਉਂਦੇ ਸਨ।"

ਪੰਜਾਬੀ ਦੇ ਮੇਰੇ ਇਹ ਅਧਿਆਪਕ ਗਿਆਨੀ ਚਾਨਣ ਸਿੰਘ ਕੋਈ ਹੋਰ ਨਹੀਂ, ਸਗੋਂ ਪੰਜਾਬੀ ਪੁਸਤਕਾਂ ਪੜ੍ਹਨ ਦੇ ਸ਼ੌਕੀਨ ਬਖਸ਼ੀਸ਼ ਸਿੰਘ ਦੇ ਪਿਤਾ ਜੀ ਸਨ ਅਤੇ ਉਨ੍ਹਾਂ ਦਾ ਹੀ ਛੋਟਾ ਬੇਟਾ ਪ੍ਰਿਤਪਾਲ ਸਰਕਾਰੀ ਹਾਈ ਸਕੂਲ ਛੱਜਲਵੱਡੀ ਵਿਚ ਛੇਵੀਂ ਤੋਂ ਦਸਵੀਂ ਤੱਕ ਮੇਰਾ ਜਮਾਤੀ ਰਿਹਾ ਹੈ। ਉਸ ਨੇ ਪੰਜਾਬੀ ਸੱਭਿਆਚਾਰ ਦੇ ਖੇਤਰ ਵਿਚ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਇਸ ਵਿਸ਼ੇ 'ਤੇ ਪੀਐੱਚ.ਡੀ. ਵੀ ਕੀਤੀ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਲੰਮੀ ਸੇਵਾ ਨਿਭਾਉਣ ਤੋਂ ਬਾਅਦ ਡਾ. ਪ੍ਰਿਤਪਾਲ ਸਿੰਘ ਮਹਿਰੋਕ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪੰਜਾਬੀ ਦੇ ਪ੍ਰੋਫੈਸਰ ਵਜੋਂ ਸੇਵਾ-ਮੁਕਤ ਹੋਇਆ ਹੈ। ਇਨ੍ਹਾਂ ਦੋਹਾਂ ਦਾ ਛੋਟਾ ਭਰਾ ਕੁਲਬੀਰ ਸਿੰਘ ਵੀ ਸਰਕਾਰੀ ਸਪੋਰਟਸ ਕਾਲਜ ਜਲੰਧਰ ਤੋਂ ਪੰਜਾਬੀ ਪ੍ਰਾ-ਅਧਿਆਪਕ ਵਜੋਂ ਸੇਵਾ-ਮੁਕਤ ਹੋਇਆ ਹੈ। ਉਹ ਲੰਮੇ ਸਮੇਂ ਤੋਂ 'ਜਲੰਧਰ ਦੂਰਦਰਸ਼ਨ' ਨਾਲ ਜੁੜਿਆ ਰਿਹਾ ਹੈ ਅਤੇ ਹੁਣ ਵੀ ਇਸ ਦੇ ਪ੍ਰੋਗਰਾਮਾਂ ਦੀ ਅਖਬਾਰਾਂ ਵਿਚ ਭਰਪੂਰ ਸਮੀਖਿਆ ਕਰਦਾ ਹੈ। ਇਸ ਤੋਂ ਇਸ ਪਰਿਵਾਰ ਦਾ ਪੰਜਾਬੀ ਮਾਂ-ਬੋਲੀ ਪ੍ਰਤੀ ਪਿਆਰ ਤੇ ਸਤਿਕਾਰ ਭਲੀ-ਭਾਂਤ ਪ੍ਰਤੀਤ ਹੁੰਦਾ ਹੈ ਅਤੇ ਇਸੇ ਕਾਰਨ ਇਸ ਪਰਿਵਾਰ ਦੇ ਨਾਲ ਮਲੂਕ ਕਲੇਰ ਦੀ ਨੇੜਤਾ ਦਾ ਵੀ ਅਹਿਸਾਸ ਹੁੰਦਾ ਹੈ, ਕਿਉਂਕਿ ਉਹ ਵੀ ਮੁੱਢ ਤੋਂ ਹੀ ਪੰਜਾਬੀ ਦਾ ਅਧਿਆਪਕ ਅਤੇ ਪੰਜਾਬੀ ਭਾਸ਼ਾ-ਪ੍ਰੇਮੀ ਰਿਹਾ ਹੈ, ਤੇ ਹੁਣ ਵੀ ਉਵੇਂ ਹੀ ਹੈ।

ਇਕ ਸੁਯੋਗ ਅਧਿਆਪਕ ਹੋਣ ਤੋਂ ਇਲਾਵਾ ਮਲੂਕ ਚੰਦ ਕਲੇਰ ਵਧੀਆ ਬੁਲਾਰਾ ਅਤੇ ਅਗਾਂਹ-ਵਧੂ ਵਿਚਾਰਾਂ ਵਾਲਾ ਇਨਸਾਨ ਹੈ। ਖੂਨ ਦੇ ਰਿਸ਼ਤਿਆਂ ਨਾਲੋਂ ਉਹ ਮਨੁੱਖੀ-ਰਿਸ਼ਤਿਆਂ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ ਅਤੇ ਇਸ ਨੂੰ ਬਾਖੂਬੀ ਨਿਭਾਉਂਦਾ ਵੀ ਹੈ। ਵਿੱਦਿਆ ਦਾ ਚਾਨਣ ਬਿਖੇਰਨ ਦੇ ਆਪਣੇ ਮੁਢਲੇ ਅਤੇ ਅਹਿਮ ਫਰਜ਼ ਦੇ ਨਾਲ ਨਾਲ ਉਹ ਸਕੂਲਾਂ ਦੇ ਨਾਲ ਸਬੰਧਿਤ ਆਲ ਇੰਡੀਆ ਰੇਡੀਓ ਜਲੰਧਰ ਦੇ ਪ੍ਰੋਗਰਾਮ 'ਸਕੂਲ-ਪ੍ਰਸਾਰਣ' ਵਿਚ 15 ਸਾਲ ਲਗਾਤਾਰ ਹਿੱਸਾ ਲੈਂਦਾ ਰਿਹਾ ਹੈ। ਇਨ੍ਹਾਂ ਵਿਚ ਉਹ ਸਰੋਤਿਆਂ ਨਾਲ ਵੱਖ-ਵੱਖ ਵਿਸ਼ਿਆਂ ਉੱਪਰ ਆਪਣੇ ਵਿਚਾਰ ਸਾਂਝੇ ਕਰਦਾ ਰਿਹਾ ਹੈ ਅਤੇ ਇਨ੍ਹਾਂ ਨਾਲ ਸਬੰਧਿਤ ਕਈ ਬਹਿਸਾਂ ਵਿਚ ਹਿੱਸਾ ਲੈਂਦਾ ਰਿਹਾ ਹੈ। ਸੇਵਾ-ਮੁਕਤੀ ਤੋਂ ਬਾਅਦ ਕੈਨੇਡਾ ਆ ਕੇ ਵੀ ਉਹ ਆਰਾਮ ਨਾਲ ਨਹੀਂ ਬੈਠਾ ਹੈ। ਸਰੀ ਅਤੇ ਵੈਨਕੂਵਰ ਦੇ ਵੱਖ-ਵੱਖ ਰੇਡੀਓ ਤੇ ਟੀ. ਵੀ. ਪ੍ਰੋਗਰਾਮਾਂ ਵਿਚ ਅਕਸਰ ਹਿੱਸਾ ਲੈਂਦਾ ਰਹਿੰਦਾ ਹੈ। ਇੱਥੇ ਉਸ ਨੇ ਆਪਣੇ ਸਾਥੀਆਂ ਦੇ ਨਾਲ ਮਿਲ ਕੇ 'ਲੋਕ-ਕਵੀ ਗੁਰਦਾਸ ਆਲਮ ਸਾਹਿਤ ਸਭਾ' ਬਣਾਈ ਹੋਈ ਹੈ, ਜਿਸ ਵਿਚ ਉਹ ਸਾਹਿਤ ਦੇ ਵੱਖ-ਵੱਖ ਰੂਪਾਂ ਬਾਰੇ ਚਰਚਾ ਕਰਦੇ ਰਹਿੰਦੇ ਹਨ ਅਤੇ ਕਵਿਤਾਵਾਂ, ਕਹਾਣੀਆਂ ਤੇ ਗੱਲਾਂ-ਬਾਤਾਂ ਰਾਹੀਂ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਰਹਿੰਦੇ ਹਨ। ਇਸ ਦੌਰਾਨ ਉਸ ਦੀ ਕਲਮ ਵੀ ਲਗਾਤਾਰ ਕੁਝ ਨਾ ਕੁਝ ਨਵਾਂ ਸਿਰਜਦੀ ਰਹਿੰਦੀ ਹੈ ਅਤੇ ਉਹ ਪੰਜਾਬੀ ਮਾਂ-ਬੋਲੀ ਦੀ ਝੋਲੀ ਵਿਚ ਸਰਦਾ-ਬਣਦਾ ਯੋਗਦਾਨ ਪਾਉਂਦਾ ਰਹਿੰਦਾ ਹੈ।

ਸ਼ਾਲਾ! ਇਹ ਸਿਲਸਿਲਾ ਇੰਜ ਹੀ ਨਿਰੰਤਰ ਚੱਲਦਾ ਰਹੇ ਅਤੇ ਪ੍ਰਿੰਸੀਪਲ ਮਲੂਕ ਚੰਦ ਕਲੇਰ ਪੰਜਾਬੀ ਮਾਂ-ਬੋਲੀ ਦੀ ਇਸੇ ਤਰ੍ਹਾਂ ਸੇਵਾ ਕਰਦਾ ਰਹੇ। ਉਸ ਦੀ ਨਰੋਈ ਸਰੀਰਕ ਤੇ ਦਿਮਾਗੀ ਸਿਹਤ ਦੀ ਕਾਮਨਾ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਉਸ ਨੂੰ ਇਹ ਸੇਵਾ ਕਰਨ ਦਾ ਹੋਰ ਬਲ ਬਖਸ਼ੇ।

## ਪਿਘਲਣ ਤੋਂ ਪ੍ਰੇਮ-ਪਾਹੁਲ

*(ਪਿਛਲੇ ਸਫੇ ਦੀ ਬਾਕੀ)*

ਵਿਚ ਵਹਿ ਜਾਂਦਾ ਜਾਂ ਕਿਸੇ ਦੇ ਸਾਹਾਂ ਦੀ ਸੁਗੰਧ ਬਣ ਜਾਂਦਾ ਤਾਂ ਪਿੰਘਲਣ ਨੂੰ ਆਪਣੀ ਅਭੇਦਤਾ, ਅਸੀਮਤਾ, ਅੰਤਰੀਵਤਾ ਅਤੇ ਅੰਤਰਯਾਮਤਾ 'ਤੇ ਨਾਜ਼ ਹੁੰਦਾ। ਅਜਿਹਾ ਪਿਘਲਾਅ ਵਿਰਲਿਆਂ ਦਾ ਨਸੀਬ, ਜਦ ਕੋਈ ਸਮੁੱਚ ਵਿਚ ਇਕ-ਦੂਜੇ ਵਿਚ ਪਿਘਲਦੇ। ਪਿਆਰ ਵਿਚ ਪਿਘਲੇ ਹੋਏ ਲੋਕ ਹੀ ਉਚ ਦਰਜੇ ਦੇ ਕਵੀ, ਲੇਖਕ, ਕਲਾਕਾਰ ਤੇ ਪੇਂਟਰ ਬਣਦੇ। ਉਹ ਲੋਕ-ਮਨਾਂ ਦੀ ਆਵਾਜ਼ ਹੁੰਦੇ ਅਤੇ ਉਨ੍ਹਾਂ ਦਾ ਬਸੇਰਾ ਲੋਕ-ਚੇਤਿਆਂ ਵਿਚ ਹੁੰਦਾ।

ਪਿਘਲਣ ਨਾਲ ਹੀ ਮਾਯੂਸੀ ਤੋਂ ਮੁਸਕਰਾਹਟ, ਮਾਤਮ ਤੋਂ ਮਦਹੋਸ਼ੀ, ਮੰਗਣ ਤੋਂ ਮੰਨਤ ਅਤੇ ਮੋਹਭੰਗਤਾ ਤੋਂ ਮੋਹਵੰਤਾ ਤੀਕ ਦੇ ਸਫਰ ਨੂੰ ਹੱਲਾਸ਼ੇਰੀ ਮਿਲਦੀ।

ਦਿਲ ਪਿਘਲਦੇ ਤਾਂ ਦਿਲਾਂ ਨਾਲ ਦਿਲ ਵਟਾਏ ਜਾਂਦੇ। ਦਿਲਦਾਰੀਆਂ ਅਤੇ ਦਰਿਆ-ਦਿਲੀ ਨੂੰ ਰਵਾਨੀ ਮਿਲਦੀ। ਦੱਕਸ਼ਣਾ ਅਤੇ ਦਰਵੇਸ਼ੀ ਨੂੰ ਫਕੀਰੀ ਮਿਲਦੀ। ਦਰਦਮੰਦਾਂ ਦੀਆਂ ਆਹੀਂ ਬਣਦੇ ਅਤੇ ਦੁੱਖਾਂ ਦੇ ਚਸ਼ਮਿਆਂ ਨੂੰ ਰਾਹਤ ਮਿਲਦੀ।


ਪਿਆਰਨਾ ਤੇ ਦੁਲਾਰਨਾ, ਪਿਘਲਣ ਵਿਚੋਂ ਹੀ ਪੈਦਾ ਹੁੰਦਾ। ਇਹ ਪਿਘਲੇ ਹੋਏ ਦਿਲਾਂ ਦੀ ਦਾਸਤਾਨ ਹੀ ਹੁੰਦੀ, ਜਦ ਕੋਈ ਵਿਛੋੜੇ ਵਿਚ ਰੋਂਦਾ ਤਾਂ ਅੱਖਾਂ ਦੀ ਛਮ-ਛਮ ਵਿਚ, ਕਣੀਆਂ ਦੀ ਰਿਮਝਿਮ ਵੀ ਸਾਥ ਨਿਭਾਉਂਦੀ।

ਸਭ ਤੋਂ ਪ੍ਰਮੁੱਖ ਹੁੰਦਾ ਏ ਰੂਹ ਦਾ ਰੂਹ ਵਿਚ ਪਿਘਲਣਾ। ਫਿਰ ਦੁਨੀਆਂ ਹੋਰ ਵੀ ਹੁਸੀਨ ਅਤੇ ਸੁੰਦਰ ਹੋ ਜਾਂਦੀ। ਜ਼ਿੰਦਗੀ ਜਿਉਣ ਅਤੇ ਇਸ ਦੀ ਰੂਹਦਾਰੀ ਨੂੰ ਮਾਣਨ ਦੀ ਤਮੰਨਾ ਮਨ ਵਿਚ ਤਾਰੀ ਹੁੰਦੀ। ਅਜਿਹੀ ਤਾਰੀ ਹਰ ਰੂਹ ਦੀ ਰਾਗਣੀ ਬਣੀ ਰਹੇ।

## ਬ੍ਰੇਨ ਵਾਸ਼

ਲਫਜ਼ 'ਬ੍ਰੇਨ ਵਾਸ਼' ਅਕਸਰ ਵਰਤਿਆ ਜਾਂਦਾ ਹੈ। ਡਿਕਸ਼ਨਰੀ ਵਿਚ ਇਸ ਦਾ ਮਤਲਬ 'ਪੁਰਾਣੇ ਵਿਚਾਰਾਂ ਦੀ ਥਾਂ ਨਵੇਂ ਵਿਚਾਰ ਸਥਾਪਤ ਕਰਨੇ' ਦੱਸਿਆ ਗਿਆ ਹੈ, ਪਰ ਅਸਲ ਵਿਚ ਇਸ ਦਾ ਉਲਟ ਵੀ ਹੁੰਦਾ ਹੈ। ਕਿਸੇ ਦੇ ਦਿਮਾਗ ਨੂੰ ਨਵੇਂ ਵਿਚਾਰਾਂ ਤੋਂ ਵਾਂਝੇ ਰੱਖ ਪੁਰਾਤਨ ਪੰਥੀ ਬਣਿਆ ਰਹਿਣ ਦੇਣਾ ਵੀ ਬ੍ਰੇਨ ਵਾਸ਼ ਦੀ ਸ਼੍ਰੇਣੀ ਵਿਚ ਆਉਂਦਾ ਹੈ। ਧਰਮ ਇਹ ਕੰਮ ਬਾਖੂਬੀ ਨਿਭਾਉਂਦੇ ਹਨ। ਨਿਰਪੱਖਤਾ ਨਾਲ ਸੋਚੋ ਤਾਂ ਬੱਚਿਆਂ ਦੇ ਬਾਲਗ ਹੋਣ ਤੋਂ ਪਹਿਲਾਂ ਉਸ ਨੂੰ ਧਾਰਮਿਕ ਸਿੱਖਿਆ ਦੇ ਟੀਕੇ ਲਾਉਣਾ ਵੀ ਉਸ ਦਾ ਬ੍ਰੇਨ ਵਾਸ਼ ਕਰ ਉਸ ਮਾਸੂਮ ਦੀਆਂ ਕੋਮਲ ਭਾਵਨਾਵਾਂ ਦਾ ਕਤਲ ਹੁੰਦਾ ਹੈ।

ਕੁਦਰਤ 'ਚ ਵੀ ਇਹ ਵਰਤਾਰਾ ਬੜੇ ਸਨਸਨੀਖੇਜ਼ ਰੂਪ ਵਿਚ ਮੌਜੂਦ ਪਾਇਆ ਗਿਆ ਹੈ। ਕੀੜੇ-ਮਕੌੜਿਆਂ ਤੋਂ ਲੈ ਕੇ ਵੱਡੇ ਜੀਵਾਂ ਤੱਕ 'ਪੈਰਾਸਾਈਟ' ਪਾਏ ਜਾਂਦੇ ਹਨ। ਇਸ ਪ੍ਰਕਾਰ ਦੇ ਜੀਵ ਦੂਸਰੇ ਜੀਵ ਦੇ ਸਰੀਰ ਵਿਚ ਨਿਵਾਸ ਕਰ ਉਸ ਤੋਂ ਹੀ ਭੋਜਨ ਪ੍ਰਾਪਤ ਕਰ ਜੀਂਦੇ ਹਨ। ਸਾਡੇ ਸਰੀਰ ਵਿਚ ਵੀ ਅਨੇਕਾਂ ਐਸੇ ਜੀਵ ਮੌਜੂਦ ਰਹਿੰਦੇ ਹਨ, ਪਰ ਵਿਗਿਆਨੀਆਂ ਨੇ ਇਸ ਤੋਂ ਇਲਾਵਾ ਵੀ ਹੈਰਾਨੀਜਨਕ ਖੁਲਾਸੇ ਕੀਤੇ ਹਨ। ਕੁਝ ਜੀਵਾਂ ਨੂੰ 'ਮਾਈਂਡ ਸਕਰ' ਦਾ ਨਾਂ ਦਿੱਤਾ ਗਿਆ ਹੈ। ਇਹ ਜੀਵ ਆਪਣੇ 'ਹੋਸਟ' ਜੀਵ ਵਿਚ ਨਿਵਾਸ ਕਰ ਉਸ ਤੋਂ ਭੋਜਨ ਹੀ ਪ੍ਰਾਪਤ ਨਹੀਂ ਕਰਦੇ, ਸਗੋਂ ਉਸ ਦਾ ਬ੍ਰੇਨ ਵਾਸ਼ ਕਰ ਉਸ ਨੂੰ ਆਪਣੀ ਇੱਛਾ ਅਨੁਸਾਰ ਹੁਕਮ ਮੰਨਣ ਲਈ ਮਜਬੂਰ ਕਰ ਦਿੰਦੇ ਹਨ।



ਇੱਕ ਧਾਗੇ ਵਰਗਾ ਕੀੜਾ (ਹੌਰਸ ਹੇਅਰ) ਆਪਣੇ 'ਲਾਰਵਾ' ਨੂੰ ਇੱਕ ਟਿੱਡੇ ਵਿਚ ਪ੍ਰਵੇਸ਼ ਕਰਾ ਦਿੰਦਾ ਹੈ। ਲਾਰਵਾ ਬਾਲਗ ਹੁੰਦਾ ਹੋਇਆ ਟਿੱਡੇ ਦੇ ਦਿਮਾਗ 'ਤੇ ਕੰਟਰੋਲ ਕਰ ਲੈਂਦਾ ਹੈ। ਟਿੱਡਾ ਜਮੀਨੀ ਪ੍ਰਾਣੀ ਹੈ, ਪਰ ਹੌਰਸ ਹੇਅਰ (ਧਾਗੇ ਵਰਗਾ ਕੀੜਾ) ਪਾਣੀ 'ਚ ਰਹਿਣਾ ਪਸੰਦ ਕਰਦਾ ਹੈ। ਹੌਰਸ ਹੇਅਰ ਦੇ ਕਮਾਂਡ ਕਰਨ 'ਤੇ ਟਿੱਡਾ ਪਾਣੀ ਵਿਚ ਕੁੱਦ ਆਤਮ ਹੱਤਿਆ ਕਰ ਲੈਂਦਾ ਹੈ ਤੇ ਹੌਰਸ ਹੇਅਰ ਪਾਣੀ 'ਚ ਪਹੁੰਚ ਆਪਣਾ ਮਕਸਦ ਪੂਰਾ ਕਰ ਲੈਂਦਾ ਹੈ।

ਹੋਰ ਬੜੀਆਂ ਮਿਸਾਲਾਂ ਹਨ, ਜਿਸ ਵਿਚ ਵਿਗਿਆਨੀਆਂ ਨੇ ਖੋਜ ਕਰ ਪਾਇਆ ਹੈ ਕਿ ਪੈਰਾਸਾਈਟ (ਪਰਜੀਵੀ) ਆਪਣੇ ਕਾਬੂ ਕੀਤੇ ਹੋਸਟ ਦੇ ਦਿਮਾਗ 'ਤੇ ਕਬਜ਼ਾ ਕਰ ਆਪਣਾ ਉੱਲੂ ਸਿੱਧਾ ਕਰਦੇ ਹਨ, ਪਰ ਮੇਰਾ ਮਕਸਦ ਇਹ ਦੱਸਣਾ ਸੀ ਕਿ ਦੇਖੋ ਧਾਰਮਿਕ ਕੱਟੜਤਾ ਵੀ ਨੌਜਵਾਨਾਂ ਦਾ ਇਵੇਂ ਬ੍ਰੇਨ ਵਾਸ਼ ਕਰ ਦਿੰਦੀ ਹੈ ਕਿ ਉਹ ਧਰਮੀ ਜਨੂੰਨ ਦਾ ਸ਼ਿਕਾਰ ਹੋ ਦੂਜਿਆਂ ਦੀਆਂ ਜਾਨਾਂ ਤੱਕ ਲੈ ਲੈਂਦੇ ਹਨ ਅਤੇ ਆਪਣੀਆਂ ਕੀਮਤੀ ਜਾਨਾਂ ਗੁਆ ਬੈਠਦੇ ਹਨ। ਇੱਕ ਪਾਸੇ ਦੁਨੀਆਂ ਵਿਗਿਆਨਕ ਸੋਚ ਸਦਕਾ ਧਰਮਾਂ, ਜਾਤਾਂ ਤੇ ਨਸਲਾਂ ਤੋਂ ਉੱਪਰ ਉੱਠ ਬਹੁਤ ਹੀ ਸਭਿਅਕ ਅਤੇ ਖੁਸ਼ਹਾਲ ਭਵਿੱਖ ਵੱਲ ਵਧ ਰਹੀ ਹੈ ਤੇ ਦੂਜੇ ਪਾਸੇ ਧਾਰਮਕ ਕੱਟੜਪੰਥੀ ਆਪਣੀ ਪਿੱਛਲਖੁਰੀ ਸੋਚ ਸਦਕਾ ਇਸ ਪ੍ਰਗਤੀ ਨੂੰ ਖੋਰਾ ਲਾਉਣ ਦਾ ਉਪਰਾਲਾ ਕਰਦੇ ਦੇਖੇ ਜਾ ਸਕਦੇ ਹਨ। ਇਸ ਪਾਸੇ ਸੁਚੇਤ ਰਹਿਣ ਦੀ ਲੋੜ ਹੈ।

*-ਹਰਜੀਤ ਦਿਉਲ, ਬਰੈਂਪਟਨ*

## ਇਸਲਾਮਿਕ ਜਥੇਬੰਦੀਆਂ ਚੁੱਪ ਕਿਉਂ?

ਚੰਡੀਗੜ੍ਹ ਦੇ ਕੁਝ ਸਿੱਖ ਬੁੱਧੀਜੀਵੀਆਂ ਦੇ ਬਿਆਨ ਆਏ ਹਨ ਕਿ ਬਾਲਗ ਸਿੱਖ ਕੁੜੀਆਂ ਜੇ ਮੁਸਲਮਾਨ ਮੁੰਡਿਆਂ ਨਾਲ ਵਿਆਹ ਕਰਾ ਰਹੀਆਂ ਨੇ ਤਾਂ ਸਿੱਖ ਇਤਰਾਜ਼ ਕਿਉਂ ਕਰਦੇ ਨੇ? ਕੋਈ ਮੁੰਡਾ-ਕੁੜੀ ਮਰਜ਼ੀ ਨਾਲ ਜੀਵਨ ਸਾਥੀ ਚੁਣੇ, ਇਸ ਦਾ ਕੋਈ ਇਤਰਾਜ਼ ਨਹੀਂ। ਮੁਸਲਮਾਨ ਮੁੰਡਿਆਂ ਦੀ ਇਹ ਜ਼ਿਦ ਕਿਉਂ ਹੋਵੇ ਕਿ ਕੁੜੀਆਂ ਕਲਮਾ ਪੜ੍ਹਨ? ਉਹ ਆਪ ਇਸਲਾਮ ਛੱਡ ਕੇ ਸਿੱਖ ਜਾਂ ਹਿੰਦੂ ਬਣਨ ਲਈ ਕਿਉਂ ਤਿਆਰ ਨਹੀਂ?


ਚੇਤੇ ਰਹੇ, ਗੈਰ-ਸੰਜੀਦਾ ਮੁੰਡਿਆਂ-ਕੁੜੀਆਂ ਦੀਆਂ ਹੋਛੀਆਂ ਹਰਕਤਾਂ ਵੱਡੇ ਸੰਕਟਾਂ ਨੂੰ ਸੱਦਾ ਦਿੰਦੀਆਂ ਹਨ। ਘੱਟ ਗਿਣਤੀ ਕੌਮਾਂ ਹੋਣ ਕਾਰਨ ਭਾਰਤੀ ਮੁਸਲਮਾਨ, ਈਸਾਈ, ਸਿੱਖ ਅਤੇ ਦਲਿਤ ਇਕ ਦੂਜੇ ਦੇ ਸਹਾਇਕ ਤੇ ਹਮਦਰਦ ਬਣਦੇ ਰਹੇ ਹਨ। ਮੁਸਲਮਾਨ ਲਵ ਜੇਹਾਦ ਨੂੰ ਉਤਸ਼ਾਹਿਤ ਕਰਨਗੇ, ਤਦ ਇਹ ਲੋਕ ਸਵੈ-ਰੱਖਿਆ ਹਿਤ ਹਿੰਦੂ ਸਟੇਟ ਦੀ ਸ਼ਰਨ ਵਿਚ ਜਾਣਗੇ। ਮੁਸਲਮਾਨ ਮੁੰਡੇ ਹਿੰਦੂ-ਸਿੱਖ ਕੁੜੀਆਂ ਨਾਲ ਨਿਕਾਹ ਪੜ੍ਹਾ ਕੇ ਉਨ੍ਹਾਂ ਨੂੰ ਇਸਲਾਮ ਵਿਚ ਲਿਜਾ ਰਹੇ ਹਨ ਤਾਂ ਇਸ ਦੀ ਨਿਖੇਧੀ ਇਸਲਾਮਿਕ ਜਥੇਬੰਦੀਆਂ ਕਿਉਂ ਨਹੀਂ ਕਰਦੀਆਂ?

*-ਡਾ. ਹਰਪਾਲ ਸਿੰਘ ਪੰਨੂ*

# ਮੇਰੀ ਪਾਕਿਸਤਾਨ ਫੇਰੀ

***ਸੰਨ ਸੰਤਾਲੀ ਵਿਚ ਭਾਰਤ ਵੰਡਿਆ ਗਿਆ ਪਰ ਅਸਲ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੋਈ ਜਿਥੇ ਦੋ ਕੌਮਾਂ ਟੋਟੇ-ਟੋਟੇ ਹੋ ਗਈਆਂ। ਇਸ ਵੰਡ ਵੇਲੇ ਵਸੋਂ ਦੀ ਅਦਲਾ-ਬਦਲੀ ਦੌਰਾਨ ਪੰਜਾਬ ਲਹੂ-ਲੁਹਾਣ ਹੋ ਗਿਆ। ਬਾਅਦ ਵਿਚ ਦੋਹਾਂ ਮੁਲਕਾਂ ਦੇ ਸਿਆਸਤਦਾਨ ਭਾਵੇਂ ਇਕ-ਦੂਜੇ ਖਿਲਾਫ ਨਫਰਤ ਵਾਲੀ ਸਿਆਸਤ ਕਰਦੇ ਰਹੇ ਪਰ ਦੋਹਾਂ ਪਾਸਿਆਂ ਦੇ ਲੋਕ ਇਕ-ਦੂਜੇ ਨੂੰ ਧਾਹ ਗਲਵੱਕੜੀ ਪਾਉਂਦੇ ਹਨ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਰਹੇ ਅਤੇ ਅੱਜਕੱਲ੍ਹ ਅਮਰੀਕਾ ਵੱਸਦੇ ਜਸਵੰਤ ਸਿੰਘ ਸੰਧੂ ਨੇ ਪਾਕਿਸਤਾਨ ਫੇਰੀ ਬਾਰੇ ਲੰਮਾ ਲੇਖ ਸਾਨੂੰ ਲਿਖ ਭੇਜਿਆ ਹੈ। ਐਤਕੀਂ ਇਸ ਦੀ ਪਹਿਲੀ ਕਿਸ਼ਤ ਛਾਪ ਰਹੇ ਹਾਂ।***

ਪਾਕਿਸਤਾਨ ਬਣਨ ਵੇਲੇ ਮੇਰੀ ਉਮਰ 8 ਕੁ ਸਾਲ ਸੀ। ਸਾਡੇ ਪਿੰਡ ਵਿਚ ਹਿੰਦੂ, ਮੁਸਲਮਾਨ, ਸਿੱਖ ਤੇ ਮਜ਼ਬੀ ਸਿੱਖ ਆਪਸ ਵਿਚ ਬੜੇ ਪਿਆਰ ਨਾਲ ਰਹਿੰਦੇ ਸਨ। ਕਦੀ ਵੀ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ ਸੀ ਹੋਇਆ। ਮੇਰੇ ਪਿਤਾ ਜੀ ਦੇ ਖੇਤੀਬਾੜੀ ਦੇ ਭਿਆਲ (ਸਾਂਝੀ) ਅੱਲ੍ਹਾ ਬਖਸ਼ ਅਤੇ ਇਬਰਾਹੀਮ ਹੁੰਦੇ ਸਨ। ਉਨ੍ਹਾਂ ਦੀਆਂ ਪਤਨੀਆਂ ਅੱਲ੍ਹਾ ਰੱਖੀ ਅਤੇ ਸਾਇਰਾ ਬੀਬੀ ਮੈਨੂੰ ਆਪਣੇ ਪੁੱਤਾਂ ਵਾਂਗ ਪਿਆਰ ਕਰਦੀਆਂ ਸਨ ਜੋ ਮੈਨੂੰ ਅਜੇ ਤੱਕ ਨਹੀਂ ਭੁੱਲਿਆ। ਅੱਲ੍ਹਾ ਬਖਸ਼ ਦਾ ਵੱਡਾ ਪੁੱਤ ਫੀਰੋਜ਼ਦੀਨ ਮੈਨੂੰ ਖਿਡਾਉਂਦਾ ਹੁੰਦਾ ਸੀ। ਉਸ ਵਕਤ ਉਸ ਦੀ ਉਮਰ ਪੰਝੀ ਛੱਬੀ ਸਾਲ ਦੀ ਸੀ। ਇਬਰਾਹੀਮ ਦਾ ਲੜਕਾ ਸ੍ਹਾਕੀ ਮੇਰੇ ਨਾਲ ਘੁਲਦਾ ਹੁੰਦਾ ਸੀ। ਕਦੀ ਮੈਂ ਉਸ ਨੂੰ ਢਾਹ ਲੈਂਦਾ ਸੀ ਤੇ ਕਦੇ ਉਹ ਮੈਨੂੰ। ਮੇਰੀ ਬੀਬੀ (ਮਾਂ), ਅੱਲ੍ਹਾ ਰੱਖੀ, ਸਾਇਰਾ ਬੀਬੀ ਅਤੇ ਇਬਰਾਹੀਮ ਦੀ ਅੰਮਾ ਤਾਬਾਂ ਇਕੱਠੀਆਂ ਮਕੱਈ ਦੇ ਮਿਨਾਰੇ ਦੀਆਂ ਛੱਲੀਆਂ



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-909-8204**

ਕੱਢਦੀਆਂ ਤੇ ਕਪਾਹ ਚੁਣਦੀਆਂ ਹੁੰਦੀਆਂ ਸਨ।

ਪਾਕਿਸਤਾਨ ਬਣਨ 'ਤੇ ਪਿੰਡ ਦੇ ਮੁਸਲਮਾਨਾਂ ਨਾਲ ਪਰਿਵਾਰਾਂ ਸਮੇਤ ਅੱਲ੍ਹਾ ਬਖਸ਼ ਅਤੇ ਇਬਰਾਹੀਮ ਦੇ ਪਰਿਵਾਰ ਨੂੰ ਵੀ ਆਪਣਾ ਪਿੰਡ ਛੱਡਣਾ ਪਿਆ। ਆਪਣੀ ਮਾਤ-ਭੂਮੀ ਛੱਡਣੀ ਬੜੀ ਔਖੀ ਹੁੰਦੀ ਹੈ। ਪਿੰਡ ਛੱਡਣ ਤੋਂ ਪਹਿਲਾਂ ਉਹ ਸਾਰੇ ਮੇਰੀ ਦਾਦੀ ਜੀ ਨੂੰ ਮਿਲਣ ਆਏ ਤੇ ਰੋਂਦੇ ਹੋਏ ਮੇਰੀ ਦਾਦੀ ਦੇ ਗਲ ਲੱਗ ਕੇ ਕਹਿ ਰਹੇ ਸਨ, "ਅੰਮਾ ਸਾਨੂੰ ਭੁਲਿਓ ਨਾ, ਜਿਊਂਦੇ ਰਹੇ ਤਾਂ ਫੇਰ ਮਿਲਾਂਗੇ।"

—-

ਦਸਵੀਂ ਜਮਾਤ ਵਿਚ ਪੜ੍ਹਦਿਆਂ ਮੈਂ ਮਾਸਕ ਪਰਚੇ 'ਪ੍ਰੀਤ ਲੜੀ' ਦਾ ਪਾਠਕ ਬਣ ਗਿਆ ਜੋ ਪ੍ਰੀਤ ਨਗਰ ਤੋਂ ਨਿਕਲਦਾ ਸੀ। ਸ. ਗੁਰਬਖਸ਼ ਸਿੰਘ ਪ੍ਰੀਤਲੜੀ 'ਪ੍ਰੀਤ ਝਰੋਖੇ' ਨਾਮੀ ਕਾਲਮ ਵਿਚ ਪ੍ਰੀਤ ਪਾਠਕਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੁੰਦੇ ਸਨ। ਇੱਕ ਪਾਠਕ ਨੇ ਸਵਾਲ ਕੀਤਾ: 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਗੀਤ ਲਿਖਣ ਵਾਲਾ ਡਾ. ਮੁਹੰਮਦ ਇਕਬਾਲ 1930 ਵਿਚ ਪਾਕਿਸਤਾਨ ਦਾ ਵਿਚਾਰ ਦੇਣ ਲਈ ਮਜਬੂਰ ਕਿਉਂ ਹੋ ਗਿਆ?

ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜੀ ਦਾ ਜਵਾਬ ਸੀ: ਹਿੰਦੋਸਤਾਨ ਦੀ ਬਹੁ ਗਿਣਤੀ ਨੇ ਉਸ ਵਾਸਤੇ ਸਾਰੇ ਜਹਾਂ ਸੇ ਅੱਛਾ ਨਾ ਰਹਿਣ ਦਿੱਤਾ। ਤੇ ਉਸ ਨੂੰ ਲਿਖਣਾ ਪਿਆ:

ਮੁਦਤੇਂ ਗੁਜ਼ਰੀ ਹੈ ਇਤਨੇ ਰੰਜੋ ਗ਼ਮ ਸਹਿਤੇ ਹੁਏ।

ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ।

ਇਕਬਾਲ ਕੋਈ ਮਹਿਰਮ ਅਪਨਾ ਨਹੀਂ ਜਹਾਂ ਮੇਂ,

ਕੋਈ ਨਹੀਂ ਜੋ ਸਮਝੇ ਦਰਦੇ ਨਿਹਾਂ ਮਹਾਰਾ।

ਇਹ ਅੰਦਰ ਦਾ ਕਿਹੜਾ ਦਰਦ ਸੀ ਜਿਹੜਾ ਨਹੀਂ ਸੀ ਸਮਝਿਆ ਗਿਆ? ਕਿਤੇ ਇਹ ਹਿੰਦੂ ਧਰਮ ਦੀ ਉਹ ਕੱਟੜਤਾ ਤਾਂ ਨਹੀਂ ਸੀ ਜਿਸ ਨੇ ਮੁਸਲਮਾਨਾਂ ਨੂੰ ਮਜ਼ਬੀ ਤੌਰ 'ਤੇ ਸਦਾ ਲਈ ਆਪਣੇ ਤੋਂ ਹੀਣੇ ਅਤੇ ਬੌਣੇ ਸਮਝਿਆ? ਉਨ੍ਹਾਂ ਨੂੰ ਆਪਣੇ ਨੇੜੇ ਨਾ ਲੱਗਣ ਦਿੱਤਾ, ਹਮੇਸ਼ਾ ਅਛੂਤ ਸਮਝ ਕੇ ਵਿਹਾਰ ਕੀਤਾ!

—-

ਲਾਹੌਰ ਰੇਡੀਓ 'ਤੇ ਇਕ ਵਾਰ ਮੈਂ ਆਪ, ਨਿਜ਼ਾਮਦੀਨ ਨੂੰ ਪਾਕਿਸਤਾਨ ਬਣਨ ਦੇ ਹੱਕ ਵਿਚ ਕਹਿੰਦਿਆਂ ਸੁਣਿਆ। ਉਹ ਮਿਸਾਲ ਦੇ ਰਿਹਾ ਸੀ:

ਚੌਧਰੀ ਜੀ, ਪਾਕਿਸਤਾਨ ਬਣਨ ਨਾਲ ਸਾਨੂੰ ਸਾਡਾ ਘਰ ਮਿਲਿਐ। ਇਜ਼ਤ ਤੇ ਆਬਰੂ ਮਿਲੀ ਹੈ। ਅਸੀਂ ਵੀ ਜ਼ਮੀਨਾਂ ਜਾਇਦਾਦਾਂ ਵਾਲੇ ਬਣੇ ਆਂ। ਪਾਕਿਸਤਾਨ ਬਣਨ ਤੋਂ ਪਹਿਲਾਂ ਸਾਡੇ ਗ਼ਰੀਬ ਮੁਸਲਮਾਨਾਂ ਦੀ ਹਾਲਤ ਕੀ ਸੀ, ਉਹ ਵੀ ਸੁਣ ਲਓ...

ਸਾਡੇ ਪਿੰਡ ਇਕ ਕਾਂਸ਼ੀ ਬਾਹਮਣ ਹੁੰਦਾ ਸੀ। ਉਸ ਦੀ ਕੁੜੀ ਦਾ ਵਿਆਹ ਸੀ। ਉਨ੍ਹਾਂ ਨੇ ਹਲਵਾ ਬਣਾ ਕੇ ਪਰਾਤਾਂ ਵਿਚ ਪਾ ਕੇ ਬਾਹਰ ਵਿਹੜੇ ਵਿਚ ਠੰਢਾ ਹੋਣ ਲਈ ਰੱਖਿਆ ਸੀ। ਉਨ੍ਹਾਂ ਦੇ ਵਿਹੜੇ ਦੀ ਇਕ ਕੰਧ 'ਤੇ ਮੁਸਲਮਾਨ ਸਨ ਤੇ ਦੂਜੀ 'ਤੇ ਕੁੱਤੇ। ਘੁਰ ਘੁਰ ਕਰਦੇ ਕੁੱਤੇ ਆਪਸ ਵਿਚ ਲੜ ਪਏ ਤੇ ਇਕ ਕੁੱਤਾ ਇਕ ਪਰਾਤ ਵਿਚ ਡਿੱਗ ਪਿਆ। ਉਸ ਪਰਾਤ ਵਾਲਾ ਹਲਵਾ ਉਨ੍ਹਾਂ ਨੇ ਸਾਡੇ ਮੁਸਲਮਾਨਾਂ ਵਿਚ ਵੰਡਿਆ। ਇਹ ਸੀ ਹਾਲਤ ਸਾਡੇ ਮੁਸਲਮਾਨਾਂ ਦੀ।

ਉਸ ਅਨੁਸਾਰ ਸਮਾਜਿਕ ਤੇ ਸਭਿਆਚਾਰਕ ਜਾਂ ਜਾਤੀਗਤ ਪੱਧਰ 'ਤੇ ਕੱਟੜ ਹਿੰਦੂ ਭਾਈਚਾਰੇ ਨੇ ਮੁਸਲਮਾਨਾਂ ਨੂੰ ਕਦੀ ਵੀ ਆਪਣੇ ਬਰਾਬਰ ਨਹੀਂ ਸੀ ਸਮਝਿਆ। ਉਨ੍ਹਾਂ ਦੀ ਹਾਲਤ ਨੂੰ ਇਨਸਾਨ ਦੀ 'ਕੁੱਤੇ' ਨਾਲ ਤੁਲਨਾ ਵਜੋਂ ਪੇਸ਼ ਕਰਨਾ ਬਹੁਤ ਵੱਡਾ ਦੁਖਾਂਤ ਵਿਅੰਗ ਸੀ। ਕੀ ਡਾ. ਇਕਬਾਲ ਦੇ ਅੰਦਰ ਵੀ ਮੁਸਲਮਾਨਾਂ ਦੇ ਅਛੂਤ ਸਮਝੇ ਜਾਣ ਦਾ ਦਰਦ ਹੀ ਤਾਂ ਨਹੀਂ ਸੀ ਵਿਲਕਦਾ ਜਿਹੜਾ ਆਖਰਕਾਰ ਪਾਕਿਸਤਾਨ ਦਾ ਵਿਚਾਰ ਬਣ ਕੇ ਉਸ ਦੇ ਮਨ ਵਿਚੋਂ ਉਬਲ ਪਿਆ?

ਇਸ ਹਿੰਦੂ-ਮੁਸਲਿਮ ਨਫਰਤ ਕਾਰਨ ਹੀ ਅੰਗਰੇਜ਼ ਦੀ ਸ਼ਹਿ 'ਤੇ 1906 ਵਿਚ ਮੁਸਲਮ ਲੀਗ ਬਣੀ। 23 ਮਾਰਚ, 1940 ਨੂੰ ਮਿੰਟੋ ਪਾਰਕ ਲਾਹੌਰ ਵਿਖੇ ਮੁਸਲਮ ਲੀਗ ਨੇ ਪਾਕਿਸਤਾਨ ਦਾ ਮਤਾ ਪਾਸ ਕੀਤਾ। 14 ਅਗਸਤ 1947 ਨੂੰ ਦੁਨੀਆ ਦੇ ਨਕਸ਼ੇ 'ਤੇ ਪਾਕਿਸਤਾਨ ਹੋਂਦ ਵਿਚ ਆਇਆ, ਤੇ ਇਸ ਦੇ ਨਾਲ ਹੀ ਸਾਡਾ ਪੰਜਾਬ ਵੀ ਵੰਡਿਆ ਗਿਆ। ਇਕ ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਮਿਹਨਤ ਨਾਲ ਬਣਾਈਆਂ ਜ਼ਮੀਨਾਂ ਤੇ ਜਨਮ-ਭੂਮੀ ਜ਼ਬਰਦਸਤੀ ਛੱਡਣੇ ਪਏ। ਦਸ ਲੱਖ ਲੋਕ ਮਾਰੇ ਗਏ। ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਤੇ ਧਰਮ ਬਦਲੇ ਗਏ।

ਪਾਕਿਸਤਾਨ ਬਣਨ ਦਾ ਇਹ ਪਿਛੋਕੜ ਦੱਸਣ ਤੋਂ ਮੇਰਾ ਮਤਲਬ ਹੈ ਕਿ ਅੰਗਰੇਜ਼ ਦੀ 'ਵੰਡੋ ਤੇ ਰਾਜ ਕਰੋ' ਦੀ ਪਾਲਸੀ 'ਤੇ ਹਿੰਦੂ ਭਾਈਚਾਰੇ ਵੱਲੋਂ ਮੁਸਲਮਾਨਾਂ ਨੂੰ ਅਛੂਤ ਸਮਝਣ ਦੀ ਨਫਰਤ ਵਿਚੋਂ ਪੰਜਾਬ ਦੀ ਕੌਮੀ ਖੁਦਕੁਸ਼ੀ ਹੋਈ। ਨਾਲ ਹੀ ਸਿੱਖਾਂ ਨੂੰ ਨਨਕਾਣਾ ਸਾਹਿਬ ਸਮੇਤ ਪੌਣੇ ਦੋ ਸੌ ਇਤਿਹਾਸਕ ਗੁਰਦੁਆਰਿਆਂ ਦਾ ਵਿਛੋੜਾ ਸਹਿਣਾ ਪਿਆ ਜੋ 1947 ਤੋਂ ਲੈ ਕੇ ਅੱਜ ਤੱਕ ਸਾਡੀ ਅਰਦਾਸ ਦਾ ਅਟੁੱਟ ਹਿੱਸਾ ਹੈ।

ਭਾਰਤੀਆਂ ਤੇ ਪਾਕਿਸਤਾਨੀਆਂ ਨੇ ਬੀਤੇ ਤੋਂ ਕੋਈ ਸਬਕ ਨਹੀਂ ਸਿੱਖਿਆ। ਦੋਹਾਂ ਦੇਸ਼ਾਂ ਦੇ ਲੀਡਰ 47 ਤੋਂ ਪਹਿਲਾਂ ਵਾਲੀ ਨਫਰਤ ਤੋਂ ਖਹਿੜਾ ਨਹੀਂ ਛੁਡਾ ਸਕੇ। ਅੱਜ ਫੇਰ ਮੁਲਕ ਧਾਰਮਿਕ ਆਤੰਕ ਦੇ ਖਤਰਨਾਕ ਦੌਰ ਵਿਚ ਸ਼ਾਮਲ ਹੋ ਗਿਆ ਹੈ। ਅੰਨ੍ਹੀ ਨਫਰਤ ਤੇ ਰਾਸ਼ਟਰਵਾਦ ਮਨੁੱਖਤਾ ਦੀ ਸੋਚ ਨੂੰ ਫੇਰ ਅੰਨ੍ਹੇ ਕਰ ਰਹੇ ਹਨ। ਬੰਦਿਆਂ ਵਾਂਗ ਸੋਚਣ ਅਤੇ ਵਿਚਰਨ ਦੀ ਥਾਂ ਅਸੀਂ ਹਿੰਦੂ, ਸਿੱਖ ਤੇ ਮੁਸਲਮਾਨ ਬਣ ਕੇ ਇਕ ਦੂਜੇ ਖਿਲਾਫ ਨਫਰਤ ਵਿਚ ਰਿੱਝਣ ਲੱਗੇ ਹਾਂ। ਭੁੱਲ ਗਏ ਹਾਂ ਕਿ ਮਜ਼ਹਬ ਕਦੀ ਨਫਰਤ ਨਹੀਂ ਸਿਖਾਉਂਦਾ, ਸਗੋਂ ਪਿਆਰ ਸਿਖਾਉਂਦਾ ਹੈ। ਮਜ਼ਬੀ ਫਿਰਕਾਪ੍ਰਸਤੀ ਨੇ ਸਾਨੂੰ ਸੰਤਾਲੀ ਵਿਚ ਆਰਾ ਧਰ ਕੇ ਚੀਰ ਦਿੱਤਾ ਸੀ ਤੇ ਇਕ ਜਿਸਮ ਦੇ ਦੋ ਟੋਟੇ ਹੋ ਗਏ।

—-

ਮੇਰੇ ਪਿਤਾ ਜੀ ਹਰ ਮਹੀਨੇ ਤਰਨਤਾਰਨ ਦੀ ਮੱਸਿਆ ਜਾਂਦੇ ਹੁੰਦੇ ਸੀ, ਮੈਂ ਵੀ ਉਨ੍ਹਾਂ ਨਾਲ ਜਾਣ ਲੱਗ ਪਿਆ। ਪਰਿਕਰਮਾ ਦੀ ਉੱਤਰ ਵਾਲੀ ਬਾਹੀ ਵਿਚ ਸੈਂਟਰ-ਮਾਝਾ ਦਾ ਦੀਵਾਨ ਲਗਦਾ ਹੁੰਦਾ ਸੀ ਜਿਸ ਦਾ ਸਟੇਜ ਸੈਕਟਰੀ ਮਹਿਲ ਸਿੰਘ ਸੁਰਸਿੰਘ ਹੁੰਦਾ ਸੀ ਜੋ ਬੜੇ ਭਾਵੁਕ ਸ਼ਬਦਾਂ ਨਾਲ ਸ੍ਰੀ ਨਨਕਾਣਾ ਸਾਹਿਬ ਦੇ ਸਿੱਖਾਂ ਤੋਂ ਵਿਛੋੜੇ ਦਾ ਦਰਦਨਾਕ ਬਿਆਨ ਕਰਦਾ ਹੁੰਦਾ ਸੀ, "ਹਿੰਦੂਆਂ ਨੂੰ ਕਾਸ਼ੀ, ਮੁਸਲਮਾਨਾਂ ਨੂੰ ਮੱਕਾ ਪਰ ਸਾਡਾ ਮੱਕਾ, ਸ੍ਰੀ ਨਨਕਾਣਾ ਸਾਹਿਬ ਦੇਸ਼ ਵੰਡ ਕਾਰਨ ਸਾਥੋਂ ਖੁੱਸ ਗਿਆ। ਇਸੇ ਦੀਵਾਨ ਵਿਚ ਵਿਦਵਾਨ ਢਾਡੀ ਸੋਹਣ ਸਿੰਘ ਸੀਤਲ ਅਤੇ ਪਿਆਰਾ ਸਿੰਘ ਪੰਛੀ ਜੋ ਖੁਦ ਉਜਾੜੇ ਦਾ ਸ਼ਿਕਾਰ ਹੋਏ ਸਨ, ਵੰਡ ਦੀਆਂ ਦਰਦਨਾਕ ਵਾਰਾਂ ਸੁਣਾ ਕੇ ਭਾਵੁਕ ਕਰ ਦਿੰਦੇ ਸਨ (ਸੀਤਲ ਜੀ ਨੇ ਪੰਜਾਬ ਦੀ ਵੰਡ 'ਤੇ ਕਿਤਾਬ 'ਪੰਜਾਬ ਦਾ ਉਜਾੜਾ' ਵੀ ਲਿਖੀ ਹੈ):

ਮੁੜ ਮੁੜ ਕੇ ਯਾਦ ਆਵੇ ਪੱਛਮੀ ਪੰਜਾਬ ਦੀ,
ਅੱਖੀਆਂ ਵਿਚ ਸੂਰਤ ਫਿਰਦੀ ਏ ਰਾਵੀ ਚਨਾਬ ਦੀ।

ਵਤਨ ਦੀ ਯਾਦ ਭੁੱਲਦੀ ਨਹੀਂ ਜ਼ਮਾਨੇ ਯਾਦ ਆਉਂਦੇ ਨੇ,
ਜਿਥੇ ਤੂੰ ਚਾਰੀਆਂ ਮੱਝੀਆਂ ਟਿਕਾਣੇ ਯਾਦ ਆਉਂਦੇ ਨੇ।

ਕਈਆਂ ਚਿਰਾਂ ਦੀ ਹੈ ਸੀ ਉਡੀਕ ਸਾਨੂੰ,
ਕਦੇ ਹੋਵੇਗਾ ਦੇਸ ਆਜ਼ਾਦ ਸਾਡਾ।
ਏਸ ਗੱਲ ਦਾ 'ਪੰਛੀਆ' ਪਤਾ ਨਹੀਂ ਸੀ,
ਹੋ ਜਾਣਾ ਹੈ ਝੁੱਗਾ ਬਰਬਾਦ ਸਾਡਾ।




***ਵਾਹਗਾ ਬਾਰਡਰ 'ਤੇ ਪਾਕਿਸਤਾਨ ਵਾਲੇ ਪਾਸੇ ਬਣਿਆ ਗੇਟ ਜਿਸ ਉਤੇ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਦੀ ਤਸਵੀਰ ਦਿਸਦੀ ਹੈ।***

ਇਹ ਵਾਰਾਂ ਸੁਣ ਕੇ ਉਜੜ ਕੇ ਆਏ ਲੋਕ ਦੀਵਾਨ ਵਿਚ ਧਾਹਾਂ ਮਾਰ ਮਾਰ ਰੋਂਦੇ ਮੈਂ ਅੱਖੀਂ ਦੇਖੇ ਸਨ। ਵਿਛੜੇ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਦਰਸ਼ਨਾਂ ਦੀ ਰੀਝ ਮੇਰੇ ਮਨ ਵਿਚ ਪੈਦਾ ਹੋ ਗਈ।

—-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਜਥੇ ਭੇਜਦੀ ਸੀ। ਮੈਂ ਵੀ 1980 ਵਿਚ ਵੀਜ਼ਾ ਲਵਾ ਕੇ ਜਥੇ ਨਾਲ ਗਿਆ। ਇਹ ਵੀਜ਼ਾ ਸਿਰਫ ਇਨ੍ਹਾਂ ਗੁਰਦੁਆਰਿਆਂ ਵਾਲੇ ਸ਼ਹਿਰਾਂ ਤਕ ਸੀਮਤ ਸੀ। ਮੈਂ ਪੱਛਮੀ ਪੰਜਾਬ ਦੇ ਲੋਕਾਂ ਨੂੰ ਮਿਲਣਾ ਚਾਹੁੰਦਾ ਸੀ, ਪਿੰਡ ਦੇਖਣੇ ਚਾਹੁੰਦਾ ਸੀ, ਗੱਲਾਂ ਕਰਨੀਆਂ ਚਾਹੁੰਦਾ ਸੀ। ਬਾਬੇ ਬੁੱਲ੍ਹੇ ਸ਼ਾਹ ਦਾ ਮਜ਼ਾਰ, ਕਸੂਰ, ਵਾਰਸ ਸ਼ਾਹ ਦਾ ਜੰਡਿਆਲਾ ਸ਼ੇਰ ਖਾਂ ਤੇ ਲਾਇਲਪੁਰ ਦੇ ਖਾਲਸਾ ਕਾਲਜ ਦੀ ਸਿੱਖਾਂ ਵੱਲੋਂ ਬਣਾਈ ਬਿਲਡਿੰਗ ਦੇਖਣੀ ਚਾਹੁੰਦਾ ਸੀ। 213 ਚੱਕ ਲਾਇਲਪੁਰ ਦੇ ਸ. ਜਵੰਦ ਸਿੰਘ ਜੀ ਨੇ 1908 ਵਿਚ ਖਾਲਸਾ ਹਾਈ ਸਕੂਲ ਨੂੰ 38 ਕਿੱਲੇ ਜ਼ਮੀਨ ਦਾਨ ਕੀਤੀ ਸੀ।

2005 ਵਿਚ ਮੈਂ ਆਪਣੇ ਲੜਕੇ ਆਤਮਜੀਤ ਸਿੰਘ ਪਾਸ ਅਮਰੀਕਾ ਆ ਗਿਆ ਅਤੇ 2010 ਵਿਚ ਅਮਰੀਕਨ ਸਿਟੀਜ਼ਨ ਬਣ ਗਿਆ। ਇਥੋਂ ਵੀਜ਼ਾ ਲਵਾ ਕੇ ਆਪਣੀ ਉਪਰੋਕਤ ਰੀਝ ਪੂਰੀ ਕਰ ਸਕਦਾ ਸੀ। ਸੱਜਣਾਂ ਮਿੱਤਰਾਂ ਤੋਂ ਪਤਾ ਲੱਗਾ ਕਿ ਕੁਝ 'ਸੱਜਣ' ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਵੀਜ਼ੇ ਲਵਾ ਕੇ ਜਥੇ ਦੇ ਰੂਪ ਵਿਚ ਜਾਂਦੇ ਹਨ। ਅਜਿਹੇ ਇਕ ਸੱਜਣ ਨਾਲ ਸੰਪਰਕ ਕੀਤਾ ਤਾਂ ਉਸ ਨੇ ਅਠਾਈ ਸੌ ਡਾਲਰ ਦਾ ਖਰਚਾ ਦੱਸਿਆ। ਜਥੇ ਨਾਲ ਜਾ ਕੇ ਬੰਦਿਸ਼ ਵਿਚ ਰਹਿਣਾ ਤੇ ਦੂਸਰਾ ਉਸ ਦੀ ਯਾਤਰਾ ਫੀਸ ਵੀ ਜ਼ਿਆਦਾ ਤੇ ਵਪਾਰਕ ਲੱਗੀ। ਮੈਂ ਨਾਂਹ ਕਰ ਦਿੱਤੀ।

ਪਾਕਿਸਤਾਨ ਵਿਚ ਪਬਲਿਕ ਥਾਵਾਂ 'ਤੇ ਹੁੰਦੇ ਬੰਬ ਧਮਾਕੇ ਅਤੇ ਦਹਿਸ਼ਤਗਰਦੀ ਦੀਆਂ ਘਟਨਾਵਾਂ ਦੇ ਡਰ ਤੋਂ ਮੇਰਾ ਇਥੋਂ ਤੇ ਇੰਡੀਆ ਵਾਲਾ ਪਰਿਵਾਰ, ਖਾਸ ਕਰ ਕੇ ਮੇਰੀਆਂ ਦੋਵੇਂ ਧੀਆਂ ਇਸ ਯਾਤਰਾ ਦੇ ਹੱਕ ਵਿਚ ਨਹੀਂ ਸਨ। ਇਸੇ ਦੌਰਾਨ ਮੇਰੇ ਲੜਕੇ ਦੇ ਟੋਰਾਂਟੋ ਵਸਦੇ ਦੋਸਤ ਤੇ ਜਮਾਤੀ ਮਨਦੀਪ ਭੁੱਲਰ ਦਾ ਫੋਨ ਆ ਗਿਆ ਕਿ ਮੈਂ ਅਤੇ ਮੇਰੇ ਪਿਤਾ ਜੀ (ਸ. ਮਨਮੋਹਨ ਸਿੰਘ ਭੁੱਲਰ) ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਨ ਤੇ ਕਰਤਾਰਪੁਰ ਸਾਹਿਬ, ਨਨਕਾਣਾ ਸਾਹਿਬ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਲਈ ਪਾਕਿਸਤਾਨ ਜਾ ਰਹੇ ਹਾਂ। ਜਵਾਬ ਵਿਚ ਮੇਰੇ ਲੜਕੇ ਨੇ ਕਿਹਾ ਕਿ ਮੇਰੇ ਪਿਤਾ ਜੀ ਵੀ ਪਾਕਿਸਤਾਨ ਜਾਣਾ ਚਾਹੁੰਦੇ ਹਨ, ਤੁਸੀਂ ਜਿਸ ਹੋਟਲ ਵਿਚ ਆਪਣੇ ਕਮਰੇ ਬੁੱਕ ਕਰਾਉਣੇ ਨੇ, ਇਨ੍ਹਾਂ ਦਾ ਕਮਰਾ ਵੀ ਬੁੱਕ ਕਰ ਲੈਣਾ। ਉਨ੍ਹਾਂ ਲਾਹੌਰ ਦੇ ਪੀ.ਸੀ. ਹੋਟਲ ਵਿਚ ਕਮਰੇ ਬੁੱਕ ਕਰਾ ਲਏ। ਲਾਹੌਰ ਵਿਚ ਪੀ.ਸੀ. ਹੋਟਲ, ਅਵਾਰੀ ਹੋਟਲ ਤੇ ਫਲੈਟੀ ਹੋਟਲ ਫਾਈਵ ਸਟਾਰ ਹੋਟਲ ਨੇ ਅਤੇ ਕਾਫੀ ਮਹਿੰਗੇ ਹਨ। ਇਹ ਹੋਟਲ ਗਵਰਨਰ ਹਾਊਸ ਦੇ ਨੇੜੇ ਹੋਣ ਕਰਕੇ ਸਕਿਉਰਟੀ ਪੱਖੋਂ ਸੁਰਖਿਅਤ ਵੀ ਸੀ।

ਮੈਂ ਆਪਣੇ ਫੇਸਬੁੱਕ ਫਰੈਂਡ ਸਈਅਦ ਦਿਲਦਾਰ ਹੁਸੈਨ ਸ਼ਾਹ ਜੀ ਤੋਂ ਸਪਾਂਸਰਸ਼ਿਪ ਮੰਗਵਾ ਲਈ। ਮੈਂ ਇੰਡੀਆ ਜਾ ਕੇ ਇਹ ਯਾਤਰਾ ਵਾਘੇ ਬਾਰਡਰ ਰਾਹੀਂ ਕਰਨੀ ਚਾਹੁੰਦਾ ਸੀ ਜੋ ਮੇਰੇ ਪਿੰਡ ਘਰਿੰਡੇ ਤੋਂ ਕੇਵਲ ਅੱਠ ਕਿਲੋਮੀਟਰ ਹੈ। ਮੇਰੇ ਲੜਕੇ ਨੇ ਡਾਕ ਰਾਹੀਂ ਵੀਜੇ ਵਾਸਤੇ ਐਲ.ਏ. ਦੀ ਪਾਕਿਸਤਾਨ ਅੰਬੈਸੀ ਨੂੰ ਅਪਲਾਈ ਕਰ ਦਿੱਤਾ। 15 ਦਿਨਾਂ ਬਾਅਦ 15 ਦਿਨਾਂ ਦਾ ਵੀਜ਼ਾ ਲੱਗ ਕੇ ਡਾਕ ਰਾਹੀਂ ਮੈਨੂੰ ਮਿਲ ਗਿਆ।

16 ਅਕਤੂਬਰ, 2019 ਨੂੰ ਮੈਂ ਆਪਣੇ ਪਿੰਡ ਪਹੁੰਚ ਗਿਆ। ਹਵਾਈ ਸਫਰ ਦਾ ਥਕੇਵਾਂ ਲਾਹੁਣ ਤੋਂ ਬਾਅਦ ਮੈਂ ਆਪਣੇ ਲੜਕੇ ਜਸਜੀਤ ਸਿੰਘ ਨੂੰ ਨਾਲ ਲੈ ਕੇ 2 ਨਵੰਬਰ 2019 ਵਾਘੇ ਬਾਰਡਰ ਪਹੁੰਚ ਗਿਆ। ਮੈਂ ਇਹ ਬਾਰਡਰ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨਾਲ ਕਈ ਵਾਰ ਦੇਖ ਚੁੱਕਾ ਸਾਂ। ਜਦ ਦੋਹਾਂ ਦੇਸ਼ਾਂ ਦੇ ਝੰਡੇ ਲਹਿ ਜਾਂਦੇ ਤਾਂ ਦੋਹਾਂ ਪਾਸਿਆਂ ਦੇ ਅਵਾਮ ਨੂੰ ਗੇਟ ਤੱਕ ਆਉਣ ਦੀ ਇਜਾਜ਼ਤ ਮਿਲ ਜਾਂਦੀ ਸੀ। ਦੋਹਾਂ ਪਾਸਿਆਂ ਦੇ ਲੋਕ ਗੇਟਾਂ ਤੱਕ ਆ ਕੇ ਬਿਨਾ ਜਾਣਦਿਆਂ ਹੋਇਆ ਵੀ, ਇੱਕ ਦੂਜੇ ਵਲ ਹੱਥ ਹਿਲਾ ਕੇ ਮੁਸਕਰਾਹਟਾਂ ਸੁੱਟਦੇ। ਹੱਦ 'ਤੇ ਖਲੋਤੇ ਸੰਤਰੀ ਨੇ ਲੋਕਾਂ ਨੂੰ ਕਿਹਾ, "ਅਰੇ ਭਈਆ! ਇਸ ਗੇਟ ਕੋ ਮਤ ਧਕੇਲੋ, ਯੇ ਕਮਜ਼ੋਰ ਦਰਵਾਜ਼ਾ ਹੈ, ਟੂਟ ਜਾਏਗਾ। ਵਰਿਆਮ ਸਿੰਘ ਸੰਧੂ ਨੇ ਕਮਜ਼ੋਰ ਦਰਵਾਜ਼ਾ ਨਾਮੀ ਲੇਖ ਲਿਖਿਆ ਕਿ ਸੰਤਰੀ ਦੇ ਕਹਿਣ ਮੁਤਾਬਿਕ, ਇਹ ਦਰਵਾਜ਼ਾ ਬਿਲਕੁਲ ਕਮਜ਼ੋਰ ਹੈ ਜੋ ਦੋਹਾਂ ਪਾਸਿਆਂ ਦੇ ਲੋਕਾਂ ਦੇ ਦਿਲੀ ਪਿਆਰ ਨਾਲ ਜ਼ਰੂਰ ਟੁੱਟ ਜਾਵੇਗਾ। ਲੋਕ ਇਕ ਦੂਜੇ ਨੂੰ ਬੇਰੋਕ-ਟੋਕ ਮਿਲਿਆ ਕਰਨਗੇ।

ਪਾਕਿਸਤਾਨ ਬਣਨ ਤੋਂ ਬਾਅਦ ਜੀ.ਟੀ. ਰੋਡ ਦੇ ਨਾਲ-ਨਾਲ ਬਣੇ ਛੋਟੇ-ਛੋਟੇ ਕਮਰਿਆਂ ਵਿਚ ਹੀ ਇਮੀਗਰੇਸ਼ਨ ਤੇ ਕਸਟਮ ਵਗੈਰਾ ਦੀ ਚੈਕਿੰਗ ਹੁੰਦੀ ਸੀ ਪਰ ਹੁਣ ਵਾਘਾ ਬਾਰਡਰ ਖੁਸ਼ਕ ਬੰਦਰਗਾਹ ਬਣ ਚੁੱਕੀ ਸੀ। ਦੋਹਾਂ ਦੇਸ਼ਾਂ ਦੇ ਵਪਾਰ ਅਤੇ ਇਮੀਗਰੇਸ਼ਨ ਵਾਸਤੇ ਅੱਡ-ਅੱਡ ਰਸਤੇ ਤੇ ਬਿਲਡਿੰਗਾਂ ਬਣ ਚੁੱਕੀਆਂ ਹਨ। ਜੀ.ਟੀ. 'ਤੇ ਕਈ ਰੁਕਾਵਟਾਂ ਪਾਰ ਕਰਕੇ ਅਸੀਂ ਉਥੇ ਪਹੁੰਚ ਗਏ ਜਿਥੋਂ ਨਵੀਂ ਬਣੀ ਇਮੀਗਰੇਸ਼ਨ ਬਿਲਡਿੰਗ ਵੱਲ ਸੜਕ ਜਾਂਦੀ ਸੀ। ਗੇਟ 'ਤੇ ਖਲੋਤੇ ਸੰਤਰੀ ਨੇ ਮੇਰਾ ਪਾਸਪੋਰਟ ਦੇਖਿਆ। ਮੇਰਾ ਲੜਕਾ ਇਸ ਤੋਂ ਅੱਗੇ ਨਹੀਂ ਜਾ ਸਕਦਾ ਸੀ। ਉਹ ਮੈਨੂੰ ਅਟੈਚੀ ਫੜਾ ਕੇ ਵਾਪਸ ਚਲਾ ਗਿਆ ਤੇ ਆਪਣਾ ਅਟੈਚੀ ਲੈ ਕੇ ਮੈਂ ਇਮੀਗਰੇਸ਼ਨ ਦਫਤਰ ਵੱਲ ਚੱਲ ਪਿਆ। ਮੇਰੇ ਇਲਾਕੇ ਦੇ ਕਈ ਜਾਣੂ ਕੁਲੀ ਮੈਨੂੰ ਜਾਣਦੇ ਸਨ। ਉਨ੍ਹਾਂ ਵਿਚੋਂ ਇਕ ਨੇ ਮੇਰੀ ਇਮੀਗਰੇਸ਼ਨ, ਕਸਟਮ ਆਦਿ ਕਰਵਾ ਕੇ ਮੈਨੂੰ ਬੱਸ ਵਿਚ ਬਹਾ ਦਿੱਤਾ ਜੋ ਕੌਮਾਂਤਰੀ ਗੇਟ ਤਕ ਸਵਾਰੀਆਂ ਲਿਜਾਂਦੀ ਹੈ। ਗੇਟ 'ਤੇ ਮੇਰਾ ਪਾਸਪੋਰਟ ਵਗੈਰਾ ਚੈਕ ਹੋਇਆ। ਮੈਂ 'ਨੋ ਮੈਨਜ਼ ਲੈਂਡ' ਪਾਰ ਕਰਕੇ ਰੋਡ ਰਾਹੀਂ ਪਹਿਲੀ ਵਾਰ ਪਾਕਿਸਤਾਨ ਦੀ ਸਰਜ਼ਮੀਂ ਵਿਚ ਦਾਖਲ ਹੋਇਆ।

ਸਾਹਮਣੇ ਪਾਕਿਸਤਾਨੀ ਬਿਲਡਿੰਗ 'ਤੇ ਮੁਹੰਮਦ ਅਲੀ ਜਿਨਾਹ ਦੀ ਫੋਟੋ ਮੁਸਕਰਾਉਂਦੀ ਹੋਈ ਖੁਸ਼-ਆਮਦੀਦ ਕਹਿ ਰਹੀ ਸੀ। ਇਮਾਨਦਾਰ ਸਿਆਸਤਦਾਨ ਅਤੇ ਕਾਨੂੰਨਦਾਨ ਸਾਬਤ ਹੋਣ ਕਾਰਨ ਮੇਰੇ ਮਨ ਅੰਦਰ ਉਨ੍ਹਾਂ ਲਈ ਬੜੀ ਸ਼ਰਧਾ ਹੈ। ਪਾਕਿਸਤਾਨ ਵਿਚ ਉਨ੍ਹਾਂ ਨੂੰ ਕਾਇਦ-ਏ-ਆਜ਼ਮ (ਵੱਡਾ ਲੀਡਰ) ਅਤੇ ਪਾਕਿਸਤਾਨ ਦਾ ਬਾਨੀ ਕਿਹਾ ਜਾਂਦਾ ਹੈ। ਸ. ਗੁਰਬਖਸ਼ ਸਿੰਘ ਪ੍ਰੀਤਲੜੀ ਆਪਣੀ ਜਵੀਨ ਕਹਾਣੀ ਵਿਚ ਉਨ੍ਹਾਂ ਬਾਰੇ ਲਿਖਦੇ ਹਨ:

"1918 ਵਿਚ ਜਿਨਾਹ ਸਾਹਿਬ ਦੀ ਹਰ-ਦਿਲ-ਅਜ਼ੀਜ਼ੀ ਸਾਰੇ ਮੁਲਕ ਵਿਚ ਸੀ ਤੇ ਬੰਬਈ ਦੇ ਹਿੰਦੂ ਤੇ ਮੁਸਲਮਾਨਾਂ ਸ਼ਹਿਰਦਾਰਾਂ ਨੇ ਇਨ੍ਹਾਂ ਦੀ ਇੱਜ਼ਤ ਵਿਚ ਸ਼ਾਨਦਾਰ 'ਜਿਨਾਹ ਹਾਲ' ਬਣਾਇਆ ਸੀ। ਇਨ੍ਹਾਂ ਦੀ ਦਿਆਨਤਦਾਰੀ, ਦ੍ਰਿੜਤਾ ਤੇ ਸਵੈ-ਭਰੋਸਾ ਕਾਮਯਾਬੀ ਦੇ ਇਛਕਾਂ ਨੂੰ ਹਮੇਸ਼ਾਂ ਪ੍ਰੇਰਨਾ ਦੇਂਦੇ ਰਹਿਣਗੇ। ਇਹ ਉਨ੍ਹਾਂ ਵਿਰਲੇ ਜੇਤੂਆਂ ਵਿਚੋਂ ਸਨ ਜਿਨ੍ਹਾਂ ਸ਼ਾਇਦ ਹੀ ਕੋਈ ਲੜਾਈ ਹਾਰੀ ਹੋਵੇ।

ਇਕ ਵਾਰੀ ਲਾਹੌਰ ਵਿਚ ਇਕ ਜਲਸੇ ਨੂੰ ਸੰਬੋਧਨ ਕਰਦਿਆਂ ਮੈਂ ਇਨ੍ਹਾਂ ਨੂੰ ਸੁਣਿਆ ਸੀ। ਇਨ੍ਹਾਂ ਦੀਆਂ ਦਲੀਲਾਂ ਅਤੇ ਇਨ੍ਹਾਂ ਦੀ ਭਰੋਸੇ ਭਰੀ ਅਦਾਇਗੀ, ਸਭ ਸਵਾਲਾਂ ਨੂੰ ਖਾਮੋਸ਼ ਕਰਦੀਆਂ ਜਾਂਦੀਆਂ ਸਨ। ਇਨ੍ਹਾਂ ਦਾ ਸਵੈ-ਭਰੋਸਾ ਨੌਜਵਾਨਾਂ ਲਈ ਇਕ ਤਲਿਸਮੀ ਟੁੰਬਣੀ ਹੈ। ਜਦੋਂ 1896 ਵਿਚ ਇਹ ਬੈਰਿਸਟਰ ਬਣ ਕੇ ਵਲੈਤੋਂ ਆਏ ਤਾਂ ਸਰ ਚਾਰਲਸ ਐਲੀਵੈਂਟ ਨੇ ਇਨ੍ਹਾਂ ਨੂੰ 1500 ਰੁਪਈਏ ਮਹੀਨੇ ਦੀ ਨੌਕਰੀ ਭੇਟ ਕੀਤੀ ਪਰ ਨੌਜਵਾਨ ਬੈਰਿਸਟਰ ਨੇ ਜਵਾਬ ਦਿੱਤਾ, "ਏਨੀ ਆਮਦਨ ਤਾਂ ਰੋਜ਼ਾਨਾ ਬਣਾ ਸਕਣ ਦੀ ਆਸ ਮੈਂ ਰੱਖਦਾ ਹਾਂ।" ਤੇ ਠੀਕ ਉਨ੍ਹਾਂ ਨੇ ਏਨੀ ਆਮਦਨ ਬਣਾ ਲਈ।

ਪਾਕਿਸਤਾਨ ਉਨ੍ਹਾਂ ਦੇ ਸੁਪਨੇ ਦੀ ਸੰਪੂਰਨਤਾ ਖਿਆਲ ਕੀਤਾ ਜਾਂਦਾ ਹੈ ਪਰ ਹਕੀਕਤ ਵਿਚ ਇਹ ਉਨ੍ਹਾਂ ਦੀ ਤਕਦੀਰ ਨਾਲ ਧੱਕਾ ਸੀ। ਜੇ ਕਦੇ ਉਹ ਸਾਂਝੇ ਹਿੰਦੁਸਤਾਨ ਨਾਲ ਆਪਣੀ ਤਕਦੀਰ ਜੋੜੀ ਰੱਖਦੇ ਤਾਂ ਅੱਜ ਸਤਰ ਕਰੋੜ (ਹੁਣ ਜ਼ਿਆਦਾ) ਭਾਰਤੀ ਲੋਕਾਂ ਦੇ ਉਹ ਪੂਜ ਨੇਤਾ ਹੁੰਦੇ, ਭਾਰਤ ਵੀ ਅੱਜ ਏਸ਼ੀਆਂ ਦਾ ਨੰਬਰ ਇਕ ਦੇਸ਼ ਹੁੰਦਾ ਤੇ ਜਿਨਾਹ ਸਾਹਿਬ ਦੀ ਥਾਂ ਗਾਂਧੀ ਜੀ ਦੇ ਨਾਲ ਹੁੰਦੀ, ਪੰਡਤ ਜਵਾਹਰ ਲਾਲ ਨਹਿਰੂ ਵੀ ਇਨ੍ਹਾਂ ਦੇ ਪਿੱਛੇ ਆਉਂਦੇ।

ਜਿਨਾਹ ਸਾਹਿਬ ਸ਼ਖਸੀ ਲਿਆਕਤ ਦਾ ਇਹੋ ਜਿਹਾ ਕ੍ਰਿਸ਼ਮਾ ਸਨ, ਜਿਹੋ ਜਿਹਾ ਸਦੀਆਂ ਵਿਚ ਕਿਤੇ ਜਹੂਰ ਵਿਚ ਆਉਂਦਾ ਹੈ। ਉਹ ਬੜੀ ਵੱਡੀ ਤਕਦੀਰ ਲਈ ਵਿਉਂਤੇ ਹੋਏ ਸਨ ਪਰ ਹੋਣੀ ਉਨ੍ਹਾਂ ਨੂੰ ਭਰਮਾ ਕੇ ਫਿਰਕੂ ਭੁੱਲ-ਭੁੱਲਈਆਂ ਵਿਚ ਲੈ ਗਈ ਤੇ ਉਹ ਭਾਰਤ ਤੋਂ ਅੱਡ ਹੋਏ ਇਕ ਛੋਟੇ ਹਿੱਸੇ ਦੇ ਆਦਰਯੋਗ ਨੇਤਾ ਯਾਦ ਕੀਤੇ ਜਾਂਦੇ ਹਨ।

11 ਸਤੰਬਰ, 1948 ਨੂੰ ਗਾਂਧੀ ਜੀ ਤੋਂ ਅੱਠ

***(ਬਾਕੀ ਅਗਲੇ ਸਫੇ 'ਤੇ)***

# ਮੇਰੀ ਪਾਕਿਸਤਾਨ ਫੇਰੀ

*(ਪਿਛਲੇ ਸਫੇ ਦੀ ਬਾਕੀ)*

ਮਹੀਨੇ ਦਸ ਦਿਨ ਬਾਅਦ 20ਵੀ ਸਦੀ ਦਾ ਸਭ ਤੋਂ ਵੱਡਾ ਮੁਸਲਮਾਨ ਨੇਤਾ ਪੂਰਾ ਹੋ ਗਿਆ। ਇਸ ਨੇਤਾ ਵਿਚ ਏਸ਼ੀਆ ਦਾ ਮਹਾਨ ਨੇਤਾ ਹੋਣ ਦੀ ਯੋਗਤਾ ਸੀ।”

ਜਿਨਾਹ ਸਾਹਿਬ ਦੀ ਫੋਟੋ ਵਾਲੀ ਬਿਲਡਿੰਗ ਥੱਲਿਓਂ ਲੰਘ ਕੇ ਮੈਂ ਪਾਕਿਸਤਾਨੀ ਇਮੀਗਰੇਸ਼ਨ ਵਾਲੀ ਬਿਲਡਿੰਗ ਵਲ ਤੁਰ ਪਿਆ। ਮੈਨੂੰ ਤਿੰਨ ਮਨੀਚੇਂਜਰ ਮਿਲ ਪਏ। ਉਸ ਵਕਤ ਅਮਰੀਕਨ ਡਾਲਰ ਦੀ ਕੀਮਤ ਪਾਕਿਸਤਾਨੀ ਕਰੰਸੀ ਵਿਚ 160 ਦੇ ਲਗਭਗ ਸੀ। ਦੋ ਨੇ ਮੈਨੂੰ ਤਿੰਨ ਸੌ ਡਾਲਰ ਦੇ 14 ਹਜ਼ਾਰ ਦੇਣ ਦੀ ਪੇਸ਼ਕਸ਼ ਕੀਤੀ। ਮੈਂ ਇਨਕਾਰ ਕਰ ਦਿੱਤਾ। ਮੇਰੇ ਪਾਸ ਕੁਝ ਭਾਰਤੀ ਕਰੰਸੀ ਸੀ ਤੇ ਅਮਰੀਕਨ ਡਾਲਰ ਸਨ। ਦੋਹਾਂ ਦੀ ਪੇਸ਼ਕਸ਼ ਤੋਂ ਬਾਅਦ ਤੀਸਰਾ ਮੇਰੇ ਨਾਲ ਤੁਰ ਪਿਆ ਤੇ ਉਨ੍ਹਾਂ ਨੂੰ ਨਾ ਦੱਸਣ ਦੀ ਗੱਲ ਕਰਕੇ ਪੰਦਰਾਂ ਹਜ਼ਾਰ ਦੇਣ ਲਈ ਤਿਆਰ ਹੋ ਗਿਆ। ਮੈਂ ਕਰੰਸੀ ਵਟਾ ਲਈ ਜੋ ਪੰਜ-ਪੰਜ ਹਜ਼ਾਰ ਦੇ ਤਿੰਨ ਨੋਟ ਸਨ।

ਪਾਕਿਸਤਾਨੀ ਇਮੀਗਰੇਸ਼ਨ ਵਾਲਿਆਂ ਦਾ ਵਿਹਾਰ ਬੜਾ ਮੁਹੱਬਤੀ ਅਤੇ ਸਨੇਹ ਭਰਪੂਰ ਸੀ। ਜਲਦੀ ਹੀ ਇਮੀਗਰੇਸ਼ਨ ਤੇ ਕਸਟਮ ਦਾ ਕੰਮ ਮੁੱਕ ਗਿਆ। ਹੁਣ ਮੈਂ ਆਪਣੇ ਮੇਜ਼ਬਾਨ ਦੀ ਉਡੀਕ ਕਰਨ ਲੱਗਾ। ਇਕ ਕਸਟਮ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਤੁਹਾਡਾ ਮੇਜ਼ਬਾਨ ਤੁਹਾਨੂੰ ਲੈਣ ਵਾਸਤੇ ਹੁਣ ਇਥੇ ਨਹੀਂ ਆ ਸਕਦਾ, ਕਿਉਂਕਿ ਪੰਜ ਛੇ ਸਾਲ ਪਹਿਲਾਂ ਵਾਘੇ ਬਾਰਡਰ ‘ਤੇ ਇਕ ਅਤਿਵਾਦੀ ਹਮਲੇ ਵਿਚ ਕਈ ਸੌ ਦਰਸ਼ਕ ਹਲਾਕ ਹੋ ਗਏ ਸਨ, ਇਥੋਂ ਤੁਹਾਨੂੰ ਸਵਾ ਕੁ ਕਿਲੋ ਮੀਟਰ ਤੁਰ ਕੇ ਜਾਣਾ ਪਵੇਗਾ।

ਬਾਹਰ ਆ ਕੇ ਪਤਾ ਲੱਗਾ ਕਿ ਕੁੱਲੀ ਅਤੇ ਟਰੈਕਟਰ ਨਾਲ ਚੱਲਣ ਵਾਲੀਆਂ ਲੰਮੀਆਂ ਰੇਹੜੀਆਂ ਵਾਲੀ ਛਕੜਾ ਗੱਡੀ ਜਾ ਚੁੱਕੀ ਹੈ। ਮੈਂ ਦਿਲਦਾਰ ਹੁਸੈਨ ਸ਼ਾਹ ਨੂੰ ਸੂਚਿਤ ਕਰ ਦਿੱਤਾ ਸੀ। ਸੋ, ਮੈਂ ਆਪਣੇ ਹੈਂਡ ਬੈਗ ਸਮੇਤ ਅਟੈਚੀ ਨੂੰ ਸੜਕ ‘ਤੇ ਰੇੜ੍ਹਨਾ ਹੀ ਮੁਨਾਸਬ ਸਮਝਿਆ। ਜੀ.ਟੀ. ਰੋਡ ‘ਤੇ ਬਾਰਡਰ ਦੇ ਨੇੜੇ ਪਿੰਡ ਵਾਘਾ ਹੈ ਜਿਸ ਦੇ ਨਾਂ ‘ਤੇ ਇਸ ਦਾ ਨਾਂ ਸਾਰੀ ਦੁਨੀਆ ਵਿਚ ਵਾਘਾ ਬਾਰਡਰ ਮਸ਼ਹੂਰ ਹੋ ਗਿਆ। ਸੜਕ ਦੇ ਖੱਬੇ ਪਾਸੇ ਪਿੰਡ ਭਾਨੂੰ ਚੱਕ ਹੈ ਜੋ ਵਾਘੇ ਬਾਰਡਰ ਭਾਰਤ ਵਾਲੇ ਪਾਸਿਓਂ ਸਾਫ ਦਿਖਾਈ ਦਿੰਦਾ ਹੈ। ਖੇਤਾਂ ਵਿਚ ਕੰਮ ਕਰਦੇ ਲੋਕ ਮੇਰੀ ਪੱਗ ਦੇਖ ਕੇ ‘ਸਾਸਰੀ ਅਕਾਲ ਸਰਦਾਰ ਜੀ’ ਕਹਿ ਰਹੇ ਸਨ। ਮੈਂ ਵੀ ਉਨ੍ਹਾਂ ਨੂੰ ਅਸਲਾਮਾ ਅਲੈਕਮ ਕਹੀ। ਉਹ ਬੜੇ ਖੁਸ਼ ਹੋ ਰਹੇ ਸਨ।

ਜਲਦੀ ਹੀ ਮੈਂ ਆਪਣੇ ਮੇਜ਼ਬਾਨ ਦਿਲਦਾਰ ਹੁਸੈਨ ਸ਼ਾਹ ਅਤੇ ਉਨ੍ਹਾਂ ਦੇ ਨਾਲ ਆਏ ਸਾਥੀਆਂ ਅਮਾਨਤ ਅਲੀ ਗੁਜਰ ਤੇ ਮਲਕ ਰਫਾਕਤ ਅਵਾਨ ਪਾਸ ਪਹੁੰਚ ਗਿਆ ਜਿਨ੍ਹਾਂ ਨੇ ਗੁਲਾਬ ਦੇ ਖੁਸ਼ਬੂਦਾਰ ਫੁੱਲਾਂ ਦੇ ਹਾਰਾਂ ਤੇ ਬੁੱਕਿਆਂ ਨਾਲ ਮੇਰਾ ਇਸਤਕਬਾਲ (ਸਵਾਗਤ) ਕੀਤਾ। ਕਾਰ ਵਿਚ ਬੈਠ ਕੇ ਅਸੀਂ ਲਾਹੌਰ ਵੱਲ ਚਾਲੇ ਪਾ ਦਿੱਤੇ। ਠਾਣਾ ਮਨਾਵਾਂ, ਬੀ.ਆਰ.ਬੀ. ਕੈਨਾਲ (ਈਚੋਗਿਲ ਨਹਿਰ ਜਿਸ ‘ਤੇ ਸੋਹਣ ਸਿੰਘ ਸੀਤਲ ਨੇ 1965 ਦੀ ਲੜਾਈ ਤੋਂ ਬਾਅਦ ‘ਈਚੋਗਿਲ ਲਹਿਰ ਤੱਕ’ ਨਾਵਲ ਲਿਖਿਆ ਹੈ), ਡੋਗਰਾਈ ਤੇ ਜੱਲੋ ਕਸਬੇ ਲੰਘ ਕੇ ਜਲਦੀ ਹੀ ਟਰੈਫਿਕ ਦੀ ਆਸਾਨੀ ਵਾਸਤੇ ਲਾਹੌਰ ਦੇ ਚਾਰ ਚੁਫੇਰੇ ਬਣੀ ਰਿੰਗ ਰੋਡ ਰਾਹੀਂ ਮਲਕ ਰਫਾਕਤ ਅਵਾਨ ਦੇ ਬਿਜ਼ਨਸ ਦਫਤਰ ਵਿਚ ਚਾਹ-ਪਾਣੀ ਪੀਤਾ ਤੇ ਡਿਫੈਂਸ ਕਲੋਨੀ ਵਿਚ ਰਹਿੰਦੇ ਦਿਲਦਾਰ ਹੁਸੈਨ ਸ਼ਾਹ ਜੀ ਦੇ ਛੋਟੇ ਭਣੋਈਏ ਹੁਸਨੈਨ ਅਲੀ ਅਤੇ ਹਮਸ਼ੀਰਾ (ਭੈਣ) ਸ਼ਕੀਲਾ ਹੁਸਨੈਨ ਦੀ ਅਲੀਸ਼ਾਨ ਕੋਠੀ ਵਿਚ ਪਹੁੰਚ ਗਏ।

ਦਿਲਦਾਰ ਹੁਸੈਨ ਸ਼ਾਹ ਦੀ ਭੈਣ ਅਤੇ ਭਣੋਈਆ ਬੱਚਿਆਂ ਸਮੇਤ ਬੜੇ ਚਾਅ ਨਾਲ ਮਿਲੇ, ਜਿਵੇਂ ਮੈਨੂੰ ਬੜੇ ਚਿਰਾਂ ਤੋਂ ਜਾਣਦੇ ਹੋਣ। ਦੋਹਾਂ ਪਾਸਿਆਂ ਦੇ ਸਿਆਸਤਦਾਨਾਂ ਸਾਡੀ ਸਦੀਵੀ ਸਾਂਝ ਨੂੰ ਆਰੇ ਵਾਂਗ ਚੀਰ ਕੇ ਦੋ ਧੜਾਂ ਵਿਚ ਵੰਡ ਦਿੱਤਾ ਹੈ ਪਰ ਦੋਹਾਂ ਪਾਸਿਆਂ ਦੇ ਆਮ ਲੋਕਾਂ ਅੰਦਰ ਅੱਜ ਵੀ ਇਨਸਾਨੀਅਤ ਜਿਊਂਦੀ ਹੈ ਤੇ ਕਿਆਮਤ ਤੱਕ ਜਿੰਦਾ ਰਹੇਗੀ। ਚਾਹ ਪਹਿਲਾਂ ਹੀ ਤਿਆਰ ਸੀ ਜੋ ਸਾਰਿਆਂ ਨੇ ਇਕੱਠੇ ਬਹਿ ਕੇ ਪੀਤੀ। ਅਗਲੇ ਦਿਨ, ਭਾਵ 3 ਨਵੰਬਰ ਨੂੰ ਨਾਸ਼ਤਾ ਕਰਾ ਕੇ ਦਿਲਦਾਰ ਹੁਸੈਨ ਸ਼ਾਹ ਮੈਨੂੰ ਪੀ.ਸੀ. ਹੋਟਲ ਮੇਰੇ ਲੜਕੇ ਦੇ ਦੋਸਤ ਮਨਦੀਪ ਭੁੱਲਰ ਅਤੇ ਉਨ੍ਹਾਂ ਦੇ ਪਿਤਾ ਸ. ਮਨਮੋਹਨ ਸਿੰਘ ਪਾਸ ਛੱਡ ਆਇਆ।



*ਲਾਹੌਰ ਦਾ ਪੰਜ ਤਾਰਾ ਪੀ.ਸੀ. ਹੋਟਲ ਜਿਥੇ ਲੇਖਕ ਨੇ ਕਿਆਮ ਕੀਤਾ।*

ਮਨਦੀਪ ਭੁੱਲਰ ਨੇ ਪੀ.ਸੀ. ਹੋਟਲ ਦੇ ਕਮਰਾ ਨੰਬਰ 730 ਵਿਚ ਮੇਰਾ ਸਮਾਨ ਰਖਵਾਇਆ। ਇਸ ਫਾਈਵ ਸਟਾਰ ਹੋਟਲ ਦੇ ਹਜ਼ਾਰ ਤੋਂ ਉਪਰ ਕਮਰੇ ਹਨ। ਇਕ ਵੱਡਾ ਮੈਰਿਜ ਪੈਲੇਸ ਵੀ ਹੈ। ਬੁਕਿੰਗ ਵਿਚ ਸਵੇਰ ਦਾ ਨਾਸ਼ਤਾ ਹੀ ਮਿਲਦਾ ਹੈ। ਲੰਚ ਤੇ ਡਿਨਰ ਕਰਨ ਲਈ ਤੁਹਾਨੂੰ ਅਲੱਗ ਪੈਸੇ ਦੇਣੇ ਪੈਣਗੇ। ਇਥੇ ਅੰਗਰੇਜ਼ਾਂ ਵੇਲੇ ਦੀ ਪੁਰਾਣੇ ਡਿਜ਼ਾਇਨ ਦੀ ਕਾਰ ਖੜ੍ਹੀ ਹੈ। ਇਸ ਹੋਟਲ ਦੇ ਸੰਸਥਾਪਿਕ ਮੀਆਂ-ਬੀਵੀ ਦੀ ਫੋਟੋ ਵੀ ਲੱਗੀ ਹੋਈ ਹੈ। ਖਾਣੇ ਦੀਆਂ ਵੰਨਗੀਆਂ ਅਣਗਿਣਤ ਅਤੇ ਸਵਾਦੀ ਨੇ। ਸਿਕਿਉਰਿਟੀ ਦਾ ਪ੍ਰਬੰਧ ਏਅਰਪੋਰਟ ਦੀ ਸਖਤ ਚੈਕਿੰਗ ਵਰਗਾ ਹੈ। ਇਥੇ ਇਕ ਸਿਕਿਉਰਿਟੀ ਗਾਰਡ ਬਾਬੂ ਪਾਕਿਸਤਾਨੀ ਪੌਣੇ ਅੱਠ ਫੁੱਟ ਲੰਮਾ ਹੈ ਜੋ ਹਰ ਇਕ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ। ਮੈਂ ਵੀ ਉਸ ਨਾਲ ਫੋਟੋ ਖਿਚਵਾਈ।

*(ਚੱਲਦਾ)*

# ਕਾਵਿ-ਕਿਆਰੀ

## ਭਗਤ ਕਬੀਰ ਜੀ

ਤੇਰਾਂ ਸੌ ਅਠਾਨਵੇਂ ਦੀ ਕਰਾਂ ਬਾਤ ਜੀ,
ਅੰਮ੍ਰਿਤ ਵੇਲਾ ਤੇ ਹੋਈ ਸ਼ੁਭ ਪ੍ਰਭਾਤ ਜੀ।

ਬਨਾਰਸ ਸ਼ਹਿਰ ਹਜੇ ਮੂੰਹ ਹਨੇਰ ਜੀ,
ਲੰਘਦਾ ਸੀ ਕੋਲੋਂ ਇੱਕ ਲੱਗਾ ਢੇਰ ਜੀ।

ਨਵ ਜੰਮੇ ਬੱਚੇ ਦੀ ਉਨ੍ਹੇ ਸੁਣੀ ਲੇਰ ਜੀ,
ਚੁੱਕਿਆ ਬੱਚਾ, ਨਾ ਨੀਰੂ ਲਾਈ ਦੇਰ ਜੀ।

ਤੁਰਿਆ ਜਾਂਦਾ ਘਰ ਨੂੰ ਕਰਦਾ ਵਿਚਾਰ ਜੀ,
ਬੇਔਲਾਦ ਨੂੰ ਦਿੱਤਾ ਪੁੱਤਰ ਦਾਤਾਰ ਜੀ।

ਕਾਹਲੀ ਕਾਹਲੀ ਖੁਸ਼ੀ ‘ਚ ਜਾਵੇ ਨੱਸੇ ਜੀ,
ਖਬਰ ਜਾ ਭਾਗਾਂਵਾਲੀ ਨੂੰ ਝੱਟ ਦੱਸੇ ਜੀ।

ਪੇਸ਼ਾ ਜੁਲਾਹੇ ਵਾਲਾ ਚਲਾਉਂਦਾ ਖੱਡੀ ਜੀ,
ਦੈਂਤ ਊਚ ਨੀਚ ਦਾ ਖੜ੍ਹਾ ਮੂੰਹ ਅੱਡੀ ਜੀ।

ਕੀ ਨਾਂ ਦੇਈਏ ਹਿੰਦੂ ਜਾਂ ਮੁਸਲਮਾਨ ਜੀ,
ਜਾਪਦਾ ਹੈ ਇਹ ਤਾਂ ਭਲਾ ਇਨਸਾਨ ਜੀ।

ਸਹਿਜ ਨਾਲ ਬੈਠ ਸੋਚ ਵਿਚਾਰ ਕਰੇ ਜੀ,
ਚਾਅ ਨਾਲ ਕਬੀਰ ਫਿਰ ਨਾਮ ਧਰੇ ਜੀ।

ਸਮਾਂ ਤੁਰ ਪਿਆ ਫਿਰ ਆਪਣੀ ਚਾਲੇ ਜੀ,
ਹੋ ਕੇ ਜਵਾਨ ਪੁੱਤਰ ਹੱਥ ਵਟਾਵੇ ਨਾਲੇ ਜੀ।

ਊਚ ਨੀਚ ਭੇਦ ਭਾਵ ਤੱਕ ਮਨ ਡੋਲੇ ਜੀ,
ਰਾਮ ਰਾਮ ਤੇ ਅੱਲ੍ਹਾ ਅੱਲ੍ਹਾ ਮੂੰਹੋਂ ਬੋਲੇ ਜੀ।

*-ਸੇਵਾ ਸਿੰਘ ਨੂਰਪੁਰੀ*

---

## ਦਿਲਦਾਰ, ਬਣ ਵੰਗਾਰ

ਦਿਲਦਾਰ ਏਂ, ਦੀਦਾਰ ਦੇ
ਮਹਿਬੂਬ ਏਂ, ਪਿਆਰ ਦੇ
ਇਸ਼ਕ ਐ, ਕਰਾਰ ਦੇ!

ਆਸਰਾ ਕਿਉਂ ਭਾਲੇਂ?
ਗਵਾਰਾ ਨਹੀਂ ਤੇਰਾ ਵੇਲ ਬਣਨਾ
ਉੱਠ, ਬਣ ਚੰਡੀ, ਭਰ ਹੁੰਕਾਰ
ਹਰ ਵੰਗਾਰ ਨੂੰ ਵੰਗਾਰ ਦੇ!

ਜਮਘਟਾ ਬਹੁਤ ਐ, ਆਣ ਪਈ ਸਿਰ ‘ਤੇ
ਲਾਹੁਣੇ ਨੇ ਸੱਥਰ, ਬੈਠਣ ਦਾ ਨਹੀਂ ਸਮਾਂ
ਤੂੰ ਮੇਰੇ ਹੱਥ ਬੱਸ, ਕਲਮ ਕਟਾਰ ਦੇ!

ਜ਼ਰਾ ਕੁ ਠਹਿਰ ਗਾਵਾਂਗੇ ਆਪਾਂ ਵੀ
ਮੁਹੱਬਤ ਦੇ ਨਗਮੇ, ਲਹਿਰਾਅ ਪੱਲੂ
ਮੇਰੀ ਕਲਪਨਾ ਨੂੰ
ਜ਼ਰਾ ਹੋਰ ਉੱਚੀ ਉਡਾਰ ਦੇ !

ਰੁੱਸ ਨਾ, ਇਹ ਜ਼ਿੰਦਗੀ ਐ
ਜ਼ੁਲਫ ਸੰਵਾਰ, ਇਹਨੂੰ ਨਿਹਾਰ
ਬਾਹਾਂ ‘ਚ ਭਰ ਏਸ ਨੂੰ ਦੁਲਾਰ ਦੇ!

*-ਇੰਦਰਜੀਤ ਚੁਗਾਵਾਂ*

---

## ਖਵਾਇਸ਼

ਇਸ ਛੋਟੀ ਜਿਹੀ ਜ਼ਿੰਦਗੀ ਅੰਦਰ
ਕਿੰਨਾ ਹੀ ਕੁਝ ਕਰ ਜਾਵਾਂ।
ਕੁਝ ਅੱਖਾਂ ਨੂੰ ਸੁਪਨੇ ਦੇਵਾਂ,
ਕੁਝ ਦੇ ਪੂਰੇ ਕਰ ਜਾਵਾਂ।
ਆਪ ਭਲਾ ਹਾਂ ਖਾਲਮ ਖਾਲੀ
ਕੋਈ ਖਾਲੀ ਨਾ ਰਹਿ‘ਜੇ,
ਉੱਛਲ ਪੈਣ ਸਭ ਦੀਆਂ ਖੁਸ਼ੀਆਂ
ਊਣੇ ਭਾਂਡੇ ਭਰ ਜਾਵਾਂ।

ਧੰਨਵਾਦੀ ਹਾਂ ਉਨ੍ਹਾਂ ਸਭ ਦੀ
ਜਿਨ੍ਹਾਂ ਦਿੱਤਾ ਸਾਥ ਕਦੀ,
ਉਨ੍ਹਾਂ ਲਈ ਵੀ ਲੱਖ ਸ਼ੁਕਰਾਨੇ
ਜਿਹੜੇ ਆਖਣ ਮਰ ਜਾਵਾਂ।
ਰਾਜਨ ਬੈਠ ਕਿਸੇ ਨਹੀਂ ਰਹਿਣਾ
ਭਰਿਆ ਛੱਡਣਾ ਚੰਗਾ ਏ,
ਨਾ ਹੀ ਰੜਕਣ ਬੋਲ ਕਿਸੇ ਨੂੰ
ਦਿਲ ਵਿਚ ਪਾ ਕੇ ਘਰ ਜਾਵਾਂ।

*-ਰਾਜਨਦੀਪ ਕੌਰ ਮਾਨ*
*ਫੋਨ: 91-62393-26166*

## ਦਿੱਲੀ ਹੀਰ

ਤੇਰੇ ਦਰ ‘ਤੇ ਜੋ ਬੈਠੀ ਏ ਜਾਂ-ਨਿਸਾਰਾਂ ਦੀ ਵਹੀਰ ਦਿੱਲੀਏ
ਇਤਿਹਾਸ ਤੇਰੇ ‘ਚ ਲਿਖ ਰਹੀ ਏ ਨਵੀਂ ਤਹਿਰੀਰ ਦਿੱਲੀਏ।

ਇਹ ਪਹਿਲੀ ਵਾਰ ਨ੍ਹੀਂ ਜ਼ਮੀਰ ਫਰੋਸ਼ ਬੇਗੈਰਤ ਹੋਈ ਏ ਤੂੰ
ਗਵਾਹ ਹੈ, ਵਕਤ ਦੀ ਦੀਵਾਰ ‘ਤੇ ਲਿਖੀ ਤਹਿਰੀਰ ਦਿੱਲੀਏ।

ਹਰ ਵਾਰੀ ਤੈਨੂੰ ਤੇ ਤੇਰੇ ਰੁਕਨਾਂ ਨੂੰ ਮੂੰਹ ਦੀ ਖਾਣੀ ਪਈ ਹੈ
ਹਰ ਦਫਾ ਹੀ ਹੋਈ ਏ ਤੇਰੀ ਬਦਨਾਮੀ ਬਰੇਸਗੀਰ ਦਿੱਲੀਏ।

ਪਰ ਤੂੰ ਹਮੇਸ਼ਾ ਸੁੱਬੀ ਤੋਂ ਸੱਪ ਬਣ ਕੇ ਫੁੰਕਾਰਦੀ ਰਹੀ ਏਂ
ਆਪਣਿਆਂ ਨੂੰ ਹੀ ਡੰਗ ਲੈਨੀ ਏਂ ਬਾਝੋਂ ਤਕਸੀਰ ਦਿੱਲੀਏ।

ਕੋਈ ਕਾਇਦਾ, ਕੋਈ ਕਾਨੂੰਨ ਕਦੇ ਵੀ ਤੂੰ ਮੰਨਿਆ ਹੀ ਨਹੀਂ
ਭਾਵੇਂ ਹਰ ਵਕਤ ਹੀ ਝੱਲਣੀ ਪਈ ਏ ਹਾਰ ਅਖੀਰ ਦਿੱਲੀਏ।

ਇਹ ਲਹੂ ਪਸੀਨਾ ਡੋਲ੍ਹਣ ਵਾਲੇ ਮਿਹਨਤੀ ਕਿਰਤੀ ਕਿਸਾਨ
ਤੋੜਦੇ ਰਹੇ ਨੇ ਤੇਰੇ ਗਲ ਪਈ ਗੁਲਾਮੀ ਦੀ ਜ਼ੰਜ਼ੀਰ ਦਿੱਲੀਏ।

ਅੱਜ ਉਨ੍ਹਾਂ ਦੇ ਹੀ ਹਕੂਕ ਖੋਹਣ ਦੀ ਬਦਨੀਤੀ ਧਾਰੀ ਏ ਤੂੰ
ਹੋਸ਼ ਕਰ, ਸੰਭਲ ਜਾਹ, ਸਮਝ ਮੁਫਲਿਸਾਂ ਦੀ ਪੀੜ ਦਿੱਲੀਏ।

ਯਾਦ ਰੱਖ, ਤੇਰੇ ਅੰਨ ਦੇ ਸੱਖਣੇ ਭੰਡਾਰਿਆਂ ਨੂੰ ਭਰਨ ਵਾਲੇ
ਵਾਹਿਦ ਵਾਰਿਸ ਨੇ ਤੇਰੇ ਤੂੰ ਏਂ ਇਨ੍ਹਾਂ ਦੀ ਜਗੀਰ ਦਿੱਲੀਏ।

ਸਿਆਲ ਦੇ ਕੱਕਰ ਗਰਮੀ ਦੀਆਂ ਲੂਆਂ ਸਹਾਰਨ ਵਾਲੇ ਦੁੱਲੇ
ਮੁਥਾਜ ਨਹੀਂ, ਲਿਖਣੀ ਜਾਣਦੇ ਨੇ ਆਪਣੀ ਤਕਦੀਰ ਦਿੱਲੀਏ।

ਇਨ੍ਹਾਂ ਮਰਜੀਵੜਿਆਂ ਦੀ ਬਦੌਲਤ ਹੀ ਤੇਰੇ ਸਿਰ ‘ਤੇ ਤਾਜ ਹੈ
ਵੇਖੀਂ ਫੇਰ ਨਾ ਠੂਠਾ ਫੜ ਕੇ ਬਣਨਾ ਪੈ ਜਾਏ ਫਕੀਰ ਦਿੱਲੀਏ।

ਇਹ ਧਰਤੀ ਦੇ ਪੁੱਤ ਮਾਂ ਦੀ ਖਾਤਰ ਕੁਝ ਵੀ ਕਰ ਸਕਦੇ ਨੇ
ਚਾਰ ਸਿਆੜ ਖੋਹਣ ਵਾਲੀ ਟੱਪ ਨਾ ਬੈਠੀਂ ਲਕੀਰ ਦਿੱਲੀਏ।

ਅੱਜ ਫੇਰ ਸਰਮਾਏਦਾਰਾਂ ਦੀ ਰਖੇਲ ਬਣ ਕੇ ਜ਼ੁਲਮ ਨਾ ਢਾਹ
ਇਹ ਸਭ ਤੇਰੇ ਹੀ ਲੋਕ ਨੇ ਜਾਣ ਇਨ੍ਹਾਂ ਦੀ ਤਾਸੀਰ ਦਿੱਲੀਏ।

ਘਰ-ਬਾਰ ਛੱਡ ਕੇ ਤੇਰੇ ਦਰ ‘ਤੇ ਅਲਖ ਜਗਾਉਣ ਵਾਲੇ ਜੋਗੀ
ਮੁੜਨੇ ਨਹੀਂ ਖਾਲੀ ਹੱਥ ਵਿਆਹੇ ਬਿਨਾ ਦਿੱਲੀ ਹੀਰ ਦਿੱਲੀਏ।

*-ਚੰਨ*
*ਫੋਨ: 908-788-8427*

---

## ਗਜ਼ਲ

ਸਿਫਤਾਂ ਤੇਰੀਆਂ ਜਗ ਕਰੇ ਐਸਾ ਸਫੀਰ ਬਣ,
ਤਪਦੇ ਦਿਲਾਂ ਨੂੰ ਠੰਢ ਪਾ ਠੰਢੀ ਤਾਸੀਰ ਬਣ।

ਘਰ ਘਰ ਪੈਂਦੇ ਵੈਣ ਨੇ ਤੈਨੂੰ ਦਰਦ ਨਹੀਂ,
ਤੂੰ ਵੀ ਕਿਸੇ ਗਰੀਬ ਲਈ ਜਿਊਂਦੀ ਜ਼ਮੀਰ ਬਣ।

ਗੁਰਬਤ ਦੇ ਵਿਚ ਮਰ ਰਹੇ ਨਿੱਤ ਹਜ਼ਾਰਾਂ ਲੋਕ,
ਛੱਡ ਕੇ ਮਨ ਦੀ ਬਾਤ ਨੂੰ ਦਿਲ ਦਾ ਅਮੀਰ ਬਣ।

ਨਾ ਰਹਿਣਾ ਹੈ ਤਖਤ ਇਹ ਨਾ ਰਹਿਣਾ ਹੈ ਤਾਜ,
ਛੱਡ ਦੇ ਤੂੰ ਜ਼ਹਿਰ ਵੰਡਣਾ ਮਿੱਠੜੀ ਅੰਜੀਰ ਬਣ।

ਜਿਸ ਦਿਨ ਜ਼ਮੀਰ ਜਾਗ ਪਈ ਭਟਕੇਂਗਾ ਦਰ-ਬਦਰ,
ਦਿਲ ਦਾ ਹਨੇਰਾ ਦੂਰ ਕਰ ਰੌਸ਼ਨ ਮੁਨੀਰ ਬਣ।

ਬਲ ਰਹੀ ਜਵਾਲਾ ਜ਼ੁਲਮ ਦੀ ਪਿਆਰ ਦਾ ਪਾਣੀ ਪਾ,
ਜ਼ੁਲਮ ਦੀ ਅੱਗ ਨੂੰ ਸ਼ਾਂਤ ਕਰ ਗੰਗਾ ਦਾ ਨੀਰ ਬਣ।

ਸੜਦੀ ਪਈ ਮਨੁੱਖਤਾ ਸਾਵਣ ਬਣ ਕੇ ਆ,
ਅੰਬ ਦੀ ਛਾਂ ਬਣ ਸੰਘਣੀ ਠੰਢੀ ਸਮੀਰ ਬਣ।

ਤਖਤ ਜੇ ਤੈਨੂੰ ਮਿਲ ਗਿਐ ਤਾਂ ਰਾਮ ਰਾਜ ਕਰ,
ਪਾਵੇ ਨਾ ਦੁਨੀਆਂ ਲਾਹਣਤਾਂ ਐਸਾ ਵਜ਼ੀਰ ਬਣ।

ਹੈ ਵਕਤ ਮੁੜ ਜਾਹ ਅਜੇ ਵੀ ਸੰਭਾਲ ਸਮੇਂ ਨੂੰ,
ਮਾਇਆ ਦਾ ਲੋਭ ਛੱਡ ਕੇ ਅੰਦਰੋਂ ਫਕੀਰ ਬਣ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਗਰੀਬੀ ਦੇ ਅਰਥ

ਏ. ਸੀ. ਕਮਰਿਆਂ ‘ਚ ਹਰ ਪਲ ਰਹਿਣ ਵਾਲਿਆਂ ਨੂੰ,
ਨਿੱਤ ਮਲਮਲੀ ਗੱਦਿਆਂ ‘ਤੇ ਬਹਿਣ ਵਾਲਿਆਂ ਨੂੰ,
ਸੁਪਨੇ ਮਾਇਆ ਦੇ ਪਲ-ਪਲ ਲੈਣ ਵਾਲਿਆਂ ਨੂੰ,
ਦਵਾਈਆਂ ਖਾ-ਖਾ ਨੀਂਦਰਾਂ ਲੈਣ ਵਾਲਿਆਂ ਨੂੰ,
ਕੀ ਪਤਾ! ਸੁੱਖਾਂ ਦੀ ਨੀਂਦ ਕੀ ਹੁੰਦੀ ਏ।

ਹੱਕ ਕਿਸੇ ਦਾ ਮਾਰ ਕੇ ਖਾਣ ਵਾਲਿਆਂ ਨੂੰ,
ਲੁੱਟਾਂ-ਖੋਹਾਂ ਨਾਲ ਪੈਸੇ ਕਮਾਉਣ ਵਾਲਿਆਂ ਨੂੰ,
ਲਾਲਚ ਖਾਤਰ ਭ੍ਰਿਸ਼ਟਾਚਾਰੀ ਬਣ ਜਾਣ ਵਾਲਿਆਂ ਨੂੰ,
ਕੀ ਪਤਾ! ਹੱਕ ਦੀ ਕਮਾਈ ਕੀ ਹੁੰਦੀ ਏ।

ਦਸ-ਬਾਰਾਂ ਪੜ੍ਹ ਕੇ ਸਿੱਖਿਆ ਮੰਤਰੀ ਬਣ ਵਾਲਿਆਂ ਨੂੰ,
ਵਜ਼ੀਫਾ ਬੱਚਿਆਂ ਦਾ ਅਤੇ ਕਿਤਾਬਾਂ ਵੇਚ ਕੇ ਖਾਣ ਵਾਲਿਆਂ ਨੂੰ,
ਪੈਰ-ਪੈਰ ‘ਤੇ ਸਕੂਲ ਖੁਲ੍ਹਵਾਉਣ ਵਾਲਿਆਂ ਨੂੰ,
ਦੇ ਕੇ ਕੋਰਸ ਬੇਰੁਜ਼ਗਾਰ ਬਿਠਾਉਣ ਵਾਲਿਆਂ ਨੂੰ,
ਕੀ ਪਤਾ! ਪੜ੍ਹਾਈ ਕੀ ਹੁੰਦੀ ਏ।

ਬੇਵਜ੍ਹਾ ਇੱਕ-ਦੂਜੇ ਨਾਲ ਲੜਨ ਵਾਲਿਆਂ ਨੂੰ,
ਛੱਡ ਦੋਸ਼ੀ, ਬੇਦੋਸ਼ੇ ਨੂੰ ਫੜ੍ਹਨ ਵਾਲਿਆਂ ਨੂੰ,
ਵੇਲਾ ਲੰਘੇ ਤੋਂ ਸਕੀਮਾਂ ਘੜ੍ਹਨ ਵਾਲਿਆਂ ਨੂੰ,
ਕੁੱਤਾ ਭੌਂਕਣ ‘ਤੇ ਘਰੇ ਜਾ ਵੜਨ ਵਾਲਿਆਂ ਨੂੰ,
ਕੀ ਪਤਾ! ਲੜਾਈ ਕੀ ਹੁੰਦੀ ਏ।

ਭਾਰਤ ਦੇਸ਼ ਦੇ ਵੱਡੇ-ਵੱਡੇ ਮੰਤਰੀਆਂ ਨੂੰ,
ਬਣੇ ਹੋਏ ਜੋ ਵੱਡੇ ਲੋਕਤੰਤਰੀਆਂ ਨੂੰ,
ਜਾਂ ਕਈ ਹੋਰ ਵੀ ਪਰਜਾਤੰਤਰੀਆਂ ਨੂੰ,
ਕੀ ਪਤਾ! ਗਰੀਬੀ ਦੇ ਅਰਥ ਕੀ ਹੁੰਦੇ ਨੇ?

ਪੁੱਛਣਾ ਤਾਂ ਪੁੱਛੋ..
ਕਿਸੇ ਗਰੀਬ ਦੇ ਦਿਲ ਕੋਲੋਂ
ਲੋਕਾਂ ਦਾ ਗੋਹਾ-ਕੂੜਾ ਕਰਦਿਆਂ ਘਸ ਗਏ ਪੋਟਿਆਂ ਕੋਲੋਂ,
ਪਾਟੇ ਹੱਥਾਂ ਕੋਲੋਂ ਤੇ ਬਿਆਈਆਂ ਵਾਲੇ ਪੈਰਾਂ ਕੋਲੋਂ,
ਲੀਰੋ-ਲੀਰ ਹੋਏ ਕੱਪੜਿਆਂ ਕੋਲੋਂ,
ਕਈ ਦਿਨਾਂ ਤੋਂ ਭੁੱਖੇ ਢਿੱਡ ਕੋਲੋਂ,
ਖੱਪ-ਖੱਪ ਕੇ ਸੁੱਕ ਚੁੱਕੀਆਂ ਛਾਤੀਆਂ ਕੋਲੋਂ
ਤੇ ਦੁੱਧ ਲਈ ਰੋਂਦੇ ਨਿੱਕੇ ਜਿਹੇ ਬਾਲ ਕੋਲੋਂ
ਖਿੱਲਰੇ ਵਾਲਾਂ ਕੋਲੋਂ ਤੇ ਝੁਰੜੀਆਂ ਵਾਲੇ ਚਿਹਰੇ ਕੋਲੋਂ,
ਪਤਾ ਲੱਗ ਜੂ, ਗਰੀਬੀ ਦੇ ਅਰਥ ਕੀ ਹੁੰਦੇ ਨੇ!

*-ਜਗਜੀਤ ਕਲੇਰ ਗੁੜ੍ਹੱਦੀ*
*ਫੋਨ: 91-98789-17512*

# ਉਡਣੇ ਮਿਲਖਾ ਸਿੰਘ ਦੀ ਹੱਡਬੀਤੀ

ਪੰਜਾਬੀ ਖੇਡ ਸਾਹਿਤ 49



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮਿਲਖਾ ਸਿੰਘ ਬਾਰੇ ਤਿੰਨ ਪੁਸਤਕਾਂ ਲਿਖੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਉਸ ਦੀਆਂ ਹੱਡਬੀਤੀਆਂ ਕਿਹਾ ਜਾ ਸਕਦੈ। ਪਹਿਲੀ ਪੁਸਤਕ ਹੈ 'ਫਲਾਈਂਗ ਸਿੱਖ ਮਿਲਖਾ ਸਿੰਘ', ਜੋ ਮਿਲਖਾ ਸਿੰਘ ਨੇ ਆਪਣੇ ਸਟੈਨੋ ਨੂੰ ਲਿਖਾਏ ਨੋਟਿਸ ਦੇ ਕੇ ਪ੍ਰਸਿੱਧ ਕਵੀ ਪਾਸ਼ ਤੋਂ ਲਿਖਵਾਈ ਅਤੇ ਆਪਣੀ ਆਤਮ ਕਥਾ ਵਜੋਂ 1975 'ਚ ਛਪਵਾਈ। ਦੂਜੀ ਕਿਤਾਬ ਅੰਗਰੇਜ਼ੀ ਵਿਚ 'ਦਿ ਰੇਸ ਆਫ ਮਾਈ ਲਾਈਫ ਐਨ ਆਟੋਬਾਈਗਰਾਫੀ' ਮਿਲਖਾ ਸਿੰਘ ਨੇ ਆਪਣੀ ਧੀ ਸੋਨੀਆ ਸਨਵਾਲਕਾ ਨਾਲ ਮਿਲ ਕੇ ਲਿਖੀ, ਜੋ 2013 ਵਿਚ ਛਪੀ। ਤੀਜੀ ਕਿਤਾਬ 'ਉਡਣਾ ਸਿੱਖ ਮਿਲਖਾ ਸਿੰਘ' ਮੈਂ ਨੌਜੁਆਨਾਂ ਤੇ ਵਿਦਿਆਰਥੀਆਂ ਲਈ ਸੰਖੇਪ ਜੀਵਨੀ ਦੇ ਰੂਪ ਵਿਚ ਲਿਖੀ, ਜੋ 2020 ਵਿਚ ਛਪੀ।

ਬਦਕਿਸਮਤੀ ਨਾਲ ਮਿਲਖਾ ਸਿੰਘ ਬਹੁਤਾ ਪੜ੍ਹ-ਲਿਖ ਨਹੀਂ ਸਕਿਆ। ਉਹ ਹਾਲੇ ਸਕੂਲੇ ਪੜ੍ਹਦਾ ਸੀ, ਜਦੋਂ ਭਾਰਤ-ਪਾਕਿ ਵੰਡ ਵੇਲੇ ਪਾਕਿਸਤਾਨ 'ਚੋਂ ਉਜੜਨਾ ਪਿਆ। ਭਾਰਤ ਦੀ ਆਜ਼ਾਦੀ ਮਿਲਖਾ ਸਿੰਘ ਦੇ ਪਰਿਵਾਰ ਲਈ ਬਰਬਾਦੀ ਬਣ ਗਈ ਸੀ। ਮਾਤਾ-ਪਿਤਾ ਤੇ ਭੈਣ-ਭਾਈ ਮਾਰੇ ਜਾਣ ਨਾਲ ਉਹ ਅਨਾਥ ਹੋ ਗਿਆ ਸੀ, ਜਿਸ ਕਰਕੇ ਅੱਗੇ ਨਾ ਪੜ੍ਹ ਸਕਿਆ। ਪੜ੍ਹਾਈ ਦੀ ਘਾਟ ਕਾਰਨ ਹੀ ਉਹ ਆਪਣੀ ਹੱਡਬੀਤੀ ਆਪ ਲਿਖਣ ਜੋਗਾ ਨਹੀਂ ਸੀ, ਜਿਸ ਕਰਕੇ ਹੋਰਨਾਂ ਦਾ ਸਹਿਯੋਗ ਲੈਣਾ ਪਿਆ। ਇਉਂ ਪਾਸ਼, ਉਸ ਦੀ ਧੀ ਸੋਨੀਆ ਤੇ ਮੈਂ ਉਸ ਦੇ ਸਹਿਯੋਗੀ ਬਣੇ।

ਮਿਲਖਾ ਸਿੰਘ ਜੀਂਦੇ ਜੀਅ ਮਿੱਥ ਬਣ ਗਿਆ ਸੀ। ਉਹਦਾ ਨਾਂ ਹਜ਼ਾਰਾਂ ਵਾਰ ਲਿਖਿਆ ਗਿਆ ਤੇ ਲੱਖਾਂ ਵਾਰ ਬੋਲਿਆ ਗਿਆ। ਮਿਲਖਾ ਸਿੰਘ ਤੇ ਉਹਦੀਆਂ ਦੌੜਾਂ ਦੀਆਂ ਬਾਤਾਂ, 'ਇਕ ਸੀ ਰਾਜਾ ਇਕ ਸੀ ਰਾਣੀ' ਵਾਂਗ ਲੰਮੇ ਸਮੇਂ ਤਕ ਪੈਂਦੀਆਂ ਰਹਿਣਗੀਆਂ। ਮਿਲਖ ਦਾ ਸ਼ਬਦੀ ਅਰਥ ਹੈ, ਜਾਇਦਾਦ। ਇਉਂ ਮਿਲਖਾ ਸਿੰਘ ਦਾ ਮਤਲਬ ਹੈ, ਮਿਲਖਾਂ ਦਾ ਮਾਲਕ। ਘਰਦਿਆਂ ਨੇ ਉਹਦਾ ਨਾਂ ਇਹੋ ਸੋਚ ਕੇ ਰੱਖਿਆ ਹੋਵੇਗਾ ਕਿ ਕਿਸੇ ਦਿਨ ਇਹ ਮਿਲਖਾਂ ਦਾ ਮਾਲਕ ਬਣੇਗਾ। ਮਿਲਖਾਂ ਦਾ ਮਾਲਕ ਤਾਂ ਪਤਾ ਨਹੀਂ ਉਹ ਬਣਿਆ ਜਾਂ ਨਹੀਂ, ਪਰ 'ਦੌੜ ਦਾ ਬਾਦਸ਼ਾਹ' ਜ਼ਰੂਰ ਬਣਿਆ। ਉਸ ਦੇ ਜਿਊਂਦੇ ਜੀਅ ਬੁੱਤ ਸਥਾਪਿਤ ਹੋ ਗਏ ਅਤੇ ਉਸ ਨੂੰ 'ਫਲਾਈਂਗ ਸਿੱਖ' ਦੇ ਖਿਤਾਬ ਨਾਲ ਨਿਵਾਜਿਆ ਗਿਆ। ਦੌੜ ਦੇ ਸਿਰ 'ਤੇ ਉਹ ਸੱਤਰ ਮੁਲਕਾਂ 'ਚ ਦੌੜਿਆ, ਫੌਜ 'ਚ ਤਰੱਕੀਆਂ ਪਾਈਆਂ, ਸਪੋਰਟਸ ਡਾਇਰੈਕਟਰ ਬਣਿਆ ਤੇ ਖੇਡ ਸੰਸਾਰ ਵਿਚ ਮਿਲਖਾ-ਮਿਲਖਾ ਕਰਵਾ ਗਿਆ। ਦੌੜ ਹੀ ਉਹਦੀ ਜ਼ਿੰਦਗੀ ਬਣੀ ਰਹੀ। ਉਹਦੀ ਜੀਵਨ ਦੌੜ ਉਤੇ ਫਿਲਮ ਬਣਾਉਣ ਵਾਲਿਆਂ ਨੂੰ ਵੀ ਇਹੋ ਨਾਂ ਭਾਇਆ, 'ਭਾਗ ਮਿਲਖਾ ਭਾਗ।' ਉਸ ਨੇ ਜਿਥੇ ਫਿਲਮ ਬਣਾਉਣ ਵਾਲਿਆਂ ਨੂੰ ਰੰਗ ਭਾਗ ਲਾਏ, ਉਥੇ ਮਿਲਖਾ ਸਿੰਘ ਦਾ ਨਾਂ ਵੀ ਦੇਸ਼ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹਾ ਦਿੱਤਾ।

ਪੁਸਤਕ 'ਫਲਾਈਂਗ ਸਿੱਖ ਮਿਲਖਾ ਸਿੰਘ' ਦਾ ਮੁੱਖਬੰਦ ਸ. ਉਮਰਾਓ ਸਿੰਘ, ਸਪੋਰਟਸ ਮਨਿਸਟਰ ਪੰਜਾਬ ਅਤੇ ਪ੍ਰਧਾਨ ਅਥਲੈਟਿਕ ਫੈਡਰੇਸ਼ਨ ਆਫ ਇੰਡੀਆ ਨੇ ਲਿਖਿਆ ਸੀ: ਖਿਡਾਰੀ ਹੋਣ ਦਾ ਅਰਥ ਤਪੱਸਵੀ ਹੋਣਾ ਹੈ। 'ਸਪੋਰਟਸਮੈਨਸ਼ਿਪ' ਦੇ ਸਹਿਜ ਅਰਥਾਂ ਨੂੰ ਵਾਚੀਏ ਤਾਂ ਇਹ ਗੁਰੂਆਂ ਪੀਰਾਂ ਦੇ ਦੱਸੇ ਪੰਜ ਤੱਤਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਨਾਸ਼ ਕਰਨਾ ਹੀ ਹੈ। ਵਾਟਰਲੂ ਦੀ ਲੜਾਈ ਕਿਵੇਂ ਵੀ ਜਿੱਤੀ ਗਈ ਹੋਵੇ, ਬੰਦਾ ਬਹਾਦਰ ਦੀਆਂ ਵਿਸ਼ਾਲ ਜਿੱਤਾਂ ਦਾ ਗੁਰੂ ਸਾਹਿਬ ਵੱਲੋਂ ਹੋਲਾ-ਮਹੱਲਾ ਵਿਚ ਪ੍ਰਚਲਤ ਖੇਡ ਪਰੰਪਰਾਵਾਂ ਨਾਲ ਡੂੰਘਾ ਸਬੰਧ ਜ਼ਰੂਰ ਹੈ। ਇਸੇ ਤਰ੍ਹਾਂ ਯੂਨਾਨ ਦੀ ਪੂਰਵ-ਵਿਕਸਿਤ ਸਭਿਅਤਾ ਦੇ ਆਧਾਰਾਂ ਨੂੰ ਸਮਝਣ ਲਈ, ਉਥੋਂ ਦੀ ਖੇਡ ਪਰੰਪਰਾ ਦੇ ਯੋਗਦਾਨ ਤੇ ਮਹੱਤਵ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਜੇ ਅੱਜ ਸਾਰੀ ਦੁਨੀਆਂ ਦਰਸ਼ਨ, ਵਿਗਿਆਨ ਅਤੇ ਕਲਾ ਖੇਤਰਾਂ 'ਚ ਯੂਨਾਨ ਦੀ ਦੇਣਦਾਰ ਹੈ ਤਾਂ ਇਸ ਦਾ ਸਬੱਬ, ਪ੍ਰਾਚੀਨ ਯੂਨਾਨੀਆਂ ਦਾ ਖੇਡਾਂ ਪ੍ਰਤੀ ਨਜ਼ਰੀਆ ਹੀ ਹੈ। ਯੂਨਾਨ ਦੀ ਧਾਰਮਿਕ ਫਿਲਾਸਫੀ ਦਾ ਮੱਤ ਹੈ, ਸਿਰਫ ਸਿਹਤਮੰਦ ਸਰੀਰ ਵਿਚ ਹੀ ਪਵਿੱਤਰ ਆਤਮਾ ਨਿਵਾਸ ਕਰ ਸਕਦੀ ਹੈ।

ਪੰਜਾਬ ਖੇਡਾਂ ਵਿਚ ਜਿੰਨਾ ਅੱਗੇ ਰਿਹਾ ਹੈ, ਖੇਡ ਤੇ ਖਿਡਾਰੀਆਂ ਬਾਰੇ ਸਾਹਿਤ ਲਿਖਣ ਵਿਚ ਓਨਾ ਹੀ ਪਿੱਛੇ ਹੈ। ਫਲਾਈਂਗ ਸਿੱਖ ਮਿਲਖਾ ਸਿੰਘ ਦੀ ਸਵੈ-ਜੀਵਨੀ ਪੰਜਾਬੀ ਦੇ ਖੇਡ ਸਾਹਿਤ ਦੀ ਸ਼ੁਰੂਆਤ ਹੈ; ਪਰ ਏਨੀ ਨਿੱਗਰ ਅਤੇ ਮਹੱਤਵਪੂਰਨ ਸ਼ੁਰੂਆਤ ਸ਼ਾਇਦ ਹੀ ਕਿਸੇ ਹੋਰ ਬੋਲੀ ਨੂੰ ਨਸੀਬ ਹੋਈ ਹੋਵੇ। ਮਿਲਖਾ ਸਿੰਘ ਰਾਹੀਂ ਸਾਡੇ ਭਾਰਤ ਨੇ ਦੁਨੀਆਂ ਦੇ 77 ਮੁਲਕਾਂ ਨੂੰ ਜਿੱਤਿਆ ਹੈ। ਉਸ ਨੇ ਆਪਣੀ ਜਾਨ ਹੂਲ ਕੇ ਸੰਸਾਰ ਦੇ ਅਤਿ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਵਿਚ ਸਾਨੂੰ ਕੌਮੀ ਗੌਰਵ ਪ੍ਰਦਾਨ ਕੀਤਾ ਹੈ। ਸਿਰਫ ਖੇਡ ਜਗਤ ਨੂੰ ਹੀ ਨਹੀਂ, ਸਗੋਂ ਸਾਡੀ ਭਾਸ਼ਾ ਅਤੇ ਜਿਊਂਦੇ ਜਾਗਦੇ ਪੰਜਾਬ ਨੂੰ ਵੀ ਇਸ ਪੁਸਤਕ ਦੀ ਡਾਢੀ ਲੋੜ ਸੀ, ਜੋ ਸਾਡੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਸਾਬਤ ਹੋਵੇਗੀ।

ਮੈਂ ਮਿਲਖਾ ਸਿੰਘ ਨੂੰ ਸਭ ਤੋਂ ਪਹਿਲਾਂ 1958 ਵਿਚ ਬਾਰਾਬੱਤੀ ਸਟੇਡੀਅਮ ਕਟਕ ਵਿਚ ਦੌੜਦਿਆਂ ਵੇਖਿਆ ਸੀ ਅਤੇ ਮਗਰੋਂ ਮੈਂ ਭਾਰਤ ਅਥਲੈਟਿਕ ਫੈਡਰੇਸ਼ਨ ਦੇ ਮੀਤ ਪ੍ਰਧਾਨ ਅਤੇ ਬਾਅਦ ਵਿਚ ਪ੍ਰਧਾਨ ਹੋਣ ਦੀ ਹੈਸੀਅਤ ਵਿਚ, ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ, ਜਿਥੇ ਵੀ ਮਿਲਖਾ ਸਿੰਘ ਦੌੜਿਆ, ਨਾਲ ਜਾਂਦਾ ਰਿਹਾ। ਮੈਂ ਦੁਨੀਆਂ ਵਿਚ ਉਹਦੀਆਂ ਚੜ੍ਹਤਾਂ ਨੂੰ ਅੱਖੀਂ ਵੇਖਿਆ ਹੈ। ਉਸ ਦੀਆਂ ਜਿੱਤਾਂ 'ਚੋਂ ਉਪਜੇ ਕੌਮੀ ਗੌਰਵ ਨੂੰ ਜਜ਼ਬਾਤ ਨਾਲ ਮਹਿਸੂਸ ਕੀਤਾ ਹੈ। ਜਿੰਨਾ ਕੁਝ ਇਸ ਇਕੱਲੇ ਬੰਦੇ ਨੇ ਸਾਡੇ ਦੇਸ਼ ਦੇ ਨਾਂ ਨੂੰ ਉੱਚਿਆਂ ਚੁੱਕਣ ਵਿਚ ਸਮਰੱਥਾ ਵਿਖਾਈ ਹੈ, ਉਹ ਹੋਰਨਾਂ ਖੇਤਰਾਂ ਵਿਚ ਅਨੇਕਾਂ ਵਿਅਕਤੀਆਂ ਦੀ ਸਮੂਹਕ ਦੇਣ ਦੇ ਬਰਾਬਰ ਹੈ।


ਜਦੋਂ ਉਹ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਦੌੜਿਆ, ਉਦੋਂ ਮੈਂ ਉਹਦੇ ਨਾਲ ਸਾਂ। ਮੁਕਾਬਲੇ ਦੀ ਇਕ ਆਪਣੀ ਮਨੋਪ੍ਰਵਿਰਤੀ ਹੁੰਦੀ ਹੈ। ਇਸ ਵਿਚ ਮਨੁੱਖੀ ਹਿਰਦਾ ਹਨੇਰੀਆਂ ਵਿਚ ਫਸੇ ਪੱਤੇ ਵਾਂਗ ਕੰਬਦਾ ਅਤੇ ਲਰਜ਼ਦਾ ਹੈ। ਰੋਮ ਓਲੰਪਿਕ ਦੀ ਫਾਈਨਲ ਦੌੜ ਤੋਂ ਪਹਿਲਾਂ ਦੀ ਰਾਤ, ਮਿਲਖਾ ਸਿੰਘ ਵੀ ਅਜਿਹੇ ਭੰਵਰਾਂ ਵਿਚ ਫਸਿਆ ਹੋਇਆ ਸੀ। ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਸਵੇਰ ਦੀ ਦੌੜ ਸਹਿਮ ਬਣ ਕੇ ਉਸ ਉਤੇ ਛਾ ਚੁਕੀ ਸੀ। ਉਸ ਦੀ ਮਾਨਸਿਕ ਬੇਚੈਨੀ ਨੂੰ ਤਾੜ ਕੇ ਮੈਂ ਉਹਨੂੰ ਓਲੰਪਿਕ ਵਿਲੇਜ ਤੋਂ ਬਾਹਰ ਲੈ ਗਿਆ। ਰੋਮ ਦੇ ਬਾਜ਼ਾਰ ਵਿਚ ਘੁਮਾਉਂਦਿਆਂ ਮੈਂ ਮਿਲਖਾ ਸਿੰਘ ਨੂੰ ਸਟੇਡੀਅਮ ਦਾ ਸਹਿਮ ਭੁਲਾ ਕੇ, ਪੰਜਾਬ ਦੇ ਮਾਹੌਲ ਵਿਚ ਲੈ ਗਿਆ। ਜਦੋਂ ਅਸੀਂ ਵਾਪਸ ਹੋਟਲ ਮੁੜੇ ਤਾਂ ਉਹ ਤਾਜ਼ਗੀ ਮਹਿਸੂਸ ਕਰ ਰਿਹਾ ਸੀ ਅਤੇ ਖੁਸ਼ ਸੀ। ਹੁਣ ਉਹ ਮੁਕਾਬਲੇ ਲਈ ਹਰ ਤਰ੍ਹਾਂ ਤਿਆਰ ਸੀ। ਇਸ ਗੱਲ ਦਾ ਜ਼ਿਕਰ ਕਰਨ ਤੋਂ ਮੇਰਾ ਮਤਲਬ ਹੈ ਕਿ ਮੁਕਾਬਲੇ ਸਮੇਂ ਖਿਡਾਰੀ ਦੀ ਮਾਨਸਿਕ ਅਵੱਸਥਾ ਅਸਾਧਾਰਨ ਹੋ ਜਾਂਦੀ ਹੈ ਅਤੇ ਦੌੜ ਦਾ ਫਿਕਰ ਉਸ ਨੂੰ ਨੀਂਦ ਨਹੀਂ ਆਉਣ ਦਿੰਦਾ। ਸੰਸਾਰ ਭਰ ਦੇ ਡਾਕਟਰ ਅਤੇ ਮਨੋਵਿਗਿਆਨੀ ਇਸ ਖੋਜ ਵਿਚ ਹਨ ਕਿ ਉਸ ਸਮੇਂ ਦੀ ਅਵੱਸਥਾ ਨੂੰ ਨਾਰਮਲ ਕਿਵੇਂ ਰੱਖਿਆ ਜਾਵੇ। ਬੇਚੈਨੀ ਤੇ ਬੇਆਰਾਮੀ ਕੱਟਣ ਵਾਲੇ ਦੌੜਾਕ, ਦੂਜੇ ਦਿਨ ਚੰਗੇ ਨਤੀਜੇ ਨਹੀਂ ਦੇ ਸਕਦੇ।

ਰੋਮ ਓਲੰਪਿਕ ਦੇ ਸਟੇਡੀਅਮ ਵਿਚ ਜੁੜੇ ਹਜ਼ਾਰਾਂ ਦਰਸ਼ਕ ਉਸ ਦਿਨ ਮਿਲਖਾ ਸਿੰਘ ਦੇ ਹਮਦਰਦ ਸਨ ਅਤੇ ਦੁਆ ਕਰ ਰਹੇ ਸਨ ਕਿ ਉਸ ਦੀ ਹੀ ਜਿੱਤ ਹੋਵੇ, ਕਿਉਂਕਿ ਉਹਦੇ ਦੌੜਨ ਦਾ ਸਟਾਈਲ ਏਨਾ ਕੁਦਰਤੀ ਅਤੇ ਸੁੰਦਰ ਸੀ ਜਿਵੇਂ ਪੰਛੀ ਆਪਣੀ ਮੌਜ ਵਿਚ ਉੱਡ ਰਿਹਾ ਹੋਵੇ। ਉਹਦੀ ਬਦਕਿਸਮਤੀ ਸੀ ਕਿ ਉਸ ਨੂੰ ਬਾਹਰਲੀ ਲੇਨ ਮਿਲੀ। ਜੇ ਕਿਤੇ ਅੰਦਰਲੀ ਲੇਨ ਮਿਲੀ ਹੁੰਦੀ ਤਾਂ ਨਿਰਸੰਦੇਹ ਮਿਲਖਾ ਸਿੰਘ ਨੇ ਭਾਰਤ ਨੂੰ 400 ਮੀਟਰ ਦੌੜ ਵਿਚ ਮੈਡਲ ਜਿੱਤ ਕੇ ਦੇਣਾ ਸੀ...।

ਪੁਰਾਤਨ ਸਮਿਆਂ ਵਿਚ ਗੱਭਰੂਆਂ ਦੀ ਤਾਕਤ ਅਤੇ ਬਾਹੂਬਲ ਨੂੰ ਜੰਗ ਦੇ ਮੈਦਾਨ ਵਿਚ ਪਰਖਿਆ ਜਾਂਦਾ ਸੀ। ਅੱਜ ਕੱਲ੍ਹ ਜੰਗ ਦਾ ਮੈਦਾਨ ਮਸ਼ੀਨਰੀ ਤੇ ਹਥਿਆਰਾਂ ਨੇ ਮੱਲ ਲਿਆ ਹੈ, ਇਸ ਲਈ ਤਨ ਅਤੇ ਮਨ ਦੀ ਸਮਰੱਥਾ ਨੂੰ ਖੇਡਾਂ ਦੇ ਮੈਦਾਨ ਵਿਚ ਨਿਤਰਨਾ ਪੈਂਦਾ ਹੈ। ਲਗਨ ਤੋਂ ਬਗੈਰ ਅਤੇ ਖਿੱਚ ਪੈਦਾ ਕਰਨ ਤੋਂ ਬਿਨਾ ਇਸ ਨੂੰ ਕਮਾਲ ਦੀ ਅਵੱਸਥਾ ਤਕ ਨਹੀਂ ਲਿਆਂਦਾ ਜਾ ਸਕਦਾ। ਭਾਈ ਵੀਰ ਸਿੰਘ ਦੀਆਂ ਇਹ ਸਤਰਾਂ ਇਕ ਖਿਡਾਰੀ ਦੇ ਉਦੇਸ਼ ਦੀ ਪੂਰਤੀ ਲਈ ਪੂਰੀਆਂ ਢੁਕਵੀਆਂ ਹਨ-ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ।

ਮਿਲਖਾ ਸਿੰਘ ਨੂੰ ਉਹਦੀ ਦੌੜ ਸਮੇਂ ਹੀ ਨਹੀਂ, ਮੈਂ ਉਸ ਨੂੰ ਦੌੜ ਛੱਡ ਦੇਣ ਪਿੱਛੋਂ ਵੀ ਵੱਖ ਵੱਖ ਦੇਸ਼ਾਂ ਵਿਚ ਹੁੰਦੇ ਉਹਦੇ ਮਾਣ ਸਤਿਕਾਰ ਨੂੰ ਅੱਖੀਂ ਵੇਖਿਆ ਹੈ। ਸਿਆਸਤ ਵਿਚ ਪਦਵੀ ਖੁੱਸ ਜਾਣ ਬਾਅਦ ਸਿਆਸਤਦਾਨ ਮਰ ਜਾਂਦਾ ਹੈ, ਪਰ ਖਿਡਾਰੀ ਇਕ ਅਜਿਹੀ ਸ਼ਖਸੀਅਤ ਹੁੰਦੀ ਹੈ ਕਿ ਖੇਡ ਛੱਡ ਦੇਣ ਬਾਅਦ ਵੀ ਉਹਦੇ ਮਾਣ ਸਨਮਾਨ ਵਿਚ ਫਰਕ ਨਹੀਂ ਪੈਂਦਾ। ਜਿਵੇਂ ਫਿਲਮ ਦਾ ਕੋਈ ਫਿਲਮ ਸਟਾਰ ਹੁੰਦਾ ਹੈ, ਕੋਈ ਸੰਗੀਤ ਵਿਚ ਸਟਾਰ ਹੁੰਦਾ ਹੈ, ਕੋਈ ਸਟੇਜ ਦਾ ਸਿਤਾਰਾ ਹੁੰਦਾ ਹੈ, ਇਸੇ ਤਰ੍ਹਾਂ ਮਿਲਖਾ ਸਿੰਘ ਖੇਡਾਂ ਦਾ ਸਟਾਰ ਹੈ, ਜਿਸ ਦਾ ਨਾਂ ਭਾਰਤ ਦੇ ਚੋਣਵੇਂ ਸਟਾਰਾਂ ਵਿਚ ਸ਼ਾਮਲ ਹੈ।







ਮਿਲਖਾ ਸਿੰਘ ਦਾ ਜੀਵਨ, ਉਸ ਦਾ ਨਿੱਜੀ ਨਹੀਂ, ਸਗੋਂ ਸਾਰੀ ਕੌਮ ਦੀ ਮਲਕੀਅਤ ਹੈ। ਆਪਣੇ ਅੰਤਰਰਾਸ਼ਟਰੀ ਮਹੱਤਵ ਦੇ ਤਜਰਬਿਆਂ ਨੂੰ ਜ਼ਬਾਨ ਦੇ ਕੇ ਉਸ ਨੇ ਦੇਸ਼ ਅਤੇ ਕੌਮ ਦੀ ਸੇਵਾ ਕੀਤੀ ਹੈ। ਨੌਜੁਆਨਾਂ ਨੂੰ ਚਾਹੀਦਾ ਹੈ ਕਿ ਉਹ ਮਿਲਖਾ ਸਿੰਘ ਤੋਂ ਪ੍ਰੇਰਨਾ ਲੈ ਕੇ, ਹਰ ਅਸੰਭਵ ਨੂੰ ਸੰਭਵ ਕਰ ਦਿਖਾਉਣ ਅਤੇ ਦੇਸ਼ ਦਾ ਨਾਂ ਰੌਸ਼ਨ ਕਰਨ। ਜਿਸ ਗਰੀਬ ਘਰਾਣੇ ਵਿਚ ਉਹ ਪੈਦਾ ਹੋਇਆ ਅਤੇ ਉਸ ਦੇ ਨਿੱਕੀ ਉਮਰ ਵਿਚ ਹੀ ਯਤੀਮ ਬਣ ਜਾਣ ਦੀ ਵਿਥਿਆ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਹੈ। ਮਿਲਖਾ ਸਿੰਘ ਦੀ ਹਕੀਕੀ ਦਰਦ ਕਹਾਣੀ, ਇਹ ਪੁਸਤਕ ਪੜ੍ਹਨ ਵਾਲੇ ਹਰ ਪਾਠਕ ਦੀ ਹਮਦਰਦੀ ਜਿੱਤੇਗੀ ਅਤੇ ਉਹਦੇ ਸਤਿਕਾਰ ਨੂੰ ਹੋਰ ਵੀ ਡੂੰਘੇਰਿਆਂ ਕਰੇਗੀ।

**ਮਿਲਖਾ ਸਿੰਘ ਦੇ ਧੰਨਵਾਦੀ ਸ਼ਬਦ ਹਨ:** ਮੇਰੇ ਘਰ ਦੀ ਕਿੱਲੀ ਉਤੇ ਟੰਗੇ ਹੋਏ ਕਿੱਲਾਂ ਵਾਲੇ ਬੂਟ, ਪਿਛਲੇ ਕਾਫੀ ਸਮੇਂ ਤੋਂ ਮੈਨੂੰ ਇਹ ਪੁਸਤਕ ਲਿਖਣ ਦੀ ਚੋਭ ਦਿੰਦੇ ਰਹੇ ਹਨ ਕਿ ਆਪਣੇ ਦੇਸ਼ ਲਈ ਜੋ ਕੰਮ ਮੈਂ ਨਹੀਂ ਕਰ ਸਕਿਆ, ਇਸ ਪੁਸਤਕ ਤੋਂ ਪ੍ਰੇਰਨਾ ਲੈ ਕੇ ਕੋਈ ਹੋਰ ਨੌਜਵਾਨ ਉੱਠੇ ਅਤੇ ਉਸ ਕੰਮ ਨੂੰ ਸਿਰੇ ਚਾੜ੍ਹੇ। ਗਰੀਬ ਘਰ ਦੀ ਪੈਦਾਇਸ਼, ਯਤੀਮ ਬਚਪਨ ਅਤੇ ਅਤਿਅੰਤ ਮਾਯੂਸ ਜਵਾਨੀ-ਇਨ੍ਹਾਂ ਤਿੰਨਾਂ ਬਦਬਖਤੀਆਂ ਨੇ ਜਿਥੇ ਮੇਰੀ ਸਮਰੱਥਾ ਨੂੰ ਕਮਜ਼ੋਰ ਕੀਤਾ, ਉਥੇ ਮੇਰੇ ਸਾਹਸ ਨੂੰ ਸਾਣ ਚਾੜ੍ਹਨ ਵਿਚ ਮੇਰੀ ਮਦਦ ਵੀ ਕੀਤੀ ਹੈ।

ਮੈਂ ਲਿਖਾਰੀ ਨਹੀਂ, ਸਗੋਂ ਇਕ ਖਿਡਾਰੀ ਹਾਂ। ਫੌਜੀਆਂ ਵਾਲਾ ਸਿੱਧਾ ਸਾਦਾ ਸੁਭਾਅ ਹੋਣ ਕਰਕੇ ਮੈਂ ਅਸਲੀਅਤ ਲਿਖ ਦਿੱਤੀ ਹੈ, ਇਸ ਵਿਚ ਕਲਾਕਾਰੀ ਕੋਈ ਨਹੀਂ। ਸੋ ਗਲਤੀਆਂ ਵੀ ਹੋਣਗੀਆਂ, ਜਿਨ੍ਹਾਂ ਨੂੰ ਮੇਰੇ ਪਾਠਕ, ਮੈਨੂੰ ਵਿਸ਼ਵਾਸ ਹੈ ਨਜ਼ਰ-ਅੰਦਾਜ਼ ਕਰ ਦੇਣਗੇ। ਪਾਸ਼ ਅਤੇ ਤਰਸੇਮ ਪੁਰੇਵਾਲ ਦਾ ਧੰਨਵਾਦੀ ਹਾਂ, ਜਿਨ੍ਹਾਂ ਇਸ ਪੁਸਤਕ ਨੂੰ ਸਿਰੇ ਚੜ੍ਹਾਉਣ ਵਿਚ ਮੇਰਾ ਹੱਥ ਵਟਾਇਆ। ਅੰਤ ਵਿਚ ਮੈਂ ਇਹ ਪੁਸਤਕ, ਦੇਸ਼ ਦੇ ਉਨ੍ਹਾਂ ਖਿਡਾਰੀਆਂ ਦੇ ਨਾਂ ਸੌਂਪਦਾ ਹਾਂ, ਜਿਹੜੇ ਖੇਡ ਮੈਦਾਨ ਵਿਚ ਜੌਹਰ ਦਿਖਾਉਂਦੇ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਕੇ ਰੋਜ਼ੀ ਤੋਂ ਆਹਰੀ ਹੋ ਜਾਂਦੇ ਹਨ ਜਾਂ ਆਪਣੇ ਪਿੱਛੇ ਆਪਣੇ ਗਰੀਬ ਪਰਿਵਾਰ ਛੱਡ ਜਾਂਦੇ ਹਨ। ਮੇਰੇ ਮਰਨ ਬਾਅਦ ਇਸ ਪੁਸਤਕ ਦੀ ਸਾਰੀ ਵੱਟਤ ਮੈਂ ਆਲ ਇੰਡੀਆ ਐਥਲੀਟਸ ਵੈਲਫੇਅਰ ਐਸੋਸੀਏਸ਼ਨ ਦੇ ਨਾਂ ਸਮਰਪਤ ਕਰਦਾ ਹਾਂ। -ਮਿਲਖਾ ਸਿੰਘ

ਦੱਸਣਾ ਬਣਦਾ ਹੈ ਕਿ ਇਹੋ ਕਿਤਾਬ ਹੈ, ਜੋ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਦੀ ਫਿਲਮ 'ਭਾਗ ਮਿਲਖਾ ਭਾਗ' ਦਾ ਆਧਾਰ ਬਣੀ। ਆਪਣੀ ਹੱਡਬੀਤੀ ਉਤੇ ਫਿਲਮ ਬਣਾਉਣ ਦਾ ਮਿਲਖਾ ਸਿੰਘ ਨੇ ਕੇਵਲ ਇਕ ਰੁਪਈਆ ਸਵੀਕਾਰ ਕੀਤਾ ਸੀ ਤੇ ਕਿਹਾ ਸੀ ਕਿ ਇਸ ਫਿਲਮ ਦਾ ਮੁਨਾਫਾ ਆਲ ਇੰਡੀਆ ਐਥਲੀਟਸ ਵੈਲਫੇਅਰ ਐਸੋਸੀਏਸ਼ਨ ਨੂੰ ਦਿੰਦੇ ਰਹਿਣਾ। ਦੱਸਣ ਵਾਲੇ ਦੱਸਦੇ ਹਨ ਕਿ ਇਸ ਫਿਲਮ ਨੇ ਖੂਬ ਮੁਨਾਫਾ ਕਮਾਇਆ, ਜਿਸ ਪਿੱਛੇ ਹੋਰਨਾਂ ਤੋਂ ਬਿਨਾ ਦੌੜਾਕ ਮਿਲਖਾ ਸਿੰਘ ਤੇ ਕਵੀ ਪਾਸ਼ ਦਾ ਵੀ ਯੋਗਦਾਨ ਹੈ।

ਪੀਪਲਜ਼ ਫੋਰਮ ਬਰਗਾੜੀ ਨੇ 2010 ਵਿਚ ਇਸ ਪੁਸਤਕ ਦੀ ਪੁਨਰ ਐਡੀਸ਼ਨ ਛਾਪਦਿਆਂ ਕੁਝ ਸ਼ਬਦ ਆਪਣੇ ਵੱਲੋਂ ਵੀ ਲਿਖੇ: ਮਿਲਖਾ ਸਿੰਘ ਅਤੇ ਦਾਰਾ ਸਿੰਘ ਪੰਜਾਬੀ ਸਮਾਜ ਦੀਆਂ ਦੋ ਅਜਿਹੀਆਂ ਸ਼ਖਸੀਅਤਾਂ ਹਨ, ਜਿਨ੍ਹਾਂ ਨੇ ਆਪਣੀਆਂ ਪ੍ਰਾਪਤੀਆਂ ਨਾਲ ਲੋਕ ਮਨਾਂ ਵਿਚ ਐਨੀ ਡੂੰਘੀ ਥਾਂ ਬਣਾਈ ਹੈ ਕਿ ਉਹ ਮਿੱਥ ਦਾ ਦਰਜਾ ਹਾਸਲ ਕਰ ਗਏ ਹਨ। ਜੇ ਕਿਸੇ ਦੇ ਜ਼ੋਰ ਦੀ ਗੱਲ ਕਰਨੀ ਹੋਵੇ ਤਾਂ ਕਿਹਾ ਜਾਂਦਾ ਹੈ ਕਿ 'ਤੂੰ ਕਿਤੇ ਦਾਰਾ ਸਿੰਘ ਹੈਂ" ਅਤੇ ਜੇ ਭਾਜ ਦੀ ਗੱਲ ਕਰਨੀ ਹੋਵੇ ਤਾਂ ਇਸੇ ਤਰ੍ਹਾਂ ਮਿਲਖਾ ਸਿੰਘ ਦੀ ਮਿਸਾਲ ਦੇ ਕੇ ਕਿਹਾ ਜਾਂਦਾ ਹੈ।

...ਪੀਪਲਜ਼ ਫੋਰਮ ਵੱਲੋਂ ਪੁਸਤਕਾਂ ਛਾਪਣ ਪਿੱਛੇ ਕੋਈ ਵਪਾਰਕ ਮਨਸ਼ੇ ਨਹੀਂ ਹੁੰਦੇ, ਸਗੋਂ ਇਸ ਵੱਲੋਂ ਪੁਸਤਕਾਂ ਹਮੇਸ਼ਾ ਇਸ ਉਦੇਸ਼ ਨੂੰ ਮੁੱਖ ਰੱਖ ਕੇ ਛਾਪੀਆਂ ਜਾਂਦੀਆਂ ਹਨ ਕਿ ਨਵੀਂ ਪੀੜ੍ਹੀ ਵਿਚ ਕੁਝ ਚੰਗਾ ਕਰ ਗੁਜ਼ਰਨ ਦੀ ਭਾਵਨਾ ਪੈਦਾ ਹੋਵੇ ਅਤੇ ਉਸ ਵਿਚ ਮਾਨਵੀ ਕਦਰਾਂ ਕੀਮਤਾਂ ਵਿਗਸਣ। ਅਸੀਂ ਸਮਝਦੇ ਹਾਂ ਕਿ ਇਹ ਪੁਸਤਕ ਹਰ ਵਿਦਿਆਰਥੀ ਅਤੇ ਨੌਜਵਾਨ ਲਈ ਪੜ੍ਹਨੀ ਜ਼ਰੂਰੀ ਹੈ। ਇਹ ਲਾਜ਼ਮੀ ਉਨ੍ਹਾਂ ਵਿਚ ਨਵੇਂ ਸੁਪਨੇ ਜਗਾਵੇਗੀ ਅਤੇ ਸੁਪਨਿਆਂ ਨੂੰ ਪੂਰਾ ਕਰਨ ਲਈ ਮਿਹਨਤ ਦੇ ਰਾਹ ਵੀ ਪਾਵੇਗੀ। ਇਸੇ ਭਾਵਨਾ ਨਾਲ ਹੀ ਸ. ਮਿਲਖਾ ਸਿੰਘ ਜੀ ਦੀ ਲੰਮਾ ਸਮਾਂ ਪਹਿਲਾਂ ਛਪੀ ਇਹ ਸਵੈ-ਜੀਵਨੀ ਪੁਨਰ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਅਸੀਂ ਸ. ਮਿਲਖਾ ਸਿੰਘ ਜੀ ਦੇ ਵੀ ਅਤੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਪੁਸਤਕ ਨੂੰ ਪੀਪਲਜ਼ ਫੋਰਮ ਵੱਲੋਂ ਪੁਨਰ-ਪ੍ਰਕਾਸ਼ਿਤ ਕਰਨ ਵਾਸਤੇ ਖੁਸ਼ੀ-ਖੁਸ਼ੀ ਸਹਿਮਤੀ ਦਿੱਤੀ। -ਅਦਾਰਾ ਪੀਪਲਜ਼ ਫੋਰਮ।

### ਪੇਸ਼ ਹਨ ਕੁਝ ਅੰਸ਼:
### ਅੱਖੀਂ ਡਿੱਠਾ ਮਿਲਖਾ ਸਿੰਘ-ਤਰਸੇਮ ਪੁਰੇਵਾਲ

1972 ਵਿਚ ਮਿਊਨਿਖ (ਜਰਮਨੀ) ਵਿਖੇ ਓਲੰਪਿਕ ਹੋਈ ਤਾਂ ਮਿਲਖਾ ਸਿੰਘ ਨੂੰ ਵਿਸ਼ੇਸ਼ ਸੱਦੇ ਉਤੇ ਬੁਲਾ ਕੇ ਓਲੰਪਿਕ ਵਿਲੇਜ ਵਿਚ ਹੀ ਰਿਹਾਇਸ਼ ਦੇ ਰੱਖੀ ਸੀ। ਮੈਂ ਉਸ ਦੇ ਕਮਰੇ ਦਾ ਭਾਈਵਾਲ ਸਾਂ। ਰੋਮ ਓਲੰਪਿਕ ਵਿਚ ਮਿਲਖਾ ਸਿੰਘ ਜਦੋਂ 400 ਮੀਟਰ ਦੀ ਫਾਈਨਲ ਦੌੜ ਵਿਚ ਦੌੜਿਆ ਸੀ ਤਾਂ ਉਸ ਦੇ ਨਾਲ ਜਰਮਨ ਦਾ ਕਾਫਮੈਨ ਵੀ ਮੁਕਾਬਲੇ 'ਤੇ ਸੀ। ਜਰਮਨ ਟੈਲੀਵਿਜ਼ਨ ਵਾਲੇ ਇਸ ਦੌੜ ਨੂੰ ਘੜੀ ਮੁੜੀ ਦਿਖਾ ਰਹੇ ਸਨ। ਇੰਜ ਉਹਦੇ ਨਾਲ ਜੁੜੇ ਵਾਲਾ ਮਿਲਖਾ ਸਿੰਘ ਵੀ ਜਾਣੀ-ਪਛਾਣੀ ਹਸਤੀ ਬਣ ਚੁਕਾ ਸੀ। ਫੋਟੋ ਖਿਚਵਾਉਣ ਵਾਲੀਆਂ ਕੁੜੀਆਂ ਦਾ ਹਜੂਮ ਮਿਲਖਾ ਸਿੰਘ ਨੂੰ ਹਰ ਸਮੇਂ ਸ਼ਹਿਦ ਦੀਆਂ ਮੱਖੀਆਂ ਵਾਂਗੂੰ ਘੇਰੀ ਰੱਖਦਾ...। ਮਿਊਨਿਖ ਓਲੰਪਿਕ ਦੇ ਉਦਘਾਟਨ ਸਮੇਂ ਭਾਰਤ, ਬਰਤਾਨੀਆ, ਕੀਨੀਆ ਅਤੇ ਯੂਰਪ ਦੇ ਹੋਰ ਕਈ ਦੇਸ਼ਾਂ ਤੋਂ ਕਾਫੀ ਅਜਿਹੇ ਪੰਜਾਬੀ ਆਏ ਹੋਏ ਸਨ, ਜਿਨ੍ਹਾਂ ਕੋਲ ਟਿਕਟਾਂ ਦਾ ਕੋਈ ਪ੍ਰਬੰਧ ਨਹੀਂ ਸੀ। ਸਟੇਡੀਅਮ ਤਕ ਪਹੁੰਚਣ ਲਈ ਸੱਤ ਜਗ੍ਹਾ ਚੈਕਿੰਗ ਹੋ ਰਹੀ ਸੀ।

ਇਹ ਸਾਰੇ ਲੋਕ ਮਿਲਖਾ ਸਿੰਘ ਨੂੰ ਕਹਿੰਦੇ ਸਨ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਅੰਦਰ ਲੰਘਾਉਣ। ਸਿਫਾਰਸ਼ ਨਾਲ ਇਕ ਅੱਧ ਤਾਂ ਲੰਘ ਜਾਂਦਾ, ਪਰ ਪੰਜਾਹ ਬੰਦੇ ਕਿਵੇਂ ਲੰਘਾਏ ਜਾ ਸਕਦੇ ਸਨ? ਇਥੇ ਮੈਂ ਮਿਲਖਾ ਸਿੰਘ ਦੀ ਕੌਮਾਂਤਰੀ ਸ਼ੋਹਰਤ ਵੇਖ ਹੈਰਾਨ ਹੋ ਗਿਆ! ਉਹ ਅੱਗੇ-ਅੱਗੇ ਤੇ ਪੰਜਾਹ ਪੰਜਾਬੀ ਉਹਦੇ ਪਿੱਛੇ-ਪਿੱਛੇ। ਹਰ ਗੇਟ ਕੀਪਰ ਮਿਲਖਾ ਸਿੰਘ ਨੂੰ ਸਲੂਟ ਮਾਰੇ ਤੇ ਫਾਟਕ ਖੁੱਲ੍ਹ ਜਾਇਆ ਕਰਨ। ਮੈਨੂੰ ਇਹ ਸੀਨ ਉਸੇ ਕਿਸਮ ਦਾ ਲੱਗਾ ਜਦੋਂ ਬੰਦੀ ਛੋੜ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ 'ਚੋਂ ਬਾਹਰ ਨਿਕਲੇ ਤਾਂ ਕੈਦੀ ਰਾਜਿਆਂ ਦਾ ਇਕ ਕਾਫਲਾ ਉਨ੍ਹਾਂ ਦਾ ਲੜ ਫੜ ਕੇ ਰਿਹਾਅ ਹੋ ਗਿਆ ਸੀ...।

ਮਿਊਨਿਖ ਓਲੰਪਿਕ ਦਾ ਪ੍ਰਬੰਧ ਕਰ ਰਹੀ ਪੁਲਿਸ ਦਾ ਇੰਚਾਰਜ ਮਿ. ਕਿੰਡਰ ਸੀ, ਜੋ ਮਿਲਖਾ ਸਿੰਘ ਨਾਲ 1960 ਵਿਚ ਰੋਮ ਵਿਖੇ ਫਾਈਨਲ 'ਚ ਦੌੜਿਆ ਸੀ। ਮਿਲਖਾ ਸਿੰਘ ਨੂੰ ਮਿਲਣ ਸਮੇਂ ਉਸ ਦੇ ਸ਼ਬਦ ਸਨ: ਤੈਨੂੰ ਮਿਲ ਕੇ ਮੈਂ ਅੱਜ ਬਾਰਾਂ ਵਰ੍ਹੇ ਪਿਛਲੀ ਉਮਰ ਦੇ ਅਹਿਸਾਸ ਵਿਚ ਜਜ਼ਬਾਤੀ ਹੋ ਗਿਆ ਹਾਂ ਅਤੇ ਮੇਰੇ ਪੈਰ ਮੱਲੋਮੱਲੀ ਮੈਨੂੰ ਟਰੈਕ ਵੱਲ ਨੂੰ ਖਿੱਚਦੇ ਦੌੜਦੇ ਹਨ...। ਅਜਿਹੇ ਜਜ਼ਬਾਤ ਪ੍ਰਗਟਾਉਣ ਵਾਲੇ ਅਣਗਿਣਤ ਖਿਡਾਰੀ ਮਿਲਖਾ ਸਿੰਘ ਨੂੰ ਮਿਊਨਿਖ ਵਿਚ ਮਿਲੇ। ਮਿਲਖਾ ਸਿੰਘ ਨਾਲ ਫਿਰ-ਤੁਰ ਕੇ ਮੈਨੂੰ ਇਹ ਮਹਿਸੂਸ ਹੋਇਆ ਕਿ ਸਿਆਸੀ ਤੌਰ 'ਤੇ ਲੋਕ ਹਿੰਦੋਸਤਾਨ ਨੂੰ ਨਹਿਰੂ ਕਰਕੇ, ਫਿਲਮੀ ਸੰਸਾਰ ਵਿਚ ਰਾਜ ਕਪੂਰ ਕਰਕੇ ਅਤੇ ਖੇਡ ਜਗਤ ਵਿਚ ਮਿਲਖੇ ਕਰਕੇ ਹੀ ਜਾਣਦੇ ਤੇ ਸਤਿਕਾਰਦੇ ਹਨ।

ਹੁਣ ਪੁਸਤਕ 'ਫਲਾਈਂਗ ਸਿੱਖ ਮਿਲਖਾ ਸਿੰਘ' ਦੇ ਪਾਸ਼ ਹੱਥੋਂ ਲਿਖੀ ਜਾਣ ਦਾ ਪਿਛੋਕੜ ਵੀ ਸੁਣ ਲਓ। ਤਰਸੇਮ ਪੁਰੇਵਾਲ ਮਿਲਖਾ ਸਿੰਘ ਦਾ ਦੋਸਤ ਬਣ ਗਿਆ ਹੋਇਆ ਸੀ। ਉਹ ਤੇਜ਼-ਤਰਾਰ ਮੀਡੀਆਕਾਰ ਸੀ ਤੇ ਸਾਊਥਾਲ ਤੋਂ ਸਚਿੱਤਰ ਪੰਜਾਬੀ ਸਪਤਾਹਿਕ 'ਦੇਸ ਪ੍ਰਦੇਸ' ਕੱਢਦਾ ਸੀ। ਉਸ ਲਈ ਉਹ ਕੁਝ ਮੈਟਰ ਪਾਸ਼ ਰਾਹੀਂ ਵੀ ਪੰਜਾਬ ਤੋਂ ਮੰਗਵਾਉਂਦਾ ਸੀ। ਪਾਸ਼ ਉਦੋਂ ਬੇਰੁਜ਼ਗਾਰ ਸੀ। ਪਾਸ਼ ਦੀ ਕੁਝ ਮਦਦ ਕਰਨੀ ਸੋਚ ਕੇ ਉਸ ਨੇ ਮਿਲਖਾ ਸਿੰਘ ਨੂੰ ਕਿਹਾ ਕਿ ਤੁਸੀਂ ਮਸ਼ਹੂਰ ਖਿਡਾਰੀ ਓ, ਤੁਹਾਡੀ ਜੀਵਨੀ ਮੈਂ ਪਾਸ਼ ਤੋਂ ਲਿਖਵਾ ਦਿੰਦਾ ਹਾਂ। ਤੁਸੀਂ ਸਿਰਫ ਨੋਟਿਸ ਦੇ ਦੇਣੇ। ਹੁਣ ਤੁਸੀਂ ਸਕੂਲਾਂ ਦੇ ਸਪੋਰਟਸ ਡਾਇਰੈਕਟਰ ਹੋ। ਤੁਹਾਡੀ ਜੀਵਨੀ ਫਟਾਫਟ ਸਕੂਲਾਂ ਵਿਚ ਲੱਗ ਸਕਦੀ ਹੈ। ਪਾਸ਼ ਮੌਜੀ ਸੁਭਾਅ ਦਾ ਧਨੰਤਰ ਲੇਖਕ ਸੀ। ਉਸ ਨੇ ਭਾੜੇ ਦੀ ਥਾਂ ਮਿਲਖਾ ਸਿੰਘ ਦੀ ਜੀਵਨੀ ਪੂਰੀ ਰੂਹ ਨਾਲ ਲਿਖੀ, ਪਰ ਲਿਖੀ ਲਮਕਾ-ਲਮਕਾ ਕੇ। ਮਿਲਖਾ ਸਿੰਘ ਨੂੰ ਤਲਵੰਡੀ ਸਲੇਮ ਦੇ ਕਈ ਗੇੜੇ ਮਾਰਨੇ ਪਏ ਕਿ ਛੇਤੀ ਕੰਮ ਮੁਕਾਵੇ। ਇਹਦਾ ਚਸ਼ਮਦੀਦ ਗਵਾਹ ਹੈ ਸ਼ਮਸ਼ੇਰ ਸਿੰਘ ਸੰਧੂ। ਉਹਦੇ ਕੋਲ ਲੇਖਕਾਂ ਤੇ ਕਲਾਕਾਰਾਂ ਦੇ ਬਥੇਰੇ ਭੇਤ ਹਨ। 1990 ਵਿਚ ਪਾਸ਼ ਦੇ ਪਿਤਾ ਸ. ਸੋਹਣ ਸਿੰਘ ਸੰਧੂ ਮੈਨੂੰ ਬੇਕਰਜ਼ਫੀਲਡ ਮੇਰੇ ਭਰਾ ਭਜਨ ਸੰਧੂ ਦੇ ਘਰ

*(ਬਾਕੀ ਅਗਲੇ ਸਫੇ 'ਤੇ)*

# ਕੰਵਲ ਦੀ ਕਾਮਰੇਡੀ, ਸਿੱਖੀ ਤੇ ਪੰਜਾਬੀਅਤ

ਜਸਵੰਤ ਸਿੰਘ ਕੰਵਲ ਕਾਮਰੇਡ ਵੀ ਸੀ, ਸਿੱਖ ਵੀ ਤੇ ਪੰਜਾਬੀਅਤ ਨੂੰ ਵੀ ਪ੍ਰਣਾਇਆ ਹੋਇਆ ਸੀ। ਤਦੇ ਉਹ ਬੁੱਧੀਜੀਵੀਆਂ ਲਈ ਵਾਦ-ਵਿਵਾਦੀ ਲੇਖਕ ਬਣਿਆ ਰਿਹਾ-ਲਿਖਤਾਂ ਵਿਚ ਵੀ ਤੇ ਜੀਵਨ ਵਿਚ ਵੀ। ਉਹਦੇ ਬਾਰੇ ਜਿੰਨੇ ਮੂੰਹ, ਉਨੀਆਂ ਗੱਲਾਂ ਹੁੰਦੀਆਂ ਰਹੀਆਂ-ਆਲੋਚਕਾਂ ਦੀਆਂ ਔਡ, ਪਾਠਕਾਂ ਦੀਆਂ ਔਡ। ਸਿਆਸੀ ਪਾਰਟੀਆਂ ਤੇ ਜਾਤ ਬਰਾਦਰੀ ਵਾਲਿਆਂ ਦੀਆਂ ਆਪੋ-ਆਪਣੇ ਹਿਸਾਬ ਨਾਲ ਔਡੋ-ਔਡ। ਕੋਈ ਉਹਨੂੰ ਸਲਾਹੁੰਦਾ, ਕੋਈ ਨਿੰਦਦਾ। ਕੋਈ ਉਹਦੇ ਡਾ. ਜਸਵੰਤ ਗਿੱਲ ਨਾਲ ਵਿਆਹ ਦੀ ਬਦਖੋਈ ਕਰਦਾ। ਕੋਈ ਕਹਿੰਦਾ ਕੰਵਲ ਕਿਸੇ ਵਿਚਾਰਧਾਰਾ

ਪ੍ਰਿੰ. ਸਰਵਣ ਸਿੰਘ
principalsarwansingh@gmail.com

ਨਾਲ ਕੁਮਿਟਡ ਨਹੀਂ। ਵਿਦਿਆਰਥੀਆਂ ਨੂੰ ਪੜ੍ਹਾਉਂਦਾ ਕੋਈ ਪ੍ਰੋਫੈਸਰ ਉਹਨੂੰ ਰੁਮਾਂਚਿਕ ਕਹਿੰਦਾ, ਕੋਈ ਆਦਰਸ਼ਵਾਦੀ ਤੇ ਕੋਈ ਯਥਾਰਥਵਾਦੀ। ਕੋਈ ਹੀਰਵੰਨਾ, ਕੋਈ ਕੌਮਵਾਦੀ, ਕੋਈ ਹੋਮਲੈਂਡੀਆ। ਕੰਵਲ ਕਹਿੰਦਾ, ਜਮਨਾ ਤੋਂ ਜਮਰੌਦ ਦੇ ਖਿੱਤੇ ਦੀ ਇਕੋ ਰਹਿਤਲ, ਇਕੋ ਸਭਿਆਚਾਰ ਹੈ, ਜਿਸ ਦੀ ਧੁੰਨੀ ਲਾਹੌਰ ਹੈ। ਝਨਾਂ ਦਾ ਉਹ ਕੁਝ ਵਧੇਰੇ ਹੀ ਆਸ਼ਕ ਸੀ। 'ਲੰਘ ਆ ਜਾ ਪੱਤਣ ਝਨਾਂ ਦਾ...' ਗੀਤ ਉਹਨੂੰ ਲਹਿਰ 'ਚ ਲੈ ਆਉਂਦਾ ਤੇ ਉਹ ਆਪ-ਮੁਹਾਰੇ ਝੂੰਮਣ ਲੱਗਦਾ।

ਅਸਲ ਵਿਚ ਕੰਵਲ ਨੂੰ ਉਹਦੇ ਨੇੜਲੇ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕੇ। ਮੈਂ ਤੀਹ ਸਾਲ ਉਹਦੇ ਆਂਢ-ਗੁਆਂਢ ਰਿਹਾ ਤੇ ਤੀਹ ਸਾਲ ਆਲੇ-ਦੁਆਲੇ। ਸੱਠ ਸਾਲ ਦੀ ਸੰਗਤ ਤੇ ਉਹਦੀਆਂ ਕਿਤਾਬਾਂ ਪੜ੍ਹਨ ਨਾਲ ਵੀ ਉਹਦੀ ਥਾਹ ਨਾ ਪਾ ਸਕਿਆ। ਆਖਰ ਉਹਦੇ ਬਾਰੇ ਇਹੋ ਕਿਹਾ: ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਬੂਟਾ ਸੀ। ਉਹ ਵਗਦੀਆਂ 'ਵਾਵਾਂ ਦੇ ਵੇਗ ਵਿਚ ਝੂੰਮਦਾ ਸੀ। ਕਦੇ ਖੱਬੇ ਲਹਿਰਾਉਂਦਾ ਸੀ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦਾ ਸੀ। ਉਹਦਾ ਤਣਾ ਮਜ਼ਬੂਤ ਸੀ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਝੱਖੜ ਤੂਫਾਨ ਵੀ ਉਹਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ। ਉਸ ਨੇ ਲਗਭਗ ਪੰਜਾਹ ਲੱਖ ਲਫਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ, ਜੋ ਨੌਜੁਆਨ ਕੁੜੀਆਂ-ਮੁੰਡਿਆਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਉਸ ਦੇ ਨਾਵਲ 'ਰਾਤ ਬਾਕੀ ਹੈ' ਨੇ ਹਜ਼ਾਰਾਂ ਨੌਜੁਆਨ ਕਾਮਰੇਡ ਬਣਾਏ, ਜਿਸ ਦੀ ਗਵਾਹੀ ਸੋਹਣ ਸਿੰਘ ਜੋਸ਼ ਸਮੇਤ ਅਨੇਕਾਂ ਕਾਮਰੇਡਾਂ ਤੇ ਮਾਰਕਸਵਾਦੀਆਂ ਨੇ ਭਰੀ। ਉਸ ਦੀਆਂ ਲਿਖਤਾਂ ਪੜ੍ਹ ਕੇ ਅਨੇਕਾਂ ਇਨਕਲਾਬੀ ਤੇ ਸਿੱਖ ਖਾੜਕੂ ਮਰ ਮਿਟਣ ਤਕ ਗਏ। ਆਸ਼ਕ-ਮਾਸ਼ੂਕ ਮੁੰਡੇ ਤੇ ਕੁੜੀਆਂ ਉਸ ਨੂੰ ਆਪਣਾ ਲੇਖਕ ਮੰਨਦੇ ਰਹੇ ਤੇ ਕਿਰਤੀ ਕਿਸਾਨ ਆਪਣਾ। ਲੋੜ ਹੈ ਉਸ ਨੂੰ ਨਵੇਂ ਸਿਰਿਓਂ ਪੜ੍ਹਿਆ ਜਾਵੇ।

ਕਿਸੇ ਲੇਖਕ ਦਾ ਵਾਦ-ਵਿਵਾਦੀ ਹੋਣਾ ਸੁਭਾਵਿਕ ਹੈ। ਕੰਵਲ ਤਾਂ ਜੀਵਿਆ ਵੀ ਸੌ ਸਾਲ ਤੋਂ ਵੱਧ ਤੇ ਕਿਤਾਬਾਂ ਵੀ ਸੌ ਤੋਂ ਵੱਧ ਲਿਖੀਆਂ। 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਪੁਸਤਕ ਤਕ ਪੁੱਜਦਿਆਂ 75 ਸਾਲਾਂ 'ਚ ਵਗੀਆਂ 'ਵਾਵਾਂ ਨਾਲ ਉਸ ਦਾ ਬਦਲਨਾ ਹੋਰ ਵੀ ਸੁਭਾਵਿਕ ਸੀ। ਮੈਨੂੰ ਆਪ ਉਹ ਕਈ ਗੱਲਾਂ 'ਚ ਸਹੀ ਲੱਗਦਾ ਤੇ ਕਈਆਂ 'ਚ ਗਲਤ। ਕਦੇ ਕਦੇ ਮੈਂ ਮੂੰਹ 'ਤੇ ਆਖ ਵੀ ਦਿੰਦਾ। ਕਈ ਵਾਰ ਉਹ ਮੰਨ ਵੀ ਲੈਂਦਾ। ਉਹਦਾ ਲੰਮਾ ਇਕਹਿਰਾ ਜੁੱਸਾ ਲਚਕਦਾਰ ਸੀ ਤੇ ਵਿਚਾਰਧਾਰਾ ਵੀ ਲਚਕਦਾਰ। ਜਿੰਨਾ ਉਹਦਾ ਆਪਣਾ ਭਾਰ, ਓਨਾ ਹੀ ਕਿਤਾਬਾਂ ਦਾ ਭਾਰ। ਜੀਂਦਾ ਰਹਿੰਦਾ ਤਾਂ 27 ਜੂਨ 2021 ਨੂੰ 102 ਸਾਲਾਂ ਦਾ ਹੋਣਾ ਸੀ, ਪਰ ਉਹ 100 ਸਾਲ 7 ਮਹੀਨੇ 4 ਦਿਨ ਜਿਉਂ ਕੇ ਬਿਨਾ ਕਿਸੇ ਦੀਰਘ ਰੋਗ ਤੋਂ ਪਹਿਲੀ ਫਰਵਰੀ 2020 ਨੂੰ ਚਲਾਣਾ ਕਰ ਗਿਆ। ਉਹਦੀ ਲੰਮੀ ਉਮਰ ਦਾ ਰਾਜ਼ ਸੀ ਕਿ ਨਾ ਉਹ ਵੈਸ਼ਨੋ ਸੀ, ਨਾ ਕਬਾਬੀ ਤੇ ਨਾ ਅੰਮ੍ਰਿਤਧਾਰੀ। ਨਾ ਮਾਡਰਨ, ਨਾ ਰਵਾਇਤੀ; ਨਾ ਦੇਸੀ, ਨਾ ਵਲੈਤੀ। ਉਹ ਸੋਹਲ ਸ਼ਹਿਰੀ ਨਹੀਂ, ਪੱਕਾ ਪੇਂਡੂ ਸੀ।



ਉਹ ਪੰਜਾਬ ਲਈ ਜੀਵਿਆ ਤੇ ਪੰਜਾਬ ਲਈ ਮਰਿਆ। ਉਹ ਸਹੀ ਅਰਥਾਂ ਵਿਚ 'ਪੰਜਾਬੀਅਤ' ਦਾ ਅਲੰਬਰਦਾਰ ਸੀ। ਉਹ ਨਾ ਕੱਟੜ ਕਾਮਰੇਡ ਸੀ, ਨਾ ਕੱਟੜ ਸਿੱਖ। ਕੱਟੜ ਤਾਂ ਉਹ ਕਿਸੇ ਗੱਲ ਵਿਚ ਵੀ ਨਹੀਂ ਸੀ। ਕੱਟੜ ਫਿਰਕਾਪ੍ਰਸਤਾਂ ਨੂੰ ਰੱਜ ਕੇ ਭੰਡਦਾ ਸੀ। ਉਹ ਸਹੀ ਅਰਥਾਂ ਵਿਚ ਸੈਕੂਲਰ ਸੀ। ਉਸ ਨੇ ਸਾਹਿਤ ਟਰੱਸਟ ਢੁੱਡੀਕੇ ਵੱਲੋਂ ਗੈਰ-ਸਿੱਖ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਨਮਿੱਤ ਸਾਹਿਤਕ ਪੁਰਸਕਾਰ ਦਰਜਨਾਂ ਲੇਖਕਾਂ ਨੂੰ ਦਿੱਤੇ। ਫਿਰਕੂ ਗਿਣਤੀ-ਮਿਣਤੀ ਨੂੰ ਰੱਦ ਕਰ ਕੇ ਢੁੱਡੀਕੇ ਦੀ ਧਰਮਸ਼ਾਲਾ ਵਿਚ ਨਿਰੋਲ ਪੰਜਾਬੀ ਬੋਲੀ 'ਤੇ ਆਧਾਰਿਤ ਪੰਜਾਬੀ ਸੂਬੇ ਦਾ ਮਤਾ ਪਾਸ ਕਰਵਾਇਆ। ਉਹਦੇ ਪਿਆਰੇ ਆੜੀ ਮੁਸਲਮਾਨ ਮਹਿੰਗਾ ਤੇਲੀ, ਸਰਾਜ ਮਰਾਸੀ ਤੇ ਬੁੱਧੂ ਜੁਲਾਹਾ ਸਨ, ਜਿਨ੍ਹਾਂ ਨੂੰ ਉਹ ਅਖੀਰ ਤਕ ਯਾਦ ਕਰਦਾ ਰਿਹਾ। ਚੀਚਾਵਤਨੀ ਜਾ ਕੇ ਲੱਭਦਾ ਰਿਹਾ। ਉਹਦੀ ਮੁਕੱਦਸ ਕਿਤਾਬ ਵਾਰਸ ਦੀ ਹੀਰ ਸੀ। ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੋਣ ਦੇ ਬਾਵਜੂਦ ਉਸ ਨੇ ਅੰਮ੍ਰਿਤ ਨਹੀਂ ਛਕਿਆ, ਸਿੱਖੀ ਬਾਣਾ ਨਹੀਂ ਪਾਇਆ ਤੇ ਨਾ ਹੀ ਕਿਸੇ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਬਣਿਆ। ਨਾ ਘਰ 'ਤੇ ਕਿਸੇ ਪਾਰਟੀ ਦਾ ਝੰਡਾ ਚੜ੍ਹਾਇਆ। ਢੁੱਡੀਕੇ ਅਤੇ ਇਲਾਕੇ ਦੇ ਵਿਕਾਸ ਲਈ ਪੰਚਾਇਤਾਂ ਨੂੰ ਨਾਲ ਲੈ ਕੇ ਲਾਲਾ ਲਾਜਪਤ ਰਾਏ ਦੇ ਨਾਂ 'ਤੇ ਕਾਲਜ ਬਣਵਾਇਆ, ਲਾਲੇ ਦੀ ਜਗ੍ਹਾ ਵੱਡਾ ਹਾਲ ਤੇ ਲਾਇਬ੍ਰੇਰੀ ਬਣਵਾਈ; ਹਸਪਤਾਲ, ਡਾਕਘਰ, ਵਾਟਰ ਵਰਕਸ ਤੇ ਲਿੰਕ ਸੜਕਾਂ ਦੀਆਂ ਸਹੂਲਤਾਂ 1950ਵਿਆਂ ਤੇ 60ਵਿਆਂ ਵਿਚ ਹੀ ਪਿੰਡ ਲੈ ਆਂਦੀਆਂ। ਗਦਰੀ ਬਾਬਿਆਂ ਦੇ ਨਾਂ 'ਤੇ ਸਕੂਲ ਤੇ ਸੜਕਾਂ ਦੇ ਨਾਂ ਰੱਖੇ। ਕੈਰੋਂ ਦੇ ਰਾਜ ਵੇਲੇ ਕਾਮਰੇਡਾਂ ਨਾਲ ਜੇਲ੍ਹ ਵਿਚ ਰਿਹਾ। ਕਾਂਗਰਸ ਤੇ ਜਨਸੰਘ ਨੂੰ ਪੰਜਾਬ ਦੀਆਂ ਦੁਸ਼ਮਣ ਸਿਆਸੀ ਪਾਰਟੀਆਂ ਸਮਝਦਾ ਰਿਹਾ। ਆਰਾਂ ਅਕਾਲੀਆਂ ਨੂੰ ਵੀ ਲਾਉਂਦਾ ਰਿਹਾ। ਬਖਸ਼ੀਆਂ ਕਮਿਊਨਿਸਟ ਪਾਰਟੀਆਂ ਵੀ ਨਹੀਂ। ਉਹਦਾ ਦਿਲ ਸਦਾ ਕਿਰਤੀਆਂ ਕਿਸਾਨਾਂ ਲਈ ਧੜਕਦਾ ਰਿਹਾ। ਜੀਂਦਾ ਹੁੰਦਾ ਤਾਂ ਕਿਸਾਨ ਅੰਦੋਲਨ ਦੇ ਧਰਨੇ 'ਚ ਬੈਠਾ ਹੁੰਦਾ।

ਉਹ ਬਹੁਪੱਖੀ ਲੇਖਕ ਸੀ ਤੇ ਬਹੁਪੱਖੀ ਮਨੁੱਖ। ਉਸ ਨੇ ਸਕੂਲੀ ਪੜ੍ਹਾਈ ਕਰਦਿਆਂ ਮਾਲ ਪੜ੍ਹਾਈ ਨਾਲ ਡੰਗਰ ਚਾਰੇ, ਫਿਰ ਮਲਾਇਆ 'ਚ ਜਾਗੇ ਦੀ ਨੌਕਰੀ ਕੀਤੀ, ਮੁੜ ਕੇ ਹਲ ਵਾਹਿਆ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਕਲੱਰਕੀ ਕੀਤੀ ਅਤੇ ਦੇਸ਼ ਦੀ ਵੰਡ ਸਮੇਂ ਪਿੰਡ ਦੇ ਮੁਸਲਮਾਨਾਂ ਨੂੰ ਸੁਰੱਖਿਅਤ ਕੈਂਪਾਂ 'ਚ ਪੁਚਾਇਆ। ਉਹ ਦੋ ਵਾਰ ਢੁੱਡੀਕੇ ਦਾ ਸਰਪੰਚ ਬਣਿਆ। ਉਹਦੀ ਸਰਪੰਚੀ 'ਚ ਪੰਚਾਇਤ ਨੇ ਨੈਸ਼ਨਲ ਅਵਾਰਡ ਜਿੱਤਿਆ। ਅਗਲੀਆਂ ਪਿਛਲੀਆਂ ਸਾਰੀਆਂ ਪੰਚਾਇਤਾਂ ਸਾਥ ਦਿੰਦੀਆਂ ਰਹੀਆਂ। ਪੇਂਡੂਆਂ ਨੂੰ ਭਰਾ ਮਾਰੂ ਪਾਰਟੀਬਾਜ਼ੀ 'ਚੋਂ ਕੱਢ ਕੇ ਖੇਡ ਮੁਕਾਬਲਿਆਂ ਵੱਲ ਮੋੜਿਆ। ਲਾਲਾ ਲਾਜਪਤ ਰਾਏ ਦੇ ਜਨਮ ਦਿਵਸ 'ਤੇ ਖੇਡ ਮੇਲਾ ਸ਼ੁਰੂ ਕੀਤਾ, ਜੀਹਦੇ ਉਹ 65 ਸਾਲ ਅੰਗ-ਸੰਗ ਰਿਹਾ।

ਆਪਣੀ ਪਹਿਲੀ ਪੁਸਤਕ 'ਜੀਵਨ ਕਣੀਆਂ' ਤੋਂ ਆਖਰੀ ਪੁਸਤਕ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜੁਆਨੀ 'ਚ ਉਹ ਹੀਰ ਗਾਉਂਦਾ, ਕਵਿਤਾਵਾਂ ਲਿਖਦਾ, ਗੁਰਪੁਰਬਾਂ 'ਤੇ ਸੁਣਾਉਂਦਾ, ਸਾਧਾਂ-ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ ਖੱਬੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਮਾਰਕਸੀ ਨਜ਼ਰੀਏ ਤੋਂ 'ਸਿੱਖ ਲਹਿਰ' ਦੇ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮਰਥਨ ਕਰਦਾ, ਖਾੜਕੂਆਂ ਦਾ ਸਲਾਹਕਾਰ ਬਣਿਆ। ਫਿਰ ਉਨ੍ਹਾਂ ਦੀ ਆਲੋਚਨਾ ਵੀ ਕੀਤੀ। ਭਾਰਤ ਦੇ ਹੁਕਮਰਾਨਾਂ ਤੇ ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ, ਅਖਬਾਰਾਂ 'ਚ ਛਪਵਾਉਂਦਾ, ਫਿਰ ਪੰਥ-ਪੰਥ ਤੇ ਪੰਜਾਬ-ਪੰਜਾਬ ਕੂਕਣ ਲੱਗ ਪਿਆ। ਅਖੀਰ ਉਹ 'ਰੁੜ੍ਹ ਚੱਲਿਆ ਪੰਜਾਬ' ਤੇ 'ਪੰਜਾਬ ਤੇਰਾ ਕੀ ਬਣੂੰ?' ਦੇ ਝੋਰੇ ਝੁਰਨ ਲੱਗ ਪਿਆ। ਜਾਂਦੀ ਵਾਰ ਉਹ ਪੰਜਾਬ ਦੋਖੀਆਂ ਦੇ ਵੈਣ ਪਾਉਂਦਾ ਗਿਆ।

ਉਸ ਨੇ ਲਿਖਿਆ, "ਖਰਾ ਤੇ ਅਗਾਂਹਵਧੂ ਸਾਹਿਤ ਉਹ ਹੁੰਦਾ ਹੈ, ਜਿਹੜਾ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਲੈ ਜਾਵੇ ਤੇ ਵਧੀਆ ਮਨੁੱਖ ਬਣਾਵੇ। ਜਿਹੜਾ ਸਾਹਿਤ ਸੋਸ਼ਲਿਜ਼ਮ ਲਿਆਉਣ ਲਈ ਇਨਕਲਾਬ ਦਾ ਰਾਹ ਪਧਰਾਵੇ, ਉਹੀ ਸਮਾਜਵਾਦੀ ਯਥਾਰਥਵਾਦ ਹੁੰਦਾ। ਲੋਕਾਂ ਦੇ ਲੇਖਕ ਨੂੰ ਸਰਮਾਏਦਾਰੀ ਦੇ ਵਾਦਾਂ-ਕੁਵਾਦਾਂ ਤੋਂ ਕੁਝ ਵਧੇਰੇ ਹੀ ਖਬਰਦਾਰ ਰਹਿਣਾ ਚਾਹੀਦਾ ਹੈ। ਇਨ੍ਹਾਂ ਵਾਦਾਂ ਦੀਆਂ ਫੁਰਲੀਆਂ ਛੱਡਣ ਵਾਲੇ ਅਖੌਤੀ ਬੁੱਧੀਜੀਵੀ ਸਰਮਾਏਦਾਰਾਂ ਦੇ ਜ਼ਰਖਰੀਦ ਹੁੰਦੇ ਹਨ, ਭਾਵੇਂ ਉਹ ਯੂਨੀਵਰਸਿਟੀਆਂ ਦੇ ਹੈੱਡ ਹੀ ਕਿਉਂ ਨਾ ਹੋਣ। ਉਨ੍ਹਾਂ ਦਾ ਚਲਾਊ ਗਿਆਨ ਇਨਕਲਾਬੀਆਂ ਨੂੰ ਨਿਕੰਮੇ ਤੇ ਲੋਕਾਂ ਨੂੰ ਕੁਰਾਹੇ ਪਾਉਣ ਵਾਸਤੇ ਵਰਤਿਆ ਜਾਂਦਾ ਹੈ। ਆਰਥਕ ਪੱਖ ਤੋਂ ਲੈ ਕੇ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਸਰਮਾਏਦਾਰੀ ਸਮਾਜ ਦਾ ਖਾਤਮਾ ਤੇ ਸਮਾਜਵਾਦ ਦੀ ਮੁਕੰਮਲ ਸਥਾਪਨਾ ਵਿਚ ਹੈ।"

ਉਸ ਨੇ ਕਿੱਸੇ, ਸੂਫੀ ਸਾਹਿਤ ਤੇ ਗੁਰਬਾਣੀ ਪੜ੍ਹਨ ਦੇ ਨਾਲ ਰੂਸੋ, ਵਾਲਟੇਅਰ, ਵਿਕਟਰ ਹਿਊਗੋ, ਮੈਕਸਿਮ ਗੋਰਕੀ, ਲਿਓ ਤਾਲਸਤਾਏ, ਤੁਰਗਨੇਵ, ਮੋਪਾਂਸਾਂ, ਚਾਰਲਸ ਡਿਕਨਜ਼ ਤੇ ਸ਼ੋਲੋਖੋਵ ਆਦਿ ਵਿਸ਼ਵ ਪ੍ਰਸਿੱਧ ਲੇਖਕਾਂ ਦੀਆਂ ਕਿਤਾਬਾਂ ਚੜ੍ਹਦੀ ਉਮਰ 'ਚ ਪੜ੍ਹੀਆਂ। ਉਨ੍ਹਾਂ ਨਾਲ ਉਹਦੇ ਗਿਆਨ 'ਚ ਵਾਧਾ ਹੁੰਦਾ ਗਿਆ ਤੇ ਲਿਖਣ ਦੀ ਚੇਟਕ ਲੱਗ ਗਈ। ਉਸ ਨੇ ਕਾਵਿਕ ਵਾਰਤਕ ਵਿਚ ਕਾਵਿ ਖਿਆਲ ਲਿਖਣੇ ਸ਼ੁਰੂ ਕਰ ਲਏ। ਫਿਰ ਉਸ ਨੇ ਕਾਵਿ ਖਿਆਲਾਂ ਦਾ ਛੋਟਾ ਜਿਹਾ ਕਿਤਾਬੀ ਖਰੜਾ ਤਿਆਰ ਕਰ ਲਿਆ। ਉਹ 1940 ਵਿਚ ਅੰਮ੍ਰਿਤਸਰ ਦੇ ਬਾਜ਼ਾਰ ਮਾਈ ਸੇਵਾਂ ਵਾਲੇ ਪਬਲਿਸ਼ਰ ਹਰਨਾਮ ਸਿੰਘ ਐਂਡ ਸੰਨਜ਼ ਨੂੰ ਮਿਲਿਆ। ਖਰੜਾ ਕਹਾਣੀਕਾਰ ਸੁਜਾਨ ਸਿੰਘ ਨੂੰ ਵਿਖਾਇਆ ਗਿਆ ਅਤੇ ਉਹਦੀ ਸਲਾਹ ਨਾਲ 'ਜੀਵਨ ਕਣੀਆਂ' ਨਾਂ ਦੀ ਪੁਸਤਕ ਛਾਪ ਦਿੱਤੀ ਗਈ। 76 ਪੰਨਿਆਂ ਦੀ ਇਸ ਨਿੱਕੀ ਜਿਹੀ ਪੁਸਤਕ ਵਿਚ ਪਿੱਛੋਂ ਹਜ਼ਾਰਾਂ ਪੰਨਿਆਂ 'ਤੇ ਛਪੀ ਕੰਵਲ ਦੀ ਸਾਰੀ ਸਾਹਿਤਕ ਰਚਨਾ ਦਾ ਬੀਜ ਸੀ। ਉਹਦੇ ਮੁੱਖ ਬੰਦ ਦਾ ਅੰਤਲਾ ਪੈਰਾ ਸੀ: ਹੋ ਸਕਦਾ ਹੈ, ਜੋ ਕੁਝ ਮੈਂ ਲਿਖਿਆ ਹੈ, ਉਸ ਵਿਚ ਬਹੁਤ ਕੁਝ ਭਾਵੁਕ ਹੋਵੇ, ਪਰ ਜਜ਼ਬੇ ਦੀ ਬੁਨਿਆਦ ਹੀ ਜ਼ਿੰਦਗੀ ਹੈ। ਇਹ ਇੱਕ ਪਿੱਛੋਂ ਆਏ ਲਿਖਾਰੀ ਦੇ ਖਿਲਰੇ ਖਿਆਲਾਂ ਦਾ ਸੰਗ੍ਰਹਿ ਹੈ ਜਾਂ ਹਿਰਦੇ ਦੀਆਂ ਅਣ-ਸਾਂਭੀਆਂ ਲਹਿਰਾਂ। ਪੰਜਾਬੀ ਪਾਠਕ ਪਿਆਰ ਤੋਹਫਾ ਜਾਣ ਕੇ ਪ੍ਰਵਾਨ ਕਰਨ। ਇਹ ਖਿਆਲ ਮੈਂ ਵੀਹ-ਬਾਈ ਸਾਲ ਦੀ ਉਮਰ ਵਿਚ ਲਿਖੇ ਹਨ।

-ਜਸਵੰਤ ਸਿੰਘ ਕੰਵਲ

---

'ਜੀਵਨ ਕਣੀਆਂ' ਵਿਚਲੇ ਖਿਲਰੇ ਖਿਆਲ ਜਾਂ ਅਣਸਾਂਭੀਆਂ ਲਹਿਰਾਂ ਦੇ ਕੁਝ ਵਾਕ ਹਨ:

-ਲਗਨ ਕਾਮਯਾਬੀ ਦਾ ਬੂਹਾ ਖੜਕਾਉਂਦੀ ਹੈ, ਕਾਮਯਾਬੀ ਜ਼ਿੰਦਗੀ ਦਾ ਮਕਸਦ ਪੂਰਾ ਕਰਦੀ ਹੈ।

-ਪ੍ਰੇਮ ਕਬਰ ਵਿਚ ਪੈਂਦਾ ਹੈ, ਇਨਸਾਫ ਉਸ 'ਤੇ ਛਾਂ ਕਰਦਾ ਹੈ ਤੇ ਫਰਜ਼ ਫੁੱਲ ਬਣ ਕੇ ਉਸ ਦੀ ਕਬਰ 'ਤੇ ਖਿੜਦਾ ਹੈ।

-ਹੁਸਨ ਰੱਬ ਦਾ ਰੂਪ ਹੈ, ਜਵਾਨੀ ਰੱਬ ਦਾ ਮਾਣ ਤੇ ਪਿਆਰ ਉਹਦਾ ਸੁਭਾਅ।

-ਗੁਰਦੇਵ ਦੀਵਾ ਹੈ, ਜਿਸ ਵਿਚ ਸ਼ਿਸ਼ ਦੀ ਅੰਨ੍ਹੀ ਆਤਮਾ ਚਾਨਣ ਪਾਉਂਦੀ ਹੈ।

-ਗੁਰਦੇਵ ਉਹ ਸੋਮਾ ਹੈ, ਜਿਸ ਵਿਚ ਨਹਾ ਕੇ ਸ਼ਿਸ਼ ਦੇ ਗੁਨਾਹ ਨੇਕੀਆਂ ਬਣ ਜਾਂਦੇ ਹਨ।

-ਹਨੇਰਾ ਚੰਗਾ ਹੈ, ਜੇ ਚਾਨਣ ਵਿਚ ਕੋਈ ਲਿਸ਼ਕ ਨਹੀਂ; ਮੌਤ ਚੰਗੇਰੀ ਹੈ, ਜੇ ਜੀਵਨ ਵਿਚ ਕੋਈ ਸੁਆਦ ਨਹੀਂ।

-ਯਾਦ ਬੀਤੇ ਆਨੰਦ ਨੂੰ ਸਾਂਭ ਕੇ ਰੱਖਦੀ ਹੈ। ਉਦਾਸ ਹੋਈ ਜ਼ਿੰਦਗੀ ਇਸ ਦੀ ਹੋਂਦ ਸਦਕਾ ਖਿੜ ਪੈਂਦੀ ਹੈ।

-ਇਨ੍ਹਾਂ ਪੰਜਾਂ ਦਾ ਕੋਈ ਮਜ਼੍ਹਬ ਨਹੀਂ ਹੁੰਦਾ: ਬੱਚਾ, ਸ਼ਾਇਰ, ਪਾਗਲ, ਗਿਆਨੀ ਤੇ ਵੇਸਵਾ।

-ਕੁਦਰਤ ਦਾ ਕਿੰਨਾ ਹੀ ਗਿਆਨ ਹਾਲੇ ਮਨੁੱਖ ਦੀ ਦੌੜ ਤੋਂ ਸਦੀਆਂ ਅੱਗੇ ਪਿਆ ਹੈ।

-ਮਾਂ ਧਰਤੀ ਦੀ ਮਾਲਣ ਹੈ ਤੇ ਬੱਚੇ ਟਹਿਕਦੇ ਫੁੱਲ। ਜੇ ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦੇ ਹੋ, ਬੱਚਿਆਂ ਵੱਲ ਧਿਆਨ ਦਿਓ।

-ਡਾਕੂ ਆਪੀਂ ਪੈਦਾ ਨਹੀਂ ਹੁੰਦੇ, ਸਗੋਂ ਸਾਡੀਆਂ ਬੇਇਨਸਾਫੀਆਂ ਹੀ ਅਣਭੋਲ ਆਦਮੀਆਂ ਨੂੰ ਭੈੜੇ ਬਣਾਉਂਦੀਆਂ ਹਨ।

-ਕੰਮ, ਜ਼ਿੰਦਗੀ ਦਾ ਸਾਰ ਹੈ, ਰੁਝੇਵਾਂ ਹੈ। ਇਹ ਧਨ, ਇੱਜ਼ਤ ਤੇ ਖੁਸ਼ੀ ਪੈਦਾ ਕਰਦਾ ਹੈ।

-ਸਫਾਈ ਮਨੁੱਖ ਦੀ ਆਪਣੀ ਪੈਦਾ ਕੀਤੀ ਸੁੰਦਰਤਾ ਹੈ। ਅਰੋਗਤਾ ਦੀ ਗਾਰੰਟੀ ਹੈ।

-ਖੁਸ਼ੀ ਉਹ ਬਹਾਰ ਹੈ, ਜਿਹੜੀ ਸੁੱਕੀਆਂ ਟਹਿਣੀਆਂ ਵਿਚੋਂ ਖੇੜਾ ਪੈਦਾ ਕਰਦੀ ਹੈ।

-ਚੰਦ ਛੁਪ ਜਾਣ ਲਈ ਚੜ੍ਹਦਾ ਹੈ, ਫੁੱਲ ਟੁੱਟ ਜਾਣ ਲਈ ਖਿੜਦਾ ਹੈ, ਬੰਦਾ ਮਰ ਜਾਣ ਲਈ ਜੰਮਦਾ ਹੈ।

ਕੰਵਲ ਦੀਆਂ ਲਿਖਤਾਂ ਵਿਚ ਕਹਿਰਾਂ ਦਾ ਜਜ਼ਬਾ ਤੇ ਸ਼ੂਕਦਾ ਵੇਗ ਹੈ, ਜੋ ਪਾਠਕਾਂ ਨੂੰ ਆਪ-ਮੁਹਾਰੇ ਆਪਣੇ ਨਾਲ ਵਹਾ ਲੈ ਜਾਂਦਾ ਹੈ। ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਮੈਂ ਕੈਨੇਡਾ ਚਲਾ ਗਿਆ ਤਾਂ ਕੈਨੇਡਾ ਤੋਂ ਪੰਜਾਬ ਆ ਕੇ ਵੀ ਉਸ ਨੂੰ ਮਿਲਦਾ-ਗਿਲਦਾ ਰਿਹਾ। ਅਖੀਰ ਉਮਰੇ ਉਸ ਨੂੰ ਦਿਸਦਾ ਤਾਂ ਸਾਫ ਸੀ, ਪਰ ਸੁਣਦਾ ਉੱਚਾ ਸੀ। ਉਹ ਹਰ ਰੋਜ਼ ਕੁਝ ਨਾ ਕੁਝ ਪੜ੍ਹਦਾ-ਲਿਖਦਾ ਸੀ। ਕੋਈ ਹਾਲ-ਚਾਲ ਪੁੱਛਦਾ ਤਾਂ ਆਂਹਦਾ ਸੀ, "ਮੇਰਾ ਤਾਂ ਚੰਗਾ, ਪਰ ਪੰਜਾਬ ਦਾ ਮਾੜੈ।"

ਕਦੇ ਉਸ ਨੂੰ 'ਪੂਰਨਮਾਸ਼ੀ' ਵਾਲਾ ਕੰਵਲ, ਕਦੇ 'ਰਾਤ ਬਾਕੀ ਹੈ' ਵਾਲਾ ਕਾਮਰੇਡ, ਕਦੇ 'ਲਹੂ ਦੀ ਲੋਅ' ਵਾਲਾ ਨਕਸਲੀ ਤੇ ਕਦੇ 'ਐਨਿਆਂ 'ਚੋਂ ਉਠੋ ਸੂਰਮਾ' ਵਾਲਾ ਖਾੜਕੂ ਲੇਖਕ ਕਹਿ ਕੇ ਵਡਿਆਇਆ ਜਾਂਦਾ ਰਿਹਾ। ਕਦੇ ਉਸ ਨੂੰ ਨਾਵਲਕਾਰ ਨਾਨਕ ਸਿੰਘ ਦਾ ਵਾਰਸ ਤੇ ਕਦੇ ਪੰਜਾਬ ਦੇ ਪੇਂਡੂ ਜੀਵਨ, ਖਾਸ ਕਰ ਕੇ ਕਿਸਾਨੀ ਜੀਵਨ ਦਾ ਮੋਢੀ ਨਾਵਲਕਾਰ ਕਿਹਾ ਜਾਂਦਾ। ਉਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਵੀ ਨਿਭਾਈ। ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਦਾ ਤਾਂ ਉਹ ਜੀਵਨ ਭਰ ਲਈ ਜਨਰਲ ਸਕੱਤਰ ਸੀ, ਜਿਸ ਨੇ ਸੌ ਕੁ ਲੇਖਕਾਂ ਨੂੰ ਸਾਹਿਤਕ ਪੁਰਸਕਾਰ ਦਿੱਤੇ। ਉਹ ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਤੇ ਇੰਗਲੈਂਡ 'ਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਵਾਲੀ ਟੀਮ ਦਾ ਅੰਗ ਬਣਿਆ। ਉਸ ਨੇ ਪੰਜਾਬੀ ਨੂੰ ਦੇਵਨਾਗਰੀ ਲਿਪੀ 'ਚ ਲਿਖਣ ਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਉਣ 'ਚ ਅਹਿਮ ਰੋਲ ਨਿਭਾਇਆ।

ਪੰਜਾਬੀ ਵਿਚ ਉਸ ਦੇ ਸਭ ਤੋਂ ਬਹੁਤੇ ਪਾਠਕ ਸਨ/ਹਨ। ਉਸ ਨੇ ਦੇਸ਼-ਵਿਦੇਸ਼ ਦੀਆਂ ਖੂਬ ਸੈਰਾਂ ਕੀਤੀਆਂ। ਅਨੇਕਾਂ ਅਜਾਇਬ ਘਰ ਵੇਖੇ। ਮਹਿੰਜੋਦਾੜੋ ਦੇ ਖੰਡਰਾਂ ਦੀ ਬਾਤ ਪਾਈ। ਖੇਡ ਮੇਲਿਆਂ ਵਿਚ ਕਬੱਡੀ ਦੇ ਮੈਚ ਖਿਡਾਏ ਤੇ ਕੁਮੈਂਟਰੀ ਕੀਤੀ। ਦਸਵੰਧ ਲੋੜਵੰਦਾਂ ਨੂੰ ਦਿੱਤਾ। 27 ਜੂਨ 2019 ਨੂੰ ਜਦੋਂ ਉਹ ਸੌ ਸਾਲਾਂ ਦਾ ਹੋਇਆ ਤਾਂ ਉਸ ਦੀ ਜਨਮ ਸ਼ਤਾਬਦੀ ਸਮੇਂ ਢੁੱਡੀਕੇ ਪੰਜ ਰੋਜ਼ਾ 'ਕੰਵਲ ਸ਼ਤਾਬਦੀ ਸੰਗ ਪੂਰਨਮਾਸ਼ੀ ਪੰਜਾਬੀ ਜੋੜ ਮੇਲਾ' ਮਨਾਇਆ ਗਿਆ। 2018 ਵਿਚ ਮੈਂ ਉਸ ਨੂੰ ਮੱਲੋਮੱਲੀ ਢੁੱਡੀਕੇ ਦੇ ਖੇਡ ਮੇਲੇ 'ਚ ਲੈ ਗਿਆ ਸਾਂ। 2019 ਵਿਚ ਮੇਲੇ 'ਚ ਲਿਜਾ ਕੇ ਸੈਂਚਰੀ ਮਾਰਨ ਦੀ ਝੰਡੀ ਕਰਵਾ ਆਇਆ ਸਾਂ। 2020 ਦਾ ਮੇਲਾ ਵਿਖਾਉਣ ਲਈ ਬਥੇਰਾ ਕਿਹਾ: ਓੜਕ ਨੂੰ ਮਰ ਜਾਣਾ ਚੱਲ ਮੇਲੇ ਚੱਲੀਏ... ਪਰ ਉਹ ਜਾਂਦੀ ਵਾਰ ਦਾ ਮੇਲਾ ਵੇਖਣ ਜੋਗਾ ਨਹੀਂ ਸੀ ਰਿਹਾ।

---

# ਉਡਣੇ ਮਿਲਖਾ ਸਿੰਘ ਦੀ ਹੱਡਬੀਤੀ

*(ਪਿਛਲੇ ਸਫੇ ਦੀ ਬਾਕੀ)*

ਮਿਲੇ ਤਾਂ ਚਲਦੀਆਂ ਗੱਲਾਂ 'ਚ ਦੱਸਣ ਲੱਗੇ, 1974 'ਚ ਪਾਸ਼ ਦੀ ਗ੍ਰਿਫਤਾਰੀ ਵੇਲੇ ਮੈਂ ਚੰਡੀਗੜ੍ਹ ਮਿਲਖਾ ਸਿੰਘ ਦੀ ਮਦਦ ਲੈਣ ਗਿਆ ਸਾਂ ਤੇ ਰਾਤ ਉਨ੍ਹਾਂ ਦੇ ਘਰ ਹੀ ਰਿਹਾ ਸਾਂ। ਇੰਜ ਮਿਲਖਾ ਸਿੰਘ ਸੰਕਟ ਸਮੇਂ ਪਾਸ਼ ਦੀ ਮਦਦ 'ਤੇ ਵੀ ਆਇਆ ਸੀ।

### ਸ਼ਿਕਾਰੀ ਮਿਲਖਾ ਸਿੰਘ-ਮਨਮੋਹਨ ਸਿੰਘ ਆਈ. ਏ. ਐਸ.

ਮਿਲਖਾ ਸਿੰਘ ਸਿਰਫ ਫਲਾਈਂਗ ਸਿੱਖ ਹੀ ਨਹੀਂ, ਸਗੋਂ 'ਸ਼ਿਕਾਰੀ ਸਿੱਖ' ਵੀ ਹੈ। ਇਹ ਗੱਲ ਵੱਖਰੀ ਹੈ ਕਿ ਕਦੀ-ਕਦੀ ਉਹ ਆਪਣੇ ਕੀਤੇ ਹੋਏ ਫਾਇਰ ਦੇ ਕਾਰਤੂਸ ਨਾਲੋਂ ਵੀ ਤੇਜ਼ ਭੱਜ ਜਾਂਦਾ ਹੈ। ਉਹਦੇ ਨਾਲ ਸ਼ਿਕਾਰ ਖੇਡਣ ਦਾ ਸੁਆਦ ਆ ਜਾਂਦਾ ਹੈ। ਇਕ ਵਾਰ ਜੰਗਲ ਵਿਚ ਸਰਦੀਆਂ ਦੀ ਸ਼ਾਮ ਸੀ। ਅਸੀਂ ਸ਼ਿਕਾਰ ਤੋਂ ਵਾਪਸ ਘਰ ਵੱਲ ਪਰਤ ਰਹੇ ਸਾਂ। ਅਗਲੇ ਮੋੜ 'ਤੇ ਮਿਲਖਾ ਸਿੰਘ ਬਿਜਲੀ ਦੀ ਲਿਸ਼ਕੋਰ ਵਾਂਗੂੰ ਪਿਛਾਂਹ ਨੂੰ ਭੱਜਿਆ। ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਇਸ ਹਾਦਸੇ ਬਾਰੇ ਪੁੱਛ ਸਕਦਾ, ਉਹ ਆਪਣੀ ਚਾਰ ਸੌ ਮੀਟਰ ਦੀ ਦੌੜ, ਦੌੜ ਚੁਕਾ ਸੀ। ਹੋਇਆ ਇਹ ਸੀ ਕਿ ਮਿਲਖਾ ਸਿੰਘ ਨੇ ਸੂਰਜ ਦੀ ਪਲੱਤਣੀ ਲੋਅ ਵਿਚ ਖੜੱਪਾ ਸੱਪ ਵੇਖ ਲਿਆ ਸੀ। ਮੈਨੂੰ ਪੱਕਾ ਯਕੀਨ ਹੈ ਕਿ ਇਹ ਖੜੱਪਾ ਸੱਪ ਨਹੀਂ ਸੀ, ਸਿਰਫ ਉਸ ਨੂੰ ਭੁਲੇਖਾ ਪਿਆ ਸੀ। ਪਰ ਚਲੋ, ਜੇ ਖੜੱਪਾ ਹੋਵੇਗਾ ਵੀ ਤਾਂ ਉਸ ਗਰੀਬ ਜਾਨਵਰ ਨੇ ਮਿਲਖਾ ਸਿੰਘ ਦੀ ਸਭ ਤੋਂ ਤੇਜ਼ ਦੌੜ ਵੇਖਣ ਦਾ ਸੁਆਦ ਲੈ ਲਿਆ ਹੋਵੇਗਾ!

ਸ਼ਿਕਾਰ ਸਮੇਂ ਕਈ ਅਜੀਬ ਘਟਨਾਵਾਂ ਵਾਪਰ ਜਾਂਦੀਆਂ ਹਨ। ਇਕ ਵਾਰ ਅਸੀਂ ਗਲਤੀ ਨਾਲ ਇਕ ਮਖਿਆਲ ਛੇੜ ਬੈਠੇ ਤਾਂ ਸ਼ਹਿਦ ਦੀਆਂ ਮੱਖੀਆਂ ਨੇ ਸਾਨੂੰ ਘੇਰ ਲਿਆ। ਅਸੀਂ ਬਾਕੀਆਂ ਨੇ ਤਾਂ ਲਾਗਲੇ ਖੇਤ ਦੀ ਫਸਲ ਵਿਚ ਮੂੰਹ-ਸਿਰ ਲਕੋ ਲਏ, ਪਰ ਮਿਲਖਾ ਸਿੰਘ ਮੱਖੀਆਂ ਨਾਲੋਂ ਕਿਤੇ ਤੇਜ਼ ਉਡਦਾ ਹੋਇਆ ਮੀਲ ਭਰ ਦੂਰ ਖੜੋਤੀ ਕਾਰ ਵਿਚ ਮਿੰਟਾਂ ਸਕਿੰਟਾਂ 'ਚ ਜਾ ਲੁਕਿਆ। ਉਹਦੀ ਕਹਾਣੀ, ਜੀਵਨ ਦੀਆਂ ਦੁਸ਼ਵਾਰੀਆਂ, ਬਚਪਨ ਦੀਆਂ ਬਦਨਸੀਬੀਆਂ ਅਤੇ ਪਿਛੋਕੜ ਦੀਆਂ ਕਮਜ਼ੋਰੀਆਂ ਉਤੇ ਜਿੱਤ ਪ੍ਰਾਪਤ ਕਰ ਕੇ, ਫਲਾਈਂਗ ਸਿੱਖ ਦੀ ਇੱਜ਼ਤ ਅਤੇ ਸ਼ਾਨ ਹਾਸਲ ਕਰਨ ਦੀ ਘਟਨਾਵਾਂ ਭਰੀ ਇਕ ਹਕੀਕਤ ਹੈ, ਜਿਥੋਂ ਤਕ ਜਣਾ-ਖਣਾ ਨਹੀਂ ਪਹੁੰਚ ਸਕਦਾ।

### ਮਿਲਖਾ ਸਿੰਘ ਦੀ ਮਿੱਥ

ਜਿਵੇਂ ਧਿਆਨ ਚੰਦ ਨੂੰ 'ਹਾਕੀ ਦਾ ਜਾਦੂਗਰ' ਕਹਿ ਕੇ ਮਿੱਥ ਬਣਾ ਦਿੱਤਾ ਗਿਐ, ਉਵੇਂ ਮਿਲਖਾ ਸਿੰਘ ਵੀ 'ਫਲਾਈਂਗ ਸਿੱਖ' ਦੇ ਖਿਤਾਬ ਨਾਲ ਮਿੱਥ ਬਣ ਗਿਆ ਹੈ। ਮਿੱਥ ਵਿਚ ਕੁਝ ਵਾਧੂ ਗੱਲਾਂ ਵੀ ਰਲ ਜਾਂਦੀਆਂ ਹਨ, ਜੋ ਦੰਦ ਕਥਾਵਾਂ ਬਣ ਜਾਂਦੀਆਂ ਹਨ। ਮਿਲਖਾ ਸਿੰਘ ਦੀ ਉਸਤਤ ਵਿਚ ਕਿਹਾ ਜਾਂਦੈ ਕਿ ਉਹ ਦੌੜਦਾ ਨਹੀਂ, ਉੱਡਦਾ ਸੀ। ਉਹਦੀ ਜੀਵਨ ਕਹਾਣੀ ਉਹਦੀਆਂ ਦੌੜਾਂ ਦੀ ਅਜਿਹੀ ਗਾਥਾ ਹੈ, ਜਿਹੜੀ ਜੱਗੋਂ ਨਿਆਰੀ ਹੈ। ਉਹਦੇ ਬਾਰੇ ਅਨੇਕਾਂ ਦੰਦ ਕਥਾਵਾਂ ਚੱਲੀਆਂ ਤੇ ਚੁਟਕਲੇ ਜੁੜੇ। ਕਹਿੰਦੇ ਹਨ ਕਿ ਇਕ ਰਾਤ ਮਿਲਖਾ ਸਿੰਘ ਦੇ ਘਰ ਚੋਰ ਆ ਪਏ। ਨਿਰਮਲ ਨਿੰਮੀ ਨੇ ਮਿਲਖਾ ਸਿੰਘ ਨੂੰ ਜਗਾਇਆ, "ਸਰਦਾਰ ਜੀ ਉਠੋ, ਘਰ 'ਚ ਚੋਰ ਆਏ ਲੱਗਦੇ ਨੇ।"

ਸਰਦਾਰ ਜੀ ਨੇ ਕਿਹਾ, "ਸੌਣ ਦਿਓ ਮੈਡਮ। ਚੋਰ ਕਿਤੇ ਨਹੀਂ ਦੌੜ ਚੱਲੇ!"

ਚੋਰ ਚੋਰੀ ਕਰ ਕੇ ਦੌੜੇ ਤਾਂ ਪਤਨੀ ਨੇ ਫਿਰ ਜਗਾਇਆ, "ਚੋਰ ਤਾਂ ਦੌੜ ਵੀ ਗਏ।"

ਚੋਰਾਂ ਦਾ ਦੌੜਨਾ ਸੁਣ ਕੇ ਮਿਲਖਾ ਸਿੰਘ ਛਾਲ ਮਾਰ ਕੇ ਉੱਠਿਆ। ਤੁਰਤ ਰਨਿੰਗ ਸੂਅ ਪਾਏ ਤੇ ਚੋਰਾਂ ਮਗਰ ਦੌੜ ਪਿਆ। ਚੋਰ ਅੱਗੇ ਤੇ ਮਿਲਖਾ ਸਿੰਘ ਪਿੱਛੇ। ਚਾਨਣ ਬਖੇਰਦੀਆਂ ਚੰਡੀਗੜ੍ਹ ਦੀਆਂ ਖੁੱਲ੍ਹੀਆਂ ਸੜਕਾਂ। ਮਿਲਖਾ ਸਿੰਘ ਸਿਰਪਟ ਦੌੜਦਾ ਗਿਆ। ਸੁਖਨਾ ਲੇਕ ਕੋਲ ਮਿਲਖਾ ਸਿੰਘ ਦਾ ਕੋਈ ਜਾਣੂੰ ਮਿਲਿਆ, ਜਿਸ ਨੇ 'ਫਲਾਈਂਗ ਸਿੱਖ' ਨੂੰ ਪੁੱਛਿਆ, "ਮਿਲਖਾ ਸਿੰਘ ਜੀ, ਅੱਜ ਅੱਧੀ ਰਾਤੇ ਕਿਧਰ?"

ਮਿਲਖਾ ਸਿੰਘ ਨੇ ਕਿਹਾ, "ਚੋਰਾਂ ਮਗਰ ਦੌੜਿਆ ਸੀ। ਉਨ੍ਹਾਂ ਨੂੰ ਪਿਛਲੇ ਚੌਕ 'ਚ ਹੀ ਪਿਛਾਂਹ ਛੱਡ ਆਇਆਂ!"


# ਧਰਤੀ ਦੇ ਇਤਿਹਾਸ ਦਾ ਗਵਾਹ ਉਚਾ ਪਿੰਡ ਸੰਘੋਲ



ਸੰਘੋਲ ਵਿਚ ਧਰਮ ਚੱਕਰ ਸਤੂਪ ਦੇ ਅਵਸ਼ੇਸ਼

ਪੰਜਾਬ ਦਾ ਕਦੀਮੀ ਇਤਿਹਾਸ ਪੜ੍ਹਦਿਆਂ ਪਤਾ ਲਗਦਾ ਹੈ ਕਿ ਰੋਪੜ ਅਤੇ ਸੰਘੋਲ ਚੜ੍ਹਦੇ ਪੰਜਾਬ ਵਿਚ ਹੜੱਪਾ ਸੱਭਿਅਤਾ ਦੇ ਪਿਛਲੇ ਦੌਰ ਦੇ ਮੁੱਖ ਸ਼ਹਿਰ ਸਨ। ਸੰਘੋਲ ਚੰਡੀਗੜ੍ਹ-ਲੁਧਿਆਣਾ ਜਰਨੈਲੀ ਸੜਕ ਉਤੇ ਚੰਡੀਗੜ੍ਹ ਤੋਂ ਤਕਰੀਬਨ 40 ਕਿਲੋਮੀਟਰ ਅਤੇ ਲੁਧਿਆਣੇ ਤੋਂ 60 ਕਿਲੋਮੀਟਰ ਦੂਰ ਮੌਜੂਦ ਹੈ। ਇਹ ਤਹਿਸੀਲ ਖਮਾਣੋਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਹਿੱਸਾ ਹੈ ਅਤੇ ਉੱਚਾ ਪਿੰਡ ਦੇ ਨਾਮ ਨਾਲ ਮਸ਼ਹੂਰ ਹੈ।

ਇਤਿਹਾਸ ਵਿਚ ਸੰਘੋਲ ਦੇ ਚਾਰ ਹਜ਼ਾਰ ਸਾਲ ਤੋਂ ਵੱਧ ਪੁਰਾਣਾ ਹੋਣ ਦੀ ਦੱਸ ਪੈਂਦੀ ਹੈ।



ਜਤਿੰਦਰ ਮੌਹਰ

ਰੋਪੜ ਤੋਂ ਸੰਘੋਲ ਦੀ ਦੂਰੀ ਤਕਰੀਬਨ 29 ਕਿਲੋਮੀਟਰ ਬਣਦੀ ਹੈ। ਰੋਪੜ ਸਤਲੁਜ ਦਰਿਆ ਦੇ ਕੰਢੇ ਉਤੇ ਹੈ। ਸਤਲੁਜ ਪੰਜਾਬ ਦਾ ਸਭ ਤੋਂ ਵੱਧ ਵਹਿਣ ਬਦਲਣ ਵਾਲਾ ਦਰਿਆ ਹੈ। ਮਾਲਵੇ ਦਾ ਸਾਰਾ ਖਿੱਤਾ ਸਤਲੁਜ ਅਤੇ ਇਹਦੀਆਂ ਧਾਰਾਵਾਂ ਨਾਲ ਸਿੰਜਿਆ ਜਾਂਦਾ ਸੀ। ਲੋਕ-ਰਵਾਇਤਾਂ ਮਾਲਵੇ ਨੂੰ ਸੌ ਧਾਰਾਵਾਂ ਦੀ ਧਰਤੀ ਹੋਣ ਦਾ ਮਾਣ ਦਿੰਦੀਆਂ ਹਨ। ਸਤਲੁਜ ਦਾ ਪੁਰਾਣਾ ਨਾਮ ਸਤਦਰੂ ਸੀ ਜਿਹਦਾ ਅਰਥ 'ਸੌ ਧਾਰਾਵਾਂ ਵਿਚ ਵਗਣ ਵਾਲਾ' ਹੈ। ਤਾਜ਼ੀਆਂ ਖੋਜਾਂ ਮੁਤਾਬਕ ਘੱਗਰ-ਹਾਕੜਾ ਧਾਰਾ ਸਤਲੁਜ ਦਾ ਪੁਰਾਣਾ ਵਹਿਣ ਸੀ। ਤਕਰੀਬਨ ਅੱਠ ਹਜ਼ਾਰ ਸਾਲ ਪਹਿਲਾਂ ਸਤਲੁਜ ਦਰਿਆ ਨੇ ਵਹਿਣ ਬਦਲ ਲਿਆ ਅਤੇ ਲਗਾਤਾਰ ਪੱਛਮ ਵੱਲ ਵਹਿਣ ਬਦਲ ਰਿਹਾ ਹੈ। ਇਸੇ ਕੜੀ ਵਿਚ, ਕਿਸੇ ਸਮੇਂ ਸੰਘੋਲ ਦੇ ਸਤਲੁਜ ਜਾਂ ਇਹਦੀ ਧਾਰਾ ਦੇ ਕੰਢੇ ਵਸਣ ਦਾ ਹਵਾਲਾ ਆਮ ਮਿਲਦਾ ਹੈ ਪਰ ਹੁਣ ਸਤਲੁਜ ਸੰਘੋਲ ਤੋਂ ਵੀਹ ਕਿਲੋਮੀਟਰ ਪਰੇ ਵਗਦਾ ਹੈ। ਲੋਕ-ਰਵਾਇਤਾਂ ਮੁਤਾਬਕ ਰੋਪੜ ਤੋਂ ਸਤਲੁਜ ਦੀ ਧਾਰਾ ਵੱਖ ਹੋ ਕੇ ਚਮਕੌਰ ਸਾਹਿਬ, ਸੰਘੋਲ, ਖੇੜੀ ਨੌਧ ਸਿੰਘ, ਮੁੱਤੋਂ ਦੀ ਥੇਹ, ਮਾਨੂੰਪੁਰ, ਦਹੇੜੂ ਅਤੇ ਮੰਡਿਆਲਾ ਹੁੰਦੀ ਹੋਈ ਪਾਇਲ ਪਹੁੰਚਦੀ ਸੀ। ਇਸ ਧਾਰਾ ਨੂੰ ਮੁਕਾਮੀ ਲੋਕ ਬੁੱਢਾ ਦਰਿਆ ਕਹਿੰਦੇ ਸਨ।

ਸੰਘੋਲ ਨੂੰ ਢਾਹੇ ਦੇ ਇਲਾਕਾ ਵਿਚ ਗਿਣਿਆ ਜਾਂਦਾ ਹੈ। ਢਾਹੇ ਦਾ ਮਤਲਬ ਹੈ ਦਰਿਆ ਦਾ ਮੋਢਾ ਜਾਂ ਉਹ ਉਚਾ ਕੰਢਾ ਜਿਸ ਨੂੰ ਸਤਲੁਜ ਢਾਹ ਲਾਉਂਦਾ ਹੈ। ਦਰਿਆ ਦੇ ਬਿਲਕੁਲ ਨੇੜਲੇ ਇਲਾਕੇ ਨੂੰ ਬੇਟ ਜਾਂ ਨੀਵਾਂ ਕੰਢਾ (ਲੋਅਨਦ) ਕਿਹਾ ਜਾਂਦਾ ਹੈ। ਸਤਲੁਜ ਦਰਿਆ ਜਾਂ ਉਹਦੀਆਂ ਧਾਰਾਵਾਂ ਦੇ ਵਹਿਣ ਬਦਲਣ ਕਰਕੇ ਜੋ ਟਿੱਬੇ ਅਤੇ ਮੈਦਾਨ ਬਣੇ, ਉਹਨੂੰ ਢਾਹਾ ਕਹਿੰਦੇ ਹਨ। ਪੰਜਾਬੀ ਲੋਕਧਾਰਾ ਦੇ ਖੋਜੀ ਨਾਹਰ ਸਿੰਘ ਮੁਤਾਬਕ, "ਢਾਹਾ ਮਾਲਵੇ ਅਤੇ ਪੁਆਧ ਦੇ ਵਿਚਕਾਰ ਪੈਂਦੀ ਉਹ ਲੰਮੀ ਪੱਟੀ ਹੈ ਜਿਥੋਂ ਕਦੇ ਸਤਲੁਜ ਵਗਦਾ ਹੁੰਦਾ ਸੀ।" ਇਹ ਪੱਟੀ ਪੁਆਧ ਨਾਲੋਂ ਮਾਲਵੇ ਨੂੰ ਵੱਖ ਕਰਦੀ ਹੈ। ਇਸੇ ਕਰਕੇ ਇਥੋਂ ਦੀ ਲੋਕ-ਬੋਲੀ ਵਿਚ ਦੋਵੇਂ ਖਿੱਤਿਆਂ ਦੀਆਂ ਬੋਲੀਆਂ ਦੇ ਸਾਂਝੇ ਸ਼ਬਦ ਮਿਲਦੇ ਹਨ। ਢਾਹੇ ਦੀ ਪਿੱਠ ਉਤੇ ਪੁਆਧ ਹੈ ਅਤੇ ਅੱਖਾਂ ਸਾਹਮਣੇ ਮਾਲਵਾ ਹੈ। ਸਤਲੁਜ ਅਤੇ ਇਹਦੀਆਂ ਧਾਰਾਵਾਂ ਇਸ ਖਿੱਤੇ ਨੂੰ ਸਿੰਜਦੀਆਂ ਰਹੀਆਂ ਹਨ ਜਿਸ ਕਰਕੇ ਇਹ ਖਿੱਤਾ ਲਗਾਤਾਰ ਹੜ੍ਹਾਂ ਦੀ ਮਾਰ ਹੇਠ ਰਿਹਾ ਹੈ। ਹੜ੍ਹਾਂ ਦੀ ਤਬਾਹੀ ਭਾਖੜਾ ਬੰਨ੍ਹ ਬਣਨ ਤੋਂ ਬਾਅਦ ਰੁਕ ਸਕੀ।

ਥੇਹ ਖੋਜੀ ਸਤਲੁਜ ਅਤੇ ਇਹਦੀਆਂ ਧਾਰਾਵਾਂ ਦੇ ਕੰਢੇ ਉਤੇ ਮੌਜੂਦ ਥਾਵਾਂ ਤੋਂ ਮਿਲੀਆਂ ਥੇਹਾਂ ਨੂੰ ਹੜੱਪਾ ਤਹਿਜ਼ੀਬ ਨਾਲ ਜੋੜਦੇ ਹਨ। ਸੰਘੋਲ ਤੋਂ ਉਤਰ ਵੱਲ ਬਾੜਾ, ਸਿੰਘ ਅਤੇ ਢੇਰ ਮਾਜਰਾ ਹੜੱਪਾ ਕਾਲ ਦੀਆਂ ਅਹਿਮ ਥਾਵਾਂ ਹਨ ਜੋ ਬੁੱਦਕੀ ਨਦੀ ਦੇ ਕੰਢੇ ਉਤੇ ਵਸੀਆਂ ਹਨ। ਕੁੱਬਾਹੇੜੀ ਦੀ ਥੇਹ ਉੱਤਰ-ਪੂਰਬ ਵਿਚ ਹੈ। ਸੰਘੋਲ ਦੇ ਦੱਖਣ ਵੱਲ ਪਿੰਡ ਖੇੜੀ ਨੌਧ ਸਿੰਘ, ਮੁੱਤੋਂ, ਡਡਹੇੜੀ, ਮਾਨੂੰਪੁਰ, ਦਹੇੜੂ ਤੇ ਮੰਡਿਆਲਾ ਦੀਆਂ ਢੇਹਾਂ ਮੌਜੂਦ ਹਨ ਅਤੇ ਪੱਛਮ ਵੱਲ ਰੁਪਾਲੋਂ ਦੀ ਥੇਹ ਮਿਲਦੀ ਹੈ। ਦੱਖਣ-ਪੂਰਬ ਵਿਚ ਛੱਤ-ਬਨੂੜ (ਘੱਗਰ ਦਰਿਆ ਦੇ ਨੇੜੇ) ਅਤੇ ਬਰਾਸ ਦੀਆਂ ਥੇਹਾਂ ਹਨ। ਬੁੱਢਾ ਦਰਿਆ ਬੁੱਢਾ ਨਾਲਾ ਬਣ ਚੁੱਕਿਆ ਹੈ ਜੋ ਪਲੀਤ ਪਾਣੀਆਂ ਦੇ ਨਾਲੇ ਵਜੋਂ ਬਦਨਾਮੀ ਖੱਟ ਰਿਹਾ ਹੈ। ਹੁਣ ਇਹ ਨਾਲਾ ਸੰਘੋਲ ਤੋਂ 18 ਕਿਲੋਮੀਟਰ ਦੂਰ ਵਗਦਾ ਹੈ।

ਪਾਣੀ ਵਸੀਲਿਆਂ ਦੇ ਮਹਿਕਮੇ ਅਤੇ ਰਿਮੋਟ ਸੈਂਸਸਿੰਗ ਕੇਂਦਰ ਲੁਧਿਆਣਾ ਦੇ ਖੋਜੀਆਂ ਨੇ ਪੰਜਾਬ ਦੀਆਂ ਕਦੀਮੀ ਧਾਰਾਵਾਂ ਦੇ ਨਕਸ਼ੇ ਖੋਜੇ ਹਨ। ਇਨ੍ਹਾਂ ਨਕਸ਼ਿਆਂ ਅਤੇ ਖੋਜਾਂ ਤੋਂ ਲੋਕ-ਰਵਾਇਤਾਂ ਦੇ ਸੱਚ ਹੋਣ ਦੀ ਪੁਸ਼ਟੀ ਹੁੰਦੀ ਹੈ। ਰਿਮੋਟ ਸੈਂਸਸਿੰਗ ਕੇਂਦਰ ਦੀ ਰਪਟ ਮੁਤਾਬਕ ਚਮਕੌਰ ਸਾਹਿਬ, ਸੰਘੋਲ, ਸੁਨੇਤ (ਲੁਧਿਆਣਾ) ਅਤੇ ਜਨੇਰ (ਮੋਗਾ) ਵਿਚ ਹੜ੍ਹਾਂ ਤੋਂ ਬਚਣ ਲਈ ਬਣੀਆਂ ਕੁਦਰਤੀ ਕੰਧਾਂ ਦੀ ਹੋਂਦ ਨੇ ਧਾਰਾਵਾਂ ਦੀ ਮੌਜੂਦਗੀ ਦੇ ਸਬੂਤ ਦਿੱਤੇ ਹਨ। ਸੰਘੋਲ ਨੇੜੇ ਖੂਹਾਂ ਦੀ ਖੁਦਾਈ ਸਮੇਂ ਦਰਿਆਈ ਬੇੜੀਆਂ ਦੀ ਰਹਿੰਦ-ਖੂੰਹਦ ਮਿਲੀ ਹੈ।

ਜਨੇਰ ਅਤੇ ਸੁਨੇਤ ਦੀਆਂ ਥੇਹਾਂ ਦਾ ਜ਼ਿਕਰ ਥੇਹ ਖੋਜੀ ਅਤੇ ਇਤਿਹਾਸਕਾਰ ਕਨਿੰਘਮ ਨੇ ਸੰਨ 1878-79 ਦੀ ਰਪਟ ਵਿਚ ਕੀਤਾ ਸੀ। ਕਨਿੰਘਮ ਦੀ ਰਪਟ ਵਿਚ ਸੰਘੋਲ ਦਾ ਨਾਮ ਨਹੀਂ ਸੀ ਪਰ ਸੰਨ 1968 ਤੋਂ ਬਾਅਦ ਸੰਘੋਲ ਇਤਿਹਾਸ ਦੇ ਅਹਿਮ ਮੁਕਾਮ ਵਜੋਂ ਉਭਰਿਆ। 1984-85 ਵਿਚ ਚੜ੍ਹਦਾ ਪੰਜਾਬ ਹਿੰਸਾ ਦੇ ਨਵੇਂ ਦੌਰ ਵਿਚ ਦਾਖਲ ਹੋ ਰਿਹਾ ਸੀ। ਉਸੇ ਸਮੇਂ ਥੇਹ ਖੋਜੀਆਂ ਨੇ ਸੰਘੋਲ ਅਤੇ ਪੰਜਾਬ ਦੇ ਕਦੀਮੀ ਇਤਿਹਾਸ ਦਾ ਖਜ਼ਾਨਾ ਕੁੱਲ ਆਲਮ ਸਾਹਮਣੇ ਖੋਲ੍ਹ ਦਿੱਤਾ। ਵੱਡਾ ਬੋਧੀ ਮੱਠ ਅਤੇ ਸਤੂਪ ਧਰਤੀ ਵਿਚੋਂ ਬਾਹਰ ਆ ਗਏ। ਹੜੱਪਾ ਕਾਲ, ਕੁਸ਼ਾਨ, ਗੁਪਤ ਅਤੇ ਮੁਗਲ ਸਾਮਰਾਜ ਦੀਆਂ ਨਿਸ਼ਾਨੀਆਂ ਸਤ੍ਹਾ ਉਤੇ ਦਿਖਾਈ ਦੇਣ ਲੱਗੀਆਂ।

ਕੁਸ਼ਾਨਾਂ ਦੇ ਸਮੇਂ ਸੰਘੋਲ ਰੇਸ਼ਮੀ ਰਾਹ (ਸਿਲਕ ਰੂਟ) ਦਾ ਅਹਿਮ ਪੜਾਅ ਸੀ। ਇਹ ਸ਼ਹਿਰ ਵਪਾਰੀਆਂ, ਤੀਰਥ ਯਾਤਰੀਆਂ, ਕਲਾਕਾਰਾਂ ਅਤੇ ਹੋਰ ਤਬਕੇ ਦੇ ਲੋਕਾਂ ਦੇ ਮੇਲ-ਮਿਲਾਪ ਦਾ ਕੇਂਦਰ ਸੀ। ਕਨਿਸ਼ਕ ਦੇ ਸਮੇਂ ਗੰਧਾਰ (ਮੌਜੂਦਾ ਪਾਕਿਸਤਾਨ-ਅਫਗਾਨਿਸਤਾਨ) ਤੋਂ ਮਥੁਰਾ ਦੇ ਵਿਚਕਾਰ ਸੰਘੋਲ ਖੁਸ਼ਹਾਲ ਅਤੇ ਸਭ ਤੋਂ ਵੱਡਾ ਮਹਾਂਨਗਰ (ਮੈਟਰੋ) ਸੀ। ਪੰਜਵੀਂ ਸਦੀ ਈਸਾ ਪੂਰਵ ਤੋਂ ਸੱਤਵੀਂ ਈਸਵੀ ਦੇ ਵਿਚਕਾਰ ਸੰਘੋਲ ਬੁੱਧ ਧਰਮ ਦਾ ਅਹਿਮ ਕੇਂਦਰ ਰਿਹਾ ਹੈ। ਗੁਪਤ ਸਾਮਰਾਜ ਦੇ ਸਮੇਂ ਸੰਘੋਲ ਨੂੰ ਮਹਾਜਨਪਦ ਕਿਹਾ ਜਾਂਦਾ ਸੀ। ਇਤਿਹਾਸ ਵਿਚ ਸੰਘੋਲ ਵੱਖਰੇ-ਵੱਖਰੇ ਨਾਵਾਂ ਨਾਲ ਮਸ਼ਹੂਰ ਹੈ ਜਿਨ੍ਹਾਂ ਵਿਚ ਸੰਗਲਾਦੀਪ, ਸਮਘਾਲਾ (ਬੋਧੀ ਸੰਘਾਂ ਦਾ ਘਰ), ਸੰਘੁਲ, ਸੰਘਪੁਰ, ਨੰਦੀਪੁਰਸ਼, ਨੰਦੀਪੁਰ ਅਤੇ ਸ਼ੇਤੋਤੂਲੋ (ਸਤਲੁਜ ਜਾਂ ਸਤਦੂਰੂ ਦਰਿਆ ਦਾ ਸ਼ਹਿਰ ਜਾਂ ਰਾਜਧਾਨੀ, ਚੀਨੀ ਨਾਮ) ਮੁੱਖ ਹਨ। ਯੂਨਾਨੀ ਸਾਹਿਤ ਵਿਚ ਪਟੋਲਮੀ ਤੇ ਪਲਿਨੀ ਨੇ ਸੰਘੋਲ ਨੂੰ ਸਲਗਿੱਸਾ ਕਿਹਾ ਹੈ ਅਤੇ ਪੰਜਾਬ ਦੇ ਯੂਨਾਨੀ-ਬੋਧੀ ਰਾਜੇ ਮਨਿੰਦਰ (ਮਿਲਿੰਦ) ਦੇ ਰਾਜ ਦੇ ਹਿੱਸੇ ਵਜੋਂ ਬਿਆਨ ਕੀਤਾ ਹੈ। ਬਹੁਤਾ ਸਮਾਂ ਬੁੱਧ ਧਰਮ ਸੰਘੋਲ ਦਾ ਮੁੱਖ ਧਰਮ ਰਿਹਾ ਹੈ ਅਤੇ ਬੁੱਧ ਧਰਮ ਦੀ ਚੜ੍ਹਤ ਤੋਂ ਮਹਿਮੂਦ ਗਜ਼ਨਵੀ ਦੇ ਹਮਲੇ ਤੱਕ ਸੰਘੋਲ ਨੇ ਚੜ੍ਹਦੀ-ਢਹਿੰਦੀ ਕਲਾ ਦੇਖੀ ਹੈ।

ਛੇਵੀਂ ਸਦੀ ਦੇ ਮੁੱਢ ਵਿਚ ਗੋਰੇ ਹੂਣਾਂ ਦੇ ਹਮਲਿਆਂ ਨੇ ਪੰਜਾਬ ਵਿਚ ਬੁੱਧ ਧਰਮ ਦੀ ਸਰਗਰਮੀ ਨੂੰ ਵੱਡਾ ਧੱਕਾ ਦਿੱਤਾ। ਤਕਸ਼ਿਲਾ (ਰਾਵਲਪਿੰਡੀ, ਪੰਜਾਬ, ਪਾਕਿਸਤਾਨ), ਸਾਕਲ (ਸਿਆਲਕੋਟ) ਅਤੇ ਜਲੰਧਰ ਵਿਚ ਬੋਧੀਆਂ ਦੇ ਕਤਲੇਆਮ ਅਤੇ ਮੱਠਾਂ ਦੀ ਤਬਾਹੀ ਦਾ ਜ਼ਿਕਰ ਮਿਲਦਾ ਹੈ। ਸੰਘੋਲ ਵੀ ਇਸ ਤਬਾਹੀ ਤੋਂ ਅਛੂਤਾ ਨਹੀਂ ਰਿਹਾ। ਸੱਤਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਪੰਜਾਬ ਆਉਣ ਵਾਲੇ ਚੀਨੀ ਘੁਮੱਕੜ ਹਿਊਨ ਸਾਂਗ ਨੇ ਸੰਘੋਲ ਦੀ ਦੁਰਦਸ਼ਾ ਬਾਰੇ ਲਿਖਿਆ ਹੈ ਕਿ ਗੋਰੇ ਹੂਣਾਂ ਦੇ ਹਮਲੇ ਤੋਂ ਬਾਅਦ ਸੰਘੋਲ ਬਰਬਾਦ ਅਤੇ ਵਿਰਲੀ ਆਬਾਦੀ ਵਾਲਾ ਸ਼ਹਿਰ ਹੈ।

ਯੂਨਾਨੀਆਂ, ਸ਼ੱਕਾਂ, ਹੂਣਾਂ, ਗੁਪਤ ਅਤੇ ਮੁਗਲ ਸਾਮਰਾਜਾਂ ਦੇ ਨਾਲ-ਨਾਲ ਸੰਘੋਲ ਮੁਕਾਮੀ ਗਣਰਾਜੀ ਕਬੀਲਿਆਂ ਦੇ ਅਸਰ ਹੇਠ ਵੀ ਰਿਹਾ। ਤਵਾਰੀਖ ਵਿਚ ਦਰਜ ਹੈ ਕਿ ਪੰਜਾਬ ਦੇ ਕਬੀਲੇ ਵਿਦੇਸ਼ੀ ਧਾੜਵੀਆਂ ਤੋਂ ਬਿਨਾ ਮੁਕਾਮੀ ਸਾਮਰਾਜਾਂ ਦੇ ਖਿਲਾਫ ਵੀ ਲੜਦੇ ਰਹੇ ਹਨ। ਉਨ੍ਹਾਂ ਨੇ ਯੂਨਾਨੀਆਂ, ਮੌਰੀਆ, ਕੁਸ਼ਾਨਾਂ, ਸੁੰਗ ਅਤੇ ਗੁਪਤ ਸਾਮਰਾਜ ਦਾ ਮੁਕਾਬਲਾ ਕੀਤਾ। ਜਦੋਂ ਹੀ ਇਹ ਸਾਮਰਾਜ ਕਮਜ਼ੋਰ ਹੋਏ ਤਾਂ ਪੰਜਾਬ ਦੇ ਮੁਕਾਮੀ ਕਬੀਲੇ ਮੁੜ ਖੜ੍ਹੇ ਹੋਏ ਅਤੇ ਆਪਣੀ ਹੋਂਦ ਜਤਾਉਂਦੇ ਰਹੇ। ਗਣਰਾਜੀ ਕਿਸਮ ਦੇ ਇਨ੍ਹਾਂ ਕਬੀਲਿਆਂ ਦਾ ਬੁੱਧ ਧਰਮ ਦੇ ਪਸਾਰ ਵਿਚ ਅਹਿਮ ਹਿੱਸਾ ਸੀ।

ਪੰਜਾਬ ਦੇ ਗਣਰਾਜੀ ਅਤੇ ਜਮਹੂਰੀ ਸੁਭਾਅ ਦੇ ਕਬੀਲਿਆਂ ਦੀ ਹੋਂਦ ਨੇ ਬ੍ਰਾਹਮਣਵਾਦੀ ਰਾਠਾਚਾਰੀ ਦੇ ਪਸਾਰ ਨੂੰ ਰੋਕੀ ਰੱਖਿਆ। ਇਸੇ ਕਰਕੇ ਬ੍ਰਾਹਮਣੀ ਸਾਹਿਤ ਇਨ੍ਹਾਂ ਕਬੀਲਿਆਂ ਦੀਆਂ ਸਰਗਰਮੀਆਂ ਬਾਰੇ ਚੁੱਪ ਰਿਹਾ। ਸਾਮਰਾਜਾਂ ਦੀ ਹੋਂਦ ਦੇ ਬਾਵਜੂਦ ਖੁਦਮੁਖਤਾਰ ਕਬੀਲਿਆਂ ਨੇ ਆਪਣੀ ਹੋਂਦ ਬਚਾਈ ਰੱਖੀ। ਇਨ੍ਹਾਂ ਮੁੱਖ ਕਬੀਲਿਆਂ ਵਿਚ ਤਰਿਗਰਤ, ਯੁਦਿਆ, ਉਦਾਮਬਰਾ, ਵਰਿਸ਼ਨੀ, ਮਾਲਵ, ਨਾਗ, ਮਦਰ, ਅੱਗਰਸ, ਅਰਜੱਨਿਅਸ, ਕੁਲੂਤ, ਕਸ਼ੂਸਦਰਕ, ਕੁਨਿੰਦਾ ਅਤੇ ਸਿਬੀ ਅਹਿਮ ਕਬੀਲੇ ਸਨ। ਇਨ੍ਹਾਂ ਵਿਚੋਂ ਤਰਿਗਰਤ, ਯੁੱਦਿਆ, ਉਦਾਮਬਰਾ ਅਤੇ ਕੁਨਿੰਦਾ ਸਭ ਤੋਂ ਵੱਧ ਫੈਲੇ ਹੋਏ ਅਤੇ ਤਾਕਤਵਰ ਕਬੀਲੇ ਰਹੇ। ਸੰਘੋਲ ਤੋਂ ਇਨ੍ਹਾਂ ਵਿਚੋਂ ਕਈ ਕਬੀਲਿਆਂ ਦੇ ਸਿੱਕੇ ਮਿਲੇ ਹਨ।

ਹਿਊਨ ਸਾਂਗ ਨੇ ਆਪਣੇ ਸਫਰਨਾਮੇ ਵਿਚ ਸਤਲੁਜ-ਮੁਲਕ ਦੀ ਰਾਜਧਾਨੀ ਦਾ ਜ਼ਿਕਰ ਕੀਤਾ ਹੈ ਜਿੱਥੇ ਦਸ ਬੋਧੀ ਮੱਠ (ਸੰਘਗ੍ਰਾਮ) ਅਤੇ ਕਈ ਬੋਧੀ ਸਤੂਪ ਮੌਜੂਦ ਸਨ। ਉਹਦੀ ਦਿੱਤੀ ਤਫਸੀਲ ਦੇ ਹਵਾਲੇ ਨਾਲ ਕਨਿੰਘਮ ਨੇ ਸਰਹਿੰਦ ਨੂੰ ਇਸ ਰਾਜਧਾਨੀ ਵਜੋਂ ਕਿਆਸ ਦਿੱਤਾ। ਸਰਹਿੰਦ ਸੰਘੋਲ ਤੋਂ ਤਕਰੀਬਨ 16 ਕਿਲੋਮੀਟਰ ਦੂਰ ਹੈ। ਸਰਹਿੰਦ ਤੋਂ ਮਿਲੇ ਬੋਧੀ ਕਲਾ ਦੀ ਨਕਾਸ਼ੀ ਦੇ ਨਮੂਨੇ ਨੇ ਕਨਿੰਘਮ ਦਾ ਯਕੀਨ ਪੁਖਤਾ ਕੀਤਾ। ਕਨਿੰਘਮ ਸਰਹਿੰਦ ਦੀ ਕਦੀਮੀ (ਪ੍ਰਾਚੀਨ) ਹੋਂਦ ਨੂੰ ਸਿੱਧ ਕਰਨ ਲਈ ਛੇਵੀਂ ਸਦੀ ਦੇ ਜੋਤਸ਼ੀ ਵਰਾਹਮਿਹਰ ਦਾ ਹਵਾਲਾ ਦਿੰਦਾ ਹੈ। ਵਰਾਹਮਿਹਰ ਕਿਤਾਬ 'ਬਰਿਹਤ ਸੰਮਿਤਾ' ਵਿਚ ਲਿਖਦਾ ਹੈ ਕਿ ਇਸ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਨੂੰ ਸੈਰਿੰਦ ਕਿਹਾ ਜਾਂਦਾ ਸੀ। ਵਰਾਹਮਿਹਰ ਨੇ ਇਹ ਹਵਾਲਾ ਪਰਾਸ਼ਰ ਨਾਮ ਦੇ ਜੋਤਸ਼ੀ ਤੋਂ ਲਿਆ ਜੋ ਪਹਿਲੀ ਸਦੀ ਤੋਂ ਪਹਿਲਾਂ ਹੋਇਆ ਹੈ। ਪਰਾਸ਼ਰ ਨੇ 'ਪਰਾਸ਼ਰ-ਤੰਤਰ' ਨਾਮ ਦੀ ਕਿਤਾਬ ਲਿਖੀ ਸੀ। ਕਨਿੰਘਮ ਮੁਤਾਬਕ ਸਰਹਿੰਦ ਦਾ ਨਾਮ ਸੈਰਿੰਦ ਲੋਕਾਂ ਤੋਂ ਪਿਆ ਹੈ ਜੋ ਤਰਿਗਰਤ ਜਨਪਦ (ਜਲੰਧਰ) ਦਾ ਹਿੱਸਾ ਸੀ। ਦੂਜਾ ਹਵਾਲਾ ਮਹਿਮੂਦ ਗਜ਼ਨਵੀ ਦੇ ਆਉਣ ਤੋਂ ਬਾਅਦ ਦਾ ਹੈ। ਉਦੋਂ ਇਸ ਇਲਾਕੇ ਵਿਚ ਸੰਘਣਾ ਜੰਗਲ ਸੀ ਜਿਸ ਨੂੰ ਸੀਹਰਿੰਦ ਜਾਂ ਸ਼ੇਰਾਂ ਦਾ ਜੰਗਲ ਕਿਹਾ ਜਾਂਦਾ ਸੀ। ਸੀਹ ਮਤਲਬ ਸ਼ੇਰ, ਰਿੰਦ ਮਤਲਬ ਜੰਗਲ।

ਕਨਿੰਘਮ ਸਰਹਿੰਦ ਨੂੰ ਕਦੀਮੀ ਸ਼ਹਿਰ ਸਾਬਤ ਕਰਦਾ ਹੋਇਆ ਹਿਊਨ ਸਾਂਗ ਦੇ ਵੇਰਵੇ ਨਾਲ ਮਿਲਾ ਦਿੰਦਾ ਹੈ। ਇਹਦਾ ਹੋਰ ਅਹਿਮ ਕਾਰਨ ਹੈ। ਸਰਹਿੰਦ ਉਤੇ ਤਿੰਨ ਵਾਰ ਸੁਹਾਗਾ ਫੇਰਿਆ ਗਿਆ ਹੈ। ਪਹਿਲੀ ਵਾਰ ਜਦੋਂ ਇਹ ਸ਼ਹਿਰ ਹਿੰਦੂਸ਼ਾਹੀ ਦੀ ਫੌਜੀ-ਚੌਕੀ ਸੀ। ਮਹਿਮੂਦ ਗਜ਼ਨਵੀ ਨੇ ਸਰਹਿੰਦ ਤਬਾਹ ਕੀਤਾ ਸੀ। ਦੂਜੀ ਵਾਰ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਨੂੰ ਢੇਰੀ ਕੀਤਾ। ਤੀਜੀ ਵਾਰ 1763 ਈਸਵੀ ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਿੱਖ ਦਲਾਂ ਨੇ ਸਰਹਿੰਦ ਨੂੰ ਗੋਲਾ-ਬਾਰੂਦ ਨਾਲ ਉਡਾਇਆ ਸੀ। ਉਨ੍ਹਾਂ ਨੇ ਬਹੁਤਾ ਸ਼ਹਿਰ ਖੰਡਰ ਕਰ ਦਿੱਤਾ। ਸਿੱਖ ਸਰਹਿੰਦ ਦੀਆਂ ਇੱਟਾਂ ਲਿਜਾ ਕੇ ਜਮਨਾ ਜਾਂ ਸਤਲੁਜ ਦੇ ਪਾਣੀਆਂ ਵਿਚ ਸੁੱਟਣਾ ਪਵਿੱਤਰ ਕਰਮ ਸਮਝਦੇ ਸਨ। ਇਹਦੇ ਖੰਡਰਾਂ ਨੂੰ ਦੇਖ ਕੇ ਉਨੀਵੀਂ ਸਦੀ ਵਿਚ ਇਥੋਂ ਲੰਘਣ ਵਾਲੇ ਫਰਾਂਸੀਸੀ ਯਾਤਰੂ ਨੇ ਕਿਹਾ ਸੀ, "ਇੰਨੇ ਵੱਡੇ ਖੰਡਰ ਮੈਂ ਦਿੱਲੀ ਤੋਂ ਬਾਅਦ ਸਿਰਫ ਇਸ ਸ਼ਹਿਰ ਵਿਚ ਦੇਖੇ ਹਨ ਜਿਹੜੇ ਪੰਦਰਾਂ ਸੁਕੇਅਰ ਕਿਲੋਮੀਟਰ ਵਿਚ ਫੈਲੇ ਹੋਏ ਹਨ।"

ਸੁਭਾਵਕ ਹੈ ਕਿ ਕਨਿੰਘਮ ਨੇ ਇਸ ਸ਼ਹਿਰ ਦੇ ਭਿਆਨਕ ਖੰਡਰ ਦੇਖੇ ਹੋਣਗੇ। ਉਹ ਸਰਹਿੰਦ ਦੇ ਖੰਡਰਾਂ ਵਿਚੋਂ ਹਿਊਨ ਸਾਂਗ ਦਾ ਸ਼ਹਿਰ ਲੱਭਦਾ ਰਿਹਾ। ਡਾਕਟਰ ਫੌਜਾ ਸਿੰਘ ਨੇ ਇਸੇ ਹਵਾਲੇ ਨੂੰ ਵਰਤਿਆ ਹੈ ਅਤੇ ਹਿਊਨਸਾਂਗ ਦੀ ਸਤਲੁਜ ਮੁਲਕ ਦੀ ਰਾਜਧਾਨੀ ਨੂੰ ਸਰਹਿੰਦ ਕਰਾਰ ਦਿੱਤਾ ਹੈ। ਬਹੁਤੇ ਇਤਿਹਾਸਕਾਰਾਂ ਮੁਤਾਬਕ ਹਿਊਨ ਸਾਂਗ ਸੰਘੋਲ ਦੀ ਗੱਲ ਕਰ ਰਿਹਾ ਸੀ। ਜਿੱਥੋਂ ਬੋਧੀ ਮੱਠ ਅਤੇ ਹੋਰ ਨਿਸ਼ਾਨੀਆਂ ਮਿਲੀਆਂ ਹਨ। ਸੰਘੋਲ ਦੇ ਮਹਾ-ਸਤੂਪ ਨੂੰ ਹਿਊਨ ਸਾਂਗ ਨੇ ਅਸ਼ੋਕ ਦੇ ਸਮਿਆਂ ਨਾਲ ਜੋੜਿਆ ਹੈ। ਮਹਾਤਮਾ ਬੁੱਧ ਦੇ ਵੇਲੇ ਤੋਂ ਹੀ ਬੁੱਧ ਧਰਮ ਦਾ ਵਿਚਾਰ ਅਤੇ ਫਲਸਫਾ ਪੰਜਾਬ ਤੱਕ ਪਹੁੰਚ ਚੁੱਕਿਆ ਸੀ। ਇਹ ਲਗਾਤਾਰ ਗਤੀ ਫੜਦਾ ਗਿਆ ਅਤੇ ਸਿਖਰ ਉੱਤੇ ਪਹੁੰਚਿਆ। ਮੌਰੀਆ ਕਾਲ ਵਿਚ ਬੁੱਧ ਧਰਮ ਸੰਘੋਲ ਵਿਚ ਜੜ੍ਹਾਂ ਜਮਾ ਚੁੱਕਿਆ ਸੀ। ਕਨਿੰਘਮ ਨੇ ਆਪਣੀ ਰਿਪੋਰਟ ਵਿਚ ਸੰਘੋਲ ਦਾ ਕਿਤੇ ਜ਼ਿਕਰ ਨਹੀਂ ਕੀਤਾ। ਉਸ ਵੇਲੇ ਸੰਘੋਲ ਦੀ ਖੁਦਾਈ ਹੋਣਾ ਤਾਂ ਦੂਰ ਦੀ ਗੱਲ ਸੀ। ਸੰਘੋਲ ਪਹਿਲੀ ਵਾਰ ਸੰਨ 1933 ਵਿਚ ਥੇਹ ਖੋਜੀ ਐਮ.ਐਸ. ਵਤਸ ਦੀ ਨਜ਼ਰ ਵਿਚ ਆਇਆ ਪਰ ਸੰਘੋਲ ਦੀ ਖੁਦਾਈ ਵਿਉਂਤਬੱਧ ਤਰੀਕੇ ਨਾਲ ਸੰਨ 1968 ਵਿਚ ਸ਼ੁਰੂ ਹੋ ਸਕੀ।

*(ਹਵਾਲਿਆਂ ਲਈ ਵਰਤੇ ਗਏ ਖੋਜ ਪਰਚੇ, ਅਖਬਾਰੀ ਲੇਖ ਅਤੇ ਕਿਤਾਬਾਂ- ਅਰਧੇਂਦੂ ਰਾਏ: ਇੰਬੋਡੀਮੈਂਟ ਔਫ ਬਿਊਟੀ ਇਨ ਸਟੋਨ: ਏ ਸਰਵੇ ਔਫ ਸਟੋਨ ਸਕਲੱਪਚਰ ਫਰੌਮ ਸੰਘੋਲ; ਅਰਧੇਂਦੂ ਰਾਏ: ਜਿਓਗਰਾਫੀ ਔਫ ਅਰਲੀ ਹਿਸਟੌਰੀਕਲ ਪੰਜਾਬ; ਡਾਕਟਰ ਫੌਜਾ ਸਿੰਘ: ਸਰਹਿੰਦ ਥਰੂ ਏਜਜ਼; ਡਾਕਟਰ ਨਾਹਰ ਸਿੰਘ: ਕਾਲਿਆਂ ਹਰਨਾਂ ਰੋਹੀਏ ਫਿਰਨਾਂ; ਅਲੈਗਜ਼ੈਂਡਰ ਕਨਿੰਘਮ: ਦਿ ਏਂਸੀਇੰਟ ਜਿਓਗਰਾਫੀ ਔਫ ਇੰਡੀਆ-1871; ਅਲੈਗਜ਼ੈਂਡਰ ਕਨਿੰਘਮ: ਰਿਪੋਰਟ ਔਫ ਦਿ ਟੂਅਰ ਇਨ ਦਿ ਪੰਜਾਬ ਇਨ 1878-79; ਐਨੂਅਲ ਰਿਪੋਰਟਸ ਔਫ ਆਰਕੀਓਲੌਜੀਕਲ ਸਰਵੇ ਔਫ ਇੰਡੀਆ 15, ਕਲਕੱਤਾ-1882; ਜੀ.ਬੀ. ਸ਼ਰਮਾ: ਕੁਆਇਨਜ਼, ਸੀਲਜ਼ ਐਂਡ ਸੀਲਿੰਗਜ਼ ਫਰੌਮ ਸੰਘੋਲ-1986; ਪੰਜਾਬ ਰਿਮੋਟ ਸੈਂਸਿੰਗ ਕੇਂਦਰ ਲੁਧਿਆਣਾ ਦੀ ਰਪਟ; ਪੈਲੀਓਚੈਨਲਜ਼ ਔਫ ਨੌਰਥ-ਵੈਸਟ ਇੰਡੀਆ, ਰਿਵੀਊ ਐਂਡ ਅਸੈਸਮੈਂਟ-15 ਅਕਤੂਬਰ 2016, ਨਵੀਂ ਦਿੱਲੀ; ਵਰਾਹਮਿਹਰ: ਬਰਿਹਤ ਸੰਮਿਤਾ; ਪਰਾਸ਼ਰ: ਪਰਾਸ਼ਰ ਤੰਤਰ; ਸੁਭਾਸ਼ ਪਰਿਹਾਰ: ਮੈਮਰੀਜ਼ ਔਫ ਏ ਟਾਊਨ ਨੋਨ ਐਜ ਸਰਹਿੰਦ, ਦਿ ਟ੍ਰਿਬਿਊਨ-15 ਅਪਰੈਲ 2007; ਹਿਸਟਰੀ ਐਂਡ ਡਿਵੈਲਪਮੈਂਟ ਔਫ ਸੰਘੋਲ ਐਜ ਏ ਸੈਂਟਰ ਔਫ ਕੁਸ਼ਾਨ ਆਰਟ।)*




ਸੰਘੋਲ ਦਾ ਅਜਾਇਬ ਘਰ ਜਿਥੇ ਸੰਘੋਲ ਦੀ ਖੁਦਾਈ ਦੌਰਾਨ ਨਿਕਲੀਆਂ ਅਨਮੋਲ ਵਸਤਾਂ ਰੱਖੀਆਂ ਗਈਆਂ ਹਨ।



ਸੰਘੋਲ ਅਜਾਇਬ ਘਰ ਵਿਚ ਸਜਾਇਆ ਬੁੱਧ ਦਾ ਬੁੱਤ।



ਸੰਘੋਲ ਵਿਚ ਲੱਭੇ ਅਹਿਮ ਧਰਮ ਚੱਕਰ ਸਤੂਪ ਦੇ ਅਵਸ਼ੇਸ਼ ਦੀ ਇਕ ਨੇੜਿਓਂ ਝਾਤੀ ਦੀ ਝਲਕ।

# ਇਤਿਹਾਸਕ ਸਮੇਂ ਨੂੰ ਮੰਚ 'ਤੇ ਸਾਕਾਰ ਕਰਦੀ ਪੇਸ਼ਕਾਰੀ 'ਸੂਰਾ ਸੋ ਪਹਿਚਾਨੀਐ'

## ਇਮਪੈਕਟ ਆਰਟਸ, ਚੰਡੀਗੜ੍ਹ ਦੇ ਕਲਾਕਾਰਾਂ ਦਾ ਕਮਾਲ

### ਰੰਗ-ਮੰਚ

ਇਤਿਹਾਸਕ ਨਾਟਕਾਂ ਵਿਚ ਇਤਿਹਾਸਕ ਕੀ ਹੁੰਦਾ ਹੈ? ਇਤਿਹਾਸ ਦੇ ਕਿਸੇ ਪੰਨੇ ਨੂੰ ਆਧਾਰ ਬਣਾ ਕੇ ਅਤੇ ਕੁਝ ਇਤਿਹਾਸਕ ਪਾਤਰਾਂ ਨੂੰ ਲੈ ਕੇ ਨਾਟਕ ਦੀ ਕਹਾਣੀ ਨੂੰ ਰੂਪਮਾਨ ਕਰਨਾ। ਪਾਤਰਾਂ ਦੇ ਵਾਰਤਾਲਾਪ ਲੇਖਕ ਦੇ ਮੌਲਿਕ ਹੁੰਦੇ ਹਨ। ਜੇ ਨਾਟਕਕਾਰ ਪੇਸ਼ ਕੀਤੇ ਜਾ ਰਹੇ ਸਮੇਂ ਨੂੰ ਪਾਠਕਾਂ ਦੇ ਜ਼ਿਹਨ ਵਿਚ ਸਾਕਾਰ ਕਰ ਦੇਵੇ, ਸਬੰਧਿਤ ਘਟਨਾ ਜਾਂ ਮੁੱਖ ਇਤਿਹਾਸਕ ਪਾਤਰ ਨੇ ਜਿਸ ਮੰਤਵ ਲਈ ਘਾਲਣਾ ਘਾਲੀ, ਜੇ ਉਹ ਮਕਸਦ ਪੂਰਾ ਹੁੰਦਾ ਦਿਖਾਇਆ ਜਾਵੇ ਅਤੇ ਤਤਕਾਲੀ ਸਮੇਂ ਦੇ ਲੋਕਾਂ ਵਿਚ ਨਵੀਂ ਜਾਗ੍ਰਿਤੀ ਦੀ ਚਿਣਗ ਧੁਖਦੀ ਦਿਖਾਈ ਜਾਵੇ ਤਾਂ ਨਾਟਕ ਸਫਲ ਹੁੰਦਾ ਹੈ। ਕਈ ਵਾਰ ਸਬੰਧਿਤ ਇਤਿਹਾਸਕ ਹਾਲਾਤ ਅਤੇ ਇਤਿਹਾਸਕ ਪਾਤਰਾਂ ਦੇ ਨਜ਼ਰੀਏ ਨੂੰ ਹੀ ਪੇਸ਼ ਕੀਤਾ ਜਾਂਦਾ ਹੈ। ਇਹ ਵੀ ਇਤਿਹਾਸਕ ਨਾਟਕ ਦੇ ਘੇਰੇ ਵਿਚ ਹੀ ਆਉਂਦਾ ਹੈ।



ਰਵਿੰਦਰ ਸਿੰਘ ਸੋਢੀ
ਫੋਨ: 604-369-2371

ਨਾਟਕ ਦੀ ਸਫਲਤਾ ਲਈ ਨਾਟਕਕਾਰ ਦੇ ਨਾਲ-ਨਾਲ ਨਾਟਕ ਨੂੰ ਮੰਚ 'ਤੇ ਪੇਸ਼ ਕਰਨ ਵਾਲੇ ਕਲਾਕਾਰ ਅਤੇ ਕਲਾਕਾਰਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਵਾਲਾ ਨਿਰਦੇਸ਼ਕ ਵੀ ਬਰਾਬਰ ਦੇ ਸਹਾਈ ਹੁੰਦੇ ਹਨ। ਪਰਦੇ ਦੇ ਪਿਛੇ ਕੰਮ ਕਰਨ ਵਾਲੇ, ਜਿਵੇਂ ਮੇਕਅੱਪ, ਰੌਸ਼ਨੀ ਵਿਉਂਤਕਾਰੀ, ਵੇਸ਼-ਭੂਸ਼ਾ, ਸੰਗੀਤ ਦੇਣ ਵਾਲੇ ਸਹਿਯੋਗੀਆਂ ਦਾ ਵੀ ਪੂਰਾ ਯੋਗਦਾਨ ਹੁੰਦਾ ਹੈ।

ਗੱਲ ਕਰਨ ਲੱਗਾ ਹਾਂ ਇਮਪੈਕਟ ਆਰਟਸ, ਚੰਡੀਗੜ੍ਹ ਵੱਲੋਂ ਖੇਡੇ ਗਏ ਨਾਟਕ 'ਸੂਰਾ ਸੋ ਪਹਿਚਾਨੀਐ' ਦੀ, ਜੋ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਬੰਧੀ ਲਿਖਿਆ ਸੀ। ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਇੱਕੋ ਪਿਛੋਕੜ ਅਤੇ ਹਾਲਾਤ ਨਾਲ ਸਬੰਧਿਤ ਸਨ, ਪਰ ਸਮੇਂ ਅਤੇ ਸਥਾਨ ਵਿਚ ਹੀ ਥੋੜ੍ਹਾ ਜਿਹਾ ਅੰਤਰ ਸੀ। ਵੱਡੇ ਸਾਹਿਬਜ਼ਾਦੇ ਲੜਾਈ ਚਮਕੌਰ (ਸਾਹਿਬ) ਵਿਖੇ ਸ਼ਹੀਦ ਹੋਏ ਸਨ ਅਤੇ ਉਨ੍ਹਾਂ ਨੇ ਆਪਣੇ ਪਿਤਾ ਦੇ ਕਥਨ 'ਸਵਾ ਲਾਖ ਸੇ ਏਕ ਲੜਾਊਂ' ਅਨੁਸਾਰ ਦੁਸ਼ਮਣ ਦਾ ਮੁਕਾਬਲਾ ਰਣ ਤੱਤੇ ਵਿਚ ਕਰਦਿਆਂ ਅਤੇ ਦੁਸ਼ਮਣ ਦੇ ਆਹੂ ਲਾਹੁੰਦਿਆਂ ਸ਼ਹੀਦੀ ਪ੍ਰਾਪਤ ਕੀਤੀ ਸੀ।

ਦੂਜੇ ਪਾਸੇ ਦੋਵੇਂ ਛੋਟੇ ਸਾਹਿਬਜ਼ਾਦੇ, ਗੁਰੂ ਸਾਹਿਬ ਦੇ ਹੀ ਰਸੋਈਏ ਗੰਗੂ ਦੀ ਦਗਾਬਾਜ਼ੀ ਕਾਰਨ ਸਰਹਿੰਦ ਦੇ ਉਸ ਸਮੇਂ ਦੇ ਸੂਬੇਦਾਰ ਵਜ਼ੀਰ ਖਾਨ ਦੀ ਕੈਦ ਵਿਚ ਪਹੁੰਚੇ ਅਤੇ ਬਾਅਦ ਵਿਚ ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੇ ਹਥਿਆਰਾਂ ਦੀ ਲੜਾਈ ਨਾਲੋਂ ਵਿਚਾਰਾਂ ਦੀ ਲੜਾਈ ਕਰਕੇ ਸ਼ਹੀਦੀ ਪ੍ਰਾਪਤ ਕੀਤੀ। ਵਜ਼ੀਰ ਖਾਨ ਸਮਝਦਾ ਸੀ ਕਿ ਸੱਤ ਅਤੇ ਨੌਂ ਸਾਲ ਦੇ ਬੱਚੇ ਡਰ ਵੀ ਜਾਣਗੇ ਅਤੇ ਲਾਲਚ ਵਿਚ ਵੀ ਆ ਜਾਣਗੇ, ਪਰ ਉਸ ਨੂੰ ਇਸ ਪੱਖੋਂ ਨਮੋਸ਼ੀ ਹੀ ਮਿਲੀ। ਛੋਟੇ ਬੱਚਿਆਂ ਨੂੰ ਗੁੜਤੀ ਹੀ ਜ਼ੁਲਮ ਦਾ ਟਾਕਰਾ ਕਰਨ ਦੀ ਮਿਲੀ ਹੋਈ ਸੀ।

ਨਾਟਕ ਦੇ ਸਾਰੇ ਕਥਾਨਕ ਨੂੰ ਮੈਂ ਦਸ ਦ੍ਰਿਸ਼ਾਵਾਂ ਵਿਚ ਵੰਡਿਆ ਸੀ। ਇਸ ਵਿਚ ਇਤਿਹਾਸਕ ਪਾਤਰਾਂ ਵਿਚੋਂ ਚਾਰੇ ਸਾਹਿਬਜ਼ਾਦਿਆਂ ਦਾ ਜ਼ਿਕਰ ਆਉਂਦਾ ਹੈ। ਵੱਡੇ ਦੋਵੇਂ ਸਾਹਿਬਜ਼ਾਦਿਆਂ-ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਬਾਬਤ ਸਟੇਜ ਤੋਂ ਬਾਹਰ ਦੁਸ਼ਮਣ ਦਾ ਟਾਕਰਾ ਕਰਦੇ ਅਤੇ ਸ਼ਹੀਦੀ ਪ੍ਰਾਪਤ ਕਰਦਿਆਂ ਸਬੰਧੀ ਮੁਗ਼ਲ ਫੌਜ ਦੇ ਸਿਪਾਹੀਆਂ ਵੱਲੋਂ ਹੀ ਬਿਆਨ ਕੀਤਾ ਜਾਂਦਾ ਹੈ। ਦੋ ਛੋਟੇ ਸਾਹਿਬਜ਼ਾਦਿਆਂ ਵੱਲੋਂ ਵਜ਼ੀਰ ਖਾਨ ਦੇ ਸਾਹਮਣੇ ਡਟੇ ਰਹਿਣ ਸਬੰਧੀ ਵੀ ਦੂਜੇ ਪਾਤਰਾਂ ਤੋਂ ਹੀ ਜਾਣਕਾਰੀ ਮਿਲਦੀ ਹੈ। ਗੁਰੂ ਗੋਬਿੰਦ ਸਿੰਘ ਸਬੰਧੀ ਵੀ ਨਾਟਕ ਦੇ ਦੂਜੇ ਪਾਤਰ ਹੀ ਟਿੱਪਣੀਆਂ ਕਰਦੇ ਹਨ। ਵਜ਼ੀਰ ਖਾਨ, ਸੁੱਚਾ ਨੰਦ, ਮਲੇਰਕੋਟਲੇ ਦਾ ਨਵਾਬ, ਗੰਗੂ ਅਤੇ ਮੁਗ਼ਲ ਫੌਜ ਦੇ ਦੋ ਕੁ ਜਰਨੈਲ ਵੀ ਇਤਿਹਾਸਕ ਪਾਤਰ ਹਨ।

ਨਾਟਕ ਦੇ ਪਹਿਲੇ ਦ੍ਰਿਸ਼ ਵਿਚ ਮੈਂ ਦੋ ਸੂਤਰਧਾਰ ਪੇਸ਼ ਕੀਤੇ। ਇਹ ਦੋ ਸੂਤਰਧਾਰ ਔਰਤਾਂ ਹਨ, ਜੋ ਅਸਲ ਵਿਚ ਚਮਕੌਰ ਸਾਹਿਬ ਅਤੇ ਸਰਹੰਦ ਦੀਆਂ ਧਰਤੀਆਂ ਹਨ। ਇਹ ਦੋਵੇਂ ਧਰਤੀਆਂ ਹੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਹੀ ਨਹੀਂ ਛੋਹੰਦੀਆਂ ਸਗੋਂ ਹੋਰ ਜ਼ਰੂਰੀ ਘਟਨਾਵਾਂ ਦੀ ਜਾਣਕਾਰੀ ਵੀ ਦਿੰਦੀਆਂ ਹਨ। ਇਸ ਤੋਂ ਅਗਲੇ ਦ੍ਰਿਸ਼ ਵਿਚ ਮੁਗ਼ਲ ਫੌਜ ਵੱਲੋਂ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਨੂੰ ਘੇਰਾ ਪਾਏ ਜਾਣ ਦੀ ਕਹਾਣੀ ਦੇ ਨਾਲ-ਨਾਲ, ਮੰਚ ਤੋਂ ਬਾਹਰ ਹੋ ਰਹੀ ਲੜਾਈ ਦੇ ਦ੍ਰਿਸ਼ ਦਾ ਵਰਣਨ ਦੋ ਸਿਪਾਹੀਆਂ ਵੱਲੋਂ ਕੀਤਾ ਜਾਂਦਾ ਹੈ। ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਵੱਲੋਂ ਦੁਸ਼ਮਣ ਫੌਜ ਦੇ ਇਕ ਕਹਿੰਦੇ-ਕਹਾਉਂਦੇ ਜਰਨੈਲ ਨੂੰ ਇੱਕੋ ਵਾਰ ਨਾਲ ਪਾਰ ਬੁਲਾਉਣ ਦੀ ਘਟਨਾ ਦਾ ਬਿਆਨ ਹੈ ਅਤੇ ਦੁਸ਼ਮਣ ਦੇ ਅਣਗਿਣਤ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਜ਼ਿਕਰ ਹੈ। ਉਸ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਬਹਾਦਰੀ ਅਤੇ ਸ਼ਹਾਦਤ ਸੰਬੰਧੀ ਦੱਸਿਆ ਗਿਆ ਹੈ। ਗੰਗੂ ਵੱਲੋਂ ਮਾਤਾ ਗੁਜਰੀ ਜੀ ਨਾਲ ਧੋਖਾ ਕਰਨਾ, ਫੇਰ ਉਨ੍ਹਾਂ ਨੂੰ ਫੌਜ ਦੇ ਹਵਾਲੇ ਕਰ ਦੇਣਾ, ਸਰਹੰਦ ਦੇ ਸੂਬੇਦਾਰ ਨੂੰ ਸੁੱਚਾ ਨੰਦ ਵੱਲੋਂ ਉਕਸਾਉਣਾ, ਮਲੇਰਕੋਟਲਾ ਦੇ ਨਵਾਬ ਵੱਲੋਂ ਸਾਹਿਬਜ਼ਾਦਿਆਂ ਵਿਰੁੱਧ ਕੋਈ ਵੀ ਕਾਰਵਾਈ ਕਰਨ ਤੋਂ ਰੋਕਣਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਆਮ ਲੋਕਾਂ ਵਿਚ ਇਸ ਜ਼ੁਲਮ ਦਾ ਵਿਰੋਧ, ਇਕ ਔਰਤ ਵੱਲੋਂ ਕੱਟੜ ਮੁਗ਼ਲ ਸਿਪਾਹੀ ਨੂੰ ਅਸਲੀਅਤ ਸਮਝਾਉਣਾ ਅਤੇ ਅੰਤ ਵਿਚ ਇਸੇ ਔਰਤ ਵੱਲੋਂ ਅਜੋਕੀ ਸਿੱਖ ਪੀੜ੍ਹੀ ਨੂੰ ਸਾਹਿਬਜ਼ਾਦਿਆਂ ਦੇ ਦਿਖਾਏ ਰਾਹ ਤੇ ਚੱਲਣ ਦੀ ਪ੍ਰੇਰਣਾ ਦੇਣੀ ਆਦਿ ਘਟਨਾਵਾਂ ਇਸ ਨਾਟਕ ਵਿਚ ਹਨ।

ਇਹ ਨਾਟਕ ਇਮਪੈਕਟ ਆਰਟਸ ਵੱਲੋਂ ਰੰਗ ਮੰਚ ਦੀ ਇਕ ਮੰਨੀ ਪ੍ਰਮੰਨੀ ਸਖਸ਼ੀਅਤ ਬਨਿੰਦਰ ਜੀਤ ਸਿੰਘ ਦੀ ਨਿਰਦੇਸ਼ਨਾ ਵਿਚ ਪੇਸ਼ ਕੀਤਾ ਗਿਆ। ਬਨਿੰਦਰ ਆਪਣੇ ਸਾਥੀਆਂ ਵੱਚ 'ਬੰਨੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਨੇ ਹੁਣ ਤੱਕ ਵੀਹ ਤੋਂ ਉੱਪਰ ਨਾਟਕਾਂ ਦਾ ਨਿਰਦੇਸ਼ਨ ਕੀਤਾ ਹੈ ਅਤੇ ਕਈ ਨਾਟਕਾਂ ਵਿਚ ਅਦਾਕਾਰੀ ਕੀਤੀ ਹੈ। ਰੰਗ ਮੰਚ ਦੇ ਨਾਲ-ਨਾਲ ਉਹ ਪੰਜਾਬੀ ਦੀਆਂ ਕਈ ਫਿਲਮਾ ਵਿਚ ਅਦਾਕਾਰੀ ਦੇ ਜ਼ੌਹਰ ਦਿਖਾ ਚੁੱਕਿਆ ਹੈ। ਅੱਜ-ਕਲ੍ਹ ਤਾਂ ਉਹ ਫਿਲਮਾ ਵਿਚ ਏਨਾ ਮਸ਼ਰੂਫ਼ ਹੈ ਕਿ ਰੰਗ ਮੰਚ ਲਈ ਸਮਾਂ ਵੀ ਮੁਸ਼ਕਲ ਨਾਲ ਹੀ ਕੱਢਦਾ ਹੈ। ਬੰਨੀ ਦੀ ਖਾਸੀਅਤ ਇਹ ਹੈ ਕਿ ਨਾਟਕ ਦੀ ਨਿਰਦੇਸ਼ਨਾ ਸਮੇਂ ਕਲਾਕਾਰਾਂ ਨੂੰ ਕਿਸੇ ਕਿਸਮ ਦੀਆਂ ਬੰਦਸ਼ਾਂ ਵਿਚ ਕੈਦ ਕਰਨ ਨਾਲੋਂ ਉਨ੍ਹਾਂ ਦੀ ਅੰਦਰੂਨੀ ਮੌਲਿਕਤਾ ਨੂੰ ਵਿਗਸਣ ਦਾ ਮੌਕਾ ਦਿੰਦਾ ਹੈ। ਇਹੋ ਕਾਰਨ ਹੈ ਕਿ 'ਇਮਪੈਕਟ ਆਰਟਸ' ਦੇ ਕਲਾਕਾਰ, ਅਦਾਕਾਰੀ ਦੀ ਮੌਲਿਕ ਸ਼ੈਲੀ ਲਈ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਪੇਸ਼ਕਾਰੀਆਂ ਪੇਸ਼ੇਵਰ ਪੱਧਰ ਦੇ ਕਲਾਕਾਰਾਂ ਵਰਗੀਆਂ ਹੁੰਦੀਆਂ ਹਨ। ਨਾਟਕ ਲਈ ਲੋੜ ਮੁਤਾਬਕ ਢੁਕਵੀਆਂ ਪੁਸ਼ਾਕਾਂ ਬਣਵਾਉਣੀਆਂ, ਨਾਟਕ ਦੇ ਮਾਹੌਲ ਅਨੁਸਾਰ ਸੰਗੀਤ ਦੀ ਰਿਕਾਰਡਿੰਗ ਕਰਵਾਉਣੀ, ਰੌਸ਼ਨੀ ਦੀ ਵਿਉਂਤਕਾਰੀ ਆਦਿ ਪੱਖਾਂ ਤੇ ਬੰਨੀ ਕਦੇ ਸਮਝੌਤਾ ਨਹੀਂ ਕਰਦਾ। ਇਸੇ ਲਈ ਦਰਸ਼ਕ ਉਸ ਦੇ ਨਾਟਕਾਂ ਦੀ ਉਡੀਕ ਕਰਦੇ ਹਨ ਅਤੇ





ਇਮਪੈਕਟ ਆਰਟਸ ਚੰਡੀਗੜ੍ਹ ਵੱਲੋਂ ਖੇਡੇ ਗਏ ਨਾਟਕ 'ਸੂਰਾ ਸੋ ਪਹਿਚਾਨੀਐ' ਦੇ ਦੋ ਦ੍ਰਿਸ਼

ਮੰਚ ਆਲੋਚਕ ਉਸ ਦੀਆਂ ਪੇਸ਼ਕਾਰੀਆਂ ਦੀ ਉਸਤਤ ਕਰਦੇ ਹਨ।

ਨਾਟਕ ਦੇ ਸ਼ੁਰੂ ਹੁੰਦੇ ਹੀ ਚਮਕੌਰ ਅਤੇ ਸਰਹੰਦ ਦੀਆਂ ਧਰਤੀਆਂ ਦੇ ਰੂਪ ਵਿਚ ਕਮਲਦੀਪ ਕੌਰ ਅਤੇ ਤਮੰਨਾ ਮੰਚ ਤੇ ਪ੍ਰਵੇਸ਼ ਕਰਦੀਆਂ ਹਨ। ਸੂਤਰਧਾਰ ਦਾ ਮੰਤਵ ਹੁੰਦਾ ਹੈ ਨਾਟਕ ਦੀ ਮੁਢਲੀ ਜਾਣਕਾਰੀ ਦੇਣੀ। ਇਸ ਲਈ ਉਨ੍ਹਾਂ ਦੇ ਬੋਲਣ ਦਾ ਲਹਿਜ਼ਾ ਸਹਿਜ ਹੀ ਹੁੰਦਾ ਹੈ। ਪਰ ਇਸ ਨਾਟਕ ਵਿਚ ਇਹਨਾਂ ਦੋਹਾਂ ਕਲਾਕਾਰਾਂ ਨੇ ਸਹਿਜ ਦੇ ਨਾਲ-ਨਾਲ ਕੁਝ ਭਾਵਕਤਾ ਵੀ ਦਰਸਾਉਣੀ ਸੀ। ਅਜਿਹੇ ਸੁਮੇਲ ਨੂੰ ਮੰਚ ਕੇ ਸਾਕਾਰ ਕਰਨਾ ਕੋਈ ਸੌਖਾ ਕਾਰਜ ਨਹੀਂ।ਕਮਲਦੀਪ ਅਤੇ ਤਮੰਨਾ ਨੇ ਆਪਣੀ ਅਦਾਕਾਰੀ ਨਾਲ ਨਾਟਕ ਨੂੰ ਇਕ ਸਹੀ ਦਿਸ਼ਾ ਹੀ ਪ੍ਰਦਾਨ ਨਹੀਂ ਕੀਤੀ ਸਗੋਂ ਆਪਣੀਆਂ ਭਾਵਨਾਵਾਂ ਨਾਲ ਦਰਸ਼ਕਾਂ ਨੂੰ ਵੀ ਵਹਾ ਲਿਆ। ਜਿੱਥੇ ਲੋੜ ਮੁਤਾਬਕ ਉਨ੍ਹਾਂ ਦੀਆਂ ਅੱਖਾਂ ਚੋਂ ਹੰਝੂ ਡਲ੍ਹਕਦੇ ਮਹਿਸੂਸ ਹੁੰਦੇ ਸਨ, ਉਥੇ ਹੀ ਕੁਝ ਦਰਸ਼ਕਾਂ ਦੀਆਂ ਅੱਖਾਂ ਵੀ ਗਿੱਲੀਆਂ ਹੋਣ ਤੋਂ ਨਾ ਰਹਿ ਸਕੀਆਂ। ਪਹਿਲੇ ਦ੍ਰਿਸ਼ ਨੇ ਹੀ ਦਰਸ਼ਕਾਂ ਨੂੰ ਸਤਰਕ ਕਰ ਦਿੱਤਾ ਕਿ ਉਨ੍ਹਾਂ ਦੀ ਰੰਗ ਮੰਚ ਭੁੱਖ ਦੀ ਤ੍ਰਿਪਤੀ ਹੋਣ ਵਾਲੀ ਹੈ। ਦੂਜੇ ਦ੍ਰਿਸ਼ ਵਿਚ ਇੱਕੋ ਦਮ ਨਾਟਕ ਦਾ ਮਾਹੌਲ ਬਦਲਦਾ ਹੈ। ਭਾਵੁਕਤਾ ਦਾ ਰੰਗ ਬੀਰ ਰਸ ਵਿਚ ਬਦਲ ਜਾਂਦਾ ਹੈ।ਮੁਗ਼ਲ ਫੌਜ ਦਾ ਆਹਲਾ ਅਹੁਦੇਦਾਰ ਨਾਹਰ ਖਾਨ ਆਪਣੀ ਫੌਜ ਦਾ ਹੌਂਸਲਾ ਵਧਾਉਣ ਲਈ ਜਜ਼ਬਾਤੀ ਵਾਰਤਾਲਾਪ ਬੋਲਦਾ ਹੈ। ਨਾਹਰ ਖਾਨ ਦੇ ਕਿਰਦਾਰ ਦੇ ਰੂਪ ਵਿਚ ਬਲਵਿੰਦਰ ਸਿੰਘ ਦੀ ਅਦਾਕਾਰੀ ਸਲਾਹੁਣਯੋਗ ਸੀ। ਇਸ ਦ੍ਰਿਸ਼ ਦੇ ਅੰਤ ਵਿਚ ਜਦੋਂ ਉਹ ਜਖਮੀ ਦੇ ਰੂਪ ਵਿਚ ਮੰਚ ਤੇ ਆਉਂਦਾ ਹੈ ਤਾਂ ਵੀ ਪ੍ਰਭਾਵਿਤ ਕਰਦਾ ਹੈ। ਸਾਹਿਬਜ਼ਾਦਾ ਅਜੀਤ ਸਿੰਘ ਵੱਲੋਂ ਦਿਖਾਏ ਜਾ ਰਹੇ ਲੜਾਈ ਦੇ ਜ਼ੌਹਰ ਭਾਵੇਂ ਮੰਚ ਦੇ ਪਿਛੇ ਵਾਪਰ ਰਹੇ ਹਨ ਪਰ ਮੁਗ਼ਲ ਸੈਨਾ ਦੇ ਦੋ ਸਿਪਾਹੀਆਂ ਵੱਲੋਂ ਗੱਲ-ਬਾਤ ਇਸ ਢੰਗ ਨਾਲ ਕੀਤੀ ਦਾ ਰਹੀ ਹੈ ਕਿ ਦਰਸ਼ਕ ਉਹ ਦ੍ਰਿਸ਼ ਆਪ ਦੇਖ ਰਹੇ ਮਹਿਸੂਸ ਕਰਦੇ ਹਨ। ਹਰਮਨ ਅਤੇ ਗੁਰਕੀਰਤ ਨੇ ਸਿਪਾਹੀਆਂ ਦੇ ਕਿਰਦਾਰ ਵਧੀਆ ਢੰਗ ਨਾਲ ਨਿਭਾਏ। ਪੰਜਵੇਂ ਦ੍ਰਿਸ਼ ਵਿਚ ਗੁਰੂ ਸਾਹਿਬ ਦੇ ਰਸੋਈਏ ਗੰਗੂ ਵੱਲੋਂ ਕੀਤੇ ਧੋਖੇ ਦਾ ਜ਼ਿਕਰ ਹੈ। ਮਨੀਸ਼ ਸ਼ਰਮਾ ਨੇ ਗੰਗੂ ਦੇ ਕਿਰਦਾਰ ਨੂੰ ਠੀਕ ਢੰਗ ਨਾਲ ਨਿਭਾਇਆ। ਉਹ ਜਦੋਂ ਆਪਣੀ ਆਤਮਾ ਦੀ ਅਵਾਜ਼ ਸੁਣਦਾ ਹੈ ਤਾਂ ਉਸਦਾ ਅੰਦਰੂਨੀ ਡਰ ਉਸ ਦੇ ਚਿਹਰੇ ਤੋਂ ਭਲੀ-ਭਾਂਤ ਦਿਖਾਈ ਦਿੰਦਾ ਹੈ। ਛੇਵਾਂ ਅਤੇ ਸੱਤਵਾਂ ਦ੍ਰਿਸ਼ ਵਜ਼ੀਰ ਖਾਨ ਦੀ ਕਚਹਿਰੀ ਦਾ ਹੈ। ਇਹ ਦੋਵੇਂ ਦ੍ਰਿਸ਼ ਹੀ ਨਾਟਕੀ ਟੱਕਰ ਨਾਲ ਭਰਭੂਰ ਹਨ। ਇਹਨਾਂ ਦੋਹਾਂ ਦ੍ਰਿਸ਼ਾਂ ਵਿਚ ਵਜ਼ੀਰ ਖ਼ਾਨ(ਨਿਖਲ ਮਹਿਤਾ), ਸੁੱਚਾ ਨੰਦ(ਅਖਿਲ ਅਰੋੜਾ), ਕਰੀਮ ਬਖਸ਼(ਮੋਹਿਤ), ਨਵਾਬ(ਰਵੀਤਾਜ ਸਿੰਘ )ਅਤੇ ਕਾਜ਼ੀ( ਹਿਤੇਸ਼ ਕੁਮਾਰ)ਦੀ ਅਦਾਕਾਰੀ ਦੀ ਬਦੌਲਤ ਇਸ ਨਾਟਕ ਦੀ ਪੇਸ਼ਕਾਰੀ ਨੂੰ ਦਰਸ਼ਕ ਲੰਮੇ ਸਮੇਂ ਤੱਕ ਯਾਦ ਰੱਖਣ ਗੇ। ਵਜ਼ੀਰ ਖਾਨ ਦਾ ਗੁੱਸਾ, ਸੁੱਚਾ ਨੰਦ ਦਾ ਉਕਸਾਉਣਾ, ਨਵਾਬ ਦਾ ਪੱਕੇ ਇਰਾਦੇ ਵਾਲੇ ਹਾਕਮ ਦੇ ਤੌਰ ਤੇ ਅਤੇ ਕਾਜ਼ੀ ਵੱਲੋਂ ਕਦੇ ਸੂਬੇਦਾਰ ਦੀ ਗੱਲ ਨਾ ਮੰਨਣੀ ਅਤੇ ਕਦੇ ਹਾਂ ਵਿਚ ਹਾਂ ਮਿਲਾਉਣਾ, ਕਲਾਕਾਰਾਂ ਨੇ ਮੰਚ ਤੇ ਸਜੀਵ ਕੀਤਾ। ਨੌਵੇਂ ਦ੍ਰਿਸ਼ ਵਿਚ ਜਦੋਂ ਔਰਤ(ਨੇਹਾ ਧੀਮਾਨ)ਦੋ ਮੁਗ਼ਲ ਸਿਪਾਹੀਆਂ ਨਾਲ ਧਰਮ, ਸਿੱਖੀ ਅਸੂਲਾਂ, ਮੁਗ਼ਲ ਸਲਤਨਤ ਵੱਲੋਂ ਸਿੱਖਾਂ ਨਾਲ ਕੀਤੀਆਂ ਜਿਆਦਤੀਆਂ, ਸਾਹਿਬਜ਼ਾਦਿਆਂ ਦੇ ਸਿਦਕ ਦੀਆਂ ਗੱਲਾਂ ਕਰਦੀ ਹੈ ਤਾਂ ਪਹਿਲਾਂ ਤਾਂ ਇਕ ਸਿਪਾਹੀ ਇਸਲਾਮ ਵਿਰੁੱਧ ਕੁਝ ਸੁਣਨ ਨੂੰ ਤਿਆਰ ਨਹੀਂ ਹੁੰਦਾ ਪਰ ਜਦੋਂ ਉਹ ਔਰਤ ਉਸ ਨੂੰ ਪਿਆਰ ਨਾਲ ਸਭ ਕੁਝ ਸਮਝਾਉਂਦੀ ਹੈ ਤਾਂ ਉਹ ਵੀ ਆਪਣੇ ਨਾਲ ਦੇ ਸਿਪਾਹੀ ਵਾਂਗ ਮਹਿਸੂਸ ਕਰਦਾ ਹੈ ਕਿ ਹੁਕਮਰਾਨਾਂ ਨੇ ਹੀ ਸਿੱਖਾਂ ਨਾਲ ਗਲਤ ਕੀਤਾ ਹੈ। ਨੇਹਾ ਧੀਮਾਨ ਦੀ ਅਦਾਕਾਰੀ ਉੱਚ ਦਰਜੇ ਦੀ ਸੀ। ਨੇਹਾ ਦੀ ਅਦਾਕਾਰੀ ਤੋਂ ਇਹ ਨਹੀਂ ਸੀ ਲੱਗ ਰਿਹਾ ਕਿ ਉਹ ਕੋਈ ਯਾਦ ਕੀਤੇ ਵਾਰਤਾਲਾਪ ਬੋਲ ਰਹੀ ਹੈ। ਉਸ ਦੇ ਬੋਲ ਧੁਰ ਅੰਦਰੋਂ ਨਿੱਕਲ ਰਹੇ ਸਨ ਅਤੇ ਚਿਹਰੇ ਤੇ ਪੈਦਾ ਹੋ ਰਹੇ ਪ੍ਰਭਾਵ ਉਸਦੇ ਬੋਲਾਂ ਦੀ ਸਹੀ ਤਰਜਮਾਨੀ ਕਰ ਰਹੇ ਸੀ। ਇਹੋ ਇਕ ਸਫਲ ਅਦਾਕਾਰ ਦੀ ਪਹਿਚਾਣ ਹੁੰਦੀ ਹੈ। ਆਖਰੀ ਦ੍ਰਿਸ਼ ਵਿਚ ਇਕ ਵਾਰ ਫੇਰ ਚਮਕੌਰ ਅਤੇ ਸਰਹੰਦ ਦੀਆਂ ਧਰਤੀਆਂ ਆਉਂਦੀਆਂ ਹਨ। ਪਰ ਇਸ ਵਾਰ ਉਨ੍ਹਾਂ ਨਾਲ ਅੱਠਵੇਂ ਦ੍ਰਿਸ਼ ਵਾਲੀ ਔਰਤ ਵੀ ਰਲ ਜਾਂਦੀ ਹੈ ਜਿਸ ਨੂੰ ਇਹ ਦੁੱਖ ਹੈ ਕਿ ਜਿੱਥੇ ਦੂਜੀਆਂ ਦੋ ਧਰਤੀਆਂ ਨੂੰ ਦੁਸ਼ਮਣ ਨੇ ਕਦੇ ਵੀ ਨਾ ਭਰੇ ਜਾਣ ਵਾਲੇ ਜ਼ਖ਼ਮ ਦਿੱਤੇ ਹਨ ਉੱਥੇ ਉਸ ਨੂੰ ਆਪਣੇ ਹੀ ਲਹੂ ਲੁਹਾਣ ਕਰ ਰਹੇ ਹਨ। ਜਿੱਥੇ ਚਾਰੇ ਸਾਹਿਬਜ਼ਾਦਿਆਂ ਅਤੇ ਅਣ-ਗਿਣਤ ਸ਼ਹੀਦਾਂ ਨੇ ਸਿੱਖ ਧਰਮ ਅਤੇ ਸਿੱਖੀ ਸਰੂਪ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਉੱਥੇ ਅੱਜ ਦੀ ਸਿੱਖ ਪੀੜ੍ਹੀ ਆਪਣੇ ਸਿੱਖੀ ਸਰੂਪ ਤੋਂ ਹੀ ਦੂਰ ਹੋ ਰਹੀ ਹੈ। ਪਿਛੋਕੜ ਤੋਂ ਇਕ ਕਵਿਸ਼ਰੀ ਦੀ ਅਵਾਜ਼ ਆਉਂਦੀ ਹੈ

ਅੱਜ ਚਮਕੌਰ ਦੀ ਗੜ੍ਹੀ ਬੁਲਾਉਂਦੀ ਹੈ/ ਸਰਹੰਦ ਦੀ ਕੰਧ 'ਚੋਂ ਸੁਣੋ ਵੀਰੋ/ਆਵਾਜ ਇਹੋ ਹੀ ਆਉਂਦੀ ਹੈ/ਦਸ਼ਮੇਸ਼ ਦੇ ਦੱਸੇ ਰਾਹ ਉੱਤੇ/ ਤੁਸੀਂ ਘੱਤ ਵਹੀਰਾਂ ਆ ਜਾਵੋ/ਸਿੱਖੀ ਸਿਦਕ ਦੇ ਬੂਟੇ ਨੂੰ/ਘਣ ਸੰਘਣਾ ਤੁਸੀਂ ਬਣਾ ਜਾਵੋ-

ਨਾਟਕ ਦੇ ਕਲਾਕਾਰਾਂ ਦਾ ਮੇਕਅੱਪ ਪਾਤਰਾਂ ਅਨੁਸਾਰ ਢੁਕਵਾਂ ਸੀ। ਕਵਿਸ਼ਰੀਆਂ ਤਾਂ ਪਹਿਲਾਂ ਤੋਂ ਹੀ ਰਿਕਾਰਡ ਕੀਤੀਆਂ ਹੋਈਆਂ ਸੀ ਪਰ ਥਾਂ ਪੁਰ ਥਾਂ ਦ੍ਰਿਸ਼ ਦੀ ਲੋੜ ਅਨੁਸਾਰ ਪਿਛੋਕੜ ਤੋਂ ਦਿੱਤਾ ਜਾ ਰਿਹਾ ਸੰਗੀਤ ਵੀ ਢੁਕਵਾਂ ਪ੍ਰਭਾਵ ਪਾ ਰਿਹਾ ਸੀ। ਰੌਸ਼ਨੀ ਦੀ ਸੁਚੱਜੀ ਵਰਤੋਂ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਪਾਤਰਾਂ ਦੀ ਵੇਸ-ਭੂਸ਼ਾ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਸੀ।

ਅਜਿਹੀਆਂ ਪੇਸ਼ਕਾਰੀਆਂ ਦਰਸ਼ਕਾਂ ਨੂੰ ਪੰਜਾਬੀ ਰੰਗ-ਮੰਚ ਵੱਲ ਪ੍ਰੇਰਿਤ ਕਰਨ ਲਈ ਅਹਿਮ ਹਿੱਸਾ ਪਾ ਰਹੀਆਂ ਹਨ।

## ਮਿੰਨੀ ਕਹਾਣੀਆਂ

### ਮਿਲਣੀ

ਦੋਵੇਂ ਘਾਗ ਸਿਆਸਤਦਾਨ ਇੱਕ ਦੂਜੇ ਨੂੰ ਮਿਲਣ ਦਾ ਬਹਾਨਾ ਘੜਦੇ ਆਖਰ ਮਿਲ ਹੀ ਗਏ। ਪਿਆਰ ਦੀਆਂ ਗੱਲਾਂ ਕਰਦੇ ਬਗਲਗੀਰ ਹੁੰਦੇ ਆਖਰ ਗਿਲੇ ਸ਼ਿਕਵੇ 'ਤੇ ਉਤਰ ਆਏ।

"ਮੈਂ ਤੈਨੂੰ ਆਪਣਾ ਕਹਿ ਕੇ ਦਿੱਤਾ ਆਪਣਾ ਬੜਾ ਪਛਤਾਇਆ। ਮੈਂ ਤੈਨੂੰ ਆਪਣੀ ਉਲਾਦ ਕਹਿ ਕੇ ਬੜਾ ਪਛਤਾਇਆ। ਮੈਂ ਤੈਨੂੰ ਆਪਣਾ ਪੁੱਤਰ ਕਹਿ ਕੇ ਬੜੀ ਬੱਜਰ ਗਲਤੀ ਕੀਤੀ। ਤੂੰ ਪੁੱਤਰ ਨਹੀਂ, ਸਰੀਕ ਬਣ ਬੈਠਾ ਮੇਰਾ। ਮੈਂ ਤੈਨੂੰ ਕਿਹੜਾ ਪਦਾਰਥ ਨਹੀਂ ਦਿੱਤਾ? ਤੂੰ ਦਿਨ-ਰਾਤ ਮੰਗਤਾ ਈ ਬਣਿਆ ਰਿਹਾ। ਭੁੱਖੜ! ਸ਼ੈਤਾਨ!" ਇਹ ਸਾਰੇ ਸ਼ਬਦ ਉਸ ਦਾ ਦਰਦ ਬਿਆਨ ਨਾ ਕਰ ਸਕੇ।

"ਮੈਂ ਵੀ ਤੈਨੂੰ ਪਿਉ ਮੰਨ ਕੇ ਬੜਾ ਪਛਤਾਇਆ। ਤੇਰੇ ਝੂਠੇ ਲਾਰਿਆਂ 'ਤੇ ਬੜਾ ਪਛਤਾਇਆ। ਮੈਂ ਤੇਰੇ ਨਾਉਂ 'ਤੇ ਇੱਕ ਦੂਜੇ ਦਾ ਸਿਰ ਵੱਢਦਾ ਰਿਹਾ ਹਾਂ। ਤੇਰੇ ਕਹੇ ਤੋਂ ਖੂਨ ਦੀਆਂ ਨਦੀਆਂ ਵਹਾਈਆਂ ਹਨ। ਅਸੀਂ ਭੁੱਖੇ ਮਰਦੇ ਹਾਂ, ਤੂੰ ਗੁਲਸ਼ੱਰੇ ਉਡਾਉਂਦਾ ਰਿਹਾ ਏਂ? ਤੂੰ ਸ਼ੈਤਾਨ ਦੇ ਹੱਕ ਵਿਚ ਭੁਗਤਿਆ ਰਿਹਾ ਹੈ?" ਪੁੱਤ ਦਾ ਗੁੱਸਾ ਵੀ ਚਾਰੇ ਹੱਦਾਂ ਟੱਪ ਗਿਆ ਸੀ।

"ਛੱਡ ਪਰ੍ਹਾਂ ਝਗੜਾ ਝੇੜਾ। ਤੇਰਾ ਰਾਹ ਤੇਰਾ।...ਮੇਰਾ ਰਾਹ ਮੇਰਾ।" ਇਕ ਦੂਜੇ ਨੂੰ ਮਿਲਣ ਦਾ ਵਾਹਦਾ ਕਰਕੇ ਆਪੋ ਆਪਣੇ ਰਾਹ ਪੈ ਗਏ।

-ਕਰਮ ਸਿੰਘ ਮਾਨ
ਫੋਨ: 559-261-5024

---

### ਵਟਸਐਪ ਗਰੁੱਪ

"ਯਾਰ! ਤੇਰੇ ਵੱਟਸ ਐਪ ਗਰੁੱਪ ਚ' ਸਿਰਫ ਅੱਠ ਬੰਦੇ ਨੇ, ਮੇਰਾ ਮੋਬਾਈਲ ਦੇਖ, ਕੋਈ ਅੱਠ ਗਰੁੱਪ ਹੋਣਗੇ" ਉਹ ਅੱਗੋਂ ਕੁਝ ਹੋਰ ਬੋਲਦਾ, ਮੈਂ ਕਿਹਾ, "ਦੁੱਖ ਸੁੱਖ ਵਿਚ ਕਿੰਨੇ ਕੁ ਕੰਮ ਆਉਣ ਵਾਲੇ ਨੇ?"

ਉਹ ਆਖਣ ਲੱਗਾ, "ਪਿੱਛੇ ਜਿਹੇ ਉਹਦੀ ਘਰ ਵਾਲੀ ਰਾਤ ਨੂੰ ਬੜੀ ਬੀਮਾਰ ਹੋ ਗਈ, ਘਰ ਵਿਚ ਕਾਰ ਹੈ ਨਹੀਂ ਸੀ, ਹਸਪਤਾਲ ਲੈ ਕੇ ਜਾਣਾ ਸੀ, ਸਾਰੇ ਗਰੁੱਪਾਂ 'ਚ ਮੈਸੇਜ ਭੇਜਿਆ, ਪੜ੍ਹ ਸਭ ਨੇ ਲਿਆ, ਪਰ ਕਿਸੇ ਨੇ ਜਵਾਬ ਨਾ ਦਿੱਤਾ। ਨਾਲ ਦੇ ਪੜੋਸੀ ਦੀ ਘੰਟੀ ਮਾਰੀ, ਉਹਦੇ ਕੋਲ ਆਟੋ ਸੀ, ਉਹ ਝੱਟ ਪਹੁੰਚ ਗਿਆ। ਉਹਦੀ ਪਤਨੀ ਵੀ ਨਾਲ ਆ ਗਈ। ਜਿੰਨੀ ਦੇਰ ਅਸੀਂ ਹਸਪਤਾਲ ਰਹੇ, ਉਹ ਸਾਡੇ ਨਾਲ ਹੀ ਰਹੇ, ਘਰ ਆਉਣ ਤੱਕ ਪੂਰਾ ਸਾਥ ਦਿੱਤਾ।"

ਮੈਂ ਵਿਚੋਂ ਹੀ ਕਿਹਾ, "ਇਹਦਾ ਨਾਂ ਗਰੁੱਪ 'ਚ ਨਹੀਂ ਹੋਣਾ, ਇਹ ਗੁੱਡ ਮੌਰਨਿੰਗ ਵਾਲਾ ਫਰੈਂਡ ਨਹੀਂ ਹੋਣਾ। ਅਸੀਂ ਹੈ ਤਾਂ ਅੱਠ ਬੰਦੇ, ਗੁੱਡ ਮੌਰਨਿੰਗ ਵੀ ਕਰਦੇ ਹਾਂ, ਪਰ ਕਿਸੇ ਦਾ ਦੁੱਖ-ਸੁੱਖ ਦਾ ਮੈਸੇਜ ਆਉਣ ਦੀ ਦੇਰ ਹੈ, ਮੈਸੇਜ ਕਰਦੇ ਹਾਂ, ਪਹੁੰਚ ਰਹੇ ਹਾਂ, ਤੇ ਬਣਦੀ ਸੇਵਾ ਨਿਭਾਉਂਦੇ ਹਾਂ। ਬੱਸ ਇਸੇ ਲਈ ਸਾਡਾ 'ਵੱਟਸਐਪ ਗਰੁੱਪ ਅੱਠ ਬੰਦਿਆਂ ਦਾ ਅੱਠ ਗਰੁੱਪਾਂ ਦੇ ਬਰਾਬਰ ਹੈ।"

-ਕੰਵਲਜੀਤ ਕੌਰ ਜੁਨੇਜਾ
ਫੋਨ: 91-98120-32868

# ਬੈਚ ਫੁੱਲ ਓਕ: ਸਿਰੜੀ ਕਾਮੇ

ਓਕ (Oak) ਪ੍ਰਵਿਰਤੀ ਦੇ ਮਰੀਜ਼ ਸਿਰੜੀ ਹੁੰਦੇ ਹਨ। ਡਾ. ਦਰਸ਼ਨ ਸਿੰਘ ਵੋਹਰਾ ਉਨ੍ਹਾਂ ਨੂੰ ਆਸਵੰਦ ਜਾਂ ਦ੍ਰਿੜ-ਵਿਸ਼ਵਾਸੀ ਕਹਿੰਦਾ ਹੈ, ਕਿਉਂਕਿ ਉਹ ਦੁਸ਼ਵਾਰ ਹਾਲਤਾਂ ਵਿਚ ਵੀ ਉਮੀਦ ਨਹੀਂ ਛੱਡਦੇ। ਜਿਨ੍ਹਾਂ ਨੇ ਪੁਰਾਣੀ ਹਿੰਦੀ ਫਿਲਮ 'ਜਵਾਬ' (1955) ਦੇਖੀ ਹੈ, ਉਨ੍ਹਾਂ ਨੂੰ ਬਲਰਾਜ ਸਾਹਨੀ ਦਾ ਨਿਭਾਇਆ ਉਹ ਕਿਰਦਾਰ ਚੇਤੇ ਹੋਵੇਗਾ, ਜਿਸ ਨੇ ਬਿਮਾਰ ਹਾਲਤ ਵਿਚ ਰੇਹੜੀ ਖਿੱਚਦੇ ਹੋਏ 'ਆਜ ਗਮ ਕਲ ਖੁਸ਼ੀ ਸੁਨ ਲੇ ਪਿਆਰੇ, ਆਦਮੀ ਵਹੀ ਜੋ ਹਿੰਮਤ ਨਾ ਹਾਰੇ' ਵਾਲਾ ਗਾਣਾ ਗਾਇਆ ਸੀ। ਇਸ ਨੂੰ ਗੁਣਗੁਣਾ ਕੇ ਅੱਜ ਵੀ ਕਈ ਲੋਕ ਆਪਣੇ ਆਪ ਨੂੰ ਧੀਰਜਵਾਨ ਬਣਦੇ ਮਹਿਸੂਸ ਕਰਦੇ ਹਨ। ਜਿਨ੍ਹਾਂ ਨੇ ਇਹ ਫਿਲਮ ਨਹੀਂ ਦੇਖੀ, ਉਨ੍ਹਾਂ ਨੇ 'ਮਦਰ ਇੰਡੀਆ' (1957) ਜਰੂਰ ਦੇਖੀ ਹੋਵੇਗੀ, ਜਿਸ ਵਿਚ ਨਰਗਿਸ 'ਤੇ ਇਹ ਗਾਣਾ ਫਿਲਮਾਇਆ ਗਿਆ ਸੀ, 'ਦੁਨੀਆਂ ਮੇਂ ਹਮ ਆਏ ਹੈਂ ਤੋ ਜੀਨਾ ਹੀ ਪੜੇਗਾ, ਜੀਵਨ ਹੈ ਇਕ ਜ਼ਹਿਰ ਤੋ ਪੀਨਾ ਹੀ ਪੜੇਗਾ।' ਇਸ ਨੂੰ ਦੇਖਣ ਲਈ ਤਾਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵੀ ਸਿਨੇਮਾ ਘਰ ਗਿਆ ਸੀ। ਇਹ ਦੋਵੇਂ ਕਿਰਦਾਰ ਬੈਚ ਫੁੱਲ ਦਵਾਈ ਓਕ ਦੀਆਂ ਪੱਕੀਆਂ ਮਿਸਾਲਾਂ ਹਨ। ਨਾਮ ਭਾਵੇਂ ਕੋਈ ਦਿਓ, ਬੱਸ ਇਸੇ ਤਰ੍ਹਾਂ ਦਾ ਹਾਰ ਨਾ ਮੰਨਣ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਵਾਲਾ ਸੁਭਾਅ ਹੁੰਦਾ ਹੈ ਬੈਚ ਫੁੱਲ ਦਵਾਈ ਓਕ ਦੇ ਮਰੀਜ਼ਾਂ ਦਾ।

ਇਸ ਤੋਂ ਪਾਠਕ ਇਹ ਵੀ ਅੰਦਾਜ਼ਾ ਨਾ ਲਾਉਣ ਕਿ ਓਕ ਦੇ ਮਰੀਜ਼ ਫਿਲਮਾਂ ਵਿਚ ਕੰਮ ਕਰਦੇ ਐਕਟਰ ਹੀ ਹੁੰਦੇ ਹਨ। ਓਕ ਪ੍ਰਵਿਰਤੀ ਦੇ ਮਾਲਕ ਹਰ ਥਾਂ ਮਿਲਦੇ ਹਨ। ਹਰ ਬੈਂਕ ਵਿਚ ਕਈ ਅਜਿਹੇ ਸਨਕੀ ਕਲਰਕ ਹੁੰਦੇ ਹਨ, ਜੋ ਆਪਣੇ ਕੰਮ ਵਿਚ ਕੋਈ ਕਮੀ ਨਹੀਂ ਰਹਿਣ ਦੇਣਾ ਚਾਹੁੰਦੇ। ਇਕ ਗਲਤੀ ਨਿਕਲ ਆਵੇ, ਸ਼ੱਕ ਕਰਦੇ ਰਹਿੰਦੇ ਹਨ ਕਿ ਗਲਤੀਆਂ ਸ਼ਾਇਦ ਹੋਰ ਵੀ ਹੋਣਗੀਆਂ। ਇਸ ਲਈ ਉਹ ਉਸੇ ਖਾਤੇ ਨੂੰ ਘੰਟਿਆਂ ਬੱਧੀ ਚੈਕ ਕਰਦੇ ਰਹਿੰਦੇ ਹਨ। ਵਿਚ ਵਿਚਾਲੇ ਜੇ ਭੁੱਖ ਪਿਆਸ ਲੱਗੇ, ਉਹ ਤਾਂ ਵੀ ਨਹੀਂ ਉੱਠਦੇ। ਕਈ ਲੰਮੀ ਦੂਰੀ ਦੇ ਡਰਾਈਵਰ ਤੈਅ ਕਰ ਕੇ ਚਲਦੇ ਨੇ ਕਿ 400 ਮੀਲ 'ਤੇ ਜਾ ਕੇ ਰੁਕਣਗੇ, ਪਰ ਇੰਨਾ ਪੈਂਡਾ ਸਫਰ ਕਰਨ ਤੋਂ ਬਾਅਦ ਵੀ 200 ਮੀਲ ਹੋਰ ਚਲਣ ਦਾ ਮਨ ਬਣਾ ਲੈਂਦੇ ਹਨ। ਉਹ ਉੱਥੇ ਵੀ ਨਹੀਂ ਰੁਕਦੇ, ਸੌ ਮੀਲ ਹੋਰ ਚਲ ਪੈਂਦੇ ਹਨ। ਇਨ੍ਹਾਂ ਲੋਕਾਂ ਨੂੰ ਆਪਣੀ ਥਕਾਵਟ, ਸਿਹਤ ਤੇ ਆਰਾਮ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਉਹ ਆਪਣੇ ਕੰਮ ਨਾਲ ਨਿਪਟਣਾ ਚਾਹੁੰਦੇ ਹਨ। ਫੁੱਲ ਦਵਾਈ ਓਕ ਇਨ੍ਹਾਂ ਦੀ ਸਿਰੜੀ ਸੋਚ ਵਿਚ ਤਬਦੀਲੀ ਲਿਆਵੇਗੀ।

ਕਈ ਪਾਠਕ ਇਹ ਵੀ ਸੋਚਣਗੇ ਕਿ ਜੇ ਬੈਚ ਫੁੱਲ ਦਵਾਈ ਓਕ ਦਾ ਮਰੀਜ਼ ਸਿਰੜੀ ਹੈ ਭਾਵ ਉਹ ਕੰਮ ਕਰਦਿਆਂ ਹਾਰ ਮੰਨਣ ਵਾਲਾ ਨਹੀਂ ਹੈ, ਫਿਰ ਉਹ ਬੀਮਾਰ ਕਿਵੇਂ ਹੋਇਆ? ਬੀਮਾਰ ਉਹ ਇਸ ਤਰ੍ਹਾਂ ਹੈ ਕਿ ਵੱਧ ਮਾਤਰਾ ਵਿਚ ਮਿੱਠਾ ਵੀ ਜ਼ਹਿਰ ਹੁੰਦਾ ਹੈ। ਓਕ ਦਾ ਮਰੀਜ਼ ਉਦੋਂ ਤੀਕ ਕੰਮ ਕਰਦਾ ਰਹਿੰਦਾ ਹੈ, ਜਦੋਂ ਤੀਕ ਕਿ ਉਹ ਇਸ ਨੂੰ ਖਤਮ ਨਾ ਕਰ ਲਵੇ। ਜਰਾ ਸੋਚੋ ਕਿ ਜੇ ਉਹ ਇਕ ਅਜਿਹਾ ਕੰਮ ਕਰ ਰਿਹਾ ਹੋਵੇ, ਜੋ ਉਸ ਲਈ ਮਿੱਥੇ ਸਮੇਂ ਵਿਚ ਕਰਨਾ ਅਸੰਭਵ ਹੋਵੇ, ਜਾਂ ਉਹ ਕੰਮ ਇੰਨਾ ਮੁਸ਼ਕਿਲ ਹੋਵੇ ਕਿ ਉਸ ਤੋਂ ਹੋ ਨਾ ਸਕੇ, ਭਾਵ ਉਹ ਉਸ ਨੂੰ ਕਰਨ ਵਿਚ ਵਾਰ ਵਾਰ ਅਸਫਲ ਰਹੇ ਜਾਂ ਉਹ ਅਜਿਹਾ ਕੰਮ ਕਰਨ ਵਿਚ ਲੱਗਿਆ ਹੋਵੇ, ਜਿਸ ਵਿਚ ਉਸ ਨੇ ਕੋਈ ਸਿੱਖਿਆ ਤੇ ਟਰੇਨਿੰਗ ਨਾ ਲਈ ਹੋਵੇ, ਪਰ ਉਹ ਸੁਭਾਵਿਕ ਹੀ ਉਸ ਨੂੰ ਕਰਨ ਦਾ ਪੰਗਾ ਲੈ ਰਿਹਾ ਹੋਵੇ ਅਤੇ ਜਾਂ ਫਿਰ ਉਸ ਦਾ ਸਿਰੜੀਪੁਣ ਪਾਗਲਪੁਣ ਦੀ ਹੱਦ ਤੀਕ ਚਲਾ ਗਿਆ ਹੋਵੇ ਤੇ ਉਹ ਪੱਥਰ ਨੂੰ ਰੱਸੀ ਨਾਲ ਕੱਟਣ ਵਰਗੇ ਕਿਸੇ ਫਜ਼ੂਲ ਕੰਮ ਨੂੰ ਕਰਨ ਵਿਚ ਮੁੜਕੋ ਮੁੜਕੀ ਹੋ ਰਿਹਾ ਹੋਵੇ, ਤਾਂ ਕੀ ਹੋਵੇ? ਇਨ੍ਹਾਂ ਸਭ ਹਾਲਤਾਂ ਵਿਚ ਜਦੋਂ ਸਿਰੜੀ ਮਨੁੱਖ ਲਗਾਤਾਰ ਮਿਹਨਤ ਨਾਲ ਕੰਮ ਕਰੇਗਾ ਤਾਂ ਉਹ ਅੱਕੇਗਾ ਤੇ ਥੱਕੇਗਾ ਜਰੂਰ। ਇਹ ਸਿਰੜਪੁਣੇ ਵਾਲੀ ਮਿਹਨਤ ਉਸ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਬੀਮਾਰ ਕਰ ਦੇਵੇਗੀ। ਉਸ ਦੀ ਭੁੱਖ ਨੀਂਦ ਹਰਾਮ ਹੋ ਜਾਵੇਗੀ, ਵਜਨ ਘਟ ਜਾਵੇਗਾ ਤੇ ਉਹ ਜਰੂਰੀ ਸਮਾਜਿਕ ਕੰਮਾਂ ਤੋਂ ਵਿਜੋਗਿਆ ਜਾਵੇਗਾ। ਗੱਲ ਕੀ, ਉਸ ਦੀ ਸਿਰੜ ਉਸ ਦੇ ਅਣਥੱਕ ਕੰਮ ਕਰਨ ਦੀ ਲਗਨ ਨੂੰ ਇਕ ਰਿਣਾਤਮਿਕ ਔਗੁਣ ਬਣਾ ਦਵੇਗੀ। ਓਕ ਦਵਾਈ ਉਸ ਦੀ ਜ਼ਿੱਦ ਨੂੰ ਕੰਮ ਕਰਨ ਦੇ ਸ਼ੌਕ ਵਿਚ ਤਬਦੀਲ ਕਰ ਦੇਵੇਗੀ ਤੇ ਉਸ ਨੂੰ ਦੁਸ਼ਵਾਰ ਕੰਮ ਕਰਨ ਵਿਚ ਸੰਤੋਖ ਤੇ ਸਹੀ ਜਾਣਕਾਰੀ ਭਾਵ ਟ੍ਰੇਨਿੰਗ ਲੈਣ ਦੀ ਸੋਝੀ ਦੇਵੇਗੀ।

ਫੁੱਲ ਦਵਾਈ ਓਕ ਕੁਅਰਕਸ ਰੋਬੁਰ (Quercus Robur) ਨਾਮਕ ਪੌਦੇ ਦੇ ਫੁੱਲ ਤੋਂ ਤਿਆਰ ਕੀਤੀ ਜਾਂਦੀ ਹੈ। ਜਿਨ੍ਹਾਂ ਮਰੀਜ਼ਾਂ ਨੂੰ ਇਹ ਦਵਾਈ ਠੀਕ ਕਰਦੀ ਹੈ, ਉਨ੍ਹਾਂ ਬਾਰੇ ਡਾ. ਬੈਚ ਲਿਖਦੇ ਹਨ, 'ਉਹ ਬਹਾਦਰ ਲੋਕ ਹੁੰਦੇ ਹਨ, ਜੋ ਉਮੀਦ ਛੱਡੇ ਬਗੈਰ ਅਸੀਮ ਔਕੜਾਂ ਨਾਲ ਲੜਦੇ ਹਨ। ਉਹ ਇਕ ਤੋਂ ਬਾਅਦ ਦੂਜੀ ਚੀਜ਼ ਭਾਵ ਦੂਜਾ ਢੰਗ ਵਰਤ ਕੇ ਕੰਮ ਲੱਗੇ ਰਹਿੰਦੇ ਹਨ ਭਾਵੇਂ ਕਿ ਉਨ੍ਹਾਂ ਦੇ ਯਤਨਾਂ ਨੂੰ ਸਫਲਤਾ ਦਾ ਬੂਰ ਪੈਣ ਦੀ ਕੋਈ ਆਸ ਦਿਖਾਈ ਨਾ ਦਿੰਦੀ ਹੋਵੇ।'

ਇਹ ਲੋਕ ਆਪਣੀ ਧੁਨ ਦੀ ਲੜਾਈ ਦਿਲਗੀਰ ਹੋਏ ਬਿਨਾ ਬੜੇ ਹੌਸਲੇ ਨਾਲ ਲੜਦੇ ਰਹਿੰਦੇ ਹਨ। ਕੰਮ ਕਰਦੇ ਕਰਦੇ ਥੱਕ ਕੇ ਚੂਰ ਹੋ ਜਾਣਾ, ਪਰ ਹੌਸਲਾ ਨਾ ਹਾਰਨਾ ਤੇ ਅੰਤ ਤੀਕ ਸਿਰੜ ਨਾਲ ਲੱਗੇ ਰਹਿਣਾ ਓਕ ਵਿਅਕਤੀ ਦੀਆਂ ਮੁੱਖ ਨਿਸ਼ਾਨੀਆਂ ਹਨ। ਉਹ ਦੂਜਿਆਂ ਵਾਂਗ ਕੰਮ ਕਰਦਾ ਹੈ, ਦੂਜਿਆਂ ਵਾਂਗ ਹੀ ਥੱਕ ਜਾਂਦਾ ਹੈ, ਪਰ ਦੂਜਿਆਂ ਵਾਂਗ ਕੰਮ ਛੱਡ ਕੇ ਪਰ੍ਹੇ ਨਹੀਂ ਹੁੰਦਾ। ਉਹ ਨਿਰਆਰਾਮ ਆਪਣਾ ਕੰਮ ਧੂਹਦਾ ਰਹਿੰਦਾ ਹੈ। ਪੁਸਤਕਾਂ ਵਿਚ ਉਸ ਬਾਰੇ ਲਿਖਿਆ ਮਿਲਦਾ ਹੈ, 'ਥਕਾਵਟ ਨਾਲ ਹੰਭਿਆ ਹੋਇਆ ਵੀ ਬਹਾਦਰੀ ਨਾਲ ਸੰਘਰਸ਼ ਕਰਦਾ ਰਹਿੰਦਾ ਹੈ, ਕਦੇ ਆਪਣੀ ਹਿੰਡ ਨਹੀਂ ਛੱਡਦਾ (Exhausted but struggles on bravely, never giving up)।

ਡਾ. ਦਰਸ਼ਨ ਸਿੰਘ ਵੋਹਰਾ ਨੇ ਬੈਚ ਫੁੱਲ ਦਵਾਈ ਦੇ ਰਿਣ ਪੱਖਾਂ ਨੂੰ ਸਮਝਣ ਲਈ ਕੁਝ ਸਰਲ ਤੇ ਸੰਖੇਪ ਨੁਕਤਿਆਂ ਦਾ ਵਰਣਨ ਕੀਤਾ ਹੈ। ਉਹ ਲਿਖਦੇ ਹਨ, 'ਓਕ ਸੁਭਾਅ ਦਾ ਵਿਅਕਤੀ ਜ਼ਿੰਦਗੀ ਦੇ ਸੰਘਰਸ਼ ਵਿਚ ਕਦੇ ਹਾਰ ਨਹੀਂ ਮੰਨਦਾ-ਡਿੱਗ ਪਵੇ, ਥੱਕ ਟੁੱਟ ਜਾਵੇ, ਤਦ ਵੀ ਹੌਸਲੇ ਨਾਲ ਲੜਾਈ ਜਾਰੀ ਰੱਖਦਾ ਹੈ; ਆਪਣੀ ਡਿਊਟੀ ਨੂੰ ਪੂਰੀ ਤਸੱਲੀ ਨਾਲ ਨਿਭਾਉਂਦਾ ਹੈ, ਆਪਣੀ ਵਿੱਤ ਤੋਂ ਵਧੀਕ ਜੋਰ ਲਾਉਂਦਾ ਹੈ, ਥੱਕ ਟੁੱਟ ਜਾਵੇ ਤਾਂ ਵੀ ਸ਼ਿਕਾਇਤ ਨਹੀਂ ਕਰਦਾ; ਬਿਨਾ ਆਰਾਮ ਕੀਤੇ ਲਗਾਤਾਰ ਜੋਰ ਨਾਲ ਕੰਮ ਕਰਨ ਨਾਲ ਬਹੁਤੀ ਥਕਾਵਟ ਦੇ ਕਾਰਨ ਉਦਾਸ ਤਾਂ ਹੋ ਜਾਂਦਾ ਹੈ, ਪਰ ਕੰਮ ਨਹੀਂ ਛੱਡਦਾ; ਅਮੁੱਕ ਸਹਿਣਸ਼ੀਲਤਾ (Endurance), ਸਬਰ (Patience) ਅਤੇ ਕੰਮ ਕਰਨ ਦੀ ਧੁਨ ਨਾਲ ਡਿਊਟੀ ਕਰਦਾ ਹੈ, ਜਿਵੇਂ ਸਹਿਣਸ਼ੀਲਤਾ ਹੀ ਉਸ ਦੀ ਜ਼ਿੰਦਗੀ ਦਾ ਟੀਚਾ ਹੋਵੇ; ਸਰੀਰ ਦੀ ਥਕਾਵਟ ਦੇ ਮਗਰੋਂ ਸਰੀਰ ਦੀ ਕੁਦਰਤੀ ਮੰਗ ਕੁਝ ਆਰਾਮ ਕਰਨ ਦੀ ਹੁੰਦੀ ਹੈ, ਪਰ ਓਕ ਸੁਭਾਅ ਵਿਚ ਇਹ ਕੁਦਰਤੀ ਮੰਗ ਵੀ ਠੁਕਰਾ ਦਿੱਤੀ ਜਾਂਦੀ ਹੈ ਅਤੇ ਸਰੀਰ ਟੁੱਟ ਜਾਂਦਾ ਹੈ, ਬਿਮਾਰ ਪੈ ਜਾਂਦਾ ਹੈ; ਜਦ ਸਰੀਰ ਬੀਮਾਰ ਪੈ ਜਾਣ ਦੇ ਕਾਰਨ ਉਹ ਪਹਿਲੇ ਵਾਂਗ ਆਪਣੀ ਡਿਊਟੀ ਨਾ ਨਿਭਾ ਸਕੇ ਜਾਂ ਦੂਜਿਆਂ ਦੀ ਮਦਦ ਨਾ ਕਰ ਸਕੇ ਤਾਂ ਬਹੁਤ ਉਦਾਸ ਹੁੰਦਾ ਹੈ; ਕਦੇ ਆਪਣੀ ਕਮਜ਼ੋਰੀ ਜਾਂ ਥਕਾਵਟ ਬਾਹਰ ਜਾਹਰ ਨਹੀਂ ਹੋਣ ਦਿੰਦਾ।'

ਫੁੱਲ ਦਵਾਈ ਓਕ ਦਾ ਰੋਗੀ ਕਿਰਸੀ ਸੁਭਾਅ ਦਾ ਹੁੰਦਾ ਹੈ। ਉਹ ਮੱਕੜੀ ਵਾਂਗ ਆਪਣੇ ਕੰਮ ਵਿਚ ਲੱਗਿਆ ਹੀ ਰਹਿੰਦਾ ਹੈ। ਮੱਕੜੀ ਦੀਵਾਰ ਜਾਂ ਛੱਤ 'ਤੇ ਚਿਮੜੀ ਸ਼ਿਕਾਰ ਪਿੱਛੇ ਭੱਜਦੀ ਹੈ ਤੇ ਉਸ ਨੂੰ ਫੰਧੇ ਵਿਚ ਫਸਾਉਣ ਲਈ ਜਾਲਾ ਬੁਣਦੀ ਹੈ। ਜਾਲੇ ਦੇ ਚਾਰੇ ਪਾਸੇ ਘੁੰਮ ਕੇ ਤੰਦਾਂ ਜੜਦਿਆਂ ਉਹ ਬਹੁਤ ਵਾਰੀ ਹੇਠ ਵੀ ਡਿੱਗ ਪੈਂਦੀ ਹੈ। ਕਿਸੇ ਸਹਾਰੇ ਤੋਂ ਬਿਨਾ ਉਸ ਲਈ ਕੰਧ 'ਤੇ ਚੜ੍ਹਨਾ ਔਖਾ ਹੁੰਦਾ ਹੈ। ਉਹ ਚੜ੍ਹਦੀ ਹੈ ਤੇ ਵਾਰ ਵਾਰ ਹੇਠ ਤਿਲਕ ਆਉਂਦੀ ਹੈ, ਪਰ ਉਸ ਦੀ ਧੁਨ ਉਪਰ ਜਾ ਕੇ ਆਪਣੇ ਅਧੂਰੇ ਜਾਲੇ ਨੂੰ ਬੁਣ ਕੇ ਪੂਰਾ ਕਰਨ ਵਿਚ ਹੁੰਦੀ ਹੈ। ਇਸੇ ਧੁਨ ਵਿਚ ਉਹ ਉਦੋਂ ਤੀਕ ਉੱਤੇ ਚੜ੍ਹਨ ਦੇ ਉਪਰਾਲੇ ਕਰਦੀ ਰਹਿੰਦੀ ਹੈ, ਜਦੋਂ ਤੀਕ ਕਿ ਆਪਣੇ ਉਦੇਸ਼ ਵਿਚ ਕਾਮਯਾਬ ਨਾ ਹੋ ਜਾਵੇ। ਇਸ ਦੌਰਾਨ ਉਸ ਦਾ ਸੁਭਾਅ ਨਿਡਰ, ਸ਼ਾਂਤਮਈ ਤੇ ਆਸ਼ਾਵਾਨ ਰਹਿੰਦਾ ਹੈ। ਉਸ ਦੇ ਉੱਦਮਾਂ ਨੂੰ ਦੇਖ ਕੇ ਅਜਿਹਾ ਲਗਦਾ ਹੈ ਕਿ ਉਹ ਕਦੇ ਇਹ ਨਹੀਂ ਸੋਚਦੀ ਕਿ ਉਹ ਨਾਕਾਮਯਾਬ ਹੋ ਜਾਵੇਗੀ। ਅਸਫਲਤਾ ਦਾ ਖਿਆਲ ਤਾਂ ਜਿਵੇਂ ਉਸ ਨੂੰ ਇਕ ਵਾਰ ਵੀ ਨਹੀਂ ਆਉਂਦਾ। ਉਸ ਨੂੰ ਦੇਖ ਕੇ ਤਾਂ ਦਿਲ ਢਾਹੀ ਬੈਠਾ ਰਾਜਾ ਬਰੂਸ (King Bruce) ਵੀ ਹੌਸਲੇਵਾਨ ਬਣ ਕੇ ਫਿਰ ਲੜਨ ਚਲਾ ਗਿਆ ਸੀ ਤੇ ਜੰਗ ਜਿੱਤਣ ਵਿਚ ਕਾਮਯਾਬ ਹੋ ਗਿਆ ਸੀ। ਕੀੜੇ-ਮਕੌੜਿਆਂ ਦੀ ਦੁਨੀਆਂ ਵਿਚ ਸ਼ਹਿਦ ਦੀ ਮੱਖੀ ਤੇ ਕੀੜੀ ਵਰਗੇ ਕਈ ਹੋਰ ਜੀਵ ਵੀ ਮੱਕੜੀ ਵਾਂਗ ਹੀ ਥਕਾਵਟ ਦੇ ਬਾਵਜੂਦ ਆਪਣੇ ਕੰਮ ਵਿਚ ਰੁੱਝੇ ਰਹਿੰਦੇ ਹਨ। ਜੇ ਕਦੇ ਕਿਸੇ ਵਿਅਕਤੀ ਦੀ ਤੁਲਨਾ ਇਨ੍ਹਾਂ ਜੀਵ ਜੰਤੂਆਂ ਨਾਲ ਕਰਨੀ ਪਵੇ ਤਾਂ ਸਮਝ ਲਵੋ ਉਹ ਓਕ ਦਵਾਈ ਨਾਲ ਜੁੜੇ ਹੋਏ ਹਨ ਤੇ ਉਨ੍ਹਾਂ ਦੀਆਂ ਵਧੇਰੇ ਤਕਲੀਫਾਂ ਇਸ ਫੁੱਲ ਦਵਾਈ ਨਾਲ ਹੀ ਠੀਕ ਹੋਣਗੀਆਂ।

ਇਹ ਇਸ ਲਈ ਕਿ ਬੀਮਾਰ ਹੋ ਕੇ ਇਨ੍ਹਾਂ ਵਿਅਕਤੀਆਂ ਦੀ ਪ੍ਰਵਿਰਤੀ ਬਦਲਦੀ ਨਹੀਂ। ਜਦੋਂ ਕਦੇ ਬੀਮਾਰ ਹੋਣ ਤਾਂ ਇਨ੍ਹਾਂ ਦਾ ਠੀਕ ਹੋਣ ਦਾ ਹੱਠ ਮੱਧਮ ਨਹੀਂ ਪੈਂਦਾ। ਪਹਿਲਾਂ ਤਾਂ ਉਹ ਗੌਲਦੇ ਹੀ ਨਹੀਂ ਕਿ ਉਹ ਬੀਮਾਰ ਹਨ। ਬੀਮਾਰੀ ਦੀ ਹਾਲਤ ਵਿਚ ਵੀ ਆਪਣੇ ਕਾਰਜ ਕਰਦੇ ਰਹਿਣਗੇ।




101-2 ਡਿਗਰੀ ਬੁਖਾਰ ਹੋਣ 'ਤੇ ਵੀ ਟਾਈਪ-ਰਾਈਟਰ ਚੁੱਕੀ ਚਿੱਠੀਆਂ ਟਾਈਪ ਕਰਦੇ ਰਹਿਣਗੇ। ਜੇ ਹੋਰ ਢਿੱਲ੍ਹੇ ਹੋ ਜਾਣ ਤਾਂ ਵੀ ਕੋਈ ਅਖਬਾਰ ਕਿਤਾਬ ਪੜ੍ਹਦੇ ਰਹਿਣਗੇ ਤੇ ਠੀਕ ਹੋਣ ਦੀ ਉਮੀਦ ਨਹੀਂ ਛੱਡਦੇ। ਜੇ ਇਕ ਡਾਕਟਰ ਤੋਂ ਠੀਕ ਨਾ ਹੋਣ ਤਾਂ ਦੂਜੇ ਤੋਂ ਇਲਾਜ ਕਰਵਾਉਣਾ ਸ਼ੁਰੂ ਕਰ ਦਿੰਦੇ ਹਨ। ਜੇ ਡਾਕਟਰ ਕਹਿ ਦੇਵੇ ਕਿ ਉਨ੍ਹਾਂ ਦੀ ਤਕਲੀਫ ਲਾ-ਇਲਾਜ ਹੈ ਜਾਂ ਉਨ੍ਹਾਂ ਨੂੰ ਕੈਂਸਰ ਹੈ ਤੇ ਉਹ ਆਪਣੀਆਂ ਆਖਰੀ ਘੜੀਆਂ ਬਿਸਤਰੇ 'ਤੇ ਆਰਾਮ ਕਰ ਕੇ ਗੁਜ਼ਾਰਨ, ਤਾਂ ਵੀ ਉਹ ਹਾਰ ਨਹੀਂ ਮੰਨਦੇ। ਉਹ ਦਵਾਈ-ਪੈਥੀ ਹੀ ਬਦਲ ਦਿੰਦੇ ਹਨ। ਕਦੇ ਆਯੁਰਵੈਦਿਕ, ਕਦੇ ਹੋਮਿਓਪੈਥੀ ਤੇ ਕਦੇ ਯੂਨਾਨੀ ਵਰਤਣ ਲੱਗ ਜਾਣਗੇ। ਜੇ ਕੁਝ ਵੀ ਕਾਰਆਮਦ ਨਾ ਹੋਵੇ ਤਾਂ ਕਿਸੇ ਦੇ ਕਹਿਣ 'ਤੇ ਕਣਕ ਦੀਆਂ ਪੱਤੀਆਂ ਦਾ ਕਾਹੜਾ ਪੀਣ ਲੱਗ ਜਾਣਗੇ ਜਾਂ ਕਿਸੇ ਹੋਰ ਦੇ ਕਹਿਣ 'ਤੇ ਕੈਂਸਰ ਐਕਸਪ੍ਰੈਸ ਫੜ ਕੇ ਬੀਕਾਨੇਰ ਪਹੁੰਚ ਜਾਣਗੇ, ਪਰ ਉਹ ਇਸ ਰੰਗਲੀ ਦੁਨੀਆਂ ਤੋਂ ਜਾਣ ਲਈ ਰਜ਼ਾਮੰਦ ਨਹੀਂ ਹੋਣਗੇ। ਕੈਂਸਰ ਦੇ ਅਜਿਹੇ ਮਰੀਜ਼ਾਂ ਨੂੰ ਕੁਝ ਕਰਨ ਦੀ ਲੋੜ ਨਹੀਂ, ਉਹ ਸਿਰਫ ਬੈਚ ਫੁੱਲ ਦਵਾਈ ਓਕ ਦੀ ਵਰਤੋਂ ਕਰਨ ਨਾਲ ਹੀ ਨੌਂ-ਬਰ-ਨੌਂ ਹੋ ਜਾਣਗੇ।

ਉਨ੍ਹਾਂ ਦਾ ਧਿਆਨ ਰੱਖਦਿਆਂ ਓਕ ਦਵਾਈ ਉਨ੍ਹਾਂ ਦੇ ਕੰਮ ਕਰਨ ਦੀ ਸ਼ਕਤੀ ਨੂੰ ਘੱਟ ਨਹੀਂ ਕਰੇਗੀ, ਸਗੋਂ ਉਨ੍ਹਾਂ ਦੀ ਸਿਰੜ ਦੀ ਅਲਾਮਤ ਨਾਲ ਜੁੜੀਆਂ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰੇਗੀ। ਜੇ ਸਮਝਿਆ ਜਾਵੇ ਤਾਂ ਉਨ੍ਹਾਂ ਦੀ ਜਮ ਕੇ ਉੱਦਮ ਕਰਨ ਦੀ ਆਦਤ ਇਕ ਵਧੀਆ ਗੁਣ ਹੈ। ਇਸ ਗੁਣ ਦੇ ਕਰਨ ਉਹ ਨੇਤਾ, ਮੋਢੀ ਤੇ ਜੇਤੂ ਬਣ ਸਕਦੇ ਹਨ। ਦੁਨੀਆਂ ਦੀ ਕੋਈ ਰੁਕਾਵਟ ਉਨ੍ਹਾਂ ਦੇ ਉੱਚੇ ਇਰਾਦਿਆਂ ਸਾਹਮਣੇ ਟਿਕ ਨਹੀਂ ਸਕਦੀ। ਇਸ ਨਾਲ ਉਹ ਆਪਣੇ ਉਦੇਸ਼ ਪ੍ਰਾਪਤ ਕਰਨ ਵਿਚ ਸਫਲ ਹੋ ਸਕਦੇ ਹਨ, ਪਰ ਇਸ ਦਾ ਵੱਡਾ ਔਗੁਣ ਇਹ ਹੈ ਕਿ ਇਸ ਆਦਤ ਦੇ ਹੁੰਦਿਆਂ ਉਹ ਆਪਣਾ ਸਰੀਰਕ ਤੇ ਮਾਨਸਿਕ ਦੁਖ-ਸੁਖ ਨਹੀਂ ਵਿਚਾਰ ਸਕਦੇ। ਆਪਣੇ ਕੰਮ ਤੋਂ ਥੱਕ ਕੇ ਉਹ ਕਈ ਭਿਆਨਕ ਰੋਗਾਂ ਨਾਲ ਘਿਰ ਜਾਂਦੇ ਹਨ। ਫਿਰ ਬਿਮਾਰ ਪੈ ਕੇ ਵੀ ਆਰਾਮ ਨਹੀਂ ਕਰਦੇ। ਓਕ ਉਨ੍ਹਾਂ ਦੇ ਮਨ ਵਿਚੋਂ ਇਸ ਕਿਰਸੀ ਤਾਸੀਰ ਨੂੰ ਖਤਮ ਕਰ ਕੇ ਤਵਾਜ਼ਨ ਲਿਆਉਂਦੀ ਹੈ। ਇਹ ਉਨ੍ਹਾਂ ਦੇ ਕੰਮ ਕਰਨ ਦੀ ਜੁਰਅਤ ਵਿਚ ਕੋਈ ਤਬਦੀਲੀ ਨਹੀਂ ਲਿਆਉਂਦੀ, ਪਰ ਆਪਣਾ ਧਿਆਨ ਨਾ ਰੱਖਣ ਦੀ ਨਾਂਹਵਾਚਕ ਪ੍ਰਕਿਰਤੀ ਨੂੰ ਰੋਕ ਕੇ ਉਨ੍ਹਾਂ ਨੂੰ ਬਿਮਾਰੀ ਦੇ ਚੁੰਗਲ ਵਿਚੋਂ ਕੱਢਦੀ ਹੈ।

ਇਹ ਜਰੂਰੀ ਨਹੀਂ ਕਿ ਵਿਅਕਤੀ ਦੀ ਇਹ ਸਿਰੜੀ ਅਵਸਥਾ ਉਸ ਦੀ ਕੁਦਰਤੀ ਆਦਤ ਕਾਰਨ ਹੋਵੇ। ਇਹ ਵੀ ਹੋ ਸਕਦਾ ਹੈ ਕਿ ਉਹ ਆਪਣੀ ਰੋਟੀ ਰੋਜੀ ਲਈ ਹੀ ਜਮ ਕੇ ਕੰਮ ਕਰਨ ਦਾ ਆਦੀ ਬਣਿਆ ਹੋਵੇ। ਸਵੇਰੇ ਸਵੇਰੇ ਰੋਟੀ ਪਾਣੀ ਚੁੱਕੀ ਮਜ਼ਦੂਰ ਔਰਤਾਂ ਖੇਤਾਂ ਵਲ ਜਾਂਦੀਆਂ ਹਨ। ਸਾਰਾ ਦਿਨ ਕਪਾਹ ਚੁਗਦੀਆਂ ਹਨ, ਫਿਰ ਸ਼ਾਮ ਨੂੰ ਉਨ੍ਹਾਂ ਹੀ ਖੇਤਾਂ ਦੀਆਂ ਵੱਟਾਂ ਤੋਂ ਆਪਣੇ ਪਸ਼ੂਆਂ ਲਈ ਘਾਹ ਖੁਰਚਦੀਆਂ ਹਨ। ਖਾਣ ਲਈ ਚਿੱਬੜ, ਫੁੱਟਾਂ, ਗੰਨੇ ਤੇ ਸਾਗ ਇਕੱਠੇ ਕਰ ਕੇ ਘਾਹ ਦੀਆਂ ਭਾਰੀ ਪੰਡਾਂ ਚੁੱਕੀ ਤੁਕਾਲਾਂ ਨੂੰ ਘਰ ਮੁੜਦੀਆਂ ਹਨ। ਇੱਧਰੋਂ ਉੱਧਰੋਂ ਬਾਲਣ ਲਈ ਇਕੱਠੀਆਂ ਕੀਤੀਆਂ ਲੱਕੜੀਆਂ ਵੀ ਉਨ੍ਹਾਂ ਨੇ ਇਸੇ ਪੰਡ ਵਿਚ ਸੁੱਝੀਆਂ ਹੁੰਦੀਆਂ ਹਨ। ਰਾਤ ਨੂੰ ਟੱਬਰ ਨੂੰ ਰੋਟੀ ਪਾਣੀ ਬਣਾ ਕੇ ਦੇਣ ਤੇ ਹੋਰ ਕੰਮ ਨਿਪਟਾ ਕੇ ਹੀ ਉਨ੍ਹਾਂ ਨੂੰ ਮੰਜਾ ਨਸੀਬ ਹੁੰਦਾ ਹੈ। ਸਵੇਰੇ ਫਿਰ ਉਸੇ ਚੱਕਰੀ 'ਤੇ ਚੜ੍ਹਨ ਲਈ ਉੱਠ ਖੜ੍ਹਦੀਆਂ ਹਨ। ਇਹ ਨਹੀਂ ਕਿ ਉਹ ਆਰਾਮ ਨਹੀਂ ਕਰਨਾ ਚਾਹੁੰਦੀਆਂ, ਆਰਾਮ ਉਨ੍ਹਾਂ ਦੀ ਦਿਨਚਰਿਆ ਵਿਚ ਸ਼ਾਮਲ ਹੀ ਨਹੀਂ। ਉਨ੍ਹਾਂ ਨੂੰ ਆਰਾਮ ਕਰਨ ਨਹੀਂ ਦਿੱਤਾ ਜਾਂਦਾ, ਭਾਵ ਨਿਗਰਾਨ ਚਾਹੁੰਦੇ ਹਨ ਕਿ ਉਹ ਵੱਧ ਤੋਂ ਵੱਧ ਕੰਮ ਕਰਨ। ਇਹ ਨਹੀਂ ਕਿ ਉਹ ਛੁੱਟੀ ਨਹੀਂ ਕਰਨਾ ਚਾਹੁੰਦੀਆਂ, ਪਰ ਛੁੱਟੀ ਲੈਣ ਨਾਲ ਉਨ੍ਹਾਂ ਦੇ ਬੱਚੇ ਤੇ ਪਸ਼ੂ ਭੁੱਖੇ ਰਹਿਣਗੇ। ਇਹ ਕੰਮ ਤਾਂ ਉਨ੍ਹਾਂ ਲਈ ਇੰਨਾ ਅਹਿਮ ਹੈ ਕਿ ਬੀਮਾਰ ਹੋਣ 'ਤੇ ਵੀ ਉਹ ਛੁੱਟੀ ਨਹੀਂ ਲੈਂਦੀਆਂ। ਉਹ ਆਪਣੀ ਇੱਛਾ ਜਾਂ ਜਜ਼ਬੇ ਕਾਰਨ ਨਹੀਂ, ਸਗੋਂ ਮਜਬੂਰੀ ਕਾਰਨ ਓਕ ਦੀਆਂ ਰੋਗੀ ਬਣੀਆਂ ਹੁੰਦੀਆਂ ਹਨ। ਇਹੀ ਹਾਲਤ ਫੈਕਟਰੀਆਂ, ਕਾਰਖਾਨਿਆਂ, ਮਕਾਨ ਉਸਾਰੀਆਂ ਤੇ ਹੋਰ ਫੁਟਕਲ ਧੰਦਿਆਂ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਹੁੰਦੀ ਹੈ, ਜਿਨ੍ਹਾਂ ਉੱਤੇ ਖੜ੍ਹਿਆ ਠੇਕੇਦਾਰ ਉਨ੍ਹਾਂ ਨੂੰ ਤਾੜਦਾ ਰਹਿੰਦਾ ਹੈ ਤੇ ਆਪਸ ਵਿਚ ਗੱਲ ਵੀ ਨਹੀਂ ਕਰਨ ਦਿੰਦਾ। ਇਹ ਲੋਕ ਸਾਰਾ ਦਿਨ ਸਿਰ ਸੁੱਟ ਕੇ ਕੰਮ ਵਿਚ ਜੁਟੇ ਰਹਿੰਦੇ ਹਨ। ਕਾਰਨ ਭਾਵੇਂ ਆਦਤ ਦੀ ਥਾਂ ਮਜਬੂਰੀ ਹੋਵੇ, ਇਨ੍ਹਾਂ ਕੰਮੀਆਂ ਤੇ ਮਜ਼ਦੂਰਾਂ ਦੀ ਹਾਲਤ ਵੀ ਓਕ ਜਿਹੀ ਹੀ ਹੁੰਦੀ ਹੈ। ਜਦੋਂ ਵੀ ਇਹ ਕਾਮੇ ਬੀਮਾਰ ਹੋਣ, ਇਨ੍ਹਾਂ ਦੇ ਦਿਮਾਗ ਦਾ ਅਕੇਵਾਂ ਤੇ ਥਕੇਵਾਂ ਫੁੱਲ ਦਵਾਈ ਓਕ ਹੀ ਉਤਾਰ ਸਕਦੀ ਹੈ।

ਓਕ ਦੇ ਆਦਤਨ ਰੋਗੀਆਂ ਵਿਚੋਂ ਵਧੇਰੀ ਗਿਣਤੀ ਉੱਨਤ ਦੇਸ਼ਾਂ ਵਿਚ ਸਨਅਤ ਨਾਲ ਜੁੜੇ ਕਾਮਿਆਂ, ਪ੍ਰਬੰਧਕਾਂ, ਇੰਜੀਨੀਅਰਾਂ, ਮਾਲਕਾਂ ਤੇ ਹੋਰ ਪੇਸ਼ੇਵਰਾਂ ਵਿਚੋਂ ਹੁੰਦੀ ਹੈ। ਦੁਨੀਆਂ ਦੀਆਂ ਸਭ ਤੋਂ ਵੱਧ ਕਾਢਾਂ ਕੱਢ ਕੇ ਇਕ ਹਜ਼ਾਰ ਤੋਂ ਉੱਤੇ ਪੇਟੈਂਟ ਰਜਿਸਟਰ ਕਰਵਾਉਣ ਵਾਲਾ ਥਾਮਸ ਅਲਵਾ ਐਡੀਸਨ (Thomas Alva Edison) ਓਕ ਵਿਅਕਤੀਤਵ ਵਾਲਿਆਂ ਦਾ ਬਾਦਸ਼ਾਹ ਸੀ। ਕਹਿੰਦੇ ਹਨ, ਉਸ ਨੇ ਰੌਸ਼ਨੀ ਦਾ ਬਲਬ ਬਣਾਉਣ ਲਈ ਲਗਾਤਾਰ ਦੋ ਸੌ ਤੋਂ ਉੱਤੇ ਉੱਦਮ ਕੀਤੇ ਸਨ। ਇਸ ਕੰਮ ਲਈ ਉਹ ਕਈ ਰਾਤਾਂ ਸੁੱਤਾ ਵੀ ਨਹੀਂ ਸੀ। ਉਹ ਆਸ਼ਾਵਾਦੀ ਵੀ ਇੰਨਾ ਸੀ ਕਿ ਜਦੋਂ ਸਾਰੇ ਕਾਮੇ ਉਸ ਦਾ ਸਾਥ ਛੱਡ ਗਏ, ਉਹ ਇਕੱਲਾ ਹੀ ਧਾਗੇ ਨੂੰ ਸਾੜ ਕੇ ਬਣਾਏ ਕਾਰਬਨ ਲੂਪ ਨੂੰ ਚੁੱਕ ਕੇ ਧਾਤੂ ਟਰਮੀਨਲਾਂ 'ਤੇ ਧਰਨ ਦੀ ਕੋਸ਼ਿਸ਼ ਕਰਦਾ ਰਿਹਾ, ਜਿਹੜਾ ਹਰ ਵਾਰ ਟੁੱਟ ਜਾਂਦਾ ਸੀ। ਆਖਰਕਾਰ ਉਹ ਆਪਣੀ ਮਿਹਨਤ ਤੇ ਲਗਨ ਵਿਚ ਕਾਮਯਾਬ ਰਿਹਾ ਤੇ ਬਿਜਲੀ ਦੇ ਲਾਟੂ ਦਾ ਅਵਿਸ਼ਕਾਰ ਹੋਇਆ। ਐਡੀਸਨ ਓਕ ਵਿਅਕਤੀਤਵ ਦੀ ਮੁਢਲੀ ਮਿਸਾਲ ਹੈ। ਇਹ ਉਸੇ ਦਾ ਦਿੱਤਾ ਅਖਾਣ ਹੈ ਕਿ ਜਿਸ ਨੂੰ ਪ੍ਰਤਿਭਾ ਕਹਿੰਦੇ ਹਨ, ਉਹ 99 ਪ੍ਰਤੀਸ਼ਤ ਖੂਨ-ਪਸੀਨਾ ਤੇ ਇਕ ਪ੍ਰਤੀਸ਼ਤ ਪ੍ਰੇਰਣਾ ਹੁੰਦੀ ਹੈ। ਆਪਣੀ ਉਮਰ ਦੇ ਆਖਰੀ ਪੜਾਉ 'ਤੇ ਜਾ ਕੇ ਐਡੀਸਨ ਨੂੰ ਸ਼ੂਗਰ ਦੀ ਬਿਮਾਰੀ ਨੇ ਘੇਰ ਲਿਆ ਸੀ ਤੇ ਇਸੇ ਕਾਰਨ 1931 ਵਿਚ ਉਸ ਦੀ ਮੌਤ ਹੋਈ। ਉਸ ਵੇਲੇ ਬੈਚ ਫੁੱਲ ਦਵਾਈਆਂ ਦੀ ਖੋਜ ਹੋ ਚੁਕੀ ਸੀ, ਪਰ ਇਹ ਵਧੇਰੇ ਮਸ਼ਹੂਰ ਨਹੀਂ ਸਨ ਹੋਈਆਂ। ਜੇ ਐਡੀਸਨ ਨੂੰ ਇਨ੍ਹਾਂ ਦੀ ਭਿਣਕ ਪੈ ਜਾਂਦੀ ਤੇ ਉਹ ਓਕ ਦਵਾਈ ਲੈ ਲੈਂਦਾ ਤਾਂ ਨਿਸ਼ਚੇ ਹੀ ਕਈ ਹੋਰ ਸਾਲ ਜਿਉਂਦਾ ਰਹਿੰਦਾ।

ਵਿਗਿਆਨੀਆਂ ਵਿਚੋਂ ਅਣਥੱਕ ਲਗਨ ਵਾਲਾ ਸਿਰਫ ਐਡੀਸਨ ਹੀ ਨਹੀਂ ਸੀ, ਅਜੋਕੇ ਸਮੇਂ ਦਾ ਸਟੀਵ ਜਾਬਸ (Steve Jobs) ਇਸ ਕਿਸਮ ਦਾ ਦੂਜਾ ਯੋਧਾ ਸੀ। ਸਟੀਵ ਜਾਬਸ ਐਪਲ ਕੰਪਿਊਟਰ ਤੇ ਐਪਲ ਫੋਨ ਦਾ ਨਿਰਮਾਤਾ ਸੀ। ਆਪਣੀ ਪੜ੍ਹਾਈ ਵਿਚੇ ਛੱਡ ਕੇ ਉਹ ਆਪਣੇ ਵਿਲੱਖਣ ਕੰਪਿਊਟਰ ਦੇ ਵਿਕਾਸ ਵਿਚ ਜੁਟ ਗਿਆ ਤੇ ਕਈ ਉਤਾਰ ਚੜ੍ਹਾਅ ਦੇਖਦਾ ਹੋਇਆ ਆਸ਼ਾਵੰਦ ਨਜ਼ਰੀਏ ਨਾਲ ਅੱਗੇ ਵਧਦਾ ਗਿਆ। ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਉਸ ਦੀ ਕੰਪਨੀ ਦੀ ਕਾਰਗੁਜ਼ਾਰੀ ਬੜੀ ਹੇਠ ਡਿੱਗ ਪਈ ਤੇ ਇਹ ਸਿਰਫ ਆਸ ਦੇ ਸਹਾਰੇ ਲੜਖੜਾਉਂਦੀ ਰਹੀ। ਆਖਰ ਉਸ ਦੀ ਹਰ ਚੀਜ਼ ਨੂੰ ਸੰਪੂਰਨ ਬਣਾਉਣ ਦੀ ਲਗਨ ਨੇ ਰੰਗ ਲਿਆਂਦਾ। ਉਸ ਦਾ ਆਈ ਪੌਡ, ਆਈ ਫੋਨ, ਆਈ ਪੈਡ ਤੇ ਸਾਫਾਰੀ ਸਾਫਟਵੇਅਰ ਵਾਲਾ ਐਲੂਮੀਨੀਅਮ ਆਧਾਰ ਦਾ ਸੁੰਦਰ ਲੈਪਟਾਪ ਆਪਣੀ ਕਲਾਕਾਰੀ ਤੇ ਕਾਰੀਗਰੀ ਕਰਕੇ ਲੋਕਾਂ ਦੇ ਮਨਾਂ ਵਿਚ ਘਰ ਕਰ ਗਏ। ਦੇਖਦੇ ਦੇਖਦੇ ਉਸ ਦੀ ਕੰਪਨੀ ਕੰਪਿਊਟਰ ਵਣਜ ਵਿਚ ਸੰਸਾਰ ਦੀ ਸਿਰਕੱਢ ਕੰਪਨੀ ਬਣ ਗਈ। ਪਰ ਚੌਵੀ ਘੰਟੇ ਇਸ ਦੀ ਦੇਖ ਰੇਖ ਵਿਚ ਜੁਟਿਆ ਤੇ ਲਗਾਤਾਰ ਇਸ ਦੇ ਵਿਕਾਸ ਵਿਚ ਸੋਧਾਂ ਕਰਦਾ ਇਹ ਵਿਗਿਆਨੀ ਸਿਹਤ ਪੱਖੋਂ ਢਿੱਲ੍ਹਾ ਪੈ ਗਿਆ। ਆਖਰ ਉਸ ਨੂੰ ਕੈਂਸਰ ਹੋ ਗਿਆ। ਆਪਣੇ ਆਖਰੀ ਸਾਹਾਂ ਤੀਕ ਉਸ ਨੇ ਉਮੀਦ ਦਾ ਪੱਲਾ ਨਾ ਛੱਡਿਆ ਤੇ ਆਪਣੀਆਂ ਤਕਨੀਕੀ ਵਸਤਾਂ ਨੂੰ ਅੱਵਲ ਬਣਾਉਣ ਲਈ ਕੰਮ ਕਰਦਾ ਰਿਹਾ। ਆਪਣੇ ਸਿਰੜ ਦੀ ਹਿੰਡ ਪੁਗਾਉਂਦਾ ਉਹ ਦੁਨੀਆਂ ਜਿੱਤ ਤਾਂ ਗਿਆ, ਪਰ ਜੀਵਨ ਹਾਰ ਗਿਆ। ਸਮੇਂ ਸਿਰ ਲਿੱਤੀ ਓਕ ਦਵਾਈ ਉਸ ਨੂੰ ਆਪਣੀ ਸਿਹਤ ਲਈ ਸਮਾਂ ਕੱਢਣ ਦਾ ਵੱਲ ਦੱਸਦੀ। ਕੈਂਸਰ ਵੇਲੇ ਲਿੱਤੀ ਇਹੀ ਦਵਾਈ ਉਸ ਨੂੰ ਇਸ ਬਿਮਾਰੀ ਦੇ ਨਾਮੁਰਾਦ ਚੁੰਗਲ ਵਿਚੋਂ ਬਾਹਰ ਕੱਢਦੀ। ਇਸ ਤਰ੍ਹਾਂ ਦੇ ਹਜ਼ਾਰਾਂ ਹੋਰ ਸਟੀਵ ਜਾਬਸ ਹਨ, ਜੋ ਅੱਜ ਵੀ ਸਿਰ-ਧੜ ਦੀ ਬਾਜੀ ਲਾ ਕੇ ਤਕਨੀਕੀ ਵਿਕਾਸ ਦਾ ਕੰਮ ਕਰ ਰਹੇ ਹਨ। ਜੇ ਉਹ ਹੀ ਇਸ ਫੁੱਲ ਦਵਾਈ ਦਾ ਸੇਵਨ ਸ਼ੁਰੂ ਕਰ ਦੇਣ ਤਾਂ ਵੀ ਇਸ ਸਮਾਜ ਦਾ ਬਹੁਤ ਭਲਾ ਹੋ ਸਕਦਾ ਹੈ।

ਆਪਣੀ ਧੁਨ ਤੇ ਸਵਾਰ ਹੋਏ ਓਕ ਭਾਂਤੀ ਦੇ ਲੋਕ ਸਿਰਫ ਆਪਣੀ ਸਿਹਤ ਦਾ ਹੀ ਨੁਕਸਾਨ ਨਹੀਂ ਕਰਦੇ, ਸਗੋਂ ਸਮਾਜਿਕ ਰਿਸ਼ਤਿਆਂ ਦਾ ਵੀ ਘਾਣ ਕਰਦੇ ਹਨ। ਸਮਾਜਿਕ ਤੇ ਭਾਵਨਾਤਮਿਕ ਤੌਰ 'ਤੇ ਉਹ ਇੰਨੇ ਸਰਦ ਹੋ ਗਏ ਹੁੰਦੇ ਹਨ ਕਿ ਆਪਣੇ ਜੀਵਨ ਦਾ ਮੰਤਵ ਹੀ ਭੁੱਲ ਗਏ ਹੁੰਦੇ ਹਨ। ਕੁਝ ਦਿਨ ਪਹਿਲਾਂ ਹੀ ਮੇਰੇ ਇਕ ਮਰੀਜ਼ ਨੇ ਦੱਸਿਆ ਕਿ ਹੁਣੇ ਹੁਣੇ ਉਸ ਨੇ ਇਕ ਜਜ਼ਬਾਤੀ ਤੌਰ 'ਤੇ ਪ੍ਰੇਸ਼ਾਨ ਅਤੇ ਖੁਦਕਸ਼ੀ ਦੀ ਰਾਹ 'ਤੇ ਤੁਰੀ ਇਕ ਨੌਜਵਾਨ ਔਰਤ ਦੀ ਮਦਦ ਕੀਤੀ ਹੈ। ਉਸ ਦਾ ਪਤੀ ਬੇ-ਏਰੀਏ ਵਿਚ ਇਕ ਕੰਪਿਊਟਰ ਇੰਜੀਨੀਅਰ ਸੀ ਤੇ ਉਹ ਹਰ ਸਮੇਂ ਆਪਣੇ ਕੰਮ ਵਿਚ ਰੁੱਝਿਆ ਰਹਿੰਦਾ ਸੀ। ਉਹ ਅਪਾਹਜਾਂ ਵਾਂਗ ਆਪਣਾ ਖਾਣਾ ਪੀਣਾ ਸੋਫੇ 'ਤੇ ਹੀ ਮੰਗਦਾ ਸੀ ਤੇ ਭੋਜਨ ਵੇਲੇ ਵੀ ਉਸ ਦਾ ਇਕ ਹੱਥ ਕੰਪਿਊਟਰ 'ਤੇ ਹੀ ਰਹਿੰਦਾ ਸੀ। ਕੁਝ ਸਮਝਾਉਣ 'ਤੇ ਉਹ ਇੰਨਾ ਗੁੱਸੇ ਹੋ ਜਾਂਦਾ ਸੀ ਕਿ ਕੁੱਟ ਮਾਰ 'ਤੇ ਉੱਤਰ ਆਉਂਦਾ ਸੀ। ਅੱਕ ਕੇ ਦੋਹਾਂ ਨੇ ਤਲਾਕ ਦਾ ਕੇਸ ਪਾ ਦਿੱਤਾ। ਕੇਸ ਹਾਲੇ ਕਚਹਿਰੀ ਵਿਚ ਹੀ ਹੈ ਕਿ ਔਰਤ ਬਾਹਰ ਕਿਰਾਏ 'ਤੇ ਰਹਿਣ ਲੱਗੀ ਹੈ। ਉਸ ਨੇ ਕਿਹਾ ਕਿ ਉਹ ਉਸ ਨੂੰ ਇਲਾਜ ਲਈ ਮੇਰੇ ਕੋਲ ਲਿਆਵੇਗਾ। ਮੈਂ ਉਸ ਨੂੰ ਸਲਾਹ ਦਿੱਤੀ ਕਿ ਇਲਾਜ ਦੀ ਲੋੜ ਤਾਂ ਉਸ ਦੇ ਪਤੀ ਨੂੰ ਹੈ, ਜਿਸ ਨੇ ਆਪਣੀ ਬੇਵਸੀ ਮਸਰੂਫੀਅਤ ਕਾਰਨ ਆਪਣਾ ਘਰ ਪੁੱਟ ਲਿਆ ਹੈ। ਬਹੁਤ ਦੇਰ ਪਹਿਲਾਂ ਉਸ ਨੂੰ ਫੁੱਲ ਦਵਾਈ ਓਕ ਦਿੱਤੀ ਹੁੰਦੀ ਤਾਂ ਅੱਜ ਉਸ ਦਾ ਘਰ ਬਰਬਾਦ ਨਾ ਹੁੰਦਾ।

ਓਕ ਦੀਆਂ ਅਲਾਮਤਾਂ ਯਾਦ ਰੱਖਣ ਲਈ ਕਈ ਲੇਖਕ 'ਦਸਤਖਤਾਂ ਦੇ ਸਿਧਾਂਤ' (Doctrine of Signatures) ਦਾ ਸਹਾਰਾ ਲੈਂਦੇ ਹਨ। ਇਸ ਦਾ ਅਰਥ ਹੈ ਕਿ ਕਿਸੇ ਵੀ ਦਵਾਈ ਦੇ ਗੁਣ ਉਸ ਦੇ ਸੋਮੇ ਦੇ ਗੁਣਾਂ ਜਿਹੇ ਹੁੰਦੇ ਹਨ (ਭਾਵ ਜਿਸ ਪੌਦੇ ਜਾਂ ਪਦਾਰਥ ਤੋਂ ਕੋਈ ਦਵਾਈ ਬਣਦੀ ਹੈ, ਉਸ ਦਵਾਈ ਦੇ ਗੁਣ ਵੀ ਉਸ ਪੌਦੇ ਜਾਂ ਪਦਾਰਥ ਦੇ ਗੁਣਾਂ ਨਾਲ ਮਿਲਦੇ-ਜੁਲਦੇ ਹੋਣਗੇ)। ਉਹ ਸਮਝਦੇ ਹਨ ਕਿ ਕਿਸੇ ਗੁੱਝੇ ਕੁਦਰਤੀ ਢੰਗ ਨਾਲ ਉਸ ਸੋਮੇ ਨੇ ਦਵਾਈ ਉੱਤੇ ਆਪਣੇ ਦਸਤਖਤ ਅਰਥਾਤ ਪ੍ਰਮਾਣ ਛੱਡੇ ਹੁੰਦੇ ਹਨ। ਇਹ ਇਵੇਂ ਹੈ, ਜਿਵੇਂ ਕੋਈ ਕਹੇ ਕਿ ਦਾੜ੍ਹੀ ਵਾਂਗ ਲਟਕਦੀਆਂ ਬੋਹੜ ਦੀਆਂ ਜੜ੍ਹਾਂ ਮਨੁੱਖ ਦੀ ਦਾਹੜੀ ਦੇ ਰੋਗਾਂ ਨੂੰ ਦੂਰ ਕਰਨ ਲਈ ਵਰਤੀ

*(ਬਾਕੀ ਅਗਲੇ ਸਫੇ 'ਤੇ)*

# ਮਨੁੱਖ, ਸਿਆਣਾ ਜਾਂ...

ਸੰਸਾਰ ਦੇ ਸਾਰੇ ਮਨੁੱਖਾਂ ਦੀ ਨਸਲ (Species) ਦਾ ਸਾਇੰਸੀ ਨਾਉਂ ਹੈ, 'ਹੋਮੋ ਸੇਪੀਅਨਜ' (Homo sapiens), ਜਿਸ ਦਾ ਅਰਥ ਹੈ-ਸਿਆਣਾ, ਬੁੱਧੀਮਾਨ ਜਾਂ ਵਿਚਾਰਵਾਨ ਮਨੁੱਖ। ਇਹ ਨਾਉਂ 1758 ਵਿਚ ਸਵੀਡਨ ਦੇ ਇੱਕ ਮਸ਼ਹੂਰ ਸਾਇੰਸਦਾਨ ਕੈਰੁਲਸ ਲਿਨੀਅਸ ਨੇ ਰੱਖਿਆ ਸੀ; ਸਗੋਂ ਸਾਰੇ ਜਾਨਦਾਰ ਪ੍ਰਾਣੀਆਂ ਦੇ ਸਾਇੰਸੀ ਨਾਉਂ ਰੱਖਣ ਦੀ ਪ੍ਰਣਾਲੀ ਦੀ ਪਿਰਤ ਹੀ ਉਸ ਨੇ ਪਾਈ ਸੀ ਅਤੇ ਇਹ ਹੀ ਅੱਜ ਸਾਰੇ ਸੰਸਾਰ ਵਿਚ ਪ੍ਰਚਲਿਤ ਹੈ। ਸਰੀਰ ਅਤੇ ਸੁਭਾਅ ਦੇ ਕੁਝ ਲੱਛਣਾਂ ਕਰ ਕੇ ਪਸ਼ੂ-ਜਗਤ ਦੇ ਪ੍ਰਾਣੀਆਂ ਨਾਲ ਮੇਲ ਖਾਣ ਕਰ ਕੇ ਭਾਵੇਂ ਮਨੁੱਖ ਨੂੰ ਪਸ਼ੂ-ਜਗਤ (ਐਨੀਮੇਲੀਆ ਕਿੰਗਡਮ- Animalia Kingdom) ਵਿਚ ਰੱਖਿਆ ਗਿਆ ਹੈ, ਪਰ ਕੁਦਰਤ ਵਲੋਂ ਮਿਲੇ ਹੋਰ ਵਿਸ਼ੇਸ਼ ਗੁਣਾਂ (Faculties) ਕਰ ਕੇ ਇਹ ਉਨ੍ਹਾਂ ਸਭ ਵਿਚੋਂ ਉੱਤਮ ਹੈ। ਇਹ ਗੁਣ ਹਨ: ਵਿਕਸਿਤ ਕਿਸਮ ਦਾ ਸਰੀਰ ਅਤੇ ਦਿਮਾਗ, ਸਿੱਧੇ ਖੜ੍ਹੇ ਹੋ ਕੇ ਦੋ ਪੈਰਾਂ 'ਤੇ ਤੁਰ, ਬੋਲ, ਅੱਗ ਨੂੰ ਵਰਤ ਸਕਣ, ਜਥੇਬੰਦ (Forming Groups) ਕਰ/ਹੋ ਸਕਣ ਅਤੇ



**ਇੰਜੀਨੀਅਰ ਈਸ਼ਰ ਸਿੰਘ**
ਫੋਨ: 647-640-2014

ਬੁੱਧ-ਵਿਵੇਕ ਦੀ ਅਧਿਕਾਰਤਾ, ਜਿਨ੍ਹਾਂ ਕਰ ਕੇ ਇਸ ਨੂੰ ਇਹ ਨਾਉਂ ਦਿੱਤਾ ਗਿਆ ਹੈ। ਮਨੁੱਖ ਨੇ ਬਹੁਤ ਹੱਦ ਤੱਕ ਆਪਣੇ ਇਸ ਨਾਉਂ ਨਾਲ ਇਨਸਾਫ ਵੀ ਕੀਤਾ ਹੈ।


ਇਸ ਸੰਸਾਰ ਵਿਚ ਵੱਖ-ਵੱਖ ਸਮਿਆਂ ਅਤੇ ਵੱਖ-ਵੱਖ ਦੇਸ਼ਾਂ ਵਿਚ ਚੋਟੀ ਦੇ ਅਧਿਆਤਮਿਕ ਮਹਾਂਪੁਰਖ ਆ ਚੁਕੇ ਹਨ ਤੇ ਆ ਰਹੇ ਹਨ। ਇਨ੍ਹਾਂ ਨੇ ਮਨੁੱਖਾਂ ਦੇ ਆਤਮਿਕ ਗੁਣਾਂ ਨੂੰ ਉਭਾਰਿਆ, ਸੁਚੱਜੇ ਜੀਵਨ ਜਿਉਣ ਦੀਆਂ ਸਿਆਣਪਾਂ ਸਿਖਾਈਆਂ, ਬਰਾਬਰੀ ਅਤੇ ਸ਼ਾਂਤੀ ਦਾ ਸੁਨੇਹਾ ਦਿੱਤਾ ਤੇ ਉਨ੍ਹਾਂ ਨੂੰ ਹੱਕ-ਸੱਚ ਵਾਸਤੇ ਡਟਣ ਦੀ ਹਿੰਮਤ ਦਿੱਤੀ। ਵੱਡੇ-ਵੱਡੇ ਨਿਆਂ-ਪਸੰਦ ਹੁਕਮਰਾਨ, ਫਿਲਾਸਫਰ ਅਤੇ ਸਮਾਜਿਕ ਮਹਾਂ-ਮਨੁੱਖ ਆਏ, ਜਿਨ੍ਹਾਂ ਦੀ ਰਹਿਨੁਮਾਈ ਵਿਚ ਮਨੁੱਖ ਨੇ ਜੀਵਨ ਦੇ ਦੁਨਿਆਵੀ ਖੇਤਰਾਂ ਵਿਚ ਵਿਕਾਸ ਕੀਤਾ। ਇਸੇ ਤਰ੍ਹਾਂ ਇੱਕ ਹੋਰ ਵਰਗ ਦੇ ਸਿਆਣਿਆਂ ਨੇ ਕੁਦਰਤ ਦੇ ਅਨੇਕਾਂ ਵਰਤਾਰਿਆਂ ਦਾ ਧਿਆਨ ਨਾਲ ਨਿਰੀਖਣ ਕੀਤਾ, ਇਨ੍ਹਾਂ ਪਿੱਛੇ ਕੰਮ ਕਰਦੇ ਕੁਦਰਤੀ ਨਿਯਮਾਂ ਨੂੰ ਆਪਣੀ ਬੁੱਧੀ ਨਾਲ ਸਮਝਿਆ ਅਤੇ ਆਪਣੇ ਇਸ ਗਿਆਨ ਨੂੰ ਸਾਇੰਸ ਦਾ ਰੂਪ ਦਿੱਤਾ। ਫਿਰ ਇਸ ਸਾਇੰਸ ਨੂੰ ਤਕਨੀਕਾਂ ਅਤੇ ਕਾਢਾਂ ਰਾਹੀਂ ਸਮੁੱਚੀ ਮਨੁੱਖਤਾ ਦੀ ਭਲਾਈ ਵਾਸਤੇ ਵਰਤਿਆ। ਇਨ੍ਹਾਂ ਮਹਾਂਪੁਰਖਾਂ, ਮਹਾਂ-ਮਨੁੱਖਾਂ ਅਤੇ ਸਿਆਣਿਆਂ ਦੇ ਪਰਉਪਕਾਰਾਂ ਸਦਕਾ ਅੱਜ ਆਪਾਂ ਸਾਰੇ ਆਪਣੇ ਪੂਰਵਜਾਂ ਤੋਂ ਵੱਧ ਖੁਸ਼ਹਾਲ, ਸਾਧਨ-ਸੰਪੰਨ, ਸਿਹਤਵੰਦ, ਪੜ੍ਹੇ-ਲਿਖੇ ਅਤੇ ਆਤਮ-ਨਿਰਭਰ ਹਾਂ। ਸਾਨੂੰ ਅਪੂਰਬ ਸੁਖ-ਸਹੂਲਤਾਂ, ਮਨ-ਪ੍ਰਚਾਵੇ ਦੇ ਸਾਧਨ, ਸਿਹਤ-ਸੇਵਾਵਾਂ, ਆਵਾਜਾਈ ਅਤੇ ਢੋਅ-ਢੁਆਈ ਦੇ ਸਾਧਨ, ਖਾਧ-ਖੁਰਾਕ ਦੇ ਵਸੀਲੇ, ਵਿੱਦਿਆ ਤੇ ਗਿਆਨ ਪ੍ਰਾਪਤੀ ਦੇ ਸਾਧਨ ਅਤੇ ਰਾਜਨੀਤਕ ਤੇ ਸਮਾਜਿਕ ਖੁੱਲ੍ਹਾਂ ਹਾਸਲ ਹਨ।

ਪਰ ਬੜੇ ਹੀ ਦੁੱਖ ਦੀ ਗੱਲ ਇਹ ਹੈ ਕਿ ਇਸ ਦੇ ਨਾਲ-ਨਾਲ ਮਨੁੱਖਾਂ ਦੀ ਦੂਸਰੇ ਬਹੁਤ ਵੱਡੇ ਹਿੱਸੇ ਨੇ ਆਪਣੇ ਇਨ੍ਹਾਂ ਹੀ ਕੁਦਰਤੀ ਵਿਸ਼ੇਸ਼ ਗੁਣਾਂ (Faculties) ਦੀ ਹੱਦੋਂ ਵੱਧ ਕੁਵਰਤੋਂ ਵੀ ਕੀਤੀ; ਇੰਨੀ ਕਿ ਮਨੁੱਖ ਦੀਆਂ ਸਾਰੀਆਂ ਚੰਗਿਆਈਆਂ ਉਸ ਦੀਆਂ ਬੁਰਿਆਈਆਂ ਸਾਹਮਣੇ ਅੱਜ ਨਾਂ-ਮਾਤਰ ਹੀ ਲਗਦੀਆਂ ਹਨ। ਕਿੰਨੇ-ਕਿੰਨੇ ਜ਼ਾਲਮ ਹੁਕਮਰਾਨ, ਖੁਦਗਰਜ਼ ਹਾਕਮ-ਸ਼੍ਰੇਣੀਆਂ; ਧਰਮਾਂ, ਜਾਤਾਂ ਅਤੇ ਸਮਾਜਿਕ ਨਾ-ਬਰਾਬਰੀਆਂ ਦੀ ਆੜ ਹੇਠ ਜੰਗਾਂ-ਯੁੱਧਾਂ ਰਾਹੀਂ ਮਨੁੱਖਤਾ ਦਾ ਘਾਣ ਕਰਨ ਵਾਲੇ ਅਖੌਤੀ ਧਾਰਮਿਕ ਅਤੇ ਸਮਾਜਿਕ ਆਗੂ ਵੀ ਲਗਾਤਾਰ ਆਏ ਤੇ ਆ ਰਹੇ ਹਨ। ਮਨੁੱਖੀ ਗੁਣਾਂ ਦੀ ਇਹ ਘ੍ਰਿਣਾਤਮਕ ਦੁਰਵਰਤੋਂ ਵਿਅਕਤੀਗਤ ਪੱਧਰ 'ਤੇ ਵੀ ਹੋਈ ਅਤੇ ਸਮੂਹਿਕ ਪੱਧਰ 'ਤੇ ਵੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਅਤੇ ਵਰਤਮਾਨ ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਮੇਂ ਨਾਲ ਇਸ ਦੁਰਵਰਤੋਂ ਵਿਚ ਵਾਧਾ ਹੀ ਹੋਇਆ ਹੈ। ਭਾਵੇਂ ਇਸ ਦੁਰਵਰਤੋਂ ਦੀਆਂ ਕਿਸਮਾਂ ਅਤੇ ਕਰਨ ਦੇ ਢੰਗ-ਤਰੀਕੇ ਬਦਲਦੇ ਰਹੇ ਹਨ, ਪਰ ਇਨ੍ਹਾਂ ਦੀ ਕਰੂਰਤਾ ਅਤੇ ਮਿਕਦਾਰ ਕਦੇ ਵੀ ਘਟੀ ਨਹੀਂ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਆਪਸ ਵਿਚ ਕੀਤੇ ਨੁਕਸਾਨ ਤੋਂ ਇਲਾਵਾ ਮਨੁੱਖ ਨੇ ਧਰਤੀ ਅਤੇ ਇਸ ਦੇ ਕੁਦਰਤੀ ਵਸੀਲਿਆਂ ਦਾ ਵੀ ਬਹੁਤ ਨੁਕਸਾਨ ਕੀਤਾ ਹੈ।

ਜੇ ਇਕੱਲੇ 'ਵਾਤਾਵਰਨ' ਨੂੰ ਕੀਤੇ ਨੁਕਸਾਨ ਦੀ ਹੀ ਗੱਲ ਕਰੀਏ ਤਾਂ 'ਅੰਤਰ-ਰਾਸ਼ਟਰੀ ਊਰਜਾ ਏਜੰਸੀ' ਦੇ ਕਾਰਜਕਾਰੀ ਡਾਇਰੈਕਟਰ ਫੇਥ ਬਾਇਰਲ ਦਾ ਕਹਿਣਾ ਹੈ, "ਸ਼ਾਇਦ ਇਹ ਸਮੱਸਿਆ ਮਨੁੱਖਤਾ ਨੂੰ ਅੱਜ ਤੱਕ ਆਈਆਂ ਸਭ ਸਮੱਸਿਆਵਾਂ ਤੋਂ ਵੱਡੀ ਹੈ।" ਸਾਨੂੰ ਦਰ-ਪੇਸ਼ ਇੰਨੀਆਂ ਹੀ ਮਾਰੂ ਦੋ ਹੋਰ ਸਮੱਸਿਆਵਾਂ ਹਨ: ਪ੍ਰਮਾਣੂ ਹਥਿਆਰਾਂ ਦੀ ਦੌੜ ਅਤੇ ਕੰਪਿਊਟਰ ਖੇਤਰ ਵਿਚ ਹੋ ਰਹੀਆਂ ਬੇ-ਲੋੜੀਆਂ ਤੇ ਬੇ-ਲਗਾਮ ਖੋਜਾਂ। ਇਨ੍ਹਾਂ ਤੋਂ ਇਲਾਵਾ ਭੁੱਖਮਰੀ, ਗਰੀਬੀ, ਨਾ-ਬਰਾਬਰੀ, ਅਤਿਵਾਦ, ਮਹਾਮਾਰੀਆਂ, ਵਧ ਰਹੀ ਆਬਾਦੀ, ਸੰਪਰਦਾਇਕ ਝਗੜੇ, ਖਪਤਵਾਦ, ਇਸ਼ਤਿਹਾਰਬਾਜ਼ੀ, ਪਲਾਸਟਿਕ ਦਾ ਪ੍ਰਦੂਸ਼ਣ ਅਤੇ ਸਰਕਾਰਾਂ ਦੀ ਘਟ ਰਹੀ ਭਰੋਸੇ-ਯੋਗਤਾ ਤੇ ਅਥਾਰਿਟੀ ਦੀਆਂ ਸਮੱਸਿਆਵਾਂ।

ਮਨੁੱਖ ਵਲੋਂ ਮਨੁੱਖ ਨਾਲ ਕੀਤੇ ਗਏ ਅਤੇ ਕੀਤੇ ਜਾ ਰਹੇ ਜ਼ੁਲਮ ਅਤੇ ਆਪ-ਸਹੇੜੀਆਂ ਇਨ੍ਹਾਂ ਮਾਰੂ ਸਮੱਸਿਆਵਾਂ ਨੇ ਸਾਡੀਆਂ ਵਿਅਕਤੀਗਤ ਤੇ ਸਮੂਹਿਕ ਸਿਆਣਪਾਂ ਉਤੇ ਵੱਡਾ ਪ੍ਰਸ਼ਨ-ਚਿੰਨ੍ਹ ਲਾ ਦਿੱਤਾ ਹੈ। ਇਹ ਵਿਵਾਦ ਖੜ੍ਹਾ ਕਰ ਦਿੱਤਾ ਹੈ ਕਿ ਇਨਸਾਨ ਸਿਆਣਾ ਹੈ ਜਾਂ ਮੂਰਖ? ਮੂਰਖ ਉਹ ਹੁੰਦਾ ਹੈ, ਜੋ ਆਪਾ-ਮਾਰੂ (Self-destructive) ਜਾਂ ਮਾਨਵਤਾ ਅਤੇ ਕੁਦਰਤ ਵਿਰੋਧੀ ਕੰਮ ਕਰੇ; ਜਾਣ-ਬੁੱਝ ਕੇ ਕਰੇ ਭਾਵੇਂ ਅਣਜਾਣ-ਪੁਣੇ ਵਿਚ ਕਰੇ। ਇਤਿਹਾਸ ਨੂੰ ਪੜ੍ਹ ਕੇ ਅਤੇ ਅੱਜ ਦੀਆਂ ਨਿਰਾਸ਼ਾਜਨਕ ਸਥਿਤੀਆਂ ਨੂੰ ਦੇਖ ਕੇ ਸਿੱਧ ਹੋ ਜਾਂਦਾ ਹੈ ਕਿ ਮਨੁੱਖ ਸੁਭਾਵਿਕ ਤੌਰ 'ਤੇ ਸਿਆਣਾ ਘੱਟ ਅਤੇ ਮੂਰਖ ਵੱਧ ਹੈ। ਸੰਸਾਰ ਦੇ ਅੱਜ ਦੇ ਸੁਪ੍ਰਸਿੱਧ ਫਿਲਾਸਫਰ-ਇਤਿਹਾਸਕਾਰ ਯੁਵਲ ਹਰਾਰੀ ਨੇ ਆਪਣੀ ਕਿਤਾਬ '21 Lessons for the 21st Century' ਵਿਚ ਲਿਖਿਆ ਹੈ:

"ਸਾਨੂੰ ਮਨੁੱਖੀ ਮੂਰਖਤਾ, ਭਾਵੇਂ ਇਹ




ਵਿਅਕਤੀਗਤ ਪੱਧਰ ਦੀ ਹੋਵੇ, ਭਾਵੇਂ ਸਮੂਹਕ ਪੱਧਰ ਦੀ, ਨੂੰ ਕਦੇ ਵੀ ਘੱਟ ਨਹੀਂ ਸਮਝਣਾ ਚਾਹੀਦਾ। ਮਨੁੱਖ ਵਿਚ ਆਪਣੀ ਤਬਾਹੀ ਆਪ ਕਰਨ ਦੀ ਕੁਦਰਤੀ ਪ੍ਰਵਿਰਤੀ ਹੈ। ਮਨੁੱਖੀ ਮੂਰਖਤਾ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਮਾਰੂ ਤਾਕਤਾਂ ਵਿਚੋਂ ਇੱਕ ਹੈ, ਫਿਰ ਵੀ ਅਸੀਂ ਇਸ ਨੂੰ ਘਟਾ ਕੇ ਦੇਖਣ ਦੀ ਕੋਸ਼ਿਸ਼ ਕਰਦੇ ਹਾਂ। ਸੂਝਵਾਨ ਲੀਡਰ ਵੀ ਅਕਸਰ ਵੱਡੀਆਂ-ਵੱਡੀਆਂ ਮੂਰਖਤਾਵਾਂ ਕਰ ਬੈਠਦੇ ਹਨ।"

ਇੱਕ ਹੋਰ ਪ੍ਰਸਿੱਧ ਇਤਿਹਾਸਕਾਰ ਬਰਬਾਰਾ ਟੱਕਮੈਨ ਦੀ ਕਿਤਾਬ "The March Of Folly: From Troy To Vietnam" ਵਿਚ ਦਰਜ ਹੈ: "ਮੂਰਖਤਾ (Folly) ਦੇਸ਼ ਅਤੇ ਕਾਲ ਤੋਂ ਆਜ਼ਾਦ ਹੈ; ਇਹ ਸਦੀਵੀ ਅਤੇ ਸਰਬ-ਵਿਆਪੀ ਹੈ ਭਾਵੇਂ ਕਿ ਇਸ ਦਾ ਰੂਪ ਵਕਤ ਅਤੇ ਸਥਾਨ ਦੀਆਂ ਮਾਨਤਾਵਾਂ ਤੇ ਰਹੁ-ਰੀਤਾਂ ਅਨੁਸਾਰ ਬਦਲਦਾ ਰਹਿੰਦਾ ਹੈ। ਇਸ ਦਾ ਹਕੂਮਤ (Regime) ਦੀ ਕਿਸਮ ਨਾਲ ਕੋਈ ਸਬੰਧ ਨਹੀਂ; ਇਹ ਰਾਜਤੰਤਰ, ਅਲਪਤੰਤਰ ਅਤੇ ਗਣਤੰਤਰ-ਸਭ ਵਿਚ ਉਪਜਦੀ ਹੈ ਅਤੇ ਨਾ ਹੀ ਇਸ ਦਾ ਕਿਸੇ ਕੌਮ ਜਾਂ ਵਰਗ ਨਾਲ ਕੋਈ ਸਬੰਧ ਹੈ।"

ਮੂਰਖਤਾ ਕਰ ਕੇ ਹੀ ਸਰਕਾਰਾਂ ਅਤੇ ਜ਼ਿੰਮੇਵਾਰ ਹਸਤੀਆਂ ਨਾ ਤਾਂ ਆ ਰਹੀਆਂ ਸਮੱਸਿਆਵਾਂ ਨੂੰ ਗੌਲਦੀਆਂ ਹਨ ਅਤੇ ਨਾ ਹੀ ਪਈਆਂ ਹੋਈਆਂ ਨੂੰ ਠੀਕ ਢੰਗ ਨਾਲ ਨਜਿੱਠ ਸਕਦੀਆਂ ਹਨ। ਮਿਸਾਲ ਵਜੋਂ ਪਹਿਲਾਂ ਤਾਂ ਕੋਵਿਡ-19 ਮਹਾਮਾਰੀ ਬਾਰੇ ਮਾਹਿਰਾਂ ਵਲੋਂ ਪਿਛਲੇ ਪੰਜ-ਸੱਤ ਸਾਲ ਤੋਂ ਦਿੱਤੀਆਂ ਜਾ ਰਹੀਆਂ ਚਿਤਾਵਨੀਆਂ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਅਤੇ ਇਸ ਦੇ ਸ਼ੁਰੂ ਹੋਣ ਤੋਂ ਬਾਅਦ ਇਸ ਨੂੰ ਨਜਿੱਠਣ ਵਿਚ ਹਰ ਪੱਧਰ 'ਤੇ ਦਿਖਾਈ ਜਾ ਰਹੀ ਨਾ-ਅਹਿਲੀਅਤ ਇਸ ਦਾ ਇੱਕ ਹੋਰ ਪ੍ਰਮਾਣ ਹੈ।

ਪਰ ਹੈਰਾਨੀ ਦੀ ਗੱਲ ਇਹ ਹੈ ਕਿ ਮੂਰਖਤਾ (Stupidity, Folly) ਦੇ ਹਰ ਪੱਧਰ 'ਤੇ, ਸਦੀਵੀ ਅਤੇ ਸਰਬ-ਵਿਆਪੀ ਹੋਣ ਦੇ ਬਾਵਜੂਦ ਇਸ ਵਿਸ਼ੇ 'ਤੇ ਨਾਂ-ਮਾਤਰ ਖੋਜ ਹੋਈ ਹੈ, ਜਦੋਂ ਕਿ ਮਨੋਵਿਗਿਆਨੀ, ਸਮਾਜਿਕ ਮਨੋਵਿਗਿਆਨੀ ਅਤੇ ਚਿੰਤਕ ਹੋਰ ਅਣਗਿਣਤ ਕਿਸਮ ਦੀਆਂ ਖੋਜਾਂ ਕਰੀ ਜਾ ਰਹੇ ਹਨ। ਇਸ ਵਿਸ਼ੇ 'ਤੇ ਕਿਤੇ ਕੋਈ ਸੈਮੀਨਾਰ, ਕੋਈ ਕੋਰਸ ਜਾਂ ਟਰੇਨਿੰਗ ਆਦਿ ਨਹੀਂ ਹੁੰਦੀ। ਮੁੱਖ ਕਾਰਨ ਇਹ ਹੈ ਕਿ ਕੁਦਰਤੀ ਸੁਭਾਅ ਕਰ ਕੇ ਅਸੀਂ ਆਪਣੇ ਔਗੁਣਾਂ-ਵਿਕਾਰਾਂ, ਆਪਣੀਆਂ ਗਲਤੀਆਂ-ਕਮਜ਼ੋਰੀਆਂ ਅਤੇ ਮੂਰਖਤਾਵਾਂ ਪ੍ਰਤੀ ਬਹੁਤ ਭਾਵੁਕ ਹਾਂ ਅਤੇ ਆਪਣੇ ਨੇੜੇ ਤੋਂ ਨੇੜੇ ਦੇ ਵਿਅਕਤੀ ਨਾਲ ਵੀ ਇਨ੍ਹਾਂ ਬਾਰੇ ਗੱਲ-ਬਾਤ ਨਹੀਂ ਕਰ ਸਕਦੇ। ਹੋਰ ਕਿਸੇ ਦੀ ਗੱਲ ਛੱਡੀਏ, ਨਿਰਪੱਖ ਢੰਗ ਨਾਲ ਆਪਣੀ ਸਵੈ-ਪੜਚੋਲ ਵੀ ਨਹੀਂ ਕਰ ਸਕਦੇ। ਇਹ ਗੱਲ ਵਿਅਕਤੀਗਤ, ਸਮੂਹਿਕ ਅਤੇ ਸਰਕਾਰਾਂ-ਹਰ ਪੱਧਰ 'ਤੇ ਢੁਕਦੀ ਹੈ। ਆਪਣੇ ਇਸ ਸੁਭਾਅ ਦੇ ਸਬੂਤਾਂ ਵਾਸਤੇ ਆਪਾਂ ਨੂੰ ਬਾਹਰੋਂ ਤੱਥ ਲੱਭਣ ਦੀ ਲੋੜ ਨਹੀਂ, ਆਪਾਂ ਇਹ ਸਭ ਆਪ ਕਰਦੇ ਹਾਂ ਅਤੇ ਦੂਸਰਿਆਂ ਨੂੰ ਕਰਦੇ ਦੇਖਦੇ ਹਾਂ। ਪਰਿਵਾਰਾਂ, ਸਮਾਜਿਕ ਇਕੱਠਾਂ, ਮੀਟਿੰਗਾਂ ਤੇ ਵੱਡੀਆਂ-ਵੱਡੀਆਂ ਸਭਾਵਾਂ ਵਿਚ ਵੱਡੇ-ਵੱਡੇ ਮਸਲੇ ਬਾਰੀਕੀਆਂ ਨਾਲ ਵਿਚਾਰੇ ਜਾਂਦੇ ਹਨ ਅਤੇ ਵੱਡੇ-ਵੱਡੇ ਤੇ ਸਹੀ ਫੈਸਲੇ ਲਏ ਜਾਂਦੇ ਹਨ, ਪਰ ਕਦੇ ਅੰਤਰ-ਝਾਤ ਨਹੀਂ ਪਾਈ ਜਾਂਦੀ, ਸਵੈ-ਪੜਚੋਲ ਨਹੀਂ ਕੀਤੀ ਜਾਂਦੀ। ਸਿਰਫ ਆਪਣੀਆਂ ਮੂਰਖਤਾਵਾਂ ਤੋਂ ਮੁਕਰਨ ਜਾਂ ਇਨ੍ਹਾਂ ਨੂੰ ਜਾਇਜ਼ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਹੀ ਕੀਤੀਆਂ ਜਾਂਦੀਆਂ ਹਨ।

ਆਪਾਂ ਸਿਆਣੇ ਜਾਂ ਮੂਰਖ ਇਨਸਾਨਾਂ ਵਿਚ ਕੋਈ ਵੰਡ ਨਹੀਂ ਪਾ ਸਕਦੇ, ਕਿਉਂਕਿ ਵਾਧੇ-ਘਾਟੇ ਅਤੇ ਕਿਸਮ ਦੇ ਫਰਕ ਨਾਲ ਹਰ ਇਨਸਾਨ ਆਪਣੇ-ਆਪ ਵਿਚ ਸਿਆਣਪ ਅਤੇ ਮੂਰਖਤਾ ਦਾ ਮਿਸ਼ਰਣ ਹੈ; ਕਾਰਨ-ਵਸ ਆਪਾਂ ਸਾਰੇ ਦੋਹਾਂ ਕਿਸਮਾਂ ਦੇ ਕੰਮ ਕਰਦੇ ਹਾਂ। ਡਾ. ਜੌਨਥਨ ਹਾਈਟ ਅਨੁਸਾਰ ਸਾਡੀ ਸ਼ਖਸੀਅਤ ਇੱਕ ਇਕਾਈ ਨਾ ਹੋ ਕੇ ਇੱਕ ਐਸੀ ਕਮੇਟੀ ਵਾਂਗ ਹੈ, ਜਿਸ ਨੂੰ ਇੱਕ 'ਅਹਿਮ ਕੰਮ' ਮਿਲਿਆ ਹੋਇਆ ਹੈ, ਪਰ ਜਿਸ ਦੇ ਮੈਂਬਰ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਹਨ। ਇਸ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਸਾਡਾ ਫਰਜ਼ ਹੈ ਕਿ ਅਸੀਂ ਇਸ ਪਾਸੋਂ ਵੱਧ ਤੋਂ ਵੱਧ ਸਿਆਣੇ ਫੈਸਲੇ ਕਰਵਾਈਏ ਤਾਂ ਕਿ ਅਸੀਂ ਮਿਲੇ ਹੋਏ 'ਅਹਿਮ ਕੰਮ' ਨੂੰ ਪੂਰਾ ਕਰ ਸਕੀਏ; ਪਰ ਦੋ ਕਾਰਨਾਂ ਕਰ ਕੇ ਆਪਾਂ ਇਹ ਸਭ ਕਰਨ ਤੋਂ ਅਸਮਰਥ ਹਾਂ:

(1) ਸੁਖਾਵੇਂ ਬਾਹਰੀ ਮਾਹੌਲ ਦੀ ਘਾਟ: ਜਿਵੇਂ ਕਿ ਸਮਾਜ, ਪ੍ਰਬੰਧ, ਰਾਜਨੀਤੀ ਅਤੇ ਸਰਕਾਰ ਪੱਧਰ 'ਤੇ ਕੀਤੀਆਂ ਜਾ ਰਹੀਆਂ ਕਾਰਵਾਈਆਂ ਪ੍ਰਤੀ ਆਪਾਂ ਬੇਵਸ ਹਾਂ। ਅਸੀਂ ਆਪਣੇ-ਆਪ ਇਸ ਸਮਾਜਿਕ-ਜਾਲ ਵਿਚੋਂ ਨਿਕਲ ਨਹੀਂ ਸਕਦੇ ਅਤੇ ਇਸ ਪਾਸੇ ਕੀਤੀਆਂ ਸਾਡੀਆਂ ਕੋਸ਼ਿਸ਼ਾਂ ਵਿਅਰਥ ਹੋ ਜਾਂਦੀਆਂ ਹਨ।

(2) ਸਾਡੀ ਫਜ਼ੂਲ ਦੀ ਭਾਵੁਕਤਾ: ਜਿਹੜੀ ਸਾਨੂੰ ਸਾਡੇ ਔਗੁਣਾਂ-ਵਿਕਾਰਾਂ ਪ੍ਰਤੀ ਨਿਰਪੱਖ (Objective) ਰਵਈਆ ਨਹੀਂ ਅਪਨਾਉਣ ਦਿੰਦੀ, ਸਾਨੂੰ ਯਥਾਰਥਵਾਦੀ ਨਹੀਂ ਬਣਨ ਦਿੰਦੀ, ਉਲਟਾ ਭਾਂਜਵਾਦੀ ਬਣਾ ਦਿੰਦੀ ਹੈ। ਇਨ੍ਹਾਂ ਨੂੰ ਪਛਾਣਨ, ਸਵੀਕਾਰਨ ਅਤੇ ਦੂਰ ਕਰਨ ਦੀਆਂ ਸੁਹਿਰਦ ਤੇ ਸੁਚੇਤ ਕੋਸ਼ਿਸ਼ਾਂ ਤੋਂ ਬਗੈਰ ਅੱਗੇ ਵਾਸਤੇ ਇਨ੍ਹਾਂ ਤੋਂ ਬਚ ਸਕਣਾ ਅਸੰਭਵ ਹੈ।

ਸਪਸ਼ਟ ਹੈ ਕਿ ਸਾਡੀਆਂ ਪ੍ਰਚਲਿਤ ਸਿਆਣਪਾਂ, ਜਿਨ੍ਹਾਂ ਦਾ ਆਧਾਰ ਜ਼ਿਆਦਾਤਰ ਅਜੋਕੀਆਂ ਪੱਛਮੀ ਖੋਜਾਂ ਹਨ, ਸਾਨੂੰ ਆਪਣੀ ਸੁਭਾਵਿਕ ਮੂਰਖਤਾ ਤੋਂ ਰੋਕ ਨਹੀਂ ਸਕੀਆਂ। ਇਸੇ ਕਰ ਕੇ ਪਿਛਲੇ ਛੇ-ਸੱਤ ਦਹਾਕਿਆਂ ਤੋਂ ਪੱਛਮ ਦੇ ਹਰ ਖੇਤਰ ਦੇ ਮਨੋਵਿਗਿਆਨੀ ਪੂਰਬੀ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਦਾ ਗੰਭੀਰਤਾ ਨਾਲ ਅਧਿਐਨ ਕਰ ਰਹੇ ਹਨ ਅਤੇ ਇਨ੍ਹਾਂ ਦਾ ਪੱਛਮ ਵਿਚ ਹੋ ਰਹੀਆਂ ਖੋਜਾਂ ਨਾਲ ਸੁਮੇਲ ਕਰ ਰਹੇ ਹਨ। ਸੁਮੇਲ ਦੀ ਇਸ ਕਾਰਵਾਈ ਨੂੰ ਡਾ. ਹਾਈਟ ਨੇ 'ਸਨਾਤਨੀ ਸਿਆਣਪਾਂ ਵਿਚੋਂ ਅਜੋਕੀ ਸੱਚਾਈ ਦੀ ਭਾਲ' (Finding Modern Truth in Ancient Wisdom) ਕਿਹਾ ਹੈ। ਹੁਣ ਜੇ ਪੱਛਮ ਵਾਲੇ ਖੁੱਲ੍ਹ-ਦਿਲੀ ਨਾਲ ਇਹ ਸਭ ਕਰ ਰਹੇ ਹਨ ਤਾਂ ਸਾਡੇ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਵੀ ਉਨ੍ਹਾਂ ਦੀਆਂ ਖੋਜਾਂ ਰਾਹੀਂ ਆਪਣੀ ਅਧਿਆਤਮਿਕ ਵਿਰਾਸਤ ਨੂੰ ਅੱਜ ਦੇ ਸਾਇੰਸੀ ਪਰਿਪੇਖ ਵਿਚ ਨਵੇਂ ਸਿਰੇ ਤੋਂ ਸਮਝੀਏ। ਇਸ ਵਾਸਤੇ ਅਧਿਆਤਮਿਕ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਤੋਂ ਸੇਧ ਲੈਣਾ ਹੀ ਸਾਡੇ ਵਾਸਤੇ ਇੱਕ ਰਾਹ ਹੈ। ਇੱਥੇ ਇਹ ਵਿਚਾਰ ਵੀ ਜ਼ਰੂਰੀ ਹੈ ਕਿ ਸਭ ਧਰਮਾਂ ਦੇ ਮੋਢੀ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਦਾ ਆਧਾਰ ਇੱਕ ਹੀ ਸੱਚਾਈ ਹੈ, ਜੋ ਆਦਿ ਜੁਗਾਦਿ ਤੋਂ ਚਲੀ ਆ ਰਹੀ ਹੈ ਅਤੇ ਸਰਬ-ਸਾਂਝੀ ਹੈ। ਇਸ ਸੱਚਾਈ ਤੋਂ ਮੁਨਕਰ ਹੋਣਾ ਹੀ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਮੂਰਖਤਾ ਹੈ।

ਜਿਵੇਂ ਸਾਇੰਸਦਾਨ ਮਨੁੱਖੀ ਜੂਨ ਦੀਆਂ ਵਿਸ਼ੇਸ਼ਤਾਵਾਂ ਦਸਦੇ ਹਨ, ਉਸੇ ਤਰ੍ਹਾਂ ਮਹਾਂਪੁਰਖਾਂ ਨੇ ਵੀ ਮਨੁੱਖ ਦੀ ਜੂਨ ਨੂੰ ਸਰਬ-ਸ੍ਰੇਸ਼ਟ ਕਿਹਾ ਹੈ। ਗੁਰਬਾਣੀ ਨੇ ਕੁਦਰਤ ਵਲੋਂ ਇਸ ਨੂੰ ਬਾਕੀ ਸਭ ਜੂਨਾਂ ਦੀ ਸਰਦਾਰੀ ਦਿੱਤੀ ਹੋਈ ਦੱਸਿਆ ਹੈ। ਇਸ ਦੇ ਸਰੀਰ ਨੂੰ ਹਰੀ ਮੰਦਰ ਅਤੇ ਮਨ ਨੂੰ ਜੋਤ ਸਰੂਪ ਕਿਹਾ ਹੈ; ਪਰ ਨਾਲ ਹੀ ਉਹ ਮਨੁੱਖ ਨੂੰ ਮੂਰਖ, ਅਣਜਾਣ, ਮਤਿਹੀਣ, ਅੰਨ੍ਹਾ ਅਤੇ ਇਸ ਤਰ੍ਹਾਂ ਦੇ ਭਾਵ ਵਾਲੇ ਹੋਰ ਅਨੇਕਾਂ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੇ ਹਨ। ਇੰਨਾ ਹੀ ਨਹੀਂ, ਉਹ ਸਾਨੂੰ ਖੁਦਗਰਜ਼, ਹੰਕਾਰੀ ਪਖੰਡੀ, ਨੀਚ, ਬੁਰਾ ਤੱਕ ਕਹਿੰਦੇ ਹਨ ਅਤੇ ਕੁੱਤੇ ਦੀ ਪੂਛ, ਸੱਪਾਂ, ਸੂਰਾਂ ਆਦਿ ਨਾਲ ਸਾਡੀ ਤੁਲਨਾ ਕਰ ਦੇ ਹਨ।

ਅੰਧੌ ਬੋਲੌ ਮੁਗਧੁ ਗਵਾਰੁ॥
ਹੀਣੌ ਨੀਚੁ ਬੁਰੌ ਬੁਰਿਆਰੁ॥ ਮਹਲਾ ੧

ਇਹ ਸਭ ਉਹ ਕਿਸੇ ਖਾਸ ਦੇਸ਼, ਧਰਮ, ਕੌਮ ਜਾਂ ਗਰੁੱਪ ਦੇ ਬੰਦਿਆਂ ਨੂੰ ਨਹੀਂ, ਸਗੋਂ ਸੰਸਾਰ ਦੇ ਸਾਰੇ ਮਨੁੱਖਾਂ ਨੂੰ ਸਾਂਝੇ ਤੌਰ 'ਤੇ ਕਹਿੰਦੇ ਹਨ। ਇਸ ਦਾ ਸਪਸ਼ਟ ਭਾਵ ਹੈ ਕਿ ਮਨੁੱਖ ਮੁੱਢ-ਕਦੀਮ ਤੋਂ ਹੀ ਸੁਭਾਵਿਕ ਤੌਰ 'ਤੇ ਬੁਰਾ ਅਤੇ ਮੂਰਖ ਹੈ। ਉਸ ਨੂੰ ਬੁਰਿਆਈਆਂ ਅਤੇ ਮੂਰਖਤਾਵਾਂ ਤੋਂ ਵਰਜਣ ਵਾਸਤੇ ਹੀ ਹਜ਼ਰਤ ਮੂਸਾ ਨੇ ਦਸ ਰੱਬੀ ਨੇਮ (Ten Commandments) ਜਾਰੀ ਕੀਤੇ, ਮਹਾਤਮਾ ਬੁੱਧ ਨੇ ਅਸ਼ਟ-ਮਾਰਗ ਦਾ ਸਿਧਾਂਤ ਦਿੱਤਾ, ਇਸਾਈ ਧਰਮ ਵਿਚ ਸੱਤ ਮਹਾਂ-ਪਾਪਾਂ (Seven Cardinal Sins) ਤੋਂ ਵਰਜਿਆ। ਮੁਸਲਿਮ ਧਰਮ ਨੇ ਆਪਣੇ ਅਨੁਯਾਈਆਂ ਨੂੰ ਬੁਰਿਆਈਆਂ ਤੋਂ ਰੋਕਣ ਵਾਸਤੇ ਗੁਨਾਹਾਂ ਦੀ ਲੰਬੀ ਲਿਸਟ ਬਣਾਈ ਹੋਈ ਹੈ। ਹਿੰਦੂ ਧਰਮ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਪੰਜ ਵਿਕਾਰਾਂ ਨੂੰ ਮਨੁੱਖ ਦੇ ਹੋਰ ਸਭ ਔਗੁਣਾਂ-ਵਿਕਾਰਾਂ ਦਾ ਆਧਾਰ ਮੰਨਿਆ ਹੈ। ਗੁਰਬਾਣੀ ਵਿਚ ਇਸ ਨੂੰ ਹੋਰ ਸਪਸ਼ਟ ਅਤੇ ਵਿਗਿਆਨਕ ਢੰਗ ਨਾਲ ਸਮਝਾਇਆ ਗਿਆ ਹੈ ਕਿ ਮਨੁੱਖ ਦਾ ਇੱਕ ਹੀ ਮੁੱਖ ਔਗੁਣ (ਰੋਗ) ਹੈ, ਹਉਮੈ ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਪੰਜ ਵਿਕਾਰਾਂ ਦਾ ਮੂਲ (ਮਾਂ) ਹੈ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥ ਮਹਲਾ ੩

ਅਸੀਂ ਸਾਰੇ ਬੁਰੇ ਕੰਮ ਇਨ੍ਹਾਂ ਵਿਚੋਂ ਕਿਸੇ ਇੱਕ ਜਾਂ ਇਨ੍ਹਾਂ ਦੇ ਸਮੂਹਾਂ ਅਧੀਨ ਹੋ ਕੇ ਕਰ ਦੇ ਹਾਂ, ਭਾਵ ਹਉਮੈ ਦੇ ਕਿਸੇ ਨਾ ਕਿਸੇ ਹਿੱਸੇ ਅਧੀਨ ਹੋ ਕੇ।

ਹਮ ਮੂਰਖ ਮੂਰਖ ਮਨ ਮਾਹਿ॥
ਹਉਮੈ ਵਿਚਿ ਸਭ ਕਾਰ ਕਮਾਹਿ॥ ਮਹਲਾ ੩

ਕੀ ਅਸੀਂ ਆਪਣੇ ਕੁਦਰਤੀ ਅਤੇ ਸੁਭਾਵਿਕ ਔਗੁਣਾਂ-ਵਿਕਾਰਾਂ ਵਾਸਤੇ ਜ਼ਿੰਮੇਵਾਰ ਹਾਂ? ਨਾ ਵੀ ਹੋਈਏ ਤਾਂ ਵੀ ਵਿਹਾਰਕ ਅਤੇ ਕਾਨੂੰਨੀ ਤੌਰ 'ਤੇ ਇਨ੍ਹਾਂ ਦੇ ਮਾਲਿਕ ਹੋਣ ਦੇ ਨਾਤੇ ਅੱਜ ਅਸੀਂ ਹੀ ਦੋਸ਼ੀ ਹਾਂ। ਫਿਰ ਵੀ ਮਹਾਂਪੁਰਖ ਸਾਨੂੰ ਇਨ੍ਹਾਂ ਦੇ ਮਾਲਿਕ ਹੋਣ ਦੇ ਨਾਤੇ ਬੁਰਾ ਨਹੀਂ ਕਹਿੰਦੇ, ਸਗੋਂ ਉਨ੍ਹਾਂ ਦੀਆਂ ਸਿੱਖਿਆਵਾਂ ਅਨੁਸਾਰ ਇਨ੍ਹਾਂ ਨੂੰ ਬੇ-ਦਖਲ ਕਰਨ ਤੋਂ ਇਨਕਾਰੀ ਹੋਣ ਕਰ ਕੇ ਕਹਿੰਦੇ ਹਨ। ਸਾਡੇ ਔਗੁਣਾਂ-ਵਿਕਾਰਾਂ ਦਾ ਵਾਰ-ਵਾਰ ਜ਼ਿਕਰ ਕਰਨ ਤੋਂ ਉਨ੍ਹਾਂ ਦਾ ਭਾਵ ਸਾਨੂੰ ਨਿਰ-ਉਤਸ਼ਾਹਿਤ ਕਰਨ ਤੋਂ ਨਹੀਂ, ਸਗੋਂ ਇਨ੍ਹਾਂ ਦੀ ਹੋਂਦ ਪ੍ਰਤੀ ਸਾਨੂੰ ਇਸ ਹੱਦ ਤੱਕ ਜਾਗਰੂਕ ਕਰਨ ਤੋਂ ਹੈ ਕਿ ਅਸੀਂ ਇਨ੍ਹਾਂ ਪ੍ਰਤੀ ਆਪਣੀ ਫਜ਼ੂਲ ਭਾਵੁਕਤਾ ਨੂੰ ਛੱਡ ਕੇ ਇਨ੍ਹਾਂ ਨੂੰ ਪਛਾਣੀਏ, ਸਵੀਕਾਰ ਕਰੀਏ ਅਤੇ ਇਨ੍ਹਾਂ ਦੇ ਤਿਆਗਣ ਵਾਸਤੇ ਸੁਹਿਰਦ ਤੇ ਸੁਚੇਤ ਕੋਸ਼ਿਸ਼ਾਂ ਕਰ ਸਕੀਏ ਤਾਂ ਕਿ ਕੁਦਰਤ ਵਲੋਂ ਸਾਨੂੰ ਮਿਲੇ 'ਅਹਿਮ ਕੰਮ' ਨੂੰ ਸਿਰੇ ਚਾੜ੍ਹ ਸਕੀਏ। ਇਹ ਕੰਮ ਹੈ ਆਪਣੇ ਅਧਿਆਤਮਿਕ ਫਰਜ਼ ਨੂੰ ਪੂਰਾ ਕਰਨ ਦੇ ਨਾਲ-ਨਾਲ ਇਸ ਜੀਵਨ ਨੂੰ ਸਿਆਣਪ ਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਜਿਉਣਾ ਅਤੇ ਮਨੁੱਖਤਾ ਦੇ ਹਰ ਵਰਗ ਪ੍ਰਤੀ ਆਪਣੇ ਬਣਦੇ ਫਰਜ਼ ਪੂਰੇ ਕਰਨੇ।

ਪੂਰੇ ਵਿਚਾਰ ਦਾ ਸਾਰ-ਤੱਤ ਇਹ ਹੈ ਕਿ 'ਸਿਆਣਾ ਮਨੁੱਖ' (Homo Sapiens) ਦੇ ਨਾਉਂ 'ਤੇ ਸਾਡਾ ਹੱਕ ਤਾਂ ਜਦੀ ਹੈ, ਕਿਉਂਕਿ ਮਹਾਂਪੁਰਖਾਂ ਨੇ ਇਹ ਪਹਿਲਾਂ ਹੀ ਸਾਨੂੰ ਦਿੱਤਾ ਹੋਇਆ ਹੈ; ਪਰ ਹੁਣ ਮੁੜ ਆਪਣੇ ਸਿਆਣੇ ਕਾਰਨਾਮਿਆਂ ਨਾਲ ਸਾਨੂੰ ਨਵੇਂ ਸਿਰੇ ਤੋਂ ਇਸ ਦੇ ਪਾਤਰ ਬਣਨਾ ਪਵੇਗਾ।

# ਬੈਚ ਫੁੱਲ ਓਕ: ਸਿਰੜੀ ਕਾਮੇ

*(ਪਿਛਲੇ ਸਫੇ ਦੀ ਬਾਕੀ)*

ਜਾਣੀ ਚਾਹੀਦੀ ਹੈ। ਸ਼ਾਲਨੀ ਕਾਗਲ ਅਨੁਸਾਰ ਓਕ ਦਰਖਤ ਸਿੱਧਾ, ਸਬੂਲ ਤੇ ਮਜ਼ਬੂਤ ਹੁੰਦਾ ਹੈ, ਜੋ ਹਰ ਹਨੇਰੀ ਝੱਖੜ ਤੇ ਸੋਕੇ ਦਾ ਟਾਕਰਾ ਮਜ਼ਬੂਤੀ ਨਾਲ ਕਰਦਾ ਹੈ। ਇਸੇ ਲਈ ਇਸ ਤੋਂ ਤਿਆਰ ਕੀਤੀ ਫੁੱਲ ਦਵਾਈ ਪੱਕੇ ਸਿਰੜੀ ਤੇ ਇਰਾਦੇ ਦੇ ਮਜ਼ਬੂਤ ਬਿਮਾਰਾਂ ਨੂੰ ਠੀਕ ਕਰਦੀ ਹੈ, ਪਰ ਦਰਖਤ ਤਾਂ ਇਕ ਤੋਂ ਵੱਧ ਇਕ ਮਜ਼ਬੂਤ ਪਏ ਹਨ, ਸਭ ਨੇ ਓਕ ਨਹੀਂ ਬਣ ਜਾਣਾ। ਇਸ ਲਈ ਇਹ ਮਨੌਤ ਇਕ ਦਿਲ ਬਹਿਲਾਵੇ ਤੋਂ ਵਧ ਕੁਝ ਨਹੀਂ। ਦਵਾਈ ਦੀਆਂ ਜੋ ਜੋ ਅਲਾਮਤਾਂ ਖੋਜ-ਪੜਤਾਲ ਤੋਂ ਬਾਅਦ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਦੇ ਆਧਾਰ 'ਤੇ ਹੀ ਇਲਾਜ ਸੰਭਵ ਹੁੰਦਾ ਹੈ ਤੇ ਉਹੀ ਇਲਾਜ ਵਿਚ ਵਰਤਣੀਆਂ ਚਾਹੀਦੀਆਂ ਹਨ।

ਕੰਮ ਦੇ ਮਾਰੇ ਓਕ ਮਰੀਜ਼ਾਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਚਿੰਮੜ ਸਕਦੀਆਂ ਹਨ। ਇਨ੍ਹਾਂ ਵਿਚੋਂ ਮਾਨਸਿਕ ਤੇ ਸਰੀਰਕ ਥਕਾਵਟ ਮੁੱਖ ਹਨ। ਸਰੀਰ ਦਾ ਦੁਖਣਾ, ਪੱਠਿਆਂ ਦੀ ਟੁੱਟ ਭੱਜ, ਟੰਗਾਂ ਬਾਹਵਾਂ ਵਿਚ ਕੜੱਲ, ਬਦਨ ਵਿਚ ਅਕੜਾਅ ਤੇ ਸਥਿੱਲਤਾ ਕੁਝ ਹੋਰ ਬੀਮਾਰੀਆਂ ਹਨ ਜੋ ਉਨ੍ਹਾਂ ਨੂੰ ਆਮ ਤੌਰ ਤੇ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਰਾਤ ਨੂੰ ਨੀਂਦ ਨਾ ਆਉਣ ਦੀ ਸ਼ਿਕਾਇਤ ਰਹਿੰਦੀ ਹੈ, ਸਵੇਰ ਵੇਲੇ ਤਕਲੀਫਾਂ ਵਧਦੀਆਂ ਹਨ। ਥਕਾਵਟ ਦੂਰ ਕਰਨ ਲਈ ਇਹ ਸ਼ਰਾਬ ਜਾਂ ਹੋਰ ਨਸ਼ਿਆਂ ਦਾ ਪ੍ਰਯੋਗ ਕਰਦੇ ਹਨ ਤੇ ਕਈ ਵਾਰ ਟੰਗਾਂ ਬਾਹਵਾਂ ਘੁਟਾਉਂਦੇ ਰਹਿੰਦੇ ਹਨ। ਬੁਢਾਪੇ ਵਿਚ ਇਨ੍ਹਾਂ ਵਿਅਕਤੀਆਂ ਨੂੰ ਗਠੀਆ ਜਾਂ ਜੋੜ ਦਰਦ ਹੋ ਜਾਂਦੇ ਹਨ। ਗਠੀਏ ਦਾ ਇਲਾਜ ਕਰਵਾਉਂਦੇ ਇਨ੍ਹਾਂ ਨੂੰ ਦਿਲ ਦੀ ਬਿਮਾਰੀ ਵੀ ਹੋ ਸਕਦੀ ਹੈ। ਮਿਹਦੇ ਤੇ ਅੰਤੜੀਆਂ ਦੇ ਫੋੜੇ, ਬਲੱਡ-ਪ੍ਰੈਸ਼ਰ, ਸਿਰਦਰਦ, ਬਵਾਸੀਰ, ਚਮੜੀ ਰੋਗ ਤੇ ਕੈਂਸਰ ਵੀ ਇਨ੍ਹਾਂ ਨੂੰ ਹੋ ਜਾਂਦੇ ਹਨ।

ਰੋਗ ਕੋਈ ਵੀ ਹੋਵੇ, ਜੇ ਰੋਗੀ ਦਾ ਸੁਭਾਅ ਸਿਰੜੀ ਤੇ ਆਸਾਵਾਦੀ ਹੈ, ਉਹ ਆਪਣੇ ਇਲਾਜ ਨੂੰ ਅਸੰਭਵ ਨਹੀਂ ਸਮਝਦਾ, ਸਗੋਂ ਡਾਕਟਰ ਨੂੰ ਹੀ ਅਯੋਗ ਸਮਝ ਕੇ ਬਦਲ ਦਿੰਦਾ ਹੈ ਤੇ ਦਵਾਈ ਪ੍ਰਣਾਲੀਆਂ ਨੂੰ ਵੀ ਉਪਰੋਥਲੀ ਬਦਲਦਾ ਚੱਲਿਆ ਜਾਂਦਾ ਹੈ ਤਾਂ ਸਮਝੋ ਉਹ ਬੈਚ ਫੁਲ ਦਵਾਈ ਓਕ ਦਵਾਈ ਨਾਲ ਠੀਕ ਹੋਵੇਗਾ। ਓਕ ਅਜਿਹੇ ਰੋਗੀਆਂ ਵਿਚ ਸਰੀਰ ਦੀ ਅੰਧਾਧੁੰਦ ਦੁਰਵਰਤੋਂ ਨੂੰ ਸੁਧਾਰ ਕੇ ਇਨ੍ਹਾਂ ਨੂੰ ਸਿਹਤ ਵਿਕਾਰਾਂ ਤੋਂ ਬਚਾਵੇਗੀ। ਇਹ ਇਨ੍ਹਾਂ ਦੀ ਤਾਕਤ ਦੀ ਅਜਾਈਂ ਵਰਤੋਂ ਨੂੰ ਰੋਕ ਕੇ ਧਨਆਤਮਿਕ ਪਾਸੇ ਲਾਵੇਗੀ ਤੇ ਉਨ੍ਹਾਂ ਦੇ ਜੀਵਨ ਨੂੰ ਰੋਗ ਮੁਕਤ ਕਰ ਕੇ ਲਾਭਦਾਇਕ ਬਣਾਏਗੀ।

# ਨਿਵੇਕਲੇ ਵਿਸ਼ਿਆਂ ਦਾ ਸ਼ਾਹ-ਅਸਵਾਰ ਕਹਾਣੀਕਾਰ ਰੋਹਿਤ ਕੁਮਾਰ

ਲਿਖਣਾ ਹਰ ਇੱਕ ਦੇ ਹਿੱਸੇ ਨਹੀਂ ਆਉਂਦਾ। ਇਹ ਕੋਈ ਜ਼ਰੂਰੀ ਨਹੀਂ ਕਿ ਲੇਖਕ ਆਪਣੀ ਲੇਖਣੀ ਵਿਚ ਔਖੇ ਔਖੇ ਸ਼ਬਦ ਵਰਤ ਕੇ ਹੀ ਪਾਠਕਾਂ ਨੂੰ ਪ੍ਰਭਾਵਿਤ ਕਰ ਸਕੇ। ਲੇਖਕ ਓਹੀ ਸਫਲ ਹੈ, ਜਿਹੜਾ ਆਪਣੀ ਸ਼ਬਦਾਵਲੀ ਨਾਲ ਪਾਠਕ ਨੂੰ ਉਂਗਲੀ ਫੜ ਕੇ ਨਾਲ ਤੋਰ ਸਕੇ।

ਜਿਲਾ ਹੁਸ਼ਿਆਰਪੁਰ ਦੇ ਪਿੰਡ ਨੰਦਣ ਦੇ ਚੋਬਰ ਰੋਹਿਤ ਕੁਮਾਰ ਨੂੰ ਛੋਟੀ ਉਮਰੇ ਹੀ ਜ਼ਿੰਦਗੀ ਦੇ ਬੜੇ ਮਿੱਠੇ-ਕੌੜੇ ਤਜ਼ਰਬੇ ਹੋ ਗਏ ਸਨ। ਭਰ ਜਵਾਨੀ ਤੱਕ ਉਹ ਦੁਨੀਆਂਦਾਰੀ ਤੇ ਸੰਸਾਰ ਨੂੰ ਚੰਗੀ ਤਰ੍ਹਾਂ ਸਮਝ ਚੁਕਾ ਹੈ। ਸ਼ਾਇਦ ਇਸੇ ਸੂਝ-ਬੂਝ 'ਚੋਂ ਹੀ ਉਸ ਦੀਆਂ ਪੰਜ ਕਹਾਣੀਆਂ ਦੀਆਂ ਪੁਸਤਕਾਂ ਛਪੀਆਂ। ਜਿਹੜੇ ਵਿਸ਼ੇ ਉਸ ਨੇ ਛੋਹੇ, ਉਨ੍ਹਾਂ ਬਾਰੇ ਲਿਖਣਾ ਕੋਈ ਸੌਖਾ ਨਹੀਂ ਹੁੰਦਾ!

**ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**
**ਫਰਿਜ਼ਨੋ, ਕੈਲੀਫੋਰਨੀਆ**

ਦੋ ਮਿਨੀ ਕਹਾਣੀ ਸੰਗ੍ਰਹਿ 'ਨਸੀਹਤ' ਤੇ 'ਗੰਦਾ ਖ਼ੂਨ' ਦੇ ਪ੍ਰਕਾਸ਼ਨ ਤੋਂ ਬਾਅਦ ਰੋਹਿਤ ਕੁਮਾਰ ਨੇ ਲਾਲ ਬੱਤੀ ਖੇਤਰ ਨਾਲ ਸਬੰਧਿਤ ਕੁੜੀਆਂ ਦੀ ਦਰਦ ਭਰੀ ਕਹਾਣੀ ਨੂੰ ਬਿਆਨ ਕਰਦਾ ਮਿਨੀ ਕਹਾਣੀ ਸੰਗ੍ਰਹਿ 'ਕਠਪੁਤਲੀਆਂ' ਛਪਵਾਉਣ ਦੀ ਪਹਿਲ ਕੀਤੀ ਹੈ। ਇਸ ਤੋਂ ਬਾਅਦ ਉਸ ਦੀ ਤਾਜਾ ਲਿਖਤ 'ਇੱਕ ਬਟਾ ਦੋ' ਤਰਕ ਭਾਰਤੀ ਪ੍ਰਕਾਸ਼ਨ (ਬਰਨਾਲਾ) ਵਲੋਂ ਛਾਪੀ ਗਈ ਹੈ। ਇਸ ਕਿਤਾਬ ਵਿਚ ਰੋਹਿਤ ਨੇ ਅਣ-ਛੋਹਿਆ ਵਿਸ਼ਾ ਕਿੰਨਰ ਜਾਂ ਜਿਨ੍ਹਾਂ ਨੂੰ ਖੁਸਰੇ ਵੀ ਕਿਹਾ ਜਾਂਦਾ ਹੈ, ਬੜੇ ਪ੍ਰਚੰਡ ਤਰੀਕੇ ਨਾਲ ਛੋਹਿਆ ਹੈ।

ਵੇਸਵਾ ਦੇ ਜੀਵਨ ਦੀ ਗੱਲ ਕਰੀਏ ਤਾਂ ਇਹ ਕਿੱਤਾ ਅਪਨਾਉਣ ਜਾਂ ਕੋਈ ਹੋਰ ਰਾਹ ਚੁਣਨ ਦੀ ਕਿਤੇ ਨਾ ਕਿਤੇ ਕੋਈ ਗੁੰਜਾਇਸ਼ ਹੁੰਦੀ ਹੈ, ਪਰ ਕਿੰਨਰ ਬਣਨਾ ਜਾਂ ਨਾ ਬਣਨਾ ਇਸ ਵਿਚ ਇਨਸਾਨ ਦਾ ਆਪਣਾ ਕੋਈ ਰੋਲ ਨਹੀਂ ਹੁੰਦਾ, ਇਹ ਸਭ ਕੁਦਰਤ ਦਾ ਵਰਤਾਰਾ ਹੈ। ਜਿਨ੍ਹਾਂ ਮੁਸੀਬਤਾਂ ਵਿਚੋਂ ਕਿੰਨਰ ਨਿਕਲਦਾ ਜਾਂ ਜਿਨ੍ਹਾਂ ਪ੍ਰਸਥਿਤੀਆਂ ਵਿਚੋਂ ਲੰਘ ਕੇ ਉਹ ਆਪਣੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਬਤੀਤ ਕਰਦਾ ਹੈ, ਬਸ ਓਹੀ ਜਾਣਦਾ ਹੈ! ਮਾਨਸਿਕ ਤਣਾਓ ਦੇ ਨਾਲ ਨਾਲ ਪਰਿਵਾਰਕ ਪ੍ਰੈਸ਼ਰ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ ਕਿ ਸਾਡੇ ਘਰ ਕਿੰਨਰ ਜੰਮਿਆ, ਇਸੇ ਤਰੀਕੇ ਸਮਾਜ ਦੇ ਤਰ੍ਹਾਂ ਤਰ੍ਹਾਂ ਦੇ ਤਾਅਨੇ ਮਿਹਣੇ ਕਿ ਇਹ ਬੰਦਾ ਨਾ ਜਨਾਨੀ। ਇਸ ਸਾਰੇ ਵਰਤਾਰੇ ਬਾਰੇ ਰੋਹਿਤ ਨੇ ਕਿੰਨਰ ਸਮਾਜ ਦੀਆਂ ਮਜਬੂਰੀਆਂ ਬਾਰੇ ਬੜਾ ਖੁੱਲ੍ਹ ਕੇ ਲਿਖਿਆ। ਇਸ ਕਾਰਜ ਲਈ ਉਸ ਦੀ ਮਿਹਨਤ ਤੇ ਕਾਬਲੀਅਤ ਦੀ ਸਿਫਤ ਕਰਨੀ ਬਣਦੀ ਹੈ।



ਰੋਹਿਤ ਕੁਮਾਰ




ਰੋਹਿਤ ਕੁਮਾਰ ਦੀਆਂ ਪੁਸਤਕਾਂ ਦੇ ਮੁਖੜੇ

ਇਸੇ ਤਰੀਕੇ ਜੇ 'ਕਠਪੁਤਲੀਆਂ' ਜਾਂ 'ਗੂੰਗੀ ਰੌਣਕ' ਆਦਿ ਪੁਸਤਕਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚ ਦਰਜ ਕਹਾਣੀਆਂ ਮਜਬੂਰੀਵੱਸ ਆਪਣਾ ਸਰੀਰ ਵੇਚਣ ਵਾਲੀਆਂ ਕੁੜੀਆਂ ਦੇ ਮਾਨਸਿਕ ਸੰਤਾਪ ਦੀ ਦਾਸਤਾਨ ਬਿਆਨ ਕਰਦੀਆਂ ਹਨ, ਉੱਥੇ ਹੀ ਇਸ ਵਿਸ਼ੇ ਦੀਆਂ ਅਨੇਕਾਂ ਡੂੰਘੀਆਂ ਪਰਤਾਂ ਤੱਕ ਪਹੁੰਚ ਕੇ ਲੇਖਕ ਦੇ ਵਿਸ਼ਾ ਮਾਹਿਰ ਹੋਣ ਦੀ ਵੀ ਗਵਾਹੀ ਦਿੰਦੀਆਂ ਹਨ। ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਇਸ ਗੱਲ ਦਾ ਖੁਲਾਸਾ ਕਰਦੀਆਂ ਹਨ ਕਿ ਸਮਾਜ ਨਾਲੋਂ ਬਿਲਕੁਲ ਛੇਕੇ ਹੋਣ ਦਾ ਸੰਤਾਪ ਭੋਗ ਰਹੀਆਂ ਇਨ੍ਹਾਂ ਕੁੜੀਆਂ ਨੇ ਆਪਣਾ ਸਰੀਰ ਵੇਚਣ ਦਾ ਅਪਮਾਨਿਤ ਕਿੱਤਾ ਆਪਣੀ ਮਰਜ਼ੀ ਨਾਲ ਨਹੀਂ ਚੁਣਿਆ, ਸਗੋਂ ਸਮੇਂ ਦੀ ਮਜਬੂਰੀ ਨੇ ਉਨ੍ਹਾਂ ਨੂੰ ਇਸ ਨਖਿੱਧ ਕਿੱਤੇ ਵੱਲ ਜਬਰੀ ਧੱਕਿਆ ਹੈ।

ਜਦੋਂ ਪਾਠਕ ਇਨ੍ਹਾਂ ਕਹਾਣੀਆਂ ਜ਼ਰੀਏ ਇਸ ਵੇਸਵਾ ਜੀਵਨ ਨੂੰ ਨੇੜਿਓਂ ਤੱਕਦਾ ਹੈ ਤਾਂ ਉਸ ਦੇ ਮਨ ਵਿਚ ਕਾਮ ਦੀ ਥਾਂ ਇਨ੍ਹਾਂ ਕੁੜੀਆਂ ਲਈ ਤਰਸ ਦੀ ਭਾਵਨਾ ਪੈਦਾ ਹੋਣ ਲੱਗਦੀ ਹੈ, ਤੇ ਉਹ ਇਨ੍ਹਾਂ ਨੂੰ ਇਸ ਗਰਕੇ ਕਿੱਤੇ ਵੱਲ ਧੱਕਣ ਵਾਲੀ ਸਮਾਜਿਕ ਵਿਵਸਥਾ ਨੂੰ ਨਫਰਤ ਦੀ ਨਜ਼ਰ ਨਾਲ ਵੇਖਣ ਲੱਗ ਪੈਂਦਾ ਹੈ। ਵੇਸਵਾ ਕਹੀਆਂ ਜਾਂਦੀਆਂ ਇਨ੍ਹਾਂ ਕੁੜੀਆਂ ਦੇ ਜੀਵਨ ਨੂੰ ਨੇੜਿਓਂ ਵੇਖਣ 'ਤੇ ਅਜਿਹੇ ਬਹੁਤ ਸਾਰੇ ਦ੍ਰਿਸ਼ ਨਜ਼ਰੀਂ ਚੜ੍ਹਦੇ ਹਨ, ਜੋ ਪਾਠਕਾਂ ਨੂੰ ਮਾਨਸਿਕ ਤੌਰ 'ਤੇ ਵਿਚਲਿਤ ਕਰਕੇ ਉਨ੍ਹਾਂ ਦੀ ਸੋਚ ਨੂੰ ਵੇਸਵਾ-ਬਿਰਤੀ ਦੇ ਖਾਤਮੇ ਲਈ ਪ੍ਰੇਰਿਤ ਕਰਦੇ ਹਨ। ਨੇੜਿਓਂ ਵੇਖਣ 'ਤੇ ਹੀ ਪਤਾ ਚਲਦਾ ਹੈ ਕਿ ਕੁੜੀਆਂ ਕਿਵੇਂ ਖਤਰਨਾਕ ਰੋਗ ਸਹੇੜ ਕੇ, ਅਸਹਿਨਯੋਗ ਯੋਨ ਪੀੜਾਂ ਸਹਿ ਕੇ ਅਤੇ ਹੋਰ ਕਈ ਕੁਝ ਬਰਦਾਸ਼ਤ ਕਰ ਕੇ ਵੀ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਗੰਦਾ ਧੰਦਾ ਕਰਨ ਲਈ ਮਜਬੂਰ ਹਨ। ਇਸ ਗਰਕ ਬਾਜ਼ਾਰ ਵਿਚ ਵੜਨ ਲਈ ਬਥੇਰੇ ਰਸਤੇ ਹਨ, ਪਰ ਇਸ ਦਲਦਲ ਵਿਚੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ।

ਲੇਖਕ ਨੇ ਮਿਨੀ ਕਹਾਣੀ ਸੰਗ੍ਰਹਿ ਮਗਰੋਂ ਇੱਕ ਹੋਰ ਵੱਡੀਆਂ ਕਹਾਣੀਆਂ ਦੀ ਪੁਸਤਕ 'ਗੂੰਗੀ ਰੌਣਕ' ਨਾਲ ਪੰਜਾਬੀ ਸਾਹਿਤ ਵਿਚ ਆਪਣੀ ਹਾਜਰੀ ਲਵਾਈ ਹੈ। ਇਸ ਪੁਸਤਕ ਵਿਚ ਰੋਹਿਤ ਨੇ ਵੇਸਵਾ ਜੀਵਨ ਦੇ ਅੰਤਰ-ਬਾਹਰੀ ਸੰਕਟਾਂ ਨੂੰ ਦਰਸਾਉਂਦੀਆਂ ਪੰਜ ਕਹਾਣੀਆਂ ਦਰਜ ਕੀਤੀਆਂ ਹਨ। ਇਹ ਪੁਸਤਕ ਪੜ੍ਹ ਕੇ ਆਮ ਇਨਸਾਨ ਦੇ ਲੂੰਅ-ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਵੇਸਵਾ ਦਾ ਧੰਦਾ ਐਨਾ ਵਹਿਸ਼ੀ ਹੁੰਦਾ ਹੈ!

ਅੱਜ ਕੱਲ੍ਹ ਇਸ ਖੇਤਰ ਵਿਚ ਸਿਰਫ ਆਰਥਿਕ ਮਜਬੂਰੀਵੱਸ ਕੁੜੀਆਂ ਹੀ ਨਹੀਂ ਜਾਂਦੀਆਂ, ਸਗੋਂ ਖਾਂਦੇ-ਪੀਂਦੇ ਤੇ ਅਮੀਰ ਘਰਾਂ ਦੀਆਂ ਕੁੜੀਆਂ ਵੀ ਆਪਣੀ ਐਸ਼ਪ੍ਰਸਤੀ ਲਈ ਇਸ ਬਾਜ਼ਾਰ ਦਾ ਹਿੱਸਾ ਬਣ ਰਹੀਆਂ ਹਨ। ਇਹ ਬਾਜ਼ਾਰ ਹੁਣ ਕੋਠਿਆਂ ਤੋਂ ਲੈ ਕੇ ਫਾਈਵ ਸਟਾਰ ਹੋਟਲਾਂ ਤੱਕ ਫੈਲ ਗਿਆ ਹੈ।

ਇਸ ਰੁਝਾਨ ਨੂੰ ਰੋਕਣ ਲਈ ਜਾਂ ਲੋਕਾਂ ਨੂੰ ਵੇਸਵਾ ਬਾਜ਼ਾਰ ਦੇ ਪਰਦੇ ਪਿੱਛੇ ਚੱਲਦੇ ਦ੍ਰਿਸ਼ਾਂ ਪ੍ਰਤੀ ਜਾਗਰੂਕ ਕਰਨ ਲਈ ਲੇਖਕ ਰੋਹਿਤ ਕੁਮਾਰ ਵਧਾਈ ਦਾ ਪਾਤਰ ਹੈ। ਸਾਨੂੰ ਸਾਰਿਆਂ ਨੂੰ ਐਸੀਆਂ ਲੋਕ ਪੱਖੀ ਲਿਖਤਾਂ ਦਾ ਸੁਆਗਤ ਕਰਨਾ ਚਾਹੀਦਾ ਹੈ।

ਲੇਖਕ ਨਾਲ ਸੰਪਰਕ ਫੋਨ: +91-84274-47434 ਰਾਹੀਂ ਕੀਤਾ ਜਾ ਸਕਦਾ ਹੈ।

# ਬੀਨੂੰ ਢਿੱਲੋਂ ਤੇ ਗੁਰਨਾਮ ਭੁੱਲਰ ਦਾ 'ਫੁੱਫੜ ਜੀ'

'ਫੁੱਫੜ' ਹਰ ਛੋਟੇ-ਵੱਡੇ ਪਰਿਵਾਰ ਦਾ ਇਕ ਸਤਿਕਾਰਤ ਰਿਸ਼ਤੇ ਦਾ ਨਾਂ ਹੈ, ਜੋ ਅਨੇਕਾਂ ਦਿਲਚਸਪ ਕਹਾਣੀਆਂ, ਕਹਾਵਤਾਂ, ਸਿੱਠਣੀਆਂ ਜ਼ਰੀਏ ਸਾਡੇ ਵਿਰਸੇ ਦਾ ਸ਼ਿੰਗਾਰ ਰਿਹਾ ਹੈ। 'ਫੁੱਫੜ ਜੀ' ਬਾਰੇ ਫਿਲਮ ਬਣਨਾ ਚੰਗੇ ਸਿਨੇਮਾ

## ਪਾਲੀਵੁੱਡ

**ਸੁਰਜੀਤ ਜੱਸਲ**

ਵੱਲ ਵਧਿਆ ਇੱਕ ਹੋਰ ਚੰਗਾ ਕਦਮ ਹੈ। ਲੇਖਕ ਰਾਜੂ ਵਰਮਾ ਤੇ ਨਿਰਦੇਸ਼ਕ ਪੰਕਜ ਬੱਤਰਾ ਦੀ ਇਸ ਫਿਲਮ ਦੀ ਸੂਟਿੰਗ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀ ਹੈ। ਰਾਜੂ ਵਰਮਾ ਇੱਕ ਸਰਗਰਮ ਫਿਲਮ ਲੇਖਕ ਹੈ।

ਪਿਛਲੇ ਥੋੜ੍ਹੇ ਸਮੇਂ ਵਿਚ ਉਸ ਨੇ ਅਨੇਕਾਂ ਚੰਗੀਆਂ ਫਿਲਮਾਂ ਪੰਜਾਬੀ ਸਿਨਮੇ ਨੂੰ ਦਿੱਤੀਆਂ ਹਨ। ਉਸ ਦੇ ਜ਼ਿਹਨ 'ਚ ਹਮੇਸ਼ਾ ਹੀ ਸਮਾਜਿਕ ਅਤੇ ਸੱਭਿਆਚਾਰਕ ਆਧਾਰਿਤ ਮਨੋਰੰਜਕ ਕਹਾਣੀਆਂ ਉਭਰਦੀਆਂ ਹਨ, ਜੋ ਦਰਸ਼ਕਾਂ ਦੀ ਪਸੰਦ ਬਣਦੀਆਂ ਹਨ ਤੇ ਉਸ ਦੇ ਕੰਮ ਦੀ ਹਮੇਸ਼ਾ ਹੀ ਸ਼ਲਾਘਾ ਹੋਈ ਹੈ। ਬਿਨਾ ਸ਼ੱਕ 'ਫੁੱਫੜ ਜੀ' ਰਾਹੀਂ ਵੀ ਇਸ ਵਾਰ ਉਹ ਕਮਾਲ ਹੀ ਕਰੇਗਾ। ਇਸ ਫਿਲਮ ਦੀ ਸੂਟਿੰਗ ਬੀਤੇ ਦਿਨੀਂ ਸੁਰੂ ਹੋ ਚੁਕੀ ਹੈ। ਫਿਲਮ ਦਾ ਨਿਰਦੇਸਨ 'ਬੰਬੂਕਾਟ' ਅਤੇ 'ਸੱਜਣ ਸਿੰਘ ਰੰਗਰੂਟ' ਵਰਗੀਆਂ ਚਰਚਿਤ ਫਿਲਮਾਂ ਦੇਣ ਵਾਲੇ ਪੰਕਜ ਬੱਤਰਾ ਕਰ ਰਹੇ ਹਨ।





ਜੀ. ਸਟੂਡੀਓਜ਼ ਅਤੇ ਕੇ. ਕੁਮਾਰ ਸਟੂਡੀਓ ਦੀ ਪੇਸ਼ਕਸ਼ ਇਸ ਫਿਲਮ 'ਚ ਗੁਰਨਾਮ ਭੁੱਲਰ ਤੇ ਬੀਨੂੰ ਢਿੱਲੋਂ ਤੋਂ ਇਲਾਵਾ ਸਿੱਧੀਕਾ ਸ਼ਰਮਾ, ਅਲੰਕ੍ਰਿਤਾ ਸ਼ਰਮਾ, ਅਨੂ ਚੌਧਰੀ, ਹੌਬੀ ਧਾਲੀਵਾਲ, ਗੁਰਪ੍ਰੀਤ ਕੌਰ ਭੰਗੂ ਆਦਿ ਕਲਾਕਾਰ ਅਹਿਮ ਕਿਰਦਾਰ ਨਿਭਾਅ ਰਹੇ ਹਨ।

ਫਿਲਮ ਬਾਰੇ ਜੀ. ਸਟੂਡੀਓਜ਼ ਦੇ ਸੀ. ਬੀ. ਓ. ਸ਼ੀਰੀਕ ਪਟੇਲ ਨੇ ਕਿਹਾ ਕਿ ਅਸੀਂ ਖੇਤਰੀ ਸਿਨੇਮਾ, ਖਾਸ ਕਰਕੇ ਪੰਜਾਬੀ ਫਿਲਮਾਂ ਵੱਲ ਵਧੇਰੇ ਧਿਆਨ ਦੇ ਰਹੇ ਹਾਂ, ਜਿਸ ਅਧੀਨ ਚੰਗੀ ਨਸੀਹਤ ਦਿੰਦੀਆਂ ਸਮਾਜਿਕ ਫਿਲਮਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੀ ਸਾਡਾ ਮੁੱਖ ਮਕਸਦ ਹੈ।

'ਫੁੱਫੜ ਜੀ' ਕਾਮੇਡੀ ਭਰਪੂਰ ਪਰਿਵਾਰਕ ਫਿਲਮ ਹੈ, ਜੋ ਹਰ ਵਰਗ ਦੇ ਦਰਸ਼ਕਾਂ ਦੀ ਪਸੰਦ ਬਣੇਗੀ। ਨਿਰਦੇਸ਼ਕ ਪੰਕਜ ਬੱਤਰਾ ਨੇ ਕਿਹਾ ਕਿ ਇਹ ਫਿਲਮ ਇੱਕ ਪੀਰੀਅਡ ਫਿਲਮ ਹੈ, ਜੋ ਪੰਜਾਬੀ ਸਿਨੇਮਾ ਦੇ ਇਤਿਹਾਸ ਵਿਚ ਅਹਿਮ ਯੋਗਦਾਨ ਪਾਵੇਗੀ।


# ਸੁਰਜੀਤ ਹਾਂਸ ਦਾ ਵਿਲੀਅਮ ਸ਼ੇਕਸਪੀਅਰ

ਇਨ੍ਹੀਂ ਦਿਨੀਂ ਮੇਰੀ ਗੱਲ ਲੰਡਨ ਨਿਵਾਸੀ ਆਪਣੇ ਮਿੱਤਰ ਰਣਜੀਤ ਧੀਰ ਨਾਲ ਹੋਈ ਤਾਂ ਉਸ ਨੇ ਦੱਸਿਆ ਕਿ ਸਾਡੇ ਸਾਂਝੇ ਮਿੱਤਰ ਸੁਰਜੀਤ ਹਾਂਸ ਵਲੋਂ ਅਨੁਵਾਦਤ ਸ਼ੇਕਸਪੀਅਰ ਦੀਆਂ ਕੁੱਲ ਰਚਨਾਵਾਂ ਦਾ 39 ਜਿਲਦੀ ਸੈੱਟ ਉੱਥੋਂ ਦੇ ਸ਼ੇਕਸਪੀਅਰ ਗਲੋਬਲ ਥੀਏਟਰ ਐਂਡ ਆਰਕਾਈਵਜ਼ ਵਿਚ ਰੱਖਿਆ ਗਿਆ ਹੈ।

**ਗੁਲਜ਼ਾਰ ਸਿੰਘ ਸੰਧੂ**

ਰਣਜੀਤ ਧੀਰ ਉੱਥੋਂ ਦਾ ਮੇਅਰ ਤੇ ਕੌਂਸਲਰ ਰਹਿ ਚੁਕਾ ਹੈ। ਹਾਂਸ ਨੂੰ ਪੰਜਾਬੀ ਪਾਠਕ ਇੱਕ ਸਿਰੜੀ ਵਿਦਵਾਨ ਵਜੋਂ ਜਾਣਦੇ ਹਨ। ਇਹ ਉਸ ਦਾ ਸਿਰੜ ਅਤੇ ਉੱਦਮ ਹੀ ਸੀ, ਜਿਸ ਨੇ ਲਗਾਤਾਰ ਵੀਹ ਸਾਲ ਲਾ ਕੇ ਸਾਰੇ ਦਾ ਸਾਰਾ ਸ਼ੇਕਸਪੀਅਰ ਅੰਗਰੇਜ਼ੀ ਤੋਂ ਪੰਜਾਬੀ ਭਾਸ਼ਾ ਵਿਚ ਉਲਥਾਇਆ। ਭਾਵੇਂ ਸ਼ੇਕਸਪੀਅਰ ਦੇ ਇੱਕੜ-ਦੁੱਕੜ ਨਾਟਕਾਂ ਤੇ ਕਾਵਿ-ਸੰਗ੍ਰਹਿਆਂ ਦਾ ਅਨੁਵਾਦ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਮਿਲਦਾ ਹੈ, ਪਰ ਇਸ ਨਾਟਕਕਾਰ ਦੀਆਂ ਸਾਰੀਆਂ ਲਿਖਤਾਂ ਦਾ ਅਨੁਵਾਦ ਸਿਰਫ ਤੇ ਸਿਰਫ ਪੰਜਾਬੀ ਭਾਸ਼ਾ ਵਿਚ ਹੋਇਆ ਹੈ। ਇਹ ਰਣਜੀਤ ਧੀਰ ਦੀ ਦੂਰ ਦ੍ਰਿਸ਼ਟੀ ਤੇ ਹਾਂਸ ਪ੍ਰਤੀ ਮਿੱਤਰ ਭਾਵਨਾ ਦਾ ਨਤੀਜਾ ਹੈ ਕਿ ਉਸ ਨੇ ਪੂਰੇ ਦਾ ਪੂਰਾ ਸੈੱਟ ਹਾਂਸ ਦੀ ਬੇਟੀ ਨਾਨਕੀ ਤੋਂ ਮੰਗਵਾ ਕੇ ਉੱਥੇ ਰਖਵਾਇਆ।

ਵਲਾਇਤੀ ਰਹੁਰੀਤਾਂ ਅਨੁਸਾਰ ਧੀਰ ਵਲੋਂ ਗਲੋਬਲ ਥੀਏਟਰ ਦੀ ਡਾਇਰੈਕਟਰ ਵਿਕਟੋਰੀਆ ਲੇਨ ਨੂੰ ਇਹ ਸੈੱਟ ਭੇਟ ਕਰਨ ਦੀ ਰਸਮ ਅਤਿਅੰਤ ਸਾਧਾਰਨ ਸੀ। ਇਸ ਮੌਕੇ ਧੀਰ ਨਾਲ ਦੋ ਤਿੰਨ ਪੰਜਾਬੀ ਲੇਖਕਾਂ ਤੋਂ ਬਿਨਾ ਹੋਰ ਕੋਈ ਵੀ ਹਾਜ਼ਰ ਨਹੀਂ ਸੀ। ਜਿਉਂ ਜਿਉਂ ਇਹ ਖਬਰ ਪੰਜਾਬੀ ਭਾਈਚਾਰੇ ਤੱਕ ਪਹੁੰਚ ਰਹੀ ਹੈ, ਹਰ ਕਿਸੇ ਦਾ ਸਿਰ ਮਾਣ ਨਾਲ ਉੱਚਾ ਹੋ ਰਿਹਾ ਹੈ ਕਿ ਹਾਂਸ ਨੇ ਏਨਾ ਵੱਡਾ ਕੰਮ ਨੇਪਰੇ ਚਾੜ੍ਹ ਕੇ ਭਾਰਤ ਦੀਆਂ ਬਾਕੀ ਸਭ ਭਾਸ਼ਾਵਾਂ ਨੂੰ ਮਾਤ ਪਾ ਦਿੱਤੀ ਹੈ। ਸਾਡਾ ਮਿੱਤਰ ਸੁਰਜੀਤ ਹਾਂਸ ਡੇਢ ਸਾਲ ਪਹਿਲਾਂ ਜਨਵਰੀ 2020 ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਸੀ। ਹਾਂਸ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਜੇ ਉਸ ਦੇ ਜਿਊਂਦੇ ਜੀਅ ਰਣਜੀਤ ਧੀਰ ਇਹ ਕੰਮ ਕਰਨਾ ਚਾਹੁੰਦਾ ਤਾਂ ਹਾਂਸ ਨੇ ਕਹਿਣਾ ਸੀ, 'ਛੱਡੋ ਪਰੇ! ਅਜਿਹਾ ਕਰਨ ਦੀ ਕੋਈ ਲੋੜ ਨਹੀਂ।'



ਸੁਰਜੀਤ ਹਾਂਸ ਜ਼ਿੰਦਾਬਾਦ!

ਅੰਤਿਕਾ: ਹਫੀਜ਼ ਜਲੰਧਰੀ

ਆਪਣੀ ਬੋਲੀ ਪੰਜਾਬੀ ਦਾ ਮਾਣ ਰੱਖੀਂ,
ਜਿਹੜੀ ਮਾਂ ਏ ਸਾਡੀ ਪੰਜਾਬੀਆਂ ਦੀ।
ਰੰਨ ਰੰਨ ਜਾਣੀਂ, ਮਾਂ ਮਾਂ ਜਾਣੀਂ,
ਗੱਲ ਕਰੀਂ ਨਾ ਖਾਨਾ ਖਰਾਬੀਆਂ ਦੀ।


# ਰਾਮਾਇਣ ਵਿਚ ਹਨੂੰਮਾਨ ਦੀ ਭੂਮਿਕਾ ਕਿਵੇਂ ਮਿਲੀ


ਰਾਮਾਇਣ ਟੀ.ਵੀ. ਸੀਰੀਅਲ ਦੀ ਮਸ਼ਹੂਰੀ ਹੋਣ ਨਾਲ ਸਾਰੇ ਕਲਾਕਾਰਾਂ ਨੂੰ ਬਹੁਤ ਲਾਭ ਹੋਇਆ। ਲੋਕਾਂ ਨੇ ਮੇਰੇ ਹਨੂੰਮਾਨ ਜੀ ਦੇ ਕਿਰਦਾਰ ਨੂੰ ਇੰਜ ਮਹਿਸੂਸ ਕੀਤਾ, ਜਿਵੇਂ ਸਵੈਮ ਸ੍ਰੀ ਹਨੂੰਮਾਨ ਜੀ ਪ੍ਰਤੱਖ ਹੋ ਕੇ ਅਦਾਕਾਰੀ ਕਰ ਰਹੇ ਹਨ। ਮੈਂ ਇਸ ਕਿਰਦਾਰ ਦੀ ਅਦਾਕਾਰੀ ਕਰਨ ਤੋਂ ਪਹਿਲਾਂ ਮਹਾਂਬਲੀ ਹਨੂੰਮਾਨ ਜੀ ਕੋਲੋਂ ਆਸ਼ੀਰਵਾਦ ਲਈ ਖਿਮਾਂ ਯਾਚਨਾ ਕਰਦਾ ਸੀ ਜਿਸ ਤਰ੍ਹਾਂ ਹਨੂੰਮਾਨ ਸ੍ਰੀ ਰਾਮ ਤੇ ਸੀਤਾ ਮਾਤਾ ਦੀ ਸੇਵਾ ਬਿਨਾ ਕਿਸੇ ਲਾਲਚ ਤੋਂ ਕਰਦੇ ਰਹੇ ਸਨ, ਉਸੇ ਤਰ੍ਹਾਂ ਮੈਂ ਹਨੂੰਮਾਨ ਜੀ ਕੋਲੋਂ ਸੱਚੀ ਭਗਤੀ ਦਾ ਕਿਰਦਾਰ ਨਿਭਾਉਣ ਦਾ ਵਰਦਾਨ ਮੰਗਦਾ ਸੀ, ਤੇ ਮੈਂ ਮਹਿਸੂਸ ਕਰਦਾ ਹਾਂ ਕਿ


**ਦਾਰਾ ਸਿੰਘ**

ਉਨ੍ਹਾਂ ਨੇ ਮੈਨੂੰ ਇਹ ਵਰਦਾਨ ਜ਼ਰੂਰ ਦਿੱਤਾ ਹੈ, ਤਾਹੀਓਂ ਤਾਂ ਸਾਰੀ ਜਨਤਾ ਨੇ ਮੇਰੇ ਇਸ ਕਿਰਦਾਰ ਨੂੰ ਪਸੰਦ ਕੀਤਾ ਤੇ ਸਲਾਹਿਆ, ਵਰਨਾ ਮੈਂ ਇਸ ਯੋਗ ਕਿਥੇ ਸੀ। ਇਸ ਕਿਰਦਾਰ ਨੂੰ ਕਰਨ ਲਈ ਸ੍ਰੀ ਰਾਮਾਨੰਦ ਸਾਗਰ ਪਾਸ ਕਈ ਪਹਿਲਵਾਨ ਪਹੁੰਚੇ ਜੋ ਸਮਝਦੇ ਸਨ ਕਿ ਉਨ੍ਹਾਂ ਦਾ ਸਰੀਰ ਹਨੂੰਮਾਨ ਜੀ ਦੇ ਕਿਰਦਾਰ ਨੂੰ ਨਿਭਾਉਣ ਦੇ ਯੋਗ ਹੈ ਪਰ ਸ੍ਰੀ ਰਾਮਾਨੰਦ ਸਾਗਰ ਜੀ ਦੇ ਹਿਰਦੇ ਤੇ ਦਿਮਾਗ ਵਿਚ ਮੇਰੀ ਤਸਵੀਰ ਇਸ ਕਿਰਦਾਰ ਨੂੰ ਕਰਨ ਤੇ ਨਿਭਾਉਣ ਲਈ ਇਸ ਤਰ੍ਹਾਂ ਦ੍ਰਿੜ੍ਹ ਤਰੀਕੇ ਨਾਲ ਉਕਰੀ ਗਈ ਸੀ ਕਿ ਉਨ੍ਹਾਂ ਨੂੰ ਮੇਰੇ ਬਗੈਰ ਜਾਂ ਮੇਰੀ ਤੁਲਨਾ ਵਿਚ ਦੂਸਰਾ ਕੋਈ ਵਿਅਕਤੀ ਜਚਦਾ ਹੀ ਨਹੀਂ ਸੀ। ਹਾਲਾਂਕਿ ਮੈਂ ਇਸ ਕਿਰਦਾਰ ਨੂੰ ਲੈਣ ਲਈ ਕੋਈ ਕੋਸ਼ਿਸ਼, ਕੋਈ ਜਦੋ-ਜਹਿਦ ਨਹੀਂ ਕੀਤੀ, ਫਿਰ ਵੀ ਇਹ ਸੁਨਹਿਰੀ ਮੌਕਾ ਮੈਨੂੰ ਕਿਉਂ ਮਿਲਿਆ?

ਇਸ ਦਾ ਤਾਂ ਇਹੀ ਮਤਲਬ ਨਿਕਲਦਾ ਹੈ (ਕਿ ਜੋ ਜਬ ਜਬ ਹੋਣਾ ਹੈ, ਤਬ ਤਬ ਹੋਣਾ ਹੈ) ਇਹ ਮਹਾਂਬਲੀ ਦੀ ਆਪਣੀ ਇੱਛਾ ਸੀ ਜੋ ਸਾਗਰ ਸਾਹਿਬ ਨੂੰ ਮੇਰੇ ਹੱਕ ਵਿਚ ਪ੍ਰੇਰਦੀ ਰਹੀ ਹੋਵੇਗੀ। ਬਹੁਤ ਸਾਰੇ ਵਿਦਾਵਨ ਤੇ ਸਿਆਣੇ ਲੋਕ ਮੇਰੇ ਕੋਲੋਂ ਪੁੱਛਦੇ ਹਨ ਕਿ ਹਨੂੰਮਾਨ ਜੀ ਦੀ ਭੂਮਿਕਾ ਕਰਦਿਆਂ ਮੈਂ ਕਿਸ ਤਰ੍ਹਾਂ ਮਹਿਸੂਸ ਕਰਦਾ ਸੀ? ਬਹੁਤ ਪੱਤਰਕਾਰਾਂ ਨੇ ਵੀ ਪੁੱਛਿਆ। ਮੈਂ ਉਨ੍ਹਾਂ ਨੂੰ ਮਹਾਂਬਲੀ ਵਿਚ ਆਪਣੀ ਆਸਥਾ ਬਾਰੇ ਦੱਸਿਆ, ਖਾਸ ਕਰਕੇ ਪਹਿਲਵਾਨ, ਸ਼ਕਤੀ ਦੇ ਪ੍ਰਤੀਕ ਹਨੂੰਮਾਨ ਜੀ ਨੂੰ ਬਹੁਤ ਮੰਨਦੇ ਹਨ। ਅਸੀਂ ਭਗਵਾਨ ਵਿਚ ਆਸਥਾ ਰੱਖਣ ਵਾਲੇ ਲੋਕ ਇਸ ਗੱਲ ਨੂੰ ਮੰਨਦੇ ਹਾਂ ਕਿ ਹਨੂੰਮਾਨ ਜੀ ਅੱਜ ਵੀ ਇਸ ਮਿਰਤ ਲੋਕ ਵਿਚ ਵਿਚਰ ਰਹੇ ਹਨ। ਮੇਰੇ ਨਾਲ ਦੋ ਵਾਰ ਕੁਝ ਇਹੋ ਜਿਹਾ ਵਾਕਿਆ ਹੋਇਆ ਜੋ ਏਥੇ ਬਿਆਨ ਕਰਦਾ ਹਾਂ। ਹੇਠ ਲਿਖੀ ਘਟਨਾਂ ਦੋਨੋਂ ਵਾਰ ਉਦੋਂ ਵਾਪਰੀ, ਜਦੋਂ ਮੈਂ ਹਨੂੰਮਾਨ ਜੀ







ਦੀ ਪੁਸ਼ਾਕ ਪਹਿਨ ਕੇ ਉਨ੍ਹਾਂ ਦਾ ਕਿਰਦਾਰ ਨਿਭਾਉਣ ਵਿਚ ਰੁਝਾ ਹੋਇਆ ਸੀ।

ਇਕ ਵਾਰ ਵਰਿੰਦਾਵਨ ਸਟੂਡੀਓ ਵਿਚ ਮੇਰਾ ਅਰੁਣ ਗੋਇਲ ਜੋ ਸ੍ਰੀ ਰਾਮ ਜੀ ਦੀ ਪੁਸ਼ਾਕ ਵਿਚ ਸੀ, ਨਾਲ ਸੀਨ ਚੱਲ ਰਿਹਾ ਸੀ ਕਿ ਅਚਾਨਕ ਮੈਨੂੰ ਮੇਰੇ ਸੰਵਾਦ ਭੁੱਲ ਗਏ ਤੇ ਕੁਝ ਅਨੰਦ ਤੇ ਮਸਤੀ ਜਿਹੀ ਮਹਿਸੂਸ ਹੋਈ ਜਾਵੇ। ਸਾਗਰ ਸਾਹਿਬ ਕਹਿਣ ਲੱਗੇ- ਚਲ ਭਈ, ਆਪਣੇ ਡਾਇਲਾਗ ਬੋਲ। ਮੈਂ ਕਿਹਾ- ਜੀ ਮੈਨੂੰ ਥੋੜ੍ਹਾ ਵਕਤ ਦਿਓ। ਉਨ੍ਹਾਂ ਕਿਹਾ- ਠੀਕ ਹੈ। ਮੈਂ ਇਕਾਂਤ ਵਿਚ ਜਾ ਕੇ ਸੀਨ ਯਾਦ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਹੀਂ ਹੋਈ। ਮੈਂ ਸਾਗਰ ਸਾਹਿਬ ਨੂੰ ਕਿਹਾ- ਜੀ ਇਹ ਸੀਨ ਕੱਲ੍ਹ ਕਰ ਲੈਣਾ, ਕਿਉਂਕਿ ਮੈਨੂੰ ਇਸ ਵੇਲੇ ਯਾਦ ਨਹੀਂ ਆ ਰਿਹਾ। ਉਹ ਹੈਰਾਨ ਹੋਇਆ, ਭਈ ਅੱਧਾ ਸੀਨ ਹੋ ਚੁੱਕਾ ਹੈ, ਇਹ ਅਚਾਨਕ ਕੀ ਹੋ ਗਿਆ। ਫਿਰ ਅਰੁਣ ਨੇ ਕਿਹਾ, ਪਈ ਇਸ ਤਰ੍ਹਾਂ ਹੋ ਜਾਂਦਾ ਹੈ, ਬਾਕੀ ਸੀਨ ਦਾ ਹਿੱਸਾ ਕੱਲ੍ਹ ਕਰ ਲੈਣਾ, ਮੈਨੂੰ ਛੁੱਟੀ ਦਿੱਤੀ ਗਈ। ਮੈਂ ਜਾ ਕੇ ਲੇਟ ਗਿਆ, ਮਸਤੀ ਤੇ ਅਨੰਦ ਜਿਓਂ ਦਾ ਤਿਓਂ ਸੀ। ਫਿਰ ਨੀਂਦ ਆ ਗਈ ਤੇ ਸਵੇਰੇ ਰੋਜ਼ਮੱਰਾ ਦੀ ਤਰ੍ਹਾਂ ਉਠਿਆ, ਗੱਲ ਆਈ ਗਈ ਹੋ ਗਈ।

ਦੂਸਰੀ ਵਾਰ ਬਿਲਕੁਲ ਏਸੇ ਤਰ੍ਹਾਂ ਉਦੋਂ ਹੋਇਆ ਜਦੋਂ ਅਸੀਂ ਅਮਰੀਕਾ ਦੇ ਇਕ ਸ਼ਹਿਰ ਵਿਚ ਰਾਮਾਇਣ ਦੇ ਕੁਝ ਸੀਨ ਸਟੇਜ 'ਤੇ ਲੋਕਾਂ ਦੇ ਸਾਹਮਣੇ ਪੇਸ਼ ਕਰ ਰਹੇ ਸੀ। ਮੈਂ ਸਟੇਜ ਦੇ ਪਿਛੇ ਦੂਸਰੇ ਕਲਾਕਾਰਾਂ ਨਾਲ ਖੜ੍ਹਾ ਸੀ ਕਿ ਵੈਸੇ ਹੀ ਸਟੂਡੀਓ ਵਾਲਾ ਅਨੰਦਮਈ ਮਸਤੀ ਵਾਲਾ ਆਲਮ ਹੋ ਗਿਆ। ਮੈਨੂੰ ਆਪਣਾ ਸੀਨ ਭੁੱਲ ਗਿਆ। ਮੈਂ ਅਰੁਣ ਗੋਇਲ ਨੂੰ ਕਿਹਾ- ਮੈਨੂੰ ਮੇਰੇ ਸੀਨ ਦੀ ਸ਼ੁਰੂਆਤ ਦੱਸੋ। ਉਸ ਨੂੰ ਸਿਰਫ ਉਸ ਨਾਲ ਕਰਨ ਵਾਲੇ ਸੀਨ ਦਾ ਪਤਾ ਸੀ। ਰਾਵਣ ਵਾਲੇ ਦਾ ਕੁਝ ਪਤਾ ਨਹੀਂ ਸੀ ਤੇ ਰਾਵਣ ਜੀ ਪਹਿਲੇ ਹੀ ਸਟੇਜ 'ਤੇ ਪਹੁੰਚ ਗਏ ਸਨ। ਏਸੇ ਸ਼ਸ਼ੋਪੰਜ ਵਿਚ ਮੇਰੀ ਸਟੇਜ 'ਤੇ ਜਾਣ ਦੀ ਵਾਰੀ ਆ ਗਈ। ਮੈਂ ਸਟੇਜ 'ਤੇ ਪਹੁੰਚ ਗਿਆ। ਸੀਨ ਰਾਵਣ ਨਾਲ ਸਵਾਲ ਜਵਾਬ ਕਰਨ ਦਾ ਸੀ, ਨਾ ਯਾਦ ਹੁੰਦਿਆਂ ਵੀ ਮੈਂ ਰਾਵਣ ਦੇ ਸਵਾਲਾਂ ਦਾ ਜਵਾਬ ਦਿੰਦਾ ਗਿਆ। ਲੋਕੀ ਬਹੁਤ ਖੁਸ਼ ਹੋਏ, ਤਾਲੀਆਂ ਵੱਜੀਆਂ, ਕਿਸੇ ਨੂੰ ਵੀ ਪਤਾ ਨਹੀਂ ਲੱਗਾ ਕਿ ਮੈਂ ਜਿਹੜਾ ਸੀਨ ਮੁਕੱਰਰ ਸੀ, ਉਸ ਤੋਂ ਇਲਾਵਾ ਹੀ ਪੇਸ਼ ਕੀਤਾ ਹੈ।

ਸਟੇਜ ਤੋਂ ਵਾਪਸ ਆ ਕੇ ਮੈਂ ਇਸ ਹੈਰਾਨੀ ਬਾਰੇ ਗੋਇਲ ਨੂੰ ਦੱਸਿਆ। ਉਹ ਵੀ ਹੈਰਾਨ ਹੋਇਆ। ਉਸ ਦਿਨ ਮਸਤੀ ਖੁਮਾਰੀ ਹੋਟਲ ਪਹੁੰਚਣ ਵੇਲੇ ਤਕ ਰਹੀ ਸੀ। ਇਨ੍ਹਾਂ ਦੋਵਾਂ ਵਾਕਿਆਂ ਤੋਂ ਸਿਵਾ ਮੈਂ ਇਸ ਤਰ੍ਹਾਂ ਕਦੇ ਮਹਿਸੂਸ ਨਹੀਂ ਕੀਤਾ। ਇਸ ਦੀ ਗੱਲ ਯਾਰਾਂ ਦੋਸਤਾਂ ਨਾਲ ਕੀਤੀ। ਉਨ੍ਹਾਂ ਕਿਹਾ- ਇਸ ਤਰ੍ਹਾਂ ਯਾਦਦਾਸ਼ਤ ਚਲੀ ਜਾਂਦੀ ਹੈ ਤੇ ਵਾਪਸ ਵੀ ਆ ਜਾਂਦੀ ਹੈ। ਇਹ ਥੋੜ੍ਹੀ ਦੇਰ ਵਾਸਤੇ ਹੁੰਦਾ ਹੈ। ਮੈਂ ਕਿਹਾ, ਭਈ ਮੇਰੇ ਨਾਲ ਇਹ ਕੌਤਕ ਦੋਨੋਂ ਵਾਰ ਉਦੋਂ ਹੋਇਆ। ਖੈਰ, ਉਸ ਦੀਆਂ ਉਹੀ ਜਾਣੇ। ਬੰਦਾ ਤਾਂ ਉਸ ਦੇ ਹੱਥ ਵਿਚ ਕਠਪੁਤਲੀ ਹੈ।

ਸ਼ੂਟਿੰਗ ਦਰਮਿਆਨ ਖਾਣ ਪੀਣ ਦਾ ਪਰਹੇਜ਼ ਕੀਤਾ ਜਾਂਦਾ ਸੀ। ਕਈ ਕਲਾਕਾਰ ਦੁਖੀ ਵੀ ਸਨ ਕਿ ਤਪੱਸਵੀਓਂ ਵਾਲੇ ਤੌਰ-ਤਰੀਕੇ ਨਾਲ ਰਹਿਣਾ ਪੈਂਦਾ ਸੀ ਪਰ ਜਦੋਂ ਲੋਕਾਂ ਦੀ ਵਾਹ-ਵਾਹ ਮਿਲਦੀ ਤਾਂ ਖੁਸ਼ ਵੀ ਬਹੁਤ ਹੁੰਦੇ ਸਨ। ਖਾਣ-ਪੀਣ ਦਾ ਪਰਹੇਜ਼ ਪਹਿਲਾਂ-ਪਹਿਲਾਂ ਠੀਕ ਪਰ ਕੁਝ ਚਿਰ ਤੋਂ ਬਾਅਦ ਤਾਂ ਸਿਰਫ ਪੁਸ਼ਾਕ ਪਹਿਨਣ ਤਕ ਹੀ ਮਹਿਦੂਦ ਰਹਿ ਗਿਆ ਸੀ। ਉਸ ਤੋਂ ਬਾਅਦ ਕਈਆਂ ਨੇ ਖਾ-ਪੀ ਕੇ ਦੰਗੇ-ਫਸਾਦ ਵੀ ਕੀਤੇ। ਇਨਸਾਨ ਵੀ ਅਜੀਬ ਚੀਜ਼ ਹੈ, ਮਰਿਆਦਾ ਵਿਚ ਤਾਂ ਬਿਲਕੁਲ ਦਰੁਸਤ ਰਹਿੰਦਾ ਹੈ ਪਰ ਜਦੋਂ ਇਹ ਸਮਝਦਾ ਹੈ ਕਿ ਹੁਣ ਉਸ 'ਤੇ ਮਰਿਆਦਾ ਲਾਗੂ ਨਹੀਂ ਤਾਂ ਉਸ ਵਿਚ ਸੁੱਤਾ ਪਿਆ ਜਾਂ ਕਹਿ ਲਵੋ ਦਬਿਆ ਹੋਇਆ ਪਸ਼ੂਪੁਣਾ ਉਜਾਗਰ ਹੋ ਉਠਦਾ ਹੈ ਤੇ ਫਿਰ ਇਹ ਇਨਸਾਨੀਅਤ ਦੀ ਐਸੀ-ਤੈਸੀ ਕਰ ਦਿੰਦਾ ਹੈ। ਪਸ਼ੂ ਤੋਂ ਇਨਸਾਨ ਬਣਨ ਦਾ ਇਹ ਘੋਲ ਸਦੀਆਂ ਤੋਂ ਚਲ ਰਿਹਾ ਹੈ ਪਰ ਹਾਲੀ ਤਕ ਦੋਨੋਂ ਆਪਣੀ-ਆਪਣੀ ਜਗ੍ਹਾ ਅਟੱਲ ਹਨ। ਸ੍ਰੀ ਰਾਮ ਤਾਂ ਮਰਿਆਦਾ ਪਰਸ਼ੋਤਮ ਸਨ, ਉਨ੍ਹਾਂ ਦੀ ਮਰਿਆਦਾ ਪ੍ਰਣਾਲੀ, ਅਸੀਂ ਹਰ ਸਾਲ ਸਟੇਜਾਂ ਤੇ ਪਰਦਰਸ਼ਨੀ ਕਰਕੇ ਦੱਸਦੇ ਹਾਂ। ਰਾਮਾਇਣ ਸੀਰੀਅਲ ਦਾ ਵੀ ਇਹੋ ਮਤਲਬ ਸੀ। ਲੋਕਾਂ ਨੂੰ ਇਹ ਮਰਿਆਦਾ ਵਾਲੀਆਂ ਗੱਲਾਂ ਬਹੁਤ ਚੰਗੀਆਂ ਲਗਦੀਆਂ ਹਨ ਪਰ ਇਨ੍ਹਾਂ ਨੂੰ ਅਪਨਾਉਣ ਨੂੰ ਕਦੋਂ ਤਿਆਰ ਹੋਣਗੇ, ਇਹ ਤਾਂ ਰਾਮ ਹੀ ਜਾਣੇ। ਮੇਰੇ ਖਿਆਲ ਵਿਚ ਰਾਮਾਇਣ ਟੀ.ਵੀ. ਸੀਰੀਅਲ ਨੇ ਲੋਕਾਂ ਦੇ ਦਿਲਾਂ ਵਿਚ ਦਇਆ ਤੇ ਤਿਆਗ ਦੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਤੇ ਪਸ਼ੂਪੁਣੇ ਨੂੰ ਪਿਛੇ ਧਕਿਆ ਹੈ।

# ਵਾਤਾਵਰਨ ਪ੍ਰੇਮੀ ਅਦਾਕਾਰਾ ਭੂਮੀ ਪੇਡਨੇਕਰ



ਅਦਾਕਾਰਾ ਭੂਮੀ ਪੇਡਨੇਕਰ ਉਸ ਨੂੰ ਚੰਗਾ ਇਨਸਾਨ ਬਣਾਉਣ ਲਈ ਮਾਪਿਆਂ ਦੀ ਸ਼ੁਕਰਗੁਜ਼ਾਰ ਹੈ। ਭੂਮੀ ਵਾਤਾਵਰਨ ਪ੍ਰੇਮੀ ਵੀ ਹੈ। ਉਸ ਨੇ ਦੱਸਿਆ, "ਮੈਨੂੰ ਚੰਗੀਆਂ ਕਦਰਾਂ-ਕੀਮਤਾਂ ਸਿਖਾਉਣ ਬਦਲੇ ਮੈਂ ਆਪਣੇ ਮਾਪਿਆਂ ਦੀ ਧੰਨਵਾਦੀ ਹਾਂ ਅਤੇ ਅੱਜ ਮੈਂ ਜੋ ਵੀ ਹਾਂ, ਚੰਗੇ ਵਿਚਾਰਾਂ ਵਾਲਾ ਇਨਸਾਨ ਬਣਾਉਣ ਲਈ ਮੈਂ ਉਨ੍ਹਾਂ ਦੀ ਸ਼ੁਕਰਗੁਜ਼ਾਰ ਹਾਂ।" ਯਾਦ ਰਹੇ ਕਿ ਭੂਮੀ ਵਾਤਾਵਰਨ ਪ੍ਰੇਮੀਆਂ ਅਤੇ ਕਰੋਨਾ ਯੋਧਿਆਂ ਨਾਲ ਮਿਲ ਕੇ ਦੇਸ਼ ਵਿਚ ਮਹਾਮਾਰੀ ਕਾਰਨ ਬਣੇ ਗੰਭੀਰ ਹਾਲਾਤ ਬਾਰੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ। ਉਸ ਦੀ ਅਗਲੀ ਫਿਲਮ 'ਰਕਸ਼ਾ ਬੰਧਨ' ਅਕਸ਼ੈ ਕੁਮਾਰ ਨਾਲ ਹੈ। ਉਹ 'ਬਧਾਈ ਦੋ' ਵਿਚ ਵੀ ਨਜ਼ਰ ਆਵੇਗੀ ਜੋ ਆਯੂਸ਼ਮਾਨ ਖੁਰਾਣਾ ਦੀ ਫਿਲਮ 'ਬਧਾਈ ਹੋ' ਦਾ ਅਗਲਾ ਹਿੱਸਾ ਹੈ।

# ਇੰਜ ਛਾ ਜਾਂਦਾ ਹੈ ਅਭੈ ਦਿਓਲ

ਫਿਲਮੀ ਦੁਨੀਆ ਵਿਚ ਉਤਰਾਅ-ਚੜ੍ਹਾਅ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ ਤਰ੍ਹਾਂ ਦੇ ਉਤਰਾਅ-ਚੜ੍ਹਾਅ ਅਦਾਕਾਰਾਂ, ਕਲਾਕਾਰਾਂ ਅਤੇ ਫਿਲਮੀ ਦੁਨੀਆ ਨਾਲ ਸਬੰਧਤ ਹੋਰ ਸ਼ਖਸੀਅਤਾਂ ਦੇ ਜੀਵਨ ਵਿਚ ਵੀ ਆਉਂਦੇ ਹਨ। ਸਭ ਹੈਰਾਨ ਹਨ ਕਿ ਅਭੈ ਦਿਓਲ ਅੱਜ 2021 ਵਿਚ ਵੀ ਓਤਨਾ ਹੀ ਪ੍ਰਸੰਗਕ ਕਿਸ ਤਰ੍ਹਾਂ ਬਣਿਆ ਰਹਿ ਸਕਿਆ ਹੈ? ਅੱਜ ਵੀ ਉਸ ਦੀ ਚਰਚਾ ਬੜੇ ਮਾਣ ਨਾਲ ਹੁੰਦੀ ਹੈ।

ਅਭੈ ਦਿਓਲ ਬਾਰੇ ਮੁੱਢ ਤੋਂ ਹੀ ਇਹ ਗੱਲ ਧੁੰਮ ਗਈ ਸੀ ਕਿ ਉਹ ਵੱਖਰੀ ਕਿਸਮ ਦਾ ਅਦਾਕਾਰ ਅਤੇ ਇਨਸਾਨ ਹੈ। ਉਸ ਦੇ ਪਰਿਵਾਰ ਵਿਚੋਂ ਹੁਣ ਤੱਕ ਵਧੇਰੇ ਚਰਚਾ ਭਾਵੇਂ ਉਸ ਦੇ ਤਾਏ ਧਰਮਿੰਦਰ ਅਤੇ ਧਰਮਿੰਦਰ ਦੇ ਦੋਹਾਂ ਪੁੱਤਰਾਂ ਸਨੀ ਦਿਓਲ ਤੇ ਬੌਬੀ ਦਿਓਲ ਦੀ ਹੀ ਹੋਈ ਹੈ ਪਰ ਉਸ ਦੇ ਸੁਭਾਅ ਨੂੰ ਆਪਣੇ ਪਿਤਾ ਅਜੀਤ ਸਿੰਘ ਦਿਓਲ ਜੋ ਇਕ ਚੰਗਾ ਲਿਖਾਰੀ ਸੀ, ਨਾਲ ਜੋੜਿਆ ਜਾਂਦਾ ਹੈ। ਅਜੀਤ ਸਿੰਘ ਦਿਓਲ ਵੀ ਕਦੀ ਚੱਕਵੀਆਂ ਗੱਲਾਂ ਨਹੀਂ ਸੀ ਕਰਦਾ ਹੁੰਦਾ ਅਤੇ ਆਪਣੇ ਕੰਮ ਨਾਲ ਹੀ ਮਤਲਬ ਰੱਖਦਾ ਸੀ। ਇਸ ਮਾਮਲੇ ਵਿਚ ਅਭੈ ਦਿਓਲ ਆਪਣੇ ਪਿਓ ਤੋਂ ਇਕ ਕਦਮ ਅਗਾਂਹ ਹੀ ਗਿਆ ਹੈ। ਉਹ ਆਪਣੇ ਕੰਮ ਨਾਲ ਤਾਂ ਮਤਲਬ ਰੱਖਦਾ ਹੀ ਹੈ, ਇਸ ਤੋਂ ਇਲਾਵਾ ਆਪਣੇ ਸਾਥੀ ਕਲਾਕਾਰਾਂ ਦਾ ਆਪਣੇ ਨਾਲੋਂ ਵੀ ਵੱਧ ਖਿਆਲ ਰੱਖਦਾ ਹੈ। ਇਸ ਲਈ ਉਸ ਨੂੰ ਜਦੋਂ ਕਿਤੇ ਕਿਸੇ ਨਾਲ ਜ਼ਿਆਦਤੀ ਬਾਰੇ ਪਤਾ ਲੱਗਦਾ ਹੈ, ਤਾਂ ਝੱਟ ਆਪਣੀ ਆਵਾਜ਼ ਬੁਲੰਦ ਕਰ ਦਿੰਦਾ ਹੈ। ਉਂਜ ਉਹ ਆਪਣੇ ਕਾਰ-ਵਿਹਾਰ ਵਿਚ ਬਹੁਤ ਸ਼ਾਂਤ ਰਹਿਣ ਵਾਲਾ ਸ਼ਖਸ ਹੈ। ਤੁਸੀਂ ਉਸ ਦੀ ਕੋਈ ਵੀ ਇੰਟਰਵਿਊ ਦੇਖ ਲਓ, ਉਹ ਬਹੁਤ ਠਰੰਮੇ ਨਾਲ ਸਵਾਲਾਂ ਦੇ ਜਵਾਬ ਦਿੰਦਾ ਹੈ ਅਤੇ ਗੱਲਾਂ ਵੀ ਬੜੀਆਂ ਕੰਮ ਦੀਆਂ ਕਰਦਾ ਹੈ।



ਅਭੈ ਦਿਓਲ ਦੀ ਪਹਿਲੀ ਫਿਲਮ 'ਸੋਚਾ ਨਾ ਥਾ' 2005 ਵਿਚ ਆਈ ਸੀ। ਇਸ ਫਿਲਮ ਦੇ ਡਾਇਰੈਕਟਰ ਇਮਤਿਆਜ਼ ਅਲੀ ਸਨ ਅਤੇ ਇਸ ਵਿਚ ਆਇਸ਼ਾ ਟਾਕੀਆ ਨੇ ਨਾਇਕਾ ਦਾ ਕਿਰਦਾਰ ਨਿਭਾਇਆ ਸੀ। ਇਸ ਫਿਲਮ ਨੇ ਕੋਈ ਵੱਡਾ ਧਮਾਕਾ ਤਾਂ ਨਹੀਂ ਸੀ ਕੀਤਾ ਪਰ ਫਿਲਮ ਸਨਅਤ ਨੇ ਇਹ ਜ਼ਰੂਰ ਪਛਾਣ ਲਿਆ ਸੀ ਕਿ ਇਸ ਨੂੰ ਕੰਮ ਦਾ ਬੰਦਾ ਮਿਲ ਗਿਆ ਹੈ। ਜਦੋਂ ਵੀ ਕਦੀ ਚੁਲਬੁਲੇ ਫਿਲਮੀ ਕਿਰਦਾਰਾਂ ਦੀ ਗੱਲ ਚੱਲਦੀ ਹੈ ਤਾਂ ਇਸ ਫਿਲਮ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ।

ਅਭੈ ਨੇ ਆਪਣੀ ਪਹਿਲੀ ਹੀ ਫਿਲਮ ਨਾਲ ਸਾਬਤ ਕਰ ਦਿੱਤਾ ਸੀ ਕਿ ਅਭੈ ਦਿਓਲ ਵੱਖਰੇ ਰਾਹਾਂ ਦਾ ਰਾਹੀ ਹੈ। ਉਸ ਦੀਆਂ ਜਿਹੜੀਆਂ ਫਿਲਮਾਂ ਬਾਅਦ ਵਿਚ ਆਈਆਂ, ਉਨ੍ਹਾਂ ਦੇ ਉਸ ਦੇ ਨਿਵੇਕਲੇਪਣ ਉਤੇ ਮੋਹਰ ਲਾ ਦਿੱਤੀ। 'ਅਹਿਸਤਾ ਆਹਿਸਤਾ', 'ਹਨੀਮੂਨ ਟਰੈਵਲਜ਼ ਪ੍ਰਾਈਵੇਟ ਲਿਮਿਟਡ', 'ਓਏ ਲੱਕੀ, ਲੱਕੀ ਓਏ', 'ਏ ਚਾਲੀਸ ਕੀ ਲਾਸਟ ਲੋਕਲ', 'ਮਨੋਰਮਾ ਸਿਕਸ ਫੀਟ ਅੰਡਰ' 'ਦੇਵ ਡੀ', 'ਰੋਡ ਮੂਵੀਜ਼', 'ਸੰਘਾਈ' ਅਤੇ ਹੋਰ ਕਿੰਨੀਆਂ ਹੀ ਫਿਲਮਾਂ ਇਸ ਗੱਲ ਦਾ ਸਬੂਤ ਹਨ ਕਿ ਉਹ ਨਾ ਸਾਧਾਰਨ ਅਦਾਕਾਰ ਹੈ ਅਤੇ ਨਾ ਹੀ ਸਾਧਾਰਨ ਇਨਸਾਨ। ਇਸੇ ਦੌਰਾਨ ਉਹ ਵੱਡੇ ਬਜਟ ਵਾਲੀਆਂ ਫਿਲਮਾਂ ਵਿਚ ਵੀ ਨਜ਼ਰੀਂ ਪਿਆ। ਇਨ੍ਹਾਂ ਵਿਚ 'ਰਾਂਝਨਾ', 'ਹੈਪੀ ਭਾਗ ਜਾਏਗੀ', 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਆਦਿ ਸ਼ਾਮਿਲ ਹਨ।

ਇਨ੍ਹਾਂ ਸਾਰੀਆਂ ਫਿਲਮਾਂ ਵਿਚ ਉਸ ਨੇ ਆਪਣੀ ਅਦਾਕਾਰੀ ਖੁੱਲ੍ਹ ਕੇ ਜ਼ਾਹਿਰ ਕੀਤੀ ਅਤੇ ਸ਼ਾਬਾਸ਼ ਹਾਸਲ ਕੀਤੀ। ਉਂਜ ਵੀ ਉਸ ਦਾ ਸਾਰਾ ਧਿਆਨ ਫਿਲਮ ਦੀ ਕਹਾਣੀ 'ਤੇ ਹੁੰਦਾ ਹੈ। ਬੱਸ, ਉਸ ਦੀ ਇਹੀ ਕਹਾਣੀ ਫਿਲਮੀ ਦੁਨੀਆ ਦੀ ਖਾਸ ਕਹਾਣੀ ਬਣ ਗਈ ਹੈ। ***-ਗੁਰਜੰਟ ਸਿੰਘ***

Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com